Published in Punjabi & English

Distributed in Toronto, Calgary, Vancouver and Online Worldwide.

Sarokaran Di Awaz

Voice of Social Concerns

Pro-People Arts Project Media Group

ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-10, ਅੰਕ-1, ਜਨਵਰੀ 2020 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

ਭਗਵੇਂ ਰਥ ਦੀ ਧੁੱਸ ਨੂੰ ਰੋਕਣ ਲਈ ਸੜਕਾਂ 'ਤੇ ਆਏ ਆਵਾਮ

-ਬੂਟਾ ਸਿੰਘ ਨਵਾਂਸ਼ਹਿਰ

ਨਾਗਰਿਕਤਾ ਸੋਧ ਐਕਟ ਵਿਰੁੱਧ ਅਵਾਮ ਦੇ ਪੁਰਅਮਨ ਧਰਨਿਆਂ-ਮੁਜ਼ਾਹਰਿਆਂ ਨੂੰ ਲਾਠੀ-ਗੋਲੀ ਨਾਲ ਦਬਾਉਣ ਦੇ ਸੱਤਾਧਾਰੀ ਧਿਰ ਦੇ ਰਵੱਈਏ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਹਿੰਸਾ ਫੈਲਾਉਣ ਅਤੇ ਫਿਰਕੂ ਪਾਟਕ ਪਾਉਣ ਵਾਲੇ ਕੌਣ ਹਨ ਅਤੇ ਕੌਣ ਮੁਲਕ ਦੀ ਸਮਾਜੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਯਤਨਸ਼ੀਲ ਹਨ। ਪ੍ਰਧਾਨ ਮੰਤਰੀ ਇਹਨਾਂ ਰੋਸ ਮੁਜ਼ਾਹਰਿਆਂ ਨੂੰ ਵੀ 'ਅਰਬਨ ਨਕਸਲ' ਨਾਲ ਜੋੜ ਕੇ ਬਦਨਾਮ ਕਰ ਰਿਹਾ ਹੈ। ਉਸ ਦੀਆਂ ਨਾਗਰਿਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਅਤੇ ਅਮਨ-ਅਮਾਨ ਬਣਾਈ ਰੱਖਣ ਦੀਆਂ ਅਪੀਲਾਂ ਦਾ ਦੰਭ ਹੁਣ ਜ਼ਿਆਦਾਤਰ ਲੋਕਾਂ ਨੇ ਸਮਝਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਗਿਣ-ਮਿਥ ਕੇ ਹਿੰਸਾ ਤਾਂ ਸੱਤਾ ਦੇ ਇਸ਼ਾਰੇ 'ਤੇ ਖ਼ੁਦ ਪੁਲਿਸ ਕਰ ਰਹੀ ਹੈ। 'ਫ਼ਸਾਦੀਆਂ ਨੂੰ ਉਹਨਾਂ ਦੇ ਕੱਪੜਿਆਂ ਤੋਂ ਪਛਾਣ ਸਕਦੇ ਹੋ', ਐਸੀ ਭੜਕਾਊ ਬਿਆਨਬਾਜ਼ੀ ਵੀ ਪ੍ਰਧਾਨ ਮੰਤਰੀ ਅਤੇ ਹੋਰ ਭਾਜਪਾਈ ਆਗੂ ਹੀ ਕਰ ਰਹੇ ਹਨ। ਪੂਰੇ ਮੁਸਲਿਮ ਭਾਈਚਾਰੇ ਨੂੰ ਹਿੰਸਕ, ਫ਼ਸਾਦੀ ਕਰਾਰ ਦੇ ਕੇ ਬਦਨਾਮ ਕਰਨ ਦਾ ਇਹ ਪਹਿਲਾ ਬਿਆਨ ਨਹੀਂ, ਆਰ.ਐੱਸ.ਐੱਸ.-ਭਾਜਪਾ ਦੀ ਸਮੁੱਚੀ ਸਿਆਸਤ ਦੀ ਟੇਕ ਹੀ ਮੁਸਲਮਾਨਾਂ ਦੇ ਖ਼ਿਲਾਫ਼ ਨਿਹਾਇਤ ਜ਼ਹਿਰੀਲਾ ਪ੍ਰਚਾਰ ਹੈ। ਸੱਤਾਧਾਰੀ ਧਿਰ ਅਤੇ ਰਾਜ ਮਸ਼ੀਨਰੀ ਵੱਲੋਂ ਪੈਦਾ ਕੀਤੇ ਭੜਕਾਊ ਮਾਹੌਲ ਦੇ ਬਾਵਜੂਦ, ਕੁਛ ਆਪਮੁਹਾਰੀਆਂ ਘਟਨਾਵਾਂ ਨੂੰ ਛੱਡ ਕੇ, ਜ਼ਾਬਤਾਬੱਧ ਰੋਸ-ਮੁਜ਼ਾਹਰੇ ਕੀਤੇ ਜਾ ਰਹੇ ਹਨ ਜੋ ਨਿਆਂਪਸੰਦ ਨਾਗਰਿਕਾਂ ਦੀ ਆਪਣੇ ਵਤਨ ਨੂੰ ਪਾਟਕ-ਪਾਊ-ਹਿੰਸਕ ਹਿੰਦੂਤਵੀ ਸਾਜਿਸ਼ ਤੋਂ ਬਚਾਉਣ ਅਤੇ ਘੱਟਗਿਣਤੀ ਮੁਸਲਿਮ ਭਾਈਚਾਰੇ ਦਾ ਦਰਦ ਵੰਡਾਉਣ ਦੀ ਸਮੂਹਿਕ ਫ਼ਿਕਰਮੰਦੀ ਦੀ ਤਰਜ਼ਮਾਨੀ ਕਰਦੇ ਹਨ। ਨਾਗਰਿਕਤਾ ਦੇ ਹੱਕ ਉੱਪਰ ਹਮਲੇ ਪ੍ਰਤੀ ਨਿਆਂ ਪ੍ਰਣਾਲੀ ਦੀ ਸੰਵੇਦਨਹੀਣਤਾ ਅਤੇ ਬੇਪ੍ਰਵਾਹੀ ਦਾ ਆਲਮ ਇਹ ਹੈ ਕਿ ਸੁਪਰੀਮ ਕੋਰਟ ਨੇ ਉਪਰੋਕਤ ਐਕਟ ਵਿਰੁੱਧ ਦਾਇਰ ਕੀਤੀਆਂ 59 ਪਟੀਸ਼ਨਾਂ ਦੀ ਸੁਣਵਾਈ 22 ਜਨਵਰੀ 2020 'ਤੇ ਪਾ ਦਿੱਤੀ ਹੈ, ਜਦਕਿ ਕਰੋੜਾਂ ਲੋਕਾਂ ਲਈ ਇਹ ਜ਼ਿੰਦਗੀ-ਮੌਤ ਦਾ ਸਵਾਲ ਬਣ ਚੁੱਕਾ ਹੈ।

ਸੱਜਰਾ ਅਵਾਮੀ ਉਭਾਰ ਭਾਰਤ ਦੀ ਸਾਂਝੀ ਵਿਰਾਸਤ ਅਤੇ ਫਿਰਕੂ ਇਕਸੁਰਤਾ ਨੂੰ ਬਚਾਉਣ ਲਈ ਕਾਬਲੇ-ਤਾਰੀਫ਼ ਹੰਭਲਾ ਹੈ ਜਿਸ ਦਾ ਇਜ਼ਹਾਰ 'ਜਬ ਹਿੰਦੂ-ਮੁਸਲਿਮ ਰਾਜ਼ੀ, ਤੋ ਕਯਾ ਕਰੇਗਾ ਨਾਜ਼ੀ' ਵਰਗੇ

(**ਬਾਕੀ ਸਫ਼ਾ 20 'ਤੇ**)

CONGRATULATIONS
TEAM OVER 550 REALTORS
HomeLife Silvercity Realty Inc. Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

Call for your home BUYING & SELLING needs
BALJINDER SANGHA
REALTOR®
(CERTIFIED CONDOMINIUM SPECIALIST)
* All our buyer get 2 years purchase Guarantee.
* Buy or Sell home with one year home warranty.
* Reasonable Commission
Call for more information
urban Real Estate Services Ltd.
403-680-3212
baljindersangha@urban-realty.ca

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical Illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

Tiwana Real Estate Team
LIST WITH US FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE 100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

Si SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

R
Reliance Immigration Inc
Reliance Immigration
K.P. Singh
RCIC
Survey: Excellent: Good: Fair: Poor:
#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332

SARO KARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Sub Editor
Master Bhajan Singh
Calgary (Alberta)
403-455-4220
btarksheel@gmail.com

Sub Editor
Dr. Hardeep Singh, Milton
(Ontario)
416-209-6363
deephsingh@gmail.com

Sub Editor
Randeep Singh
(India)
09855695905
rvs0001@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794

Honorary Advisory Board

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses
with single garage

You can't beat these
spectacular view

Priced to sell at $889,000

Call Rani - 403-612-7881
Amar - 403-470-2627

ਹਰੀਪਾਲ
403-714-4816

ਪੂੰਜੀਵਾਦ ਦੀ ਚੜ੍ਹਾਈ, ਧਰਤੀ ਦੀ ਤਬਾਹੀ

ਪੂੰਜੀਵਾਦ ਨੇ ਸਾਡੀ ਸੋਚ ਹੀ ਬਦਲ ਦਿੱਤੀ ਹੈ। ਅਸੀਂ ਹਰ ਇੱਕ ਚੀਜ ਨੂੰ ਪੈਸੇ ਨਾਲ਼ ਤੋਲਣ ਲੱਗ ਪਏ ਹਾਂ। ਅਸੀਂ ਪਰਵਾਹ ਨਹੀਂ ਕਰਦੇ ਕਿ ਕਿਸੇ ਵਿਅਕਤੀ ਨੇ ਪੈਸਾ ਕਿਸ ਤਰ੍ਹਾਂ ਇਕੱਠਾ ਕੀਤਾ ਹੈ। ਪੈਸੇ ਵਾਲ਼ੇ ਹੀ ਕਮਿਊਨਿਟੀ ਦੇ ਲੀਡਰ ਬਣ ਰਹੇ ਹਨ, ਐਮ ਐਲ ਏ ਜਾਂ ਐਮ. ਪੀ. ਬਣ ਰਹੇ ਹਨ। ਕੋਈ ਸਟੂਡੈਂਟਾਂ ਨੂੰ ਲੁੱਟ ਰਿਹਾ ਹੈ, ਕੋਈ ਟੈਂਪਰੇਰੀ ਫੌਰਨ ਵਰਕਰਾਂ ਨੂੰ ਲੁੱਟ ਰਿਹਾ ਹੈ, ਕੋਈ ਗੈਰ ਕਾਨੂੰਨੀ ਰਹਿ ਰਹੇ ਲੋਕਾਂ ਨੂੰ ਲੁੱਟ ਰਿਹਾ ਹੈ। ਪੈਸਾ ਹੀ ਪ੍ਰਧਾਨ ਹੋ ਰਿਹਾ ਹੈ। ਸਾਡੇ ਰਿਸ਼ਤਿਆਂ ਦੀਆਂ ਤੰਦਾਂ ਬਿੱਲਕੁਲ ਟੁੱਟ ਰਹੀਆਂ ਹਨ। ਧਨ, ਦੌਲਤ ਪਿੱਛੇ ਭਰਾਅ, ਭੈਣ, ਮਾਂ, ਪਿਉ, ਪੁੱਤ ਸਭ ਦਾ ਹਿਸਾਬ ਕਿਤਾਬ ਬਦਲ ਗਿਆ ਹੈ। ਪ੍ਰਾਪਰਟੀ ਪਿੱਛੇ ਸਕੇ ਭੈਣਾਂ ਭਰਾਵਾਂ ਦੇ ਕਤਲ ਹੋ ਰਹੇ ਹਨ। ਹਰ ਰਿਸ਼ਤਾ ਸ਼ੱਕ ਦੇ ਘੇਰੇ ਵਿੱਚ ਆ ਗਿਆ ਹੈ। ਭੈਣ ਭਰਾਅ ਜਾਂ ਮਾਂ ਪਿਉ, ਕੋਈ ਵੀ ਇੱਕ ਦੂਜੇ ਦਾ ਵਿਸਾਅ ਨਹੀਂ ਕਰ ਰਿਹਾ। ਸਕੇ ਭੈਣ ਭਰਾਅ ਆਪਦੇ ਪਰਵਾਸੀ ਭੈਣਾਂ ਭਰਾਵਾਂ ਦੇ ਕਤਲ ਕਰ ਰਹੇ ਹਨ। ਸਾਡੀ ਸਮਾਜਿਕ ਹਾਲਤ ਇਸਤਰਾਂ ਹੋ ਗਈ ਹੈ ਕਿ ਤਕੜੇ ਦਾ ਸਾਲ਼ਾ ਹਰ ਕੋਈ ਬਣਨ ਨੂੰ ਤਿਆਰ ਹੈ ਤੇ ਮਾੜੇ ਦਾ ਕੋਈ ਭਣੋਈਆ ਵੀ ਬਣਨਾਂ ਨਹੀਂ ਚਾਹੁੰਦਾ। ਕਿਸੇ ਨੂੰ ਪੈਸੇ ਦਾ ਹੰਕਾਰ ਹੈ, ਕਿਸੇ ਨੂੰ ਉਚੀ ਨੌਕਰੀ ਵਿੱਦਿਆ ਦਾ ਹੰਕਾਰ ਹੈ ਪਰ ਕਿਸੇ ਨੂੰ ਵੀ ਵਧੀਆ ਇਨਸਾਨ ਹੋਣ ਦਾ ਹੰਕਾਰ ਨਹੀਂ ਹੈ। ਕਿਉਂਕਿ ਪੂੰਜੀਵਾਦੀ ਸਿਸਟਮ ਵਿੱਚ ਇਨਸਾਨੀਅਤ ਕੋਈ ਮਾਅਨੇ ਨਹੀਂ ਰੱਖਦੀ ਸਿਰਫ ਨਫਾ ਹੀ ਸਭ ਕਾਸੇ ਦਾ ਮਾਪਦੰਡ ਹੈ। ਪੂੰਜੀਵਾਦੀ ਨਫੇ ਨੁਕਸਾਨ ਦੇ ਸਿਸਟਮ ਨੇ ਬਹੁਤ ਕੁੱਝ ਤਬਾਹ ਕਰ ਦਿੱਤਾ ਹੈ। ਧਰਤੀ ਦਾ ਵਧ ਰਿਹਾ ਤਾਪਮਾਨ ਇੱਕ ਅਜੇਹਾ ਇਸ਼ੂ ਹੈ ਜਿਸਤੇ ਬਹੁਤੇ ਲੋਕ ਸਹਿਮਤ ਵੀ ਨਹੀਂ ਹਨ। ਜੇਕਰ ਕੁੱਝ ਰਿਪੋਰਟਾਂ ਤੇ ਝਾਤ ਮਾਰੀਏ ਤਾਂ ਧਰਤੀ ਦਾ ਬਹੁਤ ਵੱਡਾ ਏਰੀਆ ਸਿਰਫ 20 ਸਾਲ ਤੱਕ ਹਰ ਤਰ੍ਹਾਂ ਦੀ ਜ਼ਿੰਦਗੀ ਨੂੰ ਸਪੋਰਟ ਕਰਨ ਦੇ ਕਾਬਲ ਨਹੀਂ ਰਹੇਗਾ। ਕੁੱਝ ਲੋਕ ਬੜੀਆਂ ਸ਼ੇਖ ਚਿਲੀ ਵਾਲ਼ੀਆਂ ਗੱਲਾ ਕਰ ਰਹੇ ਹਨ ਕਿ ਮਨੁੱਖ ਨੂੰ ਰਹਿਣ ਲਈ ਦੋ ਕੁ ਸਦੀਆਂ ਤੱਕ ਕਿਸੇ ਹੋਰ ਪਲੈਨਿਟ ਤੇ ਜਾਣਾਂ ਹੋਵੇਗਾ। ਬੜਾ ਵਧੀਆ ਮਖੌਲ ਹੈ ਕਿਸੇ ਹੋਰ ਪਲੈਨਿਟ ਨੂੰ ਬੱਸਾਂ ਜਾਂਦੀਆਂ ਹਨ, ਸਾਰੇ ਲੋਕ ਬੱਸਾਂ ਤੇ ਚੜ੍ਹ ਕੇ ਚਲੇ ਜਾਣਗੇ। ਸਰਮਾਏਦਾਰ ਸਿਸਟਮ ਦੇ ਹਾਮੀ ਲੋਕ ਪਰਚਾਰ ਕਰ ਰਹੇ ਹਨ ਕਿ ਗਲੋਬਲ ਵਾਰਮਿੰਗ ਇੱਕ ਹੋਕਸ (ਗੱਪ) ਹੈ ਅਤੇ ਇਹ ਵੱਡੀਆਂ ਕਾਰਪੋਰੇਸ਼ਨਾਂ ਤੇ ਟੈਕਸ ਲਾਉਣ ਦਾ ਇੱਕ ਬਹਾਨਾਂ ਹੈ। ਅਸਲ ਵਿੱਚ ਸਾਡੀ ਧਰਤੀ ਗਲੋਬਲ ਵਾਰਮਿੰਗ ਹੀ ਨਹੀਂ ਸਗੋਂ ਹੋਰ ਵੀ ਬਹੁਤ ਸਰੀਆਂ ਆਫਤਾਂ ਦਾ ਸਾਮਣਾ ਕਰ ਰਹੀ ਹੈ, ਜਿਵੇਂ ਹਵਾ ਦਾ ਪ੍ਰਦੂਸ਼ਣ, ਤੇਜ਼ਾਬੀ ਮੀਂਹ, ਓਜ਼ੋਨ ਦਾ ਖੁਰਨਾਂ, ਸਾਡੇ ਦਰਿਆਵਾਂ ਸਮੁੰਦਰਾਂ ਵਿੱਚ ਰਲ਼ ਰਿਹਾ ਕੈਮੀਕਲ ਗੰਦਮੰਦ। ਸਾਡਾ ਵਾਤਾਵਰਣ ਬੁਰੀ ਤਰਾਂ ਤਬਾਹ ਹੋ ਰਿਹਾ ਹੈ ਅਤੇ ਹੋ ਵੀ ਇਸ ਕਰਕੇ ਰਿਹਾ ਹੈ ਕਿ ਸਰਮਾਏਦਾਰ ਹੋਰ ਨਫਾ ਕਮਾ ਸਕਣ।

ਸਧਾਰਨ ਗੱਲ ਹੈ ਸਾਡੀਆਂ ਕਾਰਪੋਰੇਸ਼ਨਾਂ ਲਈ ਇਹ ਬੜਾ ਸਸਤਾ ਸੌਦਾ ਹੈ ਕਿ ਉਹ ਸਾਰਾ ਗੰਦਮੰਦ ਦਰਿਆਵਾਂ ਜਾਂ ਧਰਤੀ ਵਿੱਚ ਡੰਪ ਕਰੀ ਜਾਣ ਨਾਂ ਕਿ ਕੋਈ ਨਵੀਂ ਟੈਕਨਾਲੋਜੀ ਲੱਭਣ, ਇਸ ਗੰਦਮੰਦ ਦਾ ਪੱਕਾ ਹੱਲ ਕਰਨ ਲਈ। ਕਾਰਪੋਰੇਸ਼ਨਾਂ ਦੇ ਟੁਕੜਿਆਂ ਤੇ ਪਲਣ ਵਾਲ਼ੀਆਂ ਸਾਡੀਆਂ ਸਰਕਾਰਾਂ, ਉਹ ਕਾਰਪੋਰੇਸ਼ਨਾਂ ਦੇ ਇਹਨਾਂ ਅਖੌਤੀ ਸਾਨ੍ਹਾਂ ਨੂੰ ਕੋਈ ਨੱਥ ਨਹੀ ਪਾ ਸਕਦੀਆਂ, ਪਾ ਵੀ ਕਿਵੇਂ ਸਕਦੀਆਂ ਹਨ ਇਹਨਾਂ ਕਾਰਪੋਰੇਸ਼ਨਾਂ ਤੋਂ ਪੈਸੇ ਲੈਕੇ ਤਾਂ ਲੀਡਰਾਂ ਨੇ ਚੋਣਾਂ ਲੜਨੀਆਂ ਹਨ। ਹੁਣੇ ਹੀ ਕੈਨੇਡਾ ਵਿੱਚ ਇਹ ਡਰਾਮਾਂ ਦੇਖਣ ਨੂੰ ਮਿਲ਼ਿਆ ਹੈ ਜਦ ਇੱਕ ਹਾਰੀ ਹੋਈ ਪਾਰਟੀ ਦਾ ਲੀਡਰ ਕਹਿੰਦਾ ਮੈ ਪਾਰਟੀ ਆਗੂ ਦੇ ਅਹੁਦੇ ਤੋਂ ਅਸਤੀਫਾ ਨਹੀਂ ਦੇਵਾਂਗਾ ਪਰ ਜਦ ਪੂੰਜੀਪਤੀਆਂ ਨੇ ਕਿਹਾ ਕਿ ਉਹ ਉਸ ਲੀਡਰ ਦੀ ਸਪੋਰਟ ਨਹੀਂ ਕਰਨਗੇ ਤਦ ਅਗਲੇ ਦਿਨ ਹੀ ਉਸ ਦਾ ਬਿਆਨ ਆ ਜਾਂਦਾ ਹੈ ਕਿ ਉਹ ਆਪਦੀ ਫੈਮਿਲੀ ਨੂੰ ਟਾਈਮ ਦੇਣ ਲਈ ਅਸਤੀਫਾ ਦੇ ਰਿਹਾ ਹੈ। ਲੋਕਤੰਤਰ ਦਾ ਅਸਲੀ ਮਤਲਬ ਜੇਕਰ ਅਸੀਂ ਅਜੇ ਵੀ ਨਹੀਂ ਸਮਝਦੇ ਫਿਰ ਤਾਂ ਸਾਡਾ ਕੁੱਝ ਨਹੀਂ ਹੋ ਸਕਦਾ। ਯੂ. ਐਨ. ਓ. ਦੀ ਇੱਕ ਰਿਪੋਟ ਦੇ ਅਨੁਸਾਰ ਦੁਨੀਆਂ ਦੀਆਂ 3000 ਵੱਡੀਆਂ ਕੰਪਨੀਆਂ, ਹਰ ਸਾਲ ਵਾਤਾਵਰਣ ਦਾ 2.2 ਟਰਿੱਲੀਅਨ ਡਾਲਰ ਦਾ ਨੁਕਸਾਨ ਕਰਦੀਆਂ ਹਨ। ਜੇਕਰ ਇਹਨਾਂ ਕੰਪਨੀਆਂ ਤੋਂ ਇਹ ਨੁਕਸਾਨ ਜਬਰਦਸਤੀ ਭਰਵਾਇਆ ਜਾਵੇ ਤਾਂ ਇਹਨਾਂ ਦਾ ਸਿਰਫ 33% ਪਰੌਫਿੱਟ ਹੀ ਘਟਦਾ ਹੈ। ਫੇਰ ਓਥੇ ਹੀ ਗੱਲ ਆ ਜਾਂਦੀ ਹੈ ਕਿ ਕੌਣ ਕਹੇ ਰਾਣੀ ਅੱਗਾ ਢੱਕ, ਜਿਹਨਾਂ ਦਾ ਕੈਰੀਅਰ ਹੀ ਕਾਰਪੋਰੇਸ਼ਨਾਂ ਦੇ ਪੈਸੇ ਨੇ ਬਣਾਉਣਾ ਹੈ, ਉਹ ਕਿਵੇਂ ਕਹਿ ਸਕਦੇ ਹਨ। ਜਿੰਨਾਂ ਚਿਰ ਪੈਸੇ ਦੇ ਜੋਰ ਨਾਲ਼ ਚੋਣਾਂ ਲੜੀਆਂ ਜਾਣਗੀਆਂ, ਓਨਾ ਚਿਰ ਤਾਂ ਇਹ ਅਸੰਭਵ ਹੈ। ਧਰਤੀ ਦੇ ਨੁਕਸਾਨ ਦੀ ਜਿਹੜੀ ਅਸਲ ਪਿੱਕਚਰ ਹੈ, ਉਹ ਡਾਲਰਾਂ ਜਾਂ ਪੌਂਡਾਂ ਵਿੱਚ ਨਹੀਂ ਗਿਣੀ ਮਿਣੀ ਜਾ ਸਕਦੀ। ਇਹ ਧਰਤੀ ਸਾਡਾ ਘਰ ਹੈ, ਸਾਡਾ ਰਹਿਣ ਬਸੇਰਾ ਹੈ, ਇਸਨੇ ਕਿੰਨੀਆਂ ਸੱਭਿਆਤਾਵਾਂ ਨੂੰ ਵਧਣ ਫੁਲਣ ਦਿੱਤਾ ਹੈ, ਇਸਦਾ ਨੁਕਸਾਨ ਡਾਲਰਾਂ ਪੌਂਡਾਂ ਵਿੱਚ ਕਿਵੇਂ ਗਿਣਿਆ ਜਾ ਸਕਦਾ ਹੈ? ਇਸ ਤੋਂ ਬਿਨਾਂ ਜਿੰਦਗੀ ਦੀ ਹੋਂਦ ਕਿਵੇਂ ਸੋਚੀ ਜਾ ਸਕਦੀ ਹੈ? ਹੁਣ ਸਭ ਵਰਤਾਰੇ ਨੂੰ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ। ਇਹ ਤਾਂ ਤੈਅ ਹੈ ਕਿ ਜਿਹੜਾ ਸਿਸਟਮ ਅੱਜ ਚੱਲ ਰਿਹਾ ਹੈ, ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇਹ ਧਰਤੀ ਅਤੇ ਧਰਤੀ ਤੇ ਵਿਚਰ ਰਹੀ ਜ਼ਿੰਦਗੀ ਦੀ ਤਬਾਹੀ ਨਿਸ਼ਚਿਤ ਹੈ। ਇਸਦੇ ਲਈ ਸਾਰੀ ਦੁਨੀਆਂ ਵਿੱਚ ਇੱਕ ਬਹੁਤ ਵੱਡੀ ਤਬਦੀਲੀ ਦੀ ਲੋੜ ਹੈ। ਪੂੰਜੀਵਾਦ ਇੱਕ ਵਿਚਾਰਧਾਰਾ ਹੈ ਜਿਹੜੀ ਇਨਫਿਨਿਟ ਗਰੋਥ ਤੇ ਨਿਰਭਰ ਕਰਦੀ ਹੈ, ਪਰ ਸਾਡੀ ਧਰਤੀ ਕੋਲ਼ ਇਨਫਿਨਿਟ ਸਾਧਨ ਨਹੀਂ ਹਨ, ਬਲਕਿ ਸੀਮਤ ਜਿਹੇ ਸਾਧਨ ਹਨ। ਲੈਂਡ ਹੋਰ ਨਹੀਂ ਬਣਾਈ ਜਾ ਸਕਦੀ। ਇਹ ਮੁੱਲ ਵਿਕ ਰਿਹਾ ਪਾਣੀ ਜਾਂ ਹਵਾ ਸਿਰਫ ਤੇ ਸਿਰਫ ਸਾਡੀ ਤਬਾਹੀ ਦੀ ਜਾਮਨੀ ਭਰਦੀ ਹੈ। ਪਿਛਲੇ ਤੀਹ ਸਾਲ ਅਸੀਂ ਗਲੋਬਲ ਵਾਰਮਿੰਗ ਤੇ ਡੀਬੇਟ ਕਰਾਉਣ ਵਿੱਚ ਲੰਘਾ ਦਿੱਤੇ ਹਨ ਜਾਂ ਮਤੇ ਪਾਸ ਕਰਨ ਵਿੱਚ ਲਾ ਦਿੱਤੇ ਹਨ, ਅਗਲੇ ਤੀਹ ਸਾਲ ਅਸੀਂ ਮਤੇ ਪਾਸ ਕਰਨ ਵਿੱਚ ਨਹੀਂ ਲੰਘਾ ਸਕਦੇ। ਧਰਤੀ ਦਾ ਲਾਈਫ ਸਪੋਰਟ ਸਿਸਟਮ ਪਹਿਲਾਂ ਹੀ ਬਹੁਤ ਨੁਕਸਾਨ ਝੱਲ ਰਿਹਾ ਹੈ। ਇਸਦਾ ਵੱਡਾ ਕਾਰਨ ਓਵਰ ਪਾਪੂਲੇਸ਼ਨ ਜਾਂ ਗਰੀਬਾਂ ਦੀ ਲੁੱਟਮਾਰ ਅਤੇ ਸਭ ਤੋਂ ਵੱਡਾ ਕਾਰਨ ਕਾਰਪੋਰੇਸ਼ਨ ਗਰੀਡ ਹੈ, ਇਹਨਾਂ ਕਾਰਨਾਂ ਕਰਕੇ ਕੁਦਰਤ ਅਤੇ ਮਨੁੱਖੀ ਸਮਾਜ ਵਿੱਚ ਪਾੜਾ ਵਧ ਰਿਹਾ ਹੈ। ਜਦ ਤੱਕ ਇੱਕ ਗੱਲ ਸਾਡੇ ਦਿਮਾਗ ਵਿੱਚ ਨਹੀਂ ਬੈਠ ਜਾਂਦੀ ਕਿ ਇਹ ਧਰਤੀ ਸਾਡਾ ਘਰ ਹੈ ਤਦ ਤੱਕ ਸਾਡੇ ਦਿਮਾਗ ਵਿੱਚ ਇਸ ਦੀ ਸਾਫ ਸਫਾਈ ਦਾ ਖਿਆਲ ਨਹੀਂ ਆਵੇਗਾ। ਇਹ ਪੂੰਜੀਵਾਦੀ ਆਰਥਿਕਤਾ ਓਨਾ ਚਿਰ ਹੀ ਚਲਦੀ ਰਹੇਗੀ, ਜਿਨਾਂ ਚਿਰ ਇਸ ਆਰਥਿਕਤਾ ਨੂੰ ਕੁਦਰਤੀ ਸਾਧਨ ਫਰੀ ਮਿਲ਼ਦੇ ਹਨ ਨਹੀਂ ਤਾਂ ਇਸਨੇ ਫੇਲ ਹੋਣਾ ਹੀ ਹੈ । ਇਸ ਕੁਦਰਤੀ ਸਾਧਨਾਂ ਦੀ ਤਬਾਹੀ ਦੀ ਇੱਕ ਮਿਸਾਲ ਦੇਖੋ ਕਿ ਪਿਛਲੇ ਸੌ ਸਾਲ ਵਿੱਚ ਰੀੜ ਦੀ ਹੱਡੀ ਵਾਲ਼ੇ ਜਾਨਵਰਾਂ ਦੀ 477 ਕਿਸਮਾਂ ਇਸ ਧਰਤੀ ਨੂੰ ਅਲਵਿਦਾ ਕਹਿ ਗਈਆਂ ਹਨ। ਜਿਹੜਾ ਸਮੁੰਦਰ ਵਿੱਚ 30 ਟਨ ਪਲਾਸਟਿਕ ਦਿਹਾੜੀ ਦਾ ਜਾ ਰਿਹਾ ਹੈ, ਜੇਕਰ ਇਸੇ ਤਰਾਂ ਹੀ ਜਾਂਦਾ ਰਿਹਾ ਤਾਂ 2050 ਤੱਕ ਸਮੁੰਦਰ ਵਿੱਚ ਓਨੀ ਮੱਛੀ ਨਹੀ ਹੋਣੀ ਜਿੰਨਾ ਪਲਾਸਟਿਕ ਹੋਵੇਗਾ। ਇੱਕ ਅੰਦਾਜ਼ੇ ਦੇ ਮੁਤਾਬਿਕ ਤੇਲ , ਗੈਸ ਕੰਪਨੀਆ ਨੂੰ 5.3 ਟਰਿਲੀਅਨ ਡਾਲਰ ਦੀ ਸਬਸਿਡੀ ਮਿਲ਼ਦੀ ਹੈ। ਇਨੇ ਪੈਸਾ ਗਰੀਨ ਅਨੱਰਜੀ ਵਿੱਚ ਲਾ ਦੇਈਏ ਤਾਂ ਸਭ ਵਹੀਕਲ ਗਰੀਨ ਅਨਰਜੀ ਤੇ ਚੱਲ ਸਕਦੇ ਹਨ। ਇਰਾਕ, ਲਿਬੀਆ, ਸੀਰੀਆ ਇਹਨਾਂ ਤੇਲ ਕੰਪਨੀਆਂ ਦੀ ਗਰੀਡ ਦੀ ਭੇਟ ਚੜੇ ਹਨ। ਇਹਨਾਂ ਦੇਸ਼ਾਂ ਵਿੱਚ ਜਿਹੜਾ ਮਨੁੱਖਤਾ ਦਾ ਘਾਣ ਹੋਇਆ ਉਸਦੀ ਜ਼ੁੰਮੇਵਾਰੀ ਕੌਣ ਲਵੇਗਾ। ਜਿਹੜਾ ਰੇਹ ਅਤੇ ਸਪਰੇਅ ਦੀ ਖੇਤੀ, ਹਰੇ ਇਨਕਲਾਬ ਦੀ ਦੇਣ ਹੈ , ਇਹ ਬਹੁਤਾ ਚਿਰ ਨਹੀਂ ਚੱਲਣੀ, ਧਰਤੀ ਇਸ ਰੇਹ ਸਪਰੇਹ ਦਾ ਭਾਰ ਅਗਲੇ 60 ਸਾਲਾਂ ਤੋਂ ਵੱਧ ਨਹੀਂ ਚੱਕ ਸਕੂਗੀ। ਜੇਕਰ ਖੇਤੀ ਦਾ ਸਿਸਟਮ ਨਾਂ ਬਦਲਿਆ ਤਾਂ ਦੁਨੀਆਂ ਨੂੰ ਇੱਕ ਮਹਾਂਕਾਲ਼ ਭੋਗਣਾਂ ਪੈ ਸਕਦਾ ਹੈ। ਅੱਜ ਸਾਰੀ ਦੁਨੀਆਂ ਵਿੱਚ ਕਿਰਸਾਨ ਆਤਮ-ਹੱਤਿਆ ਕਰ ਰਹੇ ਹਨ, ਇਹ ਬਹੁਤ ਹੀ ਡੂੰਘੀ ਸਾਜਿਸ਼ ਚੱਲ ਰਹੀ ਹੈ, ਕਾਰਪੋਰੇਸ਼ਨਾਂ ਆਮ ਜਿਮੀਦਾਰਾਂ ਨੂੰ ਫੇਲ ਕਰਕੇ ਸਾਰੀ ਜਮੀਨ ਹੱਥਿਆਉਣਾਂ ਚਾਹੁੰਦੀਆਂ ਹਨ, ਫਿਰ ਇਹ ਕਾਰਪੋਰੇਸ਼ਨਾਂ ਵੱਡੇ ਵੱਡੇ ਮੈਗਾ ਫਾਰਮ ਬਣਾਂ ਕੇ ਇਹਨਾਂ ਜਿਮੀਦਾਰ ਨੂੰ ਦਿਹਾੜੀਏ ਬਨਾਉਣਾਂ ਚਾਂਹੁੰਦੀਆਂ ਹਨ। ਫਿਰ ਇਹ ਸਭ ਫਸਲਾਂ ਦੇ ਭਾਅ ਆਪਦੀ ਮਰਜ਼ੀ ਨਾਲ਼ ਤੈਅ ਕਰਿਆ ਕਰਨਗੀਆਂ। ਹੁਣ ਤਾਂ ਇਹਨਾਂ ਨੇ ਜਖੀਰੇਬਾਜਾਂ ਨੂੰ ਪੂਰੀ ਖੁੱਲ ਦਿੱਤੀ ਹੈ ਕਿ ਫਸਲ ਦੀ ਆਮਦ ਤੇ ਰੇਟ ਸੁੱਟ ਕੇ ਸਟਾਕ ਕੀਤੀ ਜਾਵੇ ਅਤੇ ਫਿਰ ਕਿੱਲਤ ਦਿਖਾ ਕੇ ਲੋਕਾਂ ਦੀ ਲੁੱਟ ਕੀਤੀ ਜਾਵੇ । ਹਰ ਵੇਲ਼ੇ ਨਫੇ ਦੀ ਇਹ ਸਿਆਸਤ ਸਾਡੇ ਸਕੂਲ ਸਿਸਟਮ ਨੂੰ ਟੋਟਲੀ ਖਾ ਜਾਣਾ ਚਾਂਹੁਦੀ ਹੈ। ਵਿੱਦਿਆ ਜਿਹੜੀ ਕਿ ਸਰਕਾਰ ਦੀ ਜ਼ਿੰਮੇਵਾਰੀ ਹੈ, ਇਹ ਪੂੰਜੀਵਾਦੀ ਸਿਸਟਮ ਇਸ ਚੋਂ ਵੀ ਨਫਾ ਕਮਾਉਣਾਂ ਚਾਂਹੁਦਾ ਹੈ, ਇਸ ਤਰ੍ਹਾਂ ਤਾਂ ਇਹ ਵਿੱਦਿਆ ਐਨੀ ਮਹਿੰਗੀ ਹੋ ਜਾਵੇਗੀ ਕਿ ਵਿੱਦਿਆ ਸਿਰਫ ਅਮੀਰ ਬੱਚਿਆਂ ਜੋਗੀ ਰਹਿ ਜਾਵੇਗੀ । ਚਿੱਟੇ ਕਾਲਰ ਵਾਲ਼ੀਆਂ ਨੌਕਰੀਆਂ ਇਹ ਲੋਕ ਲੈ ਜਾਣਗੇ ਜਾਣੀ ਕਿ ਡਾਕਟਰ, ਵਕੀਲ, ਪੁਲੀਟੀਕਲ ਲੀਡਰ ਸਿਰਫ ਇਹਨਾਂ ਦੇ ਬੱਚੇ ਬਣਨਗੇ ਅਤੇ ਆਮ ਲੋਕਾਂ ਦੇ ਬੱਚੇ ਸਿਰਫ ਲੋ ਪੇਅਡ ਜੌਬਾਂ ਕਰਨ ਜੋਗੇ ਰਹਿ ਜਾਣਗੇ। ਇਹ ਕਾਰਪੋਰੇਸ਼ਨਾਂ ਸਾਰੇ ਨਫਾ ਕੱਢ ਰਹੇ ਸਰਕਾਰੀ ਅਦਾਰਿਆਂ ਨੂੰ ਹੜੱਪ ਕਰਕੇ ਸਿਰਫ ਨਫਾ ਕਮਾਉਣ ਲਈ ਵਰਤਣਾਂ ਚਾਹੁੰਦੀਆਂ ਹਨ। ਪਬਲਿਕ ਟਰਾਂਜਿਟ, ਰੇਲਵੇ, ਹਵਾਈ ਕੰਪਨੀਆਂ ਅਤੇ ਇੱਥੋਂ ਤੱਕ ਕਿ ਸਿਹਤ ਸੇਵਾਵਾਂ ਨੂੰ ਵੀ ਨਫੇ ਦਾ ਧੰਦਾ ਬਣਾਉਣਾ ਚਾਂਹੁਦੀਆਂ ਹਨ। ਡਰੱਗ ਕੰਪਨੀਆਂ ਨੇ ਇੰਨੀ ਲੁੱਟ ਮਚਾ ਰੱਖੀ ਹੈ ਕਿ ਉਹ ਦਵਾਈਆਂ ਜਿਹਨਾਂ ਦੀ ਕੀਮਤ ਪੈਨੀਆਂ ਵਿੱਚ ਹੈ ਬਹੁਤ ਹੀ ਮਹਿੰਗੇ ਮੁੱਲ ਤੇ ਵੇਚੀਆਂ ਜਾ ਰਹੀਆ ਹਨ। ਡਾਕਟਰਾਂ ਅਤੇ ਡਰੱਗ ਕੰਪਨੀਆਂ ਦੀ ਮਿਲ਼ੀ ਭੁਗਤ ਨਾਲ਼ ਆਮ ਪੇਨ ਕਿੱਲਰ ਲੈਂਦੇ ਲੋਕਾਂ ਨੂੰ ਡਰੱਗਸ ਦੇ ਨਸ਼ੇ ਤੇ ਲਗਾ ਦਿੱਤਾ ਗਿਆ ਹੈ।

ਨੌਰਥ ਅਮਰੀਕਾ ਵਿੱਚ, ਜਾਣੀ ਕਿ ਕੈਨੇਡਾ ਅਮਰੀਕਾ ਦੇ ਅੱਧੇ ਹੋਮ ਲੈਸ ਲੋਕ, ਇਹਨਾਂ ਪੇਨ ਕਿਲੱਰਾਂ ਤੋਂ ਆਦੀ ਹੋਕੇ ਬੇ-ਘਰੇ ਬਣੇ ਹਨ। ਜਦੋਂ ਕਦੇ ਵੀ ਇਹਨਾਂ ਅਲਾਮਤਾਂ ਦੀਆਂ ਇਨਕੁਆਰੀਆਂ ਹੋਈਆਂ ਤਾਂ ਡਰੱਗ ਕੰਪਨੀਆਂ ਦੇ ਨਾਲ਼ ਨਾਲ਼ ਅੱਧੇ ਡਾਕਟਰ ਵੀ ਦੋਸ਼ੀ ਪਾਏ ਜਾਣਗੇ । ਅੱਜ ਜੇ ਧਰਤੀ ਦਾ ਤਾਪਮਾਨ ਵਧ ਰਿਹਾ ਹੈ ਤਾਂ ਇਸਦੇ ਨਾਲ਼ ਸਮੁੰਦਰ ਦਾ ਲੈਵਲ ਵੀ ਵਧ ਜਾਵੇਗਾ। ਜਿਸ ਤਰ੍ਹਾਂ ਭਰਿਆ ਭਾਂਡਾ ਛਲਕਦਾ ਹੈ ਇਸਤਰਾਂ ਸਮੁੰਦਰ ਵਿੱਚ ਸੁਨਾਮੀਂ ਅਤੇ ਤੂਫਾਨ ਵਧ ਜਾਣਗੇ । ਲੋਕਾਂ ਦੀ ਤਬਾਹੀ ਹੋਵੇਗੀ ਅਤੇ ਇਹ ਫੇਰ ਤੂਫਾਨ ਪੀੜਿਤ ਇਲਾਕਿਆਂ ਵਿੱਚ ਘਰ , ਸਕੂਲ, ਬਿਲਡਿੰਗਾਂ ਬਨਾਉਣ ਦੇ ਠੇਕਿਆਂ ਤੋਂ ਵੱਡੀਆਂ ਕਮਾਈਆਂ ਕਰਨਗੀਆਂ। ਹਰ ਵੇਲ਼ੇ ਲੋਕਾਂ ਦੇ ਨੁਕਸਾਨ ’ਚੋਂ ਨਫੇ ਭਾਲਣ ਵਾਲ਼ੀਆਂ ਇਹ ਜੋਕਾਂ ਸਭ ਕੁੱਝ ਤਬਾਹ ਕਰ ਸਕਦੀਆਂ ਹਨ ਪਰ ਆਪਦਾ ਨਫਾ ਨਹੀਂ ਘਟਾ ਸਕਦੀਆਂ। ਵੱਡੇ ਵੱਡੇ ਡੈਮ ਬਣਾਏ ਜਾ ਰਹੇ ਹਨ ਤਾਂ ਕਿ ਸਰਮਾਏਦਾਰਾਂ ਦੀਆਂ ਫੈਕਟਰੀਆਂ ਨੂੰ ਬਿਜਲੀ ਦੀ ਸਪਲਾਈ ਦਿੱਤੀ ਜਾ ਸਕੇ ਪਰ ਇਸ ਚੀਜ ਦੀ ਪਰਵਾਹ ਨਹੀਂ ਕੀਤੀ ਜਾਂਦੀ ਕਿ ਇਸ ਨਾਲ਼ ਕਿੰਨੀ ਖੇਤੀ ਯੋਗ ਜ਼ਮੀਨ ਪਾਣੀ ਵਿੱਚ ਡੁੱਬ ਜਾਵੇਗੀ ਅਤੇ ਕਿੰਨੇ ਪਿੰਡਾਂ ਦੇ ਪਿੰਡ ਖਾਲੀ ਕਰਾਏ ਜਾਂਦੇ ਹਨ। ਆਪਦੇ ਵਸਦੇ ਰਸਦੇ ਘਰਾਂ ਤੋਂ ਉਜੜੇ ਹੋਏ ਲੋਕ ਕਿਸੇ ਪਾਸੇ ਦੇ ਨਹੀਂ ਰਹਿੰਦੇ। ਹਜਾਰਾਂ ਨਹੀਂ ਲੱਖਾਂ ਦੀ ਗਿਣਤੀ ਵਿੱਚ ਆਦੀ ਵਾਸੀ ਸਾਰੀ ਦੁਨੀਆਂ ਵਿੱਚ ਆਪਦੇ ਜਲ਼ ਜੰਗਲ਼ ਜ਼ਮੀਨ ਨੂੰ ਬਚਾਉਣ ਲਈ ਸੜਕਾਂ ਤੇ ਮੁਜਾਹਰੇ ਕਰ ਰਹੇ ਹਨ। ਪਰ ਸਰਮਾਏਦਾਰਾਂ ਦੀਆਂ ਚਾਲਾਂ ਦੇਖੋ ਲੋਕਾਂ ਦਾ ਇੱਕ ਮਸਲਾ ਹੱਲ ਨਹੀਂ ਹੁੰਦਾ ਅਤੇ ਲੋਕਾਂ ਨੂੰ ਹੋਰ ਮਸਲਿਆਂ ਵਿੱਚ ਉਲਝਾ ਦਿੱਤਾ ਜਾਂਦਾ ਹੈ। ਜਦ ਵੀ ਕਿਤੇ ਆਰਥਿਕ ਮੰਦੀ ਆਂਉਦੀ ਹੈ ਤਾਂ ਬਿਜਨਿਸਾਂ ਨੂੰ ਤਾਂ ਬੇਲ ਆਊਟ ਕੀਤਾ ਜਾਂਦਾ ਹੈ ਪਰ ਲੋਕਾਂ ਦੀਆਂ ਪੈਨਸ਼ਨਾਂ, ਵੈਲਫੇਅਰ, ਸਿਹਤ ਸੇਵਾਵਾਂ ਤੇ ਕੁਹਾੜਾ ਚਲਾ ਦਿੱਤਾ ਜਾਂਦਾ ਹੈ। ਧਾਰਮਿਕ ਅਦਾਰਿਆਂ ਨੂੰ ਗਰਾਂਟਾਂ ਦੇ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਹੋਰ ਪੱਕਿਆਂ ਕੀਤਾ ਜਾਂਦਾ ਹੈ ਤਾਂ ਕਿ ਲੋਕ ਆਪਦੇ ਧਾਰਮਿਕ ਝਗੜਿਆਂ ਵਿੱਚ ਉਲਝੇ ਰਹਿਣ, ਆਪਸ ਵਿੱਚ ਲੜੀ ਜਾਣ ਅਤੇ ਆਪਦੇ ਅਸਲੀ ਦੁਸ਼ਮਣ ਦੀ ਪਛਾਣ ਨਾਂ ਕਰ ਸਕਣ। ਸਾਰੀ ਦੁਨੀਆਂ ਦੇ ਲੋਕਾਂ ਦੀ ਦੁਸ਼ਮਣ, ਸਾਰੀ ਧਰਤੀ ਦੇ ਜੀਆ ਜਨਤਾ ਦੀ ਦੁਸ਼ਮਣ, ਧਰਤੀ ਦੀ ਹੋਂਦ ਦੀ ਦੁਸ਼ਮਣ ਇਹ ਪੂੰਜੀਵਾਦੀ ਸਿਸਟਮ ਹੈ। ਸਾਰੀ ਲੋਕਾਈ ਦੇ ਭਲੇ ਲਈ, ਪੂੰਜੀਵਾਦੀ ਸਿਸਟਮ ਤੋਂ ਖਹਿੜਾ ਛੁਡਾਉਣ ਲਈ, ਇੱਕ ਸਹੀ ਮਾਅਨਿਆਂ ਵਿੱਚ ਲੋਕਾਂ ਦਾ ਰਾਜ ਕਾਇਮ ਕਰਨ ਲਈ ਇੱਕ ਬਹੁਤ ਵੱਡੇ ਹੰਭਲ਼ੇ ਦੀ ਲੋੜ ਹੈ।

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

ਨਾਗਰਿਕਤਾ ਕਾਨੂੰਨ ਵਿਰੋਧ - ਸੰਵਿਧਾਨ ਦੀ ਰਾਖੀ ਦਾ ਸੀਮਤ ਦਾਇਰਾ ਕਾਫੀ ਨਹੀਂ

ਐਨ ਆਰ ਸੀ ਤੇ ਨਵੇਂ ਨਾਗਰਿਕਤਾ ਕਾਨੂੰਨ ਰਾਹੀਂ ਫ਼ਿਰਕੂ ਵੰਡੀਆਂ ਪਾਉਣ ਦੇ ਰਾਹ ਪਈ ਭਾਜਪਾ ਹਕੂਮਤ ਖ਼ਿਲਾਫ਼ ਮੁਲਕ ਭਰ ਦੇ ਇਨਸਾਫ਼ ਪਸੰਦ ਤੇ ਜਮਹੂਰੀ ਹਲਕਿਆਂ 'ਚ ਉੱਠਿਆ ਰੋਹ ਬਹੁਤ ਸਵਾਗਤਯੋਗ ਵਰਤਾਰਾ ਹੈ , ਵਿਦਿਆਰਥੀ ਇਸ ਰੋਸ ਲਹਿਰ ਦੀਆਂ ਮੂਹਰਲੀਆਂ ਸਫਾਂ 'ਚ ਹਨ? ਇਹ ਰੋਹ ਹੋਰ ਤਿੱਖਾ ਅਤੇ ਹੋਰ ਜਥੇਬੰਦ ਹੋਣਾ ਚਾਹੀਦਾ ਹੈ ਤੇ ਅਗਲੀਆਂ ਬੁਲੰਦੀਆਂ 'ਤੇ ਜਾਣਾ ਚਾਹੀਦਾ ਹੈ? ਇਸ ਫਿਰਕੂ ਫਾਸ਼ੀ ਹੱਲੇ ਖ਼ਿਲਾਫ਼ ਮੁਲਕ ਦੇ ਨਿੱਤ ਨਵੇਂ ਤੋਂ ਨਵੇਂ ਹਿੱਸੇ ਡਟਦੇ ਜਾ ਰਹੇ ਹਨ? ਜਮਹੂਰੀ ਹਲਕਿਆਂ ਤੇ ਲੋਕ ਪੱਖੀ ਬੁੱਧੀਜੀਵੀਆਂ ਵੱਲੋਂ ਇਸ ਫਾਸ਼ੀ ਹਮਲੇ ਖਿਲਾਫ ਆਮ ਲੋਕਾਂ ਨੂੰ ਉਭਾਰਨ ਲਈ ਕੀਤੇ ਜਾ ਰਹੇ ਗੰਭੀਰ ਤੇ ਸੁਹਿਰਦ ਯਤਨਾਂ ਨੂੰ ਹੋਰ ਜਰਬਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ? ਹੋਰਨਾਂ ਕਈ ਗੱਲਾਂ ਦੇ ਨਾਲ ਨਾਲ ਮੌਜੂਦਾ ਬਿੱਲ ਦੇ ਪ੍ਰਸੰਗ 'ਚ ਹੋ ਰਹੀ ਚਰਚਾ ਦਰਮਿਆਨ ਇੱਕ ਨੁਕਤਾ ਵਿਸ਼ੇਸ਼ ਕਰਕੇ ਮਹੱਤਵਪੂਰਨ ਹੈ? ਇਸ ਬਿੱਲ ਦੇ ਵਿਰੋਧ ਵੇਲੇ ਸੰਵਿਧਾਨ ਦੀ ਉਲੰਘਣਾ ਦੇ ਸੀਮਤ ਵਿਰੋਧ ਚੌਖਟੇ ਤੋਂ ਪਾਰ ਜਾਣ ਦੀ ਜ਼ਰੂਰਤ ਹੈ, ਕਿਉਂਕਿ ਇਸ ਚੌਖਟੇ 'ਚ ਰਹਿ ਕੇ ਭਾਰਤੀ ਕਿਰਤੀ ਲੋਕਾਂ ਦੀ ਹਕੀਕੀ ਸੰਘਰਸ਼ ਸਮਰਥਾ ਨੂੰ ਨਹੀਂ ਉਭਾਰਿਆ ਜਾ ਸਕਦਾ? ਭਾਰਤੀ ਸੰਵਿਧਾਨ 'ਤੇ ਹੋ ਰਹੇ ਹਮਲੇ ਦੇ ਵਾਸਤੇ ਕਰੋੜਾਂ ਕਰੋੜ ਕਿਰਤੀ ਭਾਰਤੀ ਲੋਕਾਂ ਨੂੰ ਫਿਕਰਾਂ 'ਚ ਪਾਉਣ ਜੋਗੇ ਨਹੀਂ? ਇਹ ਫ਼ਿਕਰ ਕਿਸੇ ਕਾਂਗਰਸ, ਸੀਪੀਆਈ ਸੀਪੀਐੱਮ ਜਾਂ ਕਿਸੇ ਹੋਰ ਪਾਰਲੀਮਾਨੀ ਪਾਰਟੀ ਦਾ ਤਾਂ ਹੋ ਸਕਦਾ ਹੈ ਜਿਨ੍ਹਾਂ ਨੇ ਇਸ ਸੰਵਿਧਾਨ ਦੀਆਂ ਸੌਹਾਂ ਚੁੱਕ ਕੇ ਭਾਰਤੀ ਹਾਕਮ ਜਮਾਤਾਂ ਦੀ ਵਫ਼ਾਦਾਰੀ ਨਿਭਾਉਣੀ ਹੈ? ਪਰ ਭਾਰਤੀ ਲੋਕਾਂ ਨੇ ਇਹ ਸੰਵਿਧਾਨ ਸੱਤਰ ਸਾਲਾਂ ਤੋਂ ਹੱਡੀਂ ਹੰਢਾਇਆ ਹੋਇਆ ਹੈ, ਇਸੇ ਸੰਵਿਧਾਨ ਦੇ ਹੁੰਦਿਆਂ ਹੀ ਲੋਕਾਂ ਨੇ ਐਮਰਜੈਂਸੀ ਹੰਢਾਈ ਹੈ, ਇਸੇ ਸੰਵਿਧਾਨ ਦੇ ਹੁੰਦਿਆਂ ਹੀ '84 ਗੁਜ਼ਰਿਆ ਹੈ , ਇਸੇ ਸੰਵਿਧਾਨ ਦੀ ਛਤਰ ਛਾਇਆ ਹੇਠ ਹੀ ਜਗੀਰਦਾਰਾਂ ਦੀਆਂ ਰਣਬੀਰ ਸੈਨਾਵਾਂ ਨੇ ਦਲਿਤਾਂ ਦੇ ਕਤਲੇਆਮ ਰਚੇ ਹਨ, ਗੋਧਰਾ 'ਚ ਮੁਸਲਮਾਨਾਂ ਦਾ ਤੁਖਮ ਮਿਟਾਉਣ ਦਾ ਯਤਨ ਹੋਇਆ ਹੈ, ਬਾਬਰੀ ਮਸਜਿਦ ਢਾਹੀ ਗਈ ਹੈ ? ਇਸੇ ਸੰਵਿਧਾਨ ਦੀ 'ਪਵਿੱਤਰ' ਛਾਂ ਹੇਠ ਨਿਹੱਥੇ ਆਦਿਵਾਸੀਆਂ ਦੇ ਖ਼ੂਨ ਦੀ ਹੋਲੀ ਖੇਡੀ ਜਾਂਦੀ ਹੈ, ਇਸ ਸੰਵਿਧਾਨ ਦੇ ਆਸਰੇ ਹੀ ਸੁਧਾ ਭਾਰਦਵਾਜ ਵਰਗਿਆਂ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਜਾਂਦਾ ਹੈ ਅਤੇ ਮੋਦੀ ਵਰਗੇ ਕਾਤਲ ਮੁਲਕ ਦੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਸਜਦੇ ਹਨ? ਇਸੇ ਸੰਵਿਧਾਨ ਦੀ ਓਟ ਲੈ ਕੇ ਹੀ ਨਵੀਆਂ ਆਰਥਿਕ ਨੀਤੀਆਂ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਹੋਰ ਜਿਬਤਾ ਕਰਨ ਦੇ ਵਾਰੰਟ ਜਾਰੀ ਹੋਏ ਸਨ, ਜਿਨ੍ਹਾਂ ਦੇ ਸਿਰ 'ਤੇ ਟਾਟੇ, ਮਿੱਤਲ, ਅੰਬਾਨੀ ਤੇ ਅਡਾਨੀ ਦੁਨੀਆ ਦੇ ਅਮੀਰਾਂ 'ਚ ਜਾ ਸ਼ੁਮਾਰ ਹੋਏ ਹਨ ਤੇ ਇਹ ਮੁਲਕ ਅਜੇ ਵੀ ਭੁੱਖ ਨਾਲ ਤੜਪਦੀਆਂ ਜਿੰਦਾਂ ਦੀ ਧਰਤੀ ਹੋਣ ਲਈ ਸਰਾਪਿਆ ਹੋਇਆ ਹੈ? ਇਸੇ ਸੰਵਿਧਾਨ ਦੀ ਓਟ ਲੈ ਕੇ ਲੁਟੇਰੀਆਂ ਭਾਰਤੀ ਹਾਕਮ ਜਮਾਤਾਂ ਨੇ ਮਨੀਪੁਰ, ਨਾਗਾਲੈਂਡ ਤੇ ਕਸ਼ਮੀਰ ਵਰਗੀਆਂ ਕੌਮੀਅਤਾਂ ਦੱਬੀਆਂ ਹਨ ਤੇ ਉੱਥੋਂ ਦੇ ਬਸ਼ਿੰਦਿਆਂ 'ਤੇ ਅੰਤਾਂ ਦਾ ਕਹਿਰ ਵਰਸਾਇਆ ਹੈ? ਇਸੇ ਸੰਵਿਧਾਨ ਦੀ ਛਤਰ ਛਾਇਆ ਹੇਠ ਆਰ ਐੱਸ ਐਸ ਵਰਗੀਆਂ ਫਿਰਕੂ ਸ਼ਕਤੀਆਂ ਫੈਲੀਆਂ ਪਸਰੀਆਂ ਹਨ ਤੇ ਇਸ ਸੰਵਿਧਾਨ ਵੱਲੋਂ ਮੁਹੱਈਆ ਕਰਾਈਆਂ ਪੌੜੀਆਂ ਲਾ ਕੇ ਹੀ ਰਾਜਗੱਦੀ 'ਤੇ ਪੁੱਜੀਆਂ ਹਨ? ਅੱਜ ਜਦੋਂ ਇਨ੍ਹਾਂ ਫਿਰਕੂ ਫਾਸ਼ੀ ਤਾਕਤਾਂ ਦੇ ਟਾਕਰੇ ਦਾ ਸਵਾਲ ਉਭਰਿਆ ਹੋਇਆ ਹੈ ਤਾਂ ਲੋਕਾਂ ਨੂੰ ਬੀਤੇ ਦਹਾਕਿਆਂ ਦੇ ਕਾਂਗਰਸ ਦੇ "ਸੰਵਿਧਾਨਕ ਰਾਜ" ਦੇ ਵਾਸਤੇ ਪਾ ਕੇ ਇਸ ਟਾਕਰੇ ਲਈ ਲਾਮਬੰਦ ਨਹੀਂ ਕੀਤਾ ਜਾ ਸਕਦਾ? ਇਹ ਸੰਵਿਧਾਨਕ ਉਲੰਘਣਾ ਦੀਆਂ ਗੱਲਾਂ ਕੁਝ ਬੁੱਧੀਜੀਵੀ ਹਿੱਸਿਆਂ ਨੂੰ ਜ਼ਰੂਰ ਪ੍ਰਭਾਵਿਤ ਕਰ ਸਕਦੀਆਂ ਹਨ ਜਿਨ੍ਹਾਂ ਲਈ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਨਿਗੂਣਾ ਘੇਰਾ ਹੋਰ ਜਿਆਦਾ ਸੁੰਗੜ ਗਿਆ ਹੈ? ਪਰ ਪੈਰ ਪੈਰ 'ਤੇ ਜ਼ਲਾਲਤ ਹੰਢਾਉਂਦੀ ਕਿਰਤੀ ਲੋਕਾਈ ਲਈ ਸੰਵਿਧਾਨਕ ਆਜ਼ਾਦੀ ਤੇ ਸੰਵਿਧਾਨ ਦੀ ਰੂਹ 'ਤੇ ਹਮਲੇ ਦੀਆਂ ਗੱਲਾਂ ਦੇ ਕੀ ਅਰਥ ਹਨ? ਕੀ ਉਨ੍ਹਾਂ ਨੂੰ ਉਸੇ ਭਰਮਜਾਲ 'ਚ ਉਲਝਾਉਣਾ ਨਹੀਂ ਜਿਹਨਾਂ ਵਿੱਚ ਉਹਨਾਂ ਨੂੰ ਸੱਤਰ ਸਾਲਾਂ ਤੋਂ ਹਾਕਮਾਂ ਨੇ ਉਲਝਾ ਕੇ ਰੱਖਿਆ ਹੋਇਆ ਹੈ? ਇਸ ਸੰਵਿਧਾਨ ਦੀ ਰਾਖੀ, ਕਿਰਤੀ ਲੋਕਾਂ ਲਈ ਖੁਸ਼ਹਾਲ ਜ਼ਿੰਦਗੀ ਦਾ ਆਸ਼ਾ ਨਹੀਂ ਹੋ ਸਕਦੀ? ਭਾਜਪਾ ਦੇ ਫਿਰਕੂ ਫਾਸ਼ੀ ਹੱਲੇ ਦੇ ਟਾਕਰੇ ਦੇ ਅਰਥ ਕਿਰਤੀ ਲੋਕਾਂ ਲਈ ਮਾਣ ਸਨਮਾਨ ਭਰੀ ਖੁਸ਼ਹਾਲ ਜ਼ਿੰਦਗੀ ਦੀ ਸਿਰਜਣਾ ਕਰਨ ਦੇ ਹੋਣੇ ਚਾਹੀਦੇ ਹਨ ਜਿਹੜੀ ਇਸ ਰਾਜ ਤੇ ਸੰਵਿਧਾਨ ਦੇ ਰਹਿੰਦਿਆਂ ਨਹੀਂ ਹੋ ਸਕਦੀ? ਇਸ ਰਾਜ ਤੇ ਸੰਵਿਧਾਨ ਨਾਲ ਭਿੜਕੇ ਹੀ ਸਿਰਜੀ ਜਾ ਸਕਦੀ ਹੈ? ਭਾਜਪਾ ਦਾ ਇਹ ਫਾਸ਼ੀ ਹੱਲਾ ਇਸ ਰਾਜ ਦੀਆਂ ਮਾਲ਼ਕ ਲੁਟੇਰੀਆ ਜਮਾਤਾਂ ਦੇ ਹਿਤਾਂ ਨੂੰ ਹੀ ਅੱਗੇ ਵਧਾਉਣ ਖਾਤਰ ਹੈ? ਲੋਕਾਂ ਤੇ ਲੁਟੇਰੀਆਂ ਜਮਾਤਾਂ ਦੇ ਹਿੱਤਾਂ ਦਾ ਟਕਰਾਅ ਉਘਾੜ ਕੇ ਦਿਖਾਇਆ ਜਾਣਾ ਚਾਹੀਦਾ ਹੈ, ਲੋਕਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਇਹ ਫਾਸ਼ੀ ਹਮਲਾ ਲੋਕ ਹਿਤਾਂ 'ਤੇ ਲੁਟੇਰੀਆਂ ਜਮਾਤਾਂ ਦਾ ਹਮਲਾ ਹੀ ਹੈ? ਇਸ ਫਾਸ਼ੀ ਹਮਲੇ ਦੇ ਟਾਕਰੇ ਦੇ ਸਵਾਲ 'ਤੇ ਇਨਕਲਾਬੀ ਤੇ ਖਰੀਆਂ ਜਮਹੂਰੀ ਸ਼ਕਤੀਆਂ ਨੂੰ ਸੰਵਿਧਾਨਕ ਰਾਖ਼ੀ ਦੇ ਹੋਕਿਆਂ ਦੇ ਹਾਕਮ ਜਮਾਤੀ ਵਿਰੋਧ ਚੌਖਟੇ ਤੋਂ ਨਿਖੇੜਾ ਕਰਨਾ ਚਾਹੀਦਾ ਹੈ? ਇਸ ਵਿਰੋਧ ਲਹਿਰ ਦੌਰਾਨ ਵੱਧ ਤੋਂ ਵੱਧ ਏਕਾ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਅਰਥ ਪਾਰਲੀਮਾਨੀ ਸੰਵਿਧਾਨਕ ਦਾਇਰੇ ਤੱਕ ਸੀਮਤ ਹੋ ਜਾਣਾ ਨਹੀਂ ਬਣਨਾ ਚਾਹੀਦਾ, ਸਗੋਂ ਵਿਸ਼ਾਲ ਏਕਤਾ ਉਸਾਰਨ ਦੀ ਪਹੁੰਚ ਲਾਗੂ ਕਰਨ ਲਈ ਢੁਕਵੀਆਂ ਸ਼ਕਲਾਂ ਤਲਾਸ਼ਣ 'ਤੇ ਜ਼ੋਰ ਲੱਗਣਾ ਚਾਹੀਦਾ ਹੈ? ਨਾਲ ਹੀ ਮੁਸਲਿਮ ਭਾਈਚਾਰੇ ਦੀ ਲਾਮਬੰਦੀ ਦੇ ਦਰਮਿਆਨ ਖਰੇ ਧਰਮ ਨਿਰਪੱਖ ਪੈਂਤੜੇ ਨੂੰ ਵੀ ਪੂਰੇ ਜ਼ੋਰ ਨਾਲ ਉਭਾਰਨ ਦੀ ਵਿਸ਼ੇਸ਼ ਜਰੂਰਤ ਹੈ? ਇਸ ਸਾਰੀ ਟਾਕਰਾ ਲਹਿਰ ਦੌਰਾਨ ਇਹ ਸਵਾਲ ਬਹੁਤ ਅਹਿਮ ਰਹੇਗਾ ਕਿ ਜਮਹੂਰੀ ਸ਼ਕਤੀਆਂ ਲੋਕਾਂ ਸਾਹਮਣੇ ਇਹਨਾਂ ਫ਼ਿਰਕੂ ਫਾਸ਼ੀ ਅਮਲਾਂ ਦਾ ਕਿਹੋ ਜਿਹਾ ਬਦਲ ਰੱਖਦੀਆਂ ਹਨ? ਜੇ ਸੰਵਿਧਾਨ ਬਚਾਉਣ ਦੇ ਸੱਦਿਆਂ ਦਾ ਅਚੇਤ ਹੀ ਇਹ ਅਰਥ ਬਣ ਜਾਂਦਾ ਹੈ ਕਿ ਹੁਣ ਤੱਕ ਦੇ ਸੱਤਰ ਸਾਲਾਂ ਦਾ ਸੰਵਿਧਾਨਕ ਰਾਜ ਹੀ ਸਾਡਾ ਟੀਚਾ ਹੈ ਤੇ ਉਸੇ 'ਚ ਹੀ ਭਾਰਤੀ ਕਿਰਤੀ ਲੋਕਾਂ ਦੀ ਭਲਾਈ ਹੈ ਤਾਂ ਇਹ ਪਾਰਲੀਮਾਨੀ ਵਿਰੋਧ ਦਾਇਰੇ 'ਚ ਰਹਿਣ ਦਾ ਮਾਮਲਾ ਹੀ ਬਣ ਜਾਂਦਾ ਹੈ? ਤੇ ਇਸ ਦਾਇਰੇ 'ਚ ਰਹਿੰਦਿਆਂ ਭਾਜਪਾ ਦੇ ਫਾਸ਼ੀ ਰਥ ਨੂੰ ਰੋਕਿਆ ਨਹੀਂ ਜਾ ਸਕਦਾ? ਇਸ ਹਮਲੇ ਦੇ ਟਾਕਰੇ ਲਈ ਲੋਕਾਂ ਨੂੰ ਉਭਾਰਨ ਵਾਸਤੇ ਲਾਜ਼ਮੀ ਹੈ ਕਿ ਸਮਾਜ 'ਚ ਫਿਰਕੂ ਤੇ ਭਾਈਚਾਰਕ ਸਾਂਝ ਦੇ ਹੋਕੇ ਤੋਂ ਅੱਗੇ ਜਾਂਦਿਆਂ ਸਮਾਜ ਚੋਂ ਸਾਮਰਾਜੀ ਤੇ ਜਗੀਰੂ ਲੁੱਟ ਖਸੁੱਟ ਤੇ ਜਬਰ ਦੇ ਖਾਤਮੇ ਦਾ ਹੋਕਾ ਦਿਤਾ ਜਾਵੇ, ਜਾਤ ਪਾਤੀ ਦਾਬੇ ਵਿਤਕਰਿਆਂ ਖਿਲਾਫ਼ ਜੂਝਣ ਦਾ ਝੰਡਾ ਚੁੱਕਿਆ ਜਾਵੇ, ਸਿਰਫ਼ ਸੰਵਿਧਾਨਕ ਆਜ਼ਾਦੀਆਂ ਦਾ ਨਹੀਂ ਸਗੋਂ ਖ਼ੁਸ਼ਹਾਲ ਜ਼ਿੰਦਗੀ ਲਈ ਜੂਝਣ ਦਾ ਬੁਨਿਆਦੀ ਹੱਕ ਬੁਲੰਦ ਕੀਤਾ ਜਾਵੇ ਜਿਸ ਵਿੱਚ ਅਜਿਹੇ ਰਾਜ ਭਾਗ ਨੂੰ ਉਲਟਾਉਣ ਦਾ ਹੱਕ ਵੀ ਸ਼ਾਮਲ ਹੈ, ਇਸ ਹੱਕ ਦੀ ਗੱਲ ਕਰਨ ਦੀ ਇਜਾਜ਼ਤ ਵੀ ਇਹ ਸੰਵਿਧਾਨ ਨਹੀਂ ਦਿੰਦਾ?

ਧੁਰੋਂ ਲਿਖੀ ਤਕਦੀਰ 'ਚ ਇਹੀ ਲਿਖਿਆ ਸੀ- ਇਕ ਮਿੱਥ

ਜਸਵੰਤ ਜੀਰਖ
98151-69825

ਸਾਡੇ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕਾਂ ਨਾਲ ਅਕਸਰ ਹਰ ਇਕ ਦਾ ਵਾਹ ਪੈਂਦਾ ਹੈ। ਇਕ ਉਹ ਜੋ ਸਮਾਜ ਵਿੱਚ ਵਾਪਰੀ ਹਰ ਚੰਗੀ ਮੰਦੀ ਘਟਨਾ ਨੂੰ ਧੁਰੋਂ ਲਿੱਖੀ ਤਕਦੀਰ ਨਾਲ ਜੋੜਕੇ ਗੱਲ ਕਰਦੇ ਹਨ ਅਤੇ ਬਿਨਾਂ ਸੋਚੇ ਸਮਝੇ ਹਰ ਘਟਨਾਂ ਦੇ ਕਾਰਣ ਜਾਨਣ ਵੱਲ ਵਧਣ ਦੀ ਬਜਾਏ, ਭਾਣਾ ਮੰਨਣ ਦੇ ਉਪਦੇਸ਼ ਦਿੰਦੇ ਹੋਏ ਕਈ ਮਨ-ਘੜਤ ਕਹਾਣੀਆਂ ਰਾਹੀਂ ਆਪਣੇ ਕਹੇ ਦੀ ਪ੍ਰੋੜਤਾ ਵੀ ਕਰਦੇ ਹਨ। ਗਿਣਤੀ ਪੱਖੋਂ ਸਮਾਜ ਵਿੱਚ ਇਹਨਾਂ ਦਾ ਭਰਪੂਰ ਬੋਲਬਾਲਾ ਹੈ। ਦੂਜੇ ਉਹ ਲੋਕ ਵੀ ਹਨ ਜੋ ਹਰ ਘਟਨਾ ਵਾਪਰਨ ਨੂੰ ਧੁਰੋਂ ਲਿੱਖੀ ਨਾ ਮੰਨਕੇ, ਉਸਦੇ ਕਾਰਣਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਕੇ, ਉਸ ਬਾਰੇ ਸਹੀ ਵਿਆਖਿਆ ਕਰਕੇ ਠੀਕ ਸਿੱਟੇ ਕੱਢਣ ਵੱਲ ਅੱਗੇ ਵਧਦੇ ਹਨ। ਇਹਨਾ ਦੀ ਸਮਾਜ ਵਿੱਚ ਗਿਣਤੀ ਪੱਖੋਂ ਮਾਤਰਾ ਆਟੇ ਵਿਚ ਲੂਣ ਤੋਂ ਵੀ ਘੱਟ ਹੈ। ਜੇਕਰ ਕਿਸੇ ਬਿਮਾਰੀ, ਗਲਤ ਦਵਾਈ ਖਾਣ ਜਾਂ ਕਿਸੇ ਦੁਰਘਟਨਾ ਕਾਰਨ ਕੋਈ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਪਹਿਲੇ ਨੰਬਰ ਵਾਲੇ ਇੱਕੋ ਗੱਲ ਬਾਰ ਬਾਰ ਕਹਿਣਗੇ ਕਿ ਉਸ ਦੀ ਤਾਂ ਲਿੱਖੀ ਹੀ ਇਸੇ ਤਰ੍ਹਾਂ ਸੀ, ਜਿੰਨੇ ਸੁਆਸਾਂ ਦੀ ਪੂੰਜੀ ਲਿਖੀ ਹੋਈ ਸੀ , ਉਸ ਤੋਂ ਇਕ ਵੀ ਵੱਧ ਜਾਂ ਘੱਟ ਲਿਆ ਹੀ ਨਹੀਂ ਜਾ ਸਕਦਾ। ਫਿਰ ਇਹ ਵੀ ਕਹਿਣਗੇ ਕਿ ਹਰ ਇਕ ਮਨੁੱਖ ਦੇ ਜਨਮ ਅਤੇ ਮੌਤ ਦਾ ਸਥਾਨ ਵੀ ਧੁਰੋਂ ਹੀ ਲਿਖਕੇ ਆਉਂਦਾ ਹੈ। ਜੇਕਰ ਕੋਈ ਕਿਸੇ ਬਿਮਾਰੀ ਦੇ ਇਲਾਜ ਲਈ ਹਸਪਤਾਲ ਜਾਕੇ ਇਲਾਜ ਕਰਵਾਉਣ ਕਾਰਣ ਬਚ ਜਾਏ ਤਾਂ ਕਹਿਣਗੇ, ਵਧੀ ਹੋਈ ਸੀ, ਤਾਂ ਹੀ ਬਚ ਗਿਆ। ਜੇ ਹਸਪਤਾਲ ਜਾਕੇ ਵੀ ਨਾ ਬਚੇ ਤਾਂ ਝੱਟ ਕਹਿ ਦੇਣਗੇ, ਜਿਸ ਜਿਸ ਦਾ ਵੀ ਦੇਣਾ ਲੈਣਾ ਸੀ, ਉਸ ਵਿੱਚ ਡਾਕਟਰਾਂ ਦਾ ਦੇਣਾ ਵੀ ਲਿਖਿਆ ਹੋਇਆ ਸੀ ਜੋ ਪੂਰਾ ਹੋ ਗਿਆ। ਮਸਲਾ ਕੀ ਕਿ ਹਰ ਗੱਲ ਪਹਿਲਾਂ ਹੀ ਲਿਖੀ ਹੋਈ ਨਾਲ ਜੋੜਕੇ ਭਾਵੇਂ ਆਪ ਤਾਂ ਸੁਰਖ਼ਰੂ ਹੋ ਜਾਂਦੇ ਹਨ, ਪਰ ਸਮਾਜ ਨੂੰ ਵਿਚਾਰਧਾਰਕ ਪੱਖੋਂ ਇਕੋ ਥਾਂ ਖੜੇ ਰਹਿਣ ਦਾ ਰੋਲ ਬਾਖੂਬੀ ਨਿਭਾ ਰਹੇ ਹਨ। ਵਿਗਿਆਨ ਦੀਆਂ ਉਪਲਬਤਾਂ ਨੂੰ ਮਾਣਦੇ ਹੋਏ ਵੀ ਉਸ ਦੀ ਵਿਰੋਧਤਾ ਕਰਨ ਲੱਗੇ ਇਹ ਰਤਾ ਭਰ ਵੀ ਦਿਮਾਗ ਨਹੀਂ ਵਰਤਦੇ ਸੁਣੀਆਂ ਸੁਣਾਈਆਂ ਗੱਲਾਂ ਕਰਕੇ ਇਸ ਤਰ੍ਹਾਂ ਜਚਾਉਣ ਦੀ ਕੋਸ਼ਿਸ ਕਰਨਗੇ ਜਿਵੇਂ ਵਿਗਿਆਨ ਦੀਆਂ ਪ੍ਰਾਪਤੀਆਂ ਉਹਨਾਂ ਦੀ ਨਜ਼ਰ ਵਿਚ ਧੁਰੋਂ ਲਿਖੀ ਤਕਦੀਰ ਅੱਗੇ ਕੋਈ ਮਾਅਨਾ ਨਹੀਂ ਰੱਖਦੀਆਂ।

ਦੂਜੇ ਨੰਬਰ ਵਾਲੇ ਲੋਕਾਂ ਦੇ ਵਿਚਾਰ ਭਾਵੇਂ ਹਰ ਘਟਨਾ ਦੇ ਕਾਰਣਾ ਦੀ ਵਿਆਖਿਆ ਕਰਨ ਦੇ ਸਮਰੱਥ ਹੁੰਦੇ ਹਨ, ਪਰ ਸਮਾਜ ਵਿਚ ਧੁਰੋਂ ਲਿਖੀ ਤਕਦੀਰ ਨੂੰ ਮੰਨਣ ਵਲਿਆਂ ਦੀ ਬਹੁ ਗਿਣਤੀ ਦੇ ਰਾਮ ਰੌਲੇ ਵਿੱਚ ਉਹਨਾਂ ਦੀ ਸਹੀ ਆਵਾਜ ਵੀ ਦੱਬਕੇ ਰਹਿ ਜਾਂਦੀ ਹੈ, ਜੋ ਕਿ ਸਮੁੱਚੇ ਸਮਾਜ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਧਰਮਾਂ ਦੇ ਵਲਗਣਾ ਵਿਚ ਫਸਿਆ ਮਨੁੱਖ, ਪੁਜਾਰੀ ਵਰਗ ਵੱਲੋਂ ਪ੍ਰਚਾਰੇ ਜਾ ਰਹੇ ਸਵਰਗਾਂ/ ਨਰਕਾਂ ਦੇ ਝੂਠੇ ਅਡੰਬਰਾਂ ਵਿਚ ਫਸਕੇ, ਉਹਨਾਂ ਦੀਆਂ ਪਰੀ ਕਹਾਣੀਆਂ ਵਿਚ ਅਜਿਹਾ ਉਲਝ ਗਿਆ ਹੈ ਕਿ ਆਪਣਾ ਸਾਰਾ ਜੀਵਨ ਬੇਕਾਰ ਹੀ ਗੁਆਕੇ, ਰਾਮ ਨਾਮ ਸੱਤ ਹੈ, ਵਿੱਚ ਲੀਨ ਹੋ ਜਾਂਦਾ ਹੈ।

ਧੁਰੋਂ ਲਿਖੀ ਨੂੰ ਮੰਨਣ ਵਾਲੇ ਹਰ ਧਰਮ ਦੇ ਪੈਰੋਕਾਰਾਂ ਵਿੱਚ ਇਕ ਗੱਲ ਸਾਂਝੀ ਹੈ ਕਿ ਉਹ ਸਭ, ਮਰਨ ਉਪਰੰਤ ਸਵਰਗ ਵਿੱਚ ਵਾਸਾ ਕਰਨ ਦੇ ਇੱਛਕ ਜ਼ਰੂਰ ਬਣੇ ਹੋਏ ਹਨ। ਮਰਨ ਵਾਲੇ ਦੀ ਅੰਤਮ ਰਸਮ ਸਮੇਂ ਪੂਜਾ ਪਾਠ ਕਰਨ ਵੇਲੇ ਬਿਸਤਰਾ, ਕੱਪੜੇ, ਜੁੱਤੀ ਆਦਿ ਇਹ ਸਮਝਕੇ ਦਾਨ ਕੀਤੇ ਜਾਂਦੇ ਹਨ ਕਿ ਇਹ ਸਭ ਵਸਤਾਂ ਮਰਨ ਵਾਲੇ ਨੂੰ ਸਵਰਗ ਵਿੱਚ ਪ੍ਰਾਪਤ ਹੋ ਜਾਣੀਆਂ ਹਨ। ਹਰ ਧਰਮ ਦਾ ਪੁਜਾਰੀ ਵਰਗ ਇਨ੍ਹਾਂ ਰਸਮਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਤਰ੍ਹਾਂ ਦੀਆਂ ਝੂਠੀਆਂ ਮਨ-ਘੜਤ ਕਹਾਣੀਆਂ ਲੋਕਾਂ ਨੂੰ ਸੁਣਾਕੇ ਇਹ ਜਚਾਉਂਦਾ ਹੈ ਕਿ ਵਾਕਿਆ ਹੀ ਇਹ ਸਾਰਾ ਦਾਨ ਕੀਤਾ ਸਮਾਨ, ਮਰਨ ਵਾਲੇ ਨੂੰ ਪਹੁੰਚ ਜਾਂਦਾ ਹੈ। ਪਰ ਇਸ ਗੱਲ ਦਾ ਅੱਜ ਤੱਕ ਕੋਈ ਸਬੂਤ, ਕੋਈ ਵੀ ਧਰਮ ਨਹੀਂ ਦੇ ਸਕਿਆ, ਜੋ ਇਹ ਸਿੱਧ ਕਰਦਾ ਹੋਵੇ ਕਿ ਵਾਕਿਆ ਹੀ ਦਾਨ ਕੀਤਾ ਸਭ ਕੁੱਝ ਮਰਨ ਵਾਲੇ ਤੱਕ ਪਹੁੰਚ ਗਿਆ ਹੈ। ਲੋਕ ਬਿਨਾ ਕਿਸੇ ਅਧਾਰ ਤੋਂ ਇਹ ਰਸਮਾਂ ਇਕ ਦੂਜੇ ਦੇ ਪਿੱਛੇ ਲੱਗ, ਵੇਖੋ ਵੇਖੀ ਕਰੀ ਜਾ ਰਹੇ ਹਨ, ਜੋ ਕਿ ਆਪਣੇ ਆਪ ਨੂੰ ਬੜੇ ਸੱਭਿਅਕ ਹੋਣ ਦਾ ਭਰਮ ਪਾਲਣ ਤੋਂ ਬਿਨਾ ਕੁੱਝ ਵੀ ਨਹੀਂ। ਇਹਨਾਂ ਹੀ ਪੁਜਾਰੀਆਂ ਵੱਲੋਂ ਇਹ ਵੀ ਬੜੇ ਜ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਜ਼ਿੰਦਗੀ ਇਕ ਮਾਇਆ ਹੈ, ਝੂਠ ਹੈ ਅਤੇ ਮਰਨਾ ਸੱਚ ਹੈ। ਜਿਹੜਾ ਵੀ ਇਸ ਗੱਲ ਨੂੰ ਮੰਨਦਾ ਹੈ ਅਤੇ ਇਸ ਦਾ ਪ੍ਰਚਾਰ ਕਰਦਾ ਹੈ, ਉਸ ਮਨੁੱਖ ਨੂੰ ਸਮਾਜ ਵਿੱਚ ਇਕ ਚੰਗਾ ਧਾਰਮਿਕ ਮਨੁੱਖ ਮੰਨਿਆ ਜਾਂਦਾ ਹੈ। ਪਰ ਇਹ ਵੀ ਇਕ ਮਿੱਥ ਹੈ, ਜੋ ਮਨੁੱਖ ਨੂੰ ਨਿਮਾਣਾ ਤੇ ਨਿਗੁਣਾ ਬਣਾਉਂਦੀ ਹੈ ਜਿਸ ਨੂੰ ਪ੍ਰਚਾਰਿਆ ਵੀ ਇਸੇ ਮੰਤਵ ਨਾਲ ਜਾਂਦਾ ਹੈ, ਜਦੋਂ ਕਿ ਜ਼ਿੰਦਗੀ ਵੀ ਮੌਤ ਵਾਂਗ ਇਕ ਅਟੱਲ ਸਚਾਈ ਹੈ। ਪਰ ਜ਼ਿੰਦਗੀ ਨੂੰ ਹਮੇਸ਼ਾ ਇਕ ਪਾਣੀ ਦਾ ਬੁਲਬੁਲਾ ਕਹਿਕੇ ਨੀਵਾਂ ਅਤੇ ਮੌਤ ਨੂੰ ਉੱਚੀ ਤੇ ਸੱਚੀ ਕਹਿਕੇ ਵਡਿਆਇਆ ਜਾਂਦਾ ਹੈ।

ਧੁਰੋਂ ਲਿਖੀ ਤਕਦੀਰ ਨੂੰ ਮਨ ਘੜਤ ਕਹਾਣੀਆਂ ਬਣਾਕੇ ਸੱਚ ਸਾਬਤ ਕਰਨ ਦੇ ਦਾਅਵੇਦਾਰ ਕਈ 'ਮਹਾਰਾਜ' ਅਖਵਾਉਣ ਵਾਲੇ ਆਪਣੇ 'ਕਾਰਨਾਮਿਆਂ' ਦੀ ਬਦੌਲਤ ਜੇਲ੍ਹਾਂ ਦੀ ਹਵਾ ਖਾ ਰਹੇ ਹਨ। ਜੇਕਰ ਮਨੁੱਖ ਦੀ ਤਕਦੀਰ ਧੁਰੋਂ ਪਹਿਲਾਂ ਹੀ ਲਿਖੀ ਹੁੰਦੀ ਹੈ ਤਾਂ ਇਹ ਜੇਲ੍ਹ 'ਚੋਂ ਬਾਹਰ ਆਣ ਲਈ ਬਾਰ ਬਾਰ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਅਦਾਲਤਾਂ ਵਿੱਚ ਕਿਉਂ ਲਗਾ ਰਹੇ ਹਨ ? ਖ਼ੁਦ ਆਪ ਧੁਰੋਂ ਲਿਖੀ ਤੇ ਵਿਸ਼ਵਾਸ ਕਿਉਂ ਨਹੀਂ ਕਰਦੇ ? ਭਾਣਾ ਮੰਨਕੇ ਅੰਦਰ ਬੈਠਣ , ਜੇਕਰ ਅੰਦਰ ਰਹਿਣਾ ਲਿਖਿਆ ਹੈ ਤਾਂ ਫਿਰ ਬਾਹਰ ਆਉਣ ਲਈ ਕਾਹਦੇ ਲਈ ਬਾਰ ਬਾਰ ਯਤਨ ਕਰ ਰਹੇ ਹਨ?

ਆਮ ਮਨੁੱਖ ਅਜਿਹੇ 'ਮਹਾਰਾਜਾਂ' ਦੇ ਡੇਰਿਆਂ ਵਿੱਚ ਚੜ੍ਹਾਵੇ ਚੜ੍ਹਾਕੇ , ਮੰਨਤਾਂ ਮੰਨਕੇ ਆਪਣੀ ਜ਼ਿੰਦਗੀ ਦੇ ਹਰ ਕੰਮ ਵਿੱਚ ਸਫਲ ਹੋਣਾ ਚਾਹੁੰਦਾ ਹੈ । ਪਰ ਉਹ ਇਹ ਨਹੀਂ ਸੋਚ ਰਿਹਾ ਕਿ ਜਿਹੜਾ ਮਹਾਰਾਜ ਆਪਣੇ ਆਪ ਨੂੰ ਜੇਲ੍ਹੋਂ ਨਹੀਂ ਨਿਕਾਲ ਸਕਦਾ ਉਹ ਤੇਰਾ ਪਾਰ ਉਤਾਰਾ ਕਿਵੇਂ ਕਰ ਦਿਊ? ਕਈ ਵੱਡੇ ਵੱਡੇ ਸਿਆਸਤਦਾਨਾਂ ਦੀ ਇਨ੍ਹਾਂ ਦੇ ਡੇਰਿਆਂ ਵਿੱਚ ਆਉਣੀ ਜਾਣੀ ਦਾ ਵੀ ਆਮ ਲੋਕ , ਖ਼ਾਸ ਕਰਕੇ ਇਹਨਾਂ ਡੇਰਿਆਂ ਦੇ ਸਰਧਾਲੂ ਇਹ ਵੇਖ ਬੜੇ ਪ੍ਰਭਾਵਤ ਹੁੰਦੇ ਹਨ ਉਹ ਸਮਝ ਬੈਠਦੇ ਹਨ ਕਿ ਇਹ ਸਿਆਸਤਦਾਨ ਆਪਣੀ ਧੁਰੋਂ ਲਿਖੀ ਵਿੱਚ 'ਰੇਖ 'ਚ ਮੇਖ ' ਮਰਵਾਉਣ ਆਉਂਦੇ ਹਨ। ਪਰ ਉਹ ਵਿਚਾਰੇ ਕੀ ਜਾਨਣ ਕਿ ਇਨ੍ਹਾਂ ਡੇਰੇਦਾਰਾਂ ਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਨੇ ਹੀ ਤੁਹਾਨੂੰ ਮੂਰਖ ਬਣਾਕੇ ਧੁਰੋਂ ਲਿਖੀ ਮੰਨਕੇ ਸਬਰ ਸੰਤੋਖ ਨਾਲ ਦਸਾਂ ਨੌਹਾਂ ਦੀ ਕਿਰਤ ਕਰਨ ਵਿੱਚ ਲਗਾਕੇ ਪਰਚਾ ਰੱਖਿਆ ਹੋਇਆ ਹੈ। ਪਰ ਆਪ ਤੁਹਾਡੀ ਹੀ ਕਿਰਤ ਕਮਾਈ ਉੱਪਰ ਐਸ਼ ਕਰ ਰਹੇ ਹਨ ਜਿਸ ਦੀ ਤੁਹਾਨੂੰ ਕੰਨੋਂ-ਕੰਨੀ ਖ਼ਬਰ ਵੀ ਨਹੀਂ ਲਗਦੀ। ਜਿਹੜੇ ਲੋਕ ਇਹ ਖ਼ਬਰ ਤੁਹਾਨੂੰ ਦੇਣਾ ਚਾਹੁੰਦੇ ਹਨ ਉਹਨਾਂ ਨੂੰ ਇਹੋ ਸਿਆਸਤਦਾਨ ਅਤੇ ਡੇਰੇਦਾਰ ਦੇਸ਼ ਵਿਰੋਧੀ ਕਹਿਕੇ ਆਪਣੀ ਸਾਂਝ ਭਿਆਲੀ ਬਾਖੂਬੀ ਨਿਭਾਉਂਦੇ ਹਨ । ਸੋ ਜਦੋਂ ਤੱਕ ਮਨੁੱਖ ਧੁਰੋਂ ਲਿੱਖੀ ਤਕਦੀਰ ਦੀ ਮਿੱਥ ਵਿੱਚੋਂ ਬਾਹਰ ਆਕੇ, ਇਸ ਦੇ ਉਪਦੇਸ਼ ਦੇਣ ਵਾਲਿਆਂ ਦੇ ਅਸਲ ਮਨਸੂਬਿਆਂ ਬਾਰੇ ਨਹੀਂ ਜਾਣੇਗਾ ਓਦੋਂ ਤੱਕ ਆਪਣੀਆਂ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਤਬਦੀਲ ਕਰਨ ਵੱਲ ਅੱਗੇ ਨਹੀਂ ਵਧ ਸਕੇਗਾ।

ਲੋਕ ਘੋਲ ਦੀ ਸ਼ਾਨਦਾਰ ਜਿੱਤ ਹੋਣ 'ਤੇ ਹੰਬੜਾਂ ਕਤਲ ਕਾਂਡ ਜ਼ਬਰ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਸਮਾਗਮ ਕੀਤਾ

ਲੁਧਿਆਣਾ, (ਬਲਜਿੰਦਰ ਸਿੰਘ)। ਮਜ਼ਦੂਰ ਲਾਇਬ੍ਰੇਰੀ, ਤਾਜਪੁਰ ਰੋਡ ਲੁਧਿਆਣਾ ਵਿਖੇ ਹੰਬੜਾਂ ਕਤਲ ਕਾਂਡ ਜ਼ਬਰ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਸਮਾਗਮ ਕੀਤਾ ਗਿਆ। ਮਜ਼ਦੂਰ, ਕਿਸਾਨ, ਨੌਜਵਾਨ, ਮੁਲਾਜਮ ਜੱਥੇਬੰਦੀਆਂ ਦੀ ਸਾਂਝੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਜੁਝਾਰੂ ਲੋਕ ਘੋਲ ਦੇ ਦਮ 'ਤੇ ਹੰਬੜਾਂ ਕਤਲ ਕਾਂਡ ਵਿੱਚ ਮਾਰੇ ਗਏ ਨਾਬਾਲਗ ਮਜ਼ਦੂਰ ਲਵਕੁਸ਼ ਦੇ ਕਾਤਲ ਠੇਕੇਦਾਰ ਰਘੁਬੀਰ ਪਾਸਵਾਨ ਦੀ ਗਿਰਫਤਾਰੀ ਹੋ ਚੁੱਕੀ ਹੈ ਅਤੇ ਸੰਘਰਸ਼ ਦੌਰਾਨ ਲੁਧਿਆਣਾ ਪੁਲਿਸ ਪ੍ਰਸ਼ਾਸਨ ਵੱਲੋਂ ਆਗੂਆਂ-ਕਾਰਕੁੰਨਾਂ ਉੱਤੇ ਮੜ੍ਹੇ ਝੂਠੇ ਪੁਲਿਸ ਕੇਸ ਰੱਦ ਕਰਵਾ ਲਏ ਗਏ ਹਨ, ਅਤੇ ਜੇਲ੍ਹ ਵਿੱਚ ਡੱਕੇ ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ), ਕਾਰਖਾਨਾ ਮਜ਼ਦੂਰ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੇ 10 ਆਗੂਆਂ-ਕਾਰਕੁੰਨਾਂ ਸੁਖਦੇਵ ਸਿੰਘ ਭੂੰਦੜੀ, ਰਾਜਵਿੰਦਰ, ਸੁਖਵਿੰਦਰ ਹੰਬੜਾਂ, ਜਸਮੀਤ, ਗੁਰਵਿੰਦਰ, ਮੇਜਰ ਸਿੰਘ, ਜਗਦੀਸ਼, ਚਿਮਨ ਸਿੰਘ, ਗੁਰਦੀਪ ਤੇ ਸ਼ਲਿੰਦਰ ਦੀ ਰਿਹਾਈ ਹੋ ਚੁੱਕੀ ਹੈ। ਸੰਘਰਸ਼ ਕਮੇਟੀ ਨੇ ਇਸ ਜਿੱਤ ਨੂੰ ਸਾਂਝੇ ਲੋਕ ਸੰਘਰਸ਼ ਦੀ ਸ਼ਾਨਦਾਰ ਜਿੱਤ ਕਰਾਰ ਦਿੱਤਾ ਹੈ। ਸੰਘਰਸ਼ ਕਮੇਟੀ ਵੱਲੋਂ ਜੇਲ੍ਹ ਤੋਂ ਰਿਹਾਈ ਮੌਕੇ ਤਾਜਪੁਰ ਰੋਡ, ਅਤੇ ਅਗਲੇ ਦਿਨ ਹੰਬੜਾਂ ਅਤੇ ਭੂੰਦੜੀ ਵਿੱਚ ਜੋਸ਼ੀਲੇ ਜੇਤੂ ਸਵਾਗਤੀ ਮਾਰਚ ਵੀ ਕੀਤੇ ਗਏ ਹਨ।

ਬੁਲਾਰਿਆਂ ਨੇ ਕਿਹਾ ਕਿ ਹੰਬੜਾਂ ਕਤਲ ਕਾਂਡ ਦੇ ਦੋਸ਼ੀ ਨੂੰ ਸਖਤ ਤੋਂ ਸਖਤ ਸਜਾ ਕਰਾਉਣ ਲਈ ਅਤੇ ਪੀੜਤ ਪਰਿਵਾਰ ਨੂੰ ਢੁੱਕਵਾਂ ਮੁਆਵਜਾ ਦੁਆਉਣ ਲਈ ਸੰਘਰਸ਼ ਜਾਰੀ ਰਹੇਗਾ। 18 ਨਵੰਬਰ ਨੂੰ ਕਤਲ ਕਾਂਡ ਦੇ ਦੋਸ਼ੀ ਉੱਤੇ ਕਤਲ ਕੇਸ ਦਰਜ ਕਰਾਉਣ ਤੇ ਉਸਦੀ ਗ੍ਰਿਫਤਾਰੀ, ਪੀੜਤ ਪਰਿਵਾਰ ਨੂੰ ਮੁਆਵਜੇ, ਕਾਰਖਾਨਿਆਂ ਤੇ ਹੋਰ ਕੰਮ ਥਾਵਾਂ ਉੱਤੇ ਮਜ਼ਦੂਰਾਂ ਦੀ ਸੁਰੱਖਿਆ ਦੀ ਗਰੰਟੀ ਤੇ ਹੋਰ ਮੰਗਾਂ ਲਈ ਸ਼ਾਂਤੀ ਪੂਰਵਕ ਰੋਸ ਮੁਜ਼ਾਹਰਾ ਕਰ ਰਹੇ ਸਨ ਤਾਂ ਹੱਕੀ ਮੰਗਾਂ ਮੰਨਣ ਦੀ ਥਾਂ ਪੁਲਿਸ ਨੂੰ ਲੋਕਾਂ ਦੀ ਹੱਕੀ ਅਵਾਜ਼ ਬਰਦਾਸ਼ਤ ਨਹੀਂ ਹੋਈ ਤੇ ਲੁਧਿਆਣਾ ਪੁਲਿਸ ਪ੍ਰਸ਼ਾਸਨ ਨੇ ਸੰਘਰਸ਼ਸ਼ੀਲ ਲੋਕਾਂ ਦੀ ਨਾ ਸਿਰਫ਼ ਕੁੱਟਮਾਰ ਕੀਤੀ ਸਗੋਂ ਜੱਥੇਬੰਦੀਆਂ ਦੇ ਆਗੂਆਂ-ਕਾਰਕੁੰਨਾਂ ਨੂੰ ਗਿਰਫਤਾਰ ਕਰਕੇ ਜੇਲ੍ਹ ਵਿੱਚ ਡੱਕ ਦਿੱਤਾ ਸੀ। ਉਹਨਾਂ ਉੱਤੇ ਪੁਲਿਸ 'ਤੇ ਹਮਲਾ ਕਰਨ, ਸੜ੍ਹਕ ਜਾਮ ਕਰਨ ਤੇ ਹੋਰ ਝੂਠੇ ਦੋਸ਼ ਲਾ ਕੇ ਨਾਜਾਇਜ ਪੁਲਿਸ ਕੇਸ ਦਰਜ ਕਰ ਦਿੱਤਾ ਗਿਆ।

ਬੁਲਾਰਿਆਂ ਨੇ ਕਿਹਾ ਕਿ ਪੁਲਿਸ ਨੇ ਨਾ ਸਿਰਫ਼ ਦੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸਗੋਂ ਇਹ ਮਜ਼ਦੂਰਾਂ ਦੇ ਹੁੰਦੇ ਲੁੱਟ-ਜ਼ਬਰ ਨੂੰ ਬੇਰੋਕ-ਟੋਕ ਚੱਲਦਾ ਰੱਖਣ ਦੀ, ਸਰਮਾਏਦਾਰਾਂ ਦੇ ਜੰਗਲ ਰਾਜ ਨੂੰ ਚੱਲਦਾ ਰੱਖਣ ਦੀ ਕੋਸ਼ਿਸ਼ ਕੀਤੀ ਜਿੱਥੇ ਮਜ਼ਦੂਰਾਂ ਨੂੰ ਕੋਈ ਹੱਕ ਪ੍ਰਾਪਤ ਨਹੀਂ, ਜਿੱਥੇ ਮਜ਼ਦੂਰਾਂ ਦਾ ਭਿਆਨਕ ਅਪਮਾਨ, ਕੁੱਟਮਾਰ, ਕਤਲ ਹੁੰਦੇ ਹਨ। ਪੁਲਿਸ ਨੇ ਲੋਕਾਂ ਦੇ ਇਕਮੁੱਠ ਸੰਘਰਸ਼ ਕਰਨ ਦੇ ਜਮਹੂਰੀ-ਸੰਵਿਧਾਨਿਕ ਹੱਕ ਦਾ ਘਾਣ ਕੀਤਾ ਹੈ। ਸਾਂਝੇ ਲੋਕ ਘੋਲ ਦੌਰਾਨ ਲੁਧਿਆਣਾ ਪੁਲਿਸ ਪ੍ਰਸ਼ਾਸਨ ਦੇ ਲੋਕਾਂ ਦੇ ਜਮਹੂਰੀ ਹੱਕਾਂ ਉੱਤੇ ਇਸ ਹਮਲੇ ਦਾ ਡੱਟ ਕੇ ਵਿਰੋਧ ਕੀਤਾ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਇਸ ਸੰਘਰਸ਼ ਦੌਰਾਨ ਸਥਾਨਕ ਤੇ ਪ੍ਰਵਾਸੀ ਲੋਕਾਂ ਵਿੱਚ ਸਾਂਝ ਵਾਲ਼ਾ ਪੱਖ ਵੀ ਕਾਫੀ ਮਹੱਤਵਪੂਰਣ ਰਿਹਾ ਹੈ। ਇਸ ਸੰਘਰਸ਼ ਨੇ ਪ੍ਰਵਾਸੀਆਂ ਖਿਲਾਫ਼ ਨਫ਼ਰਤ ਦੀ ਭਾਵਨਾ ਤੇ ਪ੍ਰਚਾਰ 'ਤੇ ਸੱਟ ਮਾਰੀ ਹੈ।

ਬੁਲਾਰਿਆਂ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਮਜ਼ਦੂਰਾਂ ਤੇ ਹੋਰ ਕਿਰਤੀ ਲੋਕਾਂ, ਦਲਿਤਾਂ, ਔਰਤਾਂ, ਆਦਿਵਾਸੀਆਂ, ਜਮਹੂਰੀ-ਇਨਕਲਾਬੀ ਲੋਕਾਂ, ਆਗੂਆਂ, ਕਾਰਕੁੰਨਾਂ, ਬੁੱਧੀਜੀਵੀਆਂ, ਪੱਤਰਕਾਰਾਂ ਉੱਤੇ ਲੁੱਟ-ਅਨਿਆਂ-ਜ਼ਬਰ ਦਾ ਕੁਹਾੜਾ ਚਲਾਇਆ ਜਾ ਰਿਹਾ ਹੈ। ਪੰਜਾਬ ਵਿੱਚ ਵੀ ਇਹੋ ਕੁੱਝ ਹੋ ਰਿਹਾ ਹੈ। ਦੇਸੀ-ਵਿਦੇਸ਼ੀ ਸਰਮਾਏਦਾਰੀ ਪੱਖੀ ਨਿੱਜੀਕਰਨ-ਉਦਾਰੀਕਰਨ-ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ਼ ਲੁੱਟ-ਜ਼ਬਰ ਦਿਨ-ਬ-ਦਿਨ ਤਿੱਖਾ ਹੁੰਦਾ ਗਿਆ ਹੈ। ਲੁੱਟ-ਜ਼ਬਰ-ਅਨਿਆਂ ਖਿਲਾਫ਼ ਲੋਕਾਂ ਕੋਲ ਇਕਮੁੱਠ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ। ਪਿਛਲੇ ਦਿਨੀਂ ਫਰੀਦਕੋਟ ਮਹਿਲਾ ਡਾਕਟਰ ਨਾਲ਼ ਜਿਣਸੀ ਸੋਸ਼ਣ ਖਿਲਾਫ਼ ਸੰਘਰਸ਼ ਕਰਦੇ ਲੋਕਾਂ ਉੱਤੇ ਜ਼ਬਰ ਢਾਹੁਣ, ਲੋਕ ਆਗੂਆਂ ਨੂੰ ਗ੍ਰਿਫਤਾਰ ਕਰਨ, ਮੋਗਾ ਵਿਖੇ ਦਲਿਤ ਨੌਜਵਾਨ ਦੇ ਕਤਲ ਵਿਰੁੱਧ ਉੱਠੀ ਲੋਕ ਅਵਾਜ਼ ਨੂੰ ਦਬਾਉਣ ਲਈ ਝੂਠੇ ਪੁਲਿਸ ਕੇਸ ਬਣਾਉਣ ਦੀਆਂ ਜ਼ਬਰ ਦੀ ਤਾਜ਼ੀਆਂ ਘਟਨਾਵਾਂ ਵੀ ਸਾਡੇ ਸਾਹਮਣੇ ਹਨ। ਪਰ ਲੋਕ ਜ਼ਬਰ ਅੱਗੇ ਝੁਕੇ ਨਹੀਂ ਸਗੋਂ ਹੱਕੀ ਸੰਘਰਸ਼ ਨੂੰ ਅੱਗੇ ਵਧਾ ਰਹੇ ਹਨ। ਇਨਕਲਾਬੀ ਲੋਕ ਆਗੂ ਮਨਜੀਤ ਧਨੇਰ ਦੀ ਨਿਹੱਕੀ ਉਮਰ ਕੈਦ ਦੀ ਸਜਾ ਰੱਦ ਕਰਾਉਣ ਲਈ ਲੋਕਾਂ ਨੂੰ ਵੱਡੇ ਪੱਧਰ ਉੱਤੇ ਸੜ੍ਹਕਾਂ ਉੱਤੇ ਉਤਰਨਾ ਪਿਆ ਸੀ ਤੇ ਸੰਘਰਸ਼ਸ਼ੀਲ ਲੋਕਾਂ ਨੇ ਇਹ ਸਜਾ ਰੱਦ ਕਰਾ ਕੇ ਹੀ ਦਮ ਲਿਆ। ਲੁਧਿਆਣੇ 'ਚ ਵੀ ਇਨਸਾਫਪਸੰਦ ਲੋਕ ਹੰਬੜਾਂ ਵਿਖੇ ਨਾਬਾਲਿਗ ਮਜ਼ਦੂਰ ਦੇ ਕਤਲ, ਸੰਘਰਸ਼ਸ਼ਸੀਲ ਲੋਕਾਂ ਉੱਤੇ ਜ਼ਬਰ, ਲੋਕ ਆਗੂਆਂ-ਕਾਰਕੁੰਨਾਂ ਦੀ ਨਿਹੱਕੀ ਗ੍ਰਿਫਤਾਰੀ ਦੀ ਘਟਨਾ ਤੋਂ ਬਾਅਦ ਵੀ ਚੁੱਪ ਨਹੀਂ ਬੈਠੇ। ਧਰਨੇ-ਮੁਜ਼ਾਹਰਿਆਂ ਉੱਤੇ ਮੜ੍ਹੀਆਂ ਪਾਬੰਦੀਆਂ, ਜ਼ਬਰ, ਗ੍ਰਿਫਤਾਰੀਆਂ ਨਾਲ਼ ਹੱਕੀ ਅਵਾਜ਼ ਕੁਚਲਣ ਦੀਆਂ ਸਾਜਸ਼ਾਂ ਸਮੂਹ ਇਨਸਾਫਪਸੰਦ ਲੋਕਾਂ ਦੇ ਜੁਝਾਰੂ ਘੋਲ ਨੇ ਨਾਕਾਮ ਕਰ ਦਿੱਤੀਆਂ ਹਨ ਤੇ ਸ਼ਾਨਦਾਰ ਜਿੱਤ ਦਰਜ ਕਰਵਾਈ ਹੈ।

ਸਮਾਗਮ ਨੂੰ ਜੇਲ੍ਹ ਤੋਂ ਰਿਹਾ ਹੋ ਕੇ ਆਏ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ ਰਾਜਵਿੰਦਰ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਪ੍ਰਧਾਨ ਸੁਖਦੇਵ ਭੂੰਦੜੀ, ਬੀਕੇਯੂ ਡਕੌਂਦਾ ਤੇ ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਕਾਰਕੁੰਨ ਸੁਖਵਿੰਦਰ ਹੰਬੜਾਂ ਤੇ ਹੋਰ ਸਾਥੀਆਂ ਨੇ ਸੰਬੋਧਿਤ ਕੀਤਾ। ਇਹਨਾਂ ਤੋਂ ਇਲਾਵਾ ਰੈਲੀ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ ਵੱਲੋਂ, ਲਖਵਿੰਦਰ, ਏਟਕ ਵੱਲੋਂ ਗੁਰਨਾਮ ਸਿੱਧੂ, ਜਮਹੂਰੀ ਕਿਸਾਨ ਸਭਾ ਵੱਲੋਂ ਰਘਬੀਰ ਸਿੰਘ ਬੈਨੀਪਾਲ, ਇਨਕਲਾਬੀ ਮਜ਼ਦੂਰ ਕੇਂਦਰ ਵੱਲੋਂ ਸੁਰਿੰਦਰ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ ਵੱਲੋਂ ਹਰਜਿੰਦਰ ਸਿੰਘ, ਇਨਕਲਾਬੀ ਲੋਕ ਮੋਰਚਾ ਵੱਲੋਂ ਅਵਤਾਰ ਵਿਰਕ, ਸੀਟੂ ਵੱਲੋਂ ਜਗਦੀਸ਼ ਚੰਦ, ਨੌਜਵਾਨ ਭਾਰਤ ਸਭਾ ਵੱਲੋਂ ਬਿੰਨੀ, ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਵੱਲੋਂ ਬਲਜੀਤ, ਸੀਟੀਯੂ ਵੱਲੋਂ ਤਹਿਸਾਲਦਾਰ ਯਾਦਵ, ਲੋਕ ਏਕਤਾ ਸੰਗਠਨ ਵੱਲੋਂ ਗੱਲਰ ਚੌਹਾਨ, ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਵੱਲੋਂ ਹਰਸ਼ਾ ਸਿੰਘ ਨੇ ਸੰਬੋਧਿਤ ਕੀਤਾ।

ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ

ਭਰਤੀ ਦਾ ਇਸ਼ਤਿਹਾਰ ਨਾ ਜਾਰੀ ਹੋਣ' ਤੇ 12 ਜਨਵਰੀ ਨੂੰ ਸਿੱਖਿਆ ਮੰਤਰੀ ਅਤੇ 26 ਜਨਵਰੀ ਨੂੰ ਮੁੱਖ-ਮੰਤਰੀ ਦੀ ਕੋਠੀ ਘੇਰਨ ਦਾ ਐਲਾਨ

ਸੰਗਰੂਰ, (ਰਣਦੀਪ) : ਟੈੱਟ ਪਾਸ ਬੇਰੁਜ਼ਗਾਰ ਬੀਐੱਡ ਅਤੇ ਈਟੀਟੀ ਅਧਿਆਪਕ ਯੂਨੀਅਨ ਵੱਲੋਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਮੁਲ਼ਾਜ਼ਮ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ ਸਿਟੀ ਪਾਰਕ, ਸੰਗਰੂਰ ਵਿਖੇ ਕੀਤੀ ਗਈ। ਮੀਟਿੰਗ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਨੇ ਐਲਾਨ ਕੀਤਾ ਕਿ ਜੇਕਰ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲੇ ਦੇ ਵਾਅਦੇ ਮੁਤਾਬਿਕ 31 ਦਸੰਬਰ ਤੱਕ ਰੈਸ਼ਨੇਲਾਈਜੇਸ਼ਨ ਖ਼ਤਮ ਹੋਣ ਤੋਂ ਬਾਹਰ ਜਨਵਰੀ ਦੇ ਪਹਿਲੇ ਹਫ਼ਤੇ ਤੱਕ ਪੰਜਾਬ ਭਰ 'ਚ ਖ਼ਾਲੀ ਪਈਆਂ ਅਸਾਮੀਆਂ ਭਰਨ ਲਈ ਇਸ਼ਤਿਹਾਰ ਜਾਰੀ ਨਹੀਂ ਹੁੰਦਾ ਤਾਂ 12 ਜਨਵਰੀ ਨੂੰ ਸੰਗਰੂਰ ਵਿਖੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਅਤੇ 26 ਜਨਵਰੀ ਨੂੰ ਗਣਤੰਤਰ-ਦਿਵਸ ਮੌਕੇ ਪਟਿਆਲਾ ਵਿਖੇ ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੋਤੀ-ਮਹਿਲ ਦਾ ਘਿਰਾਓ ਕੀਤਾ ਜਾਵੇਗਾ। ਇਸ ਤੋਂ ਇਲਾਵਾ 31 ਦਸੰਬਰ ਨੂੰ ਪੰਜਾਬ ਭਰ 'ਚ ਜਿਲ੍ਹਾ-ਪੱਧਰੀ ਅਰਥੀ ਫੂਕ ਮੁਜ਼ਾਹਰਿਆਂ ਦਾ ਵੀ ਐਲਾਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਟੈੱਟ ਪਾਸ ਬੇਰੁਜ਼ਗਾਰ ਬੀਐੱਡ ਅਧਿਆਪਕ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਢਿੱਲਵਾਂ ਅਤੇ ਈਟੀਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਪ੍ਰਧਾਨ ਦੀਪਕ ਕੰਬੋਜ਼ ਨੇ ਕੈਬਨਿਟ-ਮੀਟਿੰਗ 'ਚ ਅਧਿਆਪਕ ਭਰਤੀ ਸਬੰਧੀ ਸ਼ਰਤਾਂ ਨੂੰ ਸੰਘਰਸ਼ ਦੀ ਅੰਸ਼ਕ-ਜਿੱਤ ਕਰਾਰ ਦਿੱਤਾ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਧਿਆਪਕ ਯੋਗਤਾ ਪ੍ਰੀਖਿਆ ਪਾਸ ਬੇਰੁਜ਼ਗਾਰ ਬੀਐੱਡ ਉਮੀਦਵਾਰਾਂ ਨੂੰ ਭਰਤੀ ਕਰਨ ਲਈ ਘੱਟੋ-ਘੱਟ 15 ਹਜ਼ਾਰ ਅਸਾਮੀਆਂ, ਈਟੀਟੀ ਅਧਿਆਪਕਾਂ ਦੀ ਭਰਤੀ ਲਈ 12 ਹਜ਼ਾਰ ਅਸਾਮੀਆਂ ਦਾ ਇਸ਼ਤਿਹਾਰ ਤੁਰੰਤ ਜਾਰੀ ਕੀਤਾ ਜਾਵੇ, ਬੈਕਲਾਗ ਦੀਆਂ 161 ਈਟੀਟੀ ਤੇ ਬੈਕਲਾਗ ਐਸ. ਸੀ 595 ਦਾ ਹੱਲ ਅਤੇ ਬੀਐੱਡ ਦੀਆਂ 10 ਅਸਾਮੀਆਂ ਸਬੰਧੀ ਵੀ ਭਰਤੀ ਨਿਯਮਾਂ 'ਚ ਸੋਧ ਕਰਕੇ ਨਿਯੁਕਤੀ ਹੋਵੇ, ਅਧਿਆਪਕ ਭਰਤੀ ਲਈ ਗ੍ਰੈਜੂਏਸ਼ਨ 'ਚੋਂ ਪਹਿਲਾਂ ਲਾਜ਼ਮੀ ਕੀਤੇ 55 ਫੀਸਦੀ ਅੰਕਾਂ ਦੀ ਸ਼ਰਤ ਤੋਂ ਪੀੜਤ ਹੋਕੇ ਖ਼ੁਦਕੁਸ਼ੀ ਲਈ ਮਜ਼ਬੂਰ ਹੋਏ ਜਗਸੀਰ ਸਿੰਘ ਚੱਕ ਭਾਈਕਾ ਦੇ ਪਰਿਵਾਰ ਨੂੰ ਇੱਕ ਨੌਕਰੀ ਅਤੇ ਦਸ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਓਵਰ ?ਏਜ਼ ਹੋ ਰਹੇ ਬੇਰੁਜ਼ਗਾਰ ਅਧਿਆਪਕਾਂ ਬਾਰੇ ਵਿਚਾਰ ਕਰਦਿਆਂ ਭਰਤੀ ਲਈ ਉਮਰ-ਹੱਦ 37 ਤੋਂ ਵਧਾ ਕੇ 42 ਸਾਲ ਕੀਤੀ ਜਾਵੇ। 58 ਤੋਂ 60 ਦੋ ਸਾਲ ਦੀ ਐਕਸ਼ਟੈਨਸ਼ਨ ਤੇ ਚਲਦੇ ਮੁਲ਼ਾਜ਼ਮਾਂ ਨੂੰ ਤੁਰੰਤ ਸੇਵਾ-ਮੁਕਤ ਕਰਕੇ ਅਸਾਮੀਆਂ ਖਾਲੀ ਕੀਤੀਆਂ ਜਾਣ, ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਸਾਰੀਆਂ ਅਧਿਆਪਕ ਅਸਾਮੀਆਂ ਰੈਗੂਲਰ ਆਧਾਰ ਤੇ ਭਰਤੀ ਹੋਵੇ, ਭਰਤੀ ਪ੍ਰਕਿਰਿਆਵਾਂ ਨੂੰ ਨਿਰਧਾਰਤ ਦਿਨਾਂ ਵਿੱਚ ਪੂਰਾ ਕਰਨ, ਇੱਕ ਅਧਿਆਪਕ ਤੋਂ ਸਿਰਫ ਉਸ ਦੇ ਸਬੰਧਤ ਵਿਸ਼ੇ ਦਾ ਹੀ ਕੰਮ ਲਿਆ ਜਾਵੇ, 50 ਤੋਂ ਘੱਟ ਗਿਣਤੀ ਵਾਲੇ ਪ੍ਰਾਇਮਰੀ ਸਕੂਲਾਂ 'ਚ ਵੀ ਹੈੱਡ-ਮਾਸਟਰ ਦੀ ਅਸਾਮੀ ਬਰਕਰਾਰ ਰੱਖੀ ਜਾਵੇ, ਸੈਕੰਡਰੀ ਪੱਧਰ ਤੱਕ ਅਧਿਆਪਕ-ਵਿਦਿਆਰਥੀ ਅਨੁਪਾਤ 30:1 ਕਰਨ, ਪ੍ਰਾਇਮਰੀ ਆਧਿਆਪਕ ਵਿਦਿਆਰਥੀਆਂ ਅਨੁਪਾਤ 20:1 ਕਰਨ ਜਦੋਂ ਤੱਕ ਉਮੀਦਵਾਰਾਂ ਦੀ ਨਿਯੁਕਤੀ ਨਹੀਂ ਹੁੰਦੀ, ਚੋਣਾਂ ਸਮੇਂ ਕੀਤੇ ਵਾਅਦੇ ਮੁਤਾਬਿਕ 2500 ਰੁਪਏ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਇਹਨਾਂ ਮੰਗਾਂ ਦਾ ਹੱਲ ਹੋਣ ਉਪਰੰਤ ਹੀ ਸਿੱਖਿਆ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਲਾਇਆ ਪੱਕਾ-ਮੋਰਚਾ ਚੁੱਕਿਆ ਜਾਵੇਗਾ। ਮੀਟਿੰਗ ਦੌਰਾਨ ਬੇਰੁਜ਼ਗਾਰ ਅਧਿਆਪਕ ਆਗੂਆਂ ਸੰਦੀਪ ਸਾਮਾ, ਰਣਦੀਪ ਸੰਗਤਪੁਰਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਦਾਤਾ ਸਿੰਘ, ਮੇਘਰਾਜ, ਅਧਿਆਪਕ ਸੰਘਰਸ਼ ਕਮੇਟੀ ਦੇ ਦੇਵੀ ਦਿਆਲ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਬੱਗਾ ਸਿੰਘ, ਮਾਡਲ ਸਕੂਲ ਕਰਮਚਾਰੀ ਐਸ਼ੋਸੀਏਸ਼ਨ ਦੇ ਅੰਮ੍ਰਿਤ ਪਾਲ ਸਿੱਧੂ, ਐਸ ਐਸ ਏ ਰਮਸਾ ਅਧਿਆਪਕ ਯੂਨੀਅਨ ਦੇ ਹਰਦੀਪ ਟੋਡਰਪੁਰ, ਭਾਰਤੀ ਕਿਸਾਨ ਯੂਨੀਅਨ-ਉਗਰਾਹਾਂ ਦੇ ਜਰਨੈਲ ਸਿੰਘ, ਭਾਰਤੀ ਕਿਸਾਨ ਯੂਨੀਅਨ-ਡਕੌਂਦਾ ਦੇ ਗੁਰਦੇਵ ਸਿੰਘ ਝਨੇੜੀ, ਮਜ਼ਦੂਰ ਮੁਕਤੀ ਮੋਰਚਾ ਦੇ ਘੁਮੰਡ ਸਿੰਘ ਉਗਰਾਹਾਂ, ਪੰਜਾਬ ਸਟੂਡੈਂਟਸ ਵੈਲਫੇਅਰ ਐਸ਼ੋਸੀਏਸ਼ਨ ਦੇ ਕੁਲਵਿੰਦਰ ਨਦਾਮਪੁਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਸਿੰਘ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੇ ਗੁਰਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

Surrey protest against India's controversial Citizenship Amendment Act

Parminder Swaich

DOZENS of people came together on Sunday to denounce the controversial Citizenship Amendment Act (CAA) passed by the Bhartiya Janata Party (BJP) government in India at a rally organized in Surrey.

According to the protestors, the CAA is a divisive law that welcomes only non-Muslim refugees from the Muslim-dominated countries neighbouring India. Aimed at polarizing the Hindu majority against Muslims by excluding Muslim refugees from these countries, CAA has sparked angry protests all over India, especially from those who feel that it violates the Indian constitution, which is based on the principle of secularism that does not discriminate against anyone on the basis of religion.

More than 20 people have died during violent demonstrations while many opponents have been arrested. The Surrey rally organized by Indians Abroad for Pluralist India (IAPI) began with a moment of silence for those who died during protests.

The participants raised slogans against the CAA and the BJP government. They held signs in support of secularism and diversity.

Among the speakers was anti-racism activist and educator Annie Ohana, who has consistently been raising her voice against human rights violations anywhere in the world. She had also spoken at an anti-CAA rally held outside the Indian Consulate General in Vancouver on Friday.

Others who spoke at the Surrey rally included Sikh activists Gian Singh Gill and Kulwinder Singh, besides Muslim activists Itrath Syed, Furuqan Gehllen and Dawood Ismail, and Hindu interfaith chaplain Arun Chatterjee. Niovi Patsicakis from Global Peace Alliance and leftist activists Prabhjot Kaur Hundal, Joseph Theriault and Rawait Singh also addressed the gathering.

ਮੈਟਰੋ ਇਮੀਗ੍ਰੇਸ਼ਨ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com

STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

Call Sukhi for FREE Estimate
7 Days A Week
100% Satisfaction Guarantee
416.230.4000 • 647.409.1092
www.starlinepainting.com

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਕਾਰਜਕਾਰਨੀ ਵੱਲੋਂ ਲੇਖਿਕਾ ਬਰਜਿੰਦਰ ਗੁਲਾਟੀ ਦੇ ਅਚਾਨਕ ਅਕਾਲ-ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਬਰੈਂਪਟਨ, (ਡਾ. ਝੰਡ) -ਸਾਹਿਤਕ-ਹਲਕਿਆਂ ਵਿਚ ਇਹ ਖ਼ਬਰ ਬੜੇ ਦੁੱਖ ਤੇ ਅਫ਼ਸੋਸ ਨਾਲ ਪੜ੍ਹੀ-ਸੁਣੀ ਜਾਏਗੀ ਕਿ ਬਰੈਂਪਟਬ ਦੀ ਬਹੁਤ ਹੀ ਪਿਆਰੀ ਸ਼ਖ਼ਸੀਅਤ ਅਤੇ ਬਹੁ-ਪੱਖੀ ਲੇਖਿਕਾ ਬਰਜਿੰਦਰ ਗੁਲਾਟੀ ਬੀਤੇ ਬੁੱਧਵਾਰ 11 ਦਸੰਬਰ ਨੂੰ ਸ਼ਾਮੀ ਪੌਣੇ ਸੱਤ ਵਜੇ ਦੇ ਕਰੀਬ ਰੈਕਸਡੇਅਲ ਏਰੀਏ ਵਿਚ ਹੋਏ ਭਿਆਨਕ ਕਾਰ-ਹਾਦਸੇ ਵਿਚ ਸਦੀਵੀ-ਵਿਛੋੜਾ ਦੇ ਗਏ ਹਨ। ਇਸ ਦੁਖਦਾਈ ਦੁਰਘਟਨਾ ਵਿਚ ਉਨ੍ਹਾਂ ਦੇ ਪਤੀ ਮਨਮੋਹਨ ਗੁਲਾਟੀ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਹਨ ਅਤੇ ਹਸਪਤਾਲ ਵਿਚ ਜ਼ੇਰੇ-ਇਲਾਜ ਹਨ।

ਇਸ ਅਤੀ-ਦੁਖਦਾਈ ਘਟਨਾ ਨੂੰ ਮੁੱਖ ਰੱਖਦਿਆਂ ਹੋਇਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 15 ਦਸੰਬਰ ਨੂੰ 2250 ਬੋਵੇਰਡ ਵਿਖੇ ਹੋਣ ਵਾਲੀ ਮਹੀਨਾਵਾਰ-ਇਕੱਤਰਤਾ ਕੈਂਸਲ ਕਰ ਦਿੱਤੀ ਗਈ ਸੀ ਅਤੇ ਸਭਾ ਦੀ ਕਾਰਜਕਾਰਨੀ ਦੇ ਮੈਂਬਰਾਂ ਨੇ ਸ਼ੇਰਗਿੱਲ ਲਾਅ ਆਫ਼ਿਸ ਵਿਖੇ ਹੰਗਾਮੀ ਮੀਟਿੰਗ ਕਰਕੇ ਬਰਜਿੰਦਰ ਗੁਲਾਟੀ ਦੀ ਵਿੱਛੜੀ ਰੂਹ ਦੀ ਸ਼ਾਂਤੀ ਲਈ ਉਸ ਮਾਲਕ ਪ੍ਰਮਾਤਮਾ ਅੱਗੇ ਲਈ ਅਰਦਾਸ ਬੇਨਤੀ ਕੀਤੀ ਅਤੇ ਮਨਮੋਹਨ ਗੁਲਾਟੀ ਜੀ ਦੀ ਸਿਹਤਯਾਬੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਮੀਟਿੰਗ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਕੋਆਰਡੀਨੇਟਰ ਪਰਮਜੀਤ ਸਿੰਘ ਢਿੱਲੋਂ, ਮੀਡੀਆ-ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਸਿੰਘ ਮੰਡ, ਡਾ. ਜਗਮੋਹਨ ਸਿੰਘ ਸੰਘਾ, ਪ੍ਰੋ. ਰਾਮ ਸਿੰਘ, ਇਕਬਾਲ ਬਰਾੜ, ਕੁਲਜੀਤ ਮਾਨ, ਮਕਸੂਦ ਚੌਧਰੀ, ਪਰਮਜੀਤ ਸਿੰਘ ਗਿੱਲ, ਹਰਜਸਪ੍ਰੀਤ ਗਿੱਲ ਅਤੇ ਪਰਮਜੀਤ ਦਿਓਲ ਸ਼ਾਮਲ ਸਨ।

ਮੀਟਿੰਗ ਵਿਚ ਵੱਖ-ਵੱਖ ਬੁਲਾਰਿਆਂ ਵੱਲੋਂ ਬਰਜਿੰਦਰ ਗੁਲਾਟੀ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਵੱਲੋਂ ਕਵਿਤਾਵਾਂ ਅਤੇ ਕਹਾਣੀਆਂ ਦੇ ਰੂਪ ਵਿਚ ਸਾਹਿਤਕ-ਖ਼ੇਤਰ ਵਿਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਦੇ ਨਿੱਘੇ ਤੇ ਮਿਲਾਪੜੇ ਸੁਭਾਅ ਅਤੇ ਬਰੈਂਪਟਨ ਦੀ ਸੱਭ ਤੋਂ ਪੁਰਾਣੀ ਸਾਹਿਤ ਸਭਾ ਕਲਮਾਂ ਦੇ ਕਾਫ਼ਲੇ ਵਿਚ ਉਨ੍ਹਾਂ ਵੱਲੋਂ ਕੋਆਰਡੀਨੇਟਰ ਵਜੋਂ ਪਾਏ ਗਏ ਯੋਗਦਾਨ ਬਾਰੇ ਵਿਸ਼ੇਸ਼ ਚਰਚਾ ਹੋਈ। ਇਸ ਦੇ ਨਾਲ਼ ਹੀ ਬਰਜਿੰਦਰ ਗੁਲਾਟੀ ਅਤੇ ਮਨਮੋਹਨ ਗੁਲਾਟੀ ਜੋੜੀ ਵੱਲੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ,ਕਹਾਣੀ-ਮੰਚ ਅਤੇ ਹੋਰ ਸਾਹਿਤਕ ਤੇ ਸਮਾਜਿਕ ਇਕੱਤਰਤਾਵਾਂ ਵਿਚ ਸ਼ਿਰਕਤ ਕਰਨ ਬਾਰੇ ਵੀ ਬੁਲਾਰਿਆਂ ਵੱਲੋਂ ਆਪਣੇ ਭਾਵਨਾਤਮਿਕ ਵਿਚਾਰ ਪੇਸ਼ ਕੀਤੇ ਗਏ।

ਬਰੈਂਪਟਨ ਦੇ ਦੋ ਐਮ ਪੀ ਪੀ ਅਮਰਜੋਤ ਸੰਧੂ ਅਤੇ ਸਾਰਾ ਸਿੰਘ ਨੂੰ ਮਿਲੇ

affordable housing and harassment by the basement bi laws enforcement

ਬਰੈਂਪਟਨ/ਕੁਲਦੀਪ ਬੋਪਾਰਾਏ

ਬਰੈਂਪਟਨ ਦੇ ਐਮ.ਪੀਜ਼ ਅਮਰਜੋਤ ਸੰਧੂ ਅਤੇ ਸਾਰਾ ਸਿੰਘ ਨੂੰ ਮਿਲ ਕੇ ਬੇਸਮਿਟਾਂ ਦੀਆਂ ਛੋਟੀਆਂ-ਛੋਟੀਆਂ ਖਾਮੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੂੰ ਦੱਸਿਆ ਕਿ ਪੰਦਰਾਂ-ਵੀਹ ਸਾਲ ਪਹਿਲਾ ਬਣੀਆ ਬੇਸਮਿੰਟਾ ਚ ਛੋਟੀਆਂ 2 ਖ਼ਾਮੀਆਂ ਜ਼ਿਹਨਾਂ ਨੂੰ ਰਿਪੇਅਰ ਕੀਤਾ ਜਾ ਸਕਦਾ ਹੈ ਜਾ ਉਹਨਾ ਨੁਕਸਾਂ ਦੀ ਕੋਈ ਖਾਸ਼ ਅਹਿਮੀਅਤ ਵੀ ਨਹੀ ਹੁੰਦੀ ਨੂੰ ਲੈ ਕੇ ਧੜਾ ਧੜ ਚਾਰਜ ਲਾ ਕੇ ਵੱਡੇ-ਵੱਡੇ ਜੁਰਮਾਨੇ ਭਰਨ ਲ਼ਈ ਮਜਬੂਰ ਕੀਤਾ ਜਾ ਰਿਹਾ ਹੈ। ਇੰਸਪੈਕਟਰ ਘਰਾਂ 'ਚ ਇਉਂ ਆ ਵੜਦੇ ਹਨ ਜਿਵੇਂ ਉੱਥੇ ਕੋਈ ਕਰਾਈਮ ਚਲ ਰਿਹਾ ਹੋਵੇ। ਇੰਸਪੈਕਟਰਾਂ ਦੀ ਪਤਾ ਨਹੀਂ ਕਿਹੜੇ ਘਰ 'ਚ ਕਦੋਂ ਦਾਖਲ ਹੋਣ ਦੀ ਦਹਿਸ਼ਤ ਥੱਲੇ ਜਾਉਣਾ ਪੈ ਰਿਹਾ ਹੈ। ਇੰਸਪੈਕਟਰਾ ਦੀ ਭਾਸ਼ਾ ਦਾ ਪੱਧਰ ਹੱਦ ਦਰਜੇ ਥੱਲੇ ਵਾਲਾ ਹੈ। ਅਸੀਂ ਸਿਟੀ ਕੌਂਸਲਰਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਇਉ ਗੱਲ ਕਰਦੇ ਹਨ ਜਿਵੇਂ ਸ਼ਾਇਦ ਉੱਥੇ ਅਸੀ ਚਿੱਟਾ ਵੇਚ ਰਹੇ ਹੋਈਏ। ਅਸੀਂ ਇਹ ਰੋਸ ਲੈ ਕੇ ਬਰੈਂਪਟਨ ਦੇ ਸਾਰੇ ਐਮਪੀਪ੍ਰੀ ਨੂੰ ਮਿਲ ਰਹੇ ਹਾਂ। ਪਲਾਜੇ ਦੀ ਉਤਲੀ ਮੰਜ਼ਲ ਦੇ ਦੋ ਕਮਰਿਆਂ ਨੂੰ ਕਾਲਜ ਰਜਿਸਟਰ ਕਰ ਕੇ ਸੈਂਕੜੇ ਵਿਦੇਸ਼ੀ ਸਟੂਡੈਂਟਸ ਨੂੰ ਵੀਜ਼ੇ ਦੇ ਕੇ ਲੱਖਾਂ ਡਾਲਰ ਬਣਾਉਣ ਵਾਲਿਆ ਨੂੰ ਕਿਉਂ ਨਹੀਂ ਕਿਹਾ ਗਿਆ ਕਿ ਪਹਿਲੋਂ ਉਹਨਾਂ ਦੇ ਰਹਿਣ ਦੇ ਪ੍ਰਬੰਧ ਕਰਨ ? ਅਸੀਂ ਇਹ ਵੀ ਕਿਹਾ ਕਿ ਰਿੰਟਲ ਹਾਉਸਿੰਗ ਦੀ ਸਮੱਸਿਆਵਾ ਲ਼ਈ ਤੁਸੀਂ ਸਾਰੇ ਜ਼ੁੰਮੇਵਾਰ ਹੋ ਜਿਸ ਦੀ ਸਜ਼ਾ ਸਾਨੂੰ ਮਿਲ ਰਹੀ ਹੈ। ਦੋਹਾਂ ਲੀਡਰਾਂ ਨੇ ਕਿਹਾ ਕਿ ਤੁਹਾਡਾ ਸੁਨੇਹਾ ਅਸੀਂ ਹੁਣੇ ਹੀ ਸਿਟੀ ਨੂੰ ਪਹੁੰਚਾ ਦੇਣਾ ਹੈ। ਤੁਸੀ ਫੇਰ ਇੱਕ ਵੇਰਾ ਸਿਟੀ ਨੂੰ ਸਾਡਾ ਰੈਫਰੈਸ ਦੇ ਕੇ ਗੱਲ ਲ਼ਈ ਕਹੋ। ਅਗਰ ਫਿਰ ਵੀ ਉਹ ਗੱਲ ਨਹੀਂ ਕਰਦੇ ਜਾ ਤੁਹਾਡੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਫੇਰ town Hal ਮੀਟਿੰਗ ਕਰਕੇ ਸਿਰਫ ਏਸੇ ਮਸਲੇ ਤੇ ਸਾਰੀਆਂ ਧਿਰਾਂ ਨੂੰ ਆਹਮਣੇ ਸਾਹਮਣੇ ਕਰ ਕੇ ਤੁਹਾਡੇ ਸਵਾਲਾਂ ਨੂੰ ਸੰਬੋਧਤ ਹੋਵਾਂਗੇ। ਉਹਨਾਂ ਕਿਹਾ ਕਿ ਐਮਪੀ ਧਿਰ ਨੂੰ ਵੀ ਸੱਦੋ ਕਿਉਂਕਿ ਉਹ ਵੀ ਆਪਣੀ ਜ਼ੁੰਮੇਵਾਰੀ ਤੋਂ ਪਾਸੇ ਨਹੀਂ ਨਿਕਲਣੇ ਚਾਹੀਦੇ। ਦੋਹਾਂ ਲੀਡਰਾਂ ਨੇ ਕਿਹਾ ਕਿ ਅਜਿਹੀ ਮੀਟਿੰਗ 'ਚ ਕੋਈ ਵੀ ਸਪੀਚ ਨਹੀਂ ਹੋਣੀ ਚਾਹੀਦੀ ਅਤੇ ਸਵਾਲ ਵੀ ਸਿਰਫ ਤੁਹਾਡੀ ਕਮੇਟੀ ਵੱਲੋਂ ਹੀ ਹੋਣੇ ਚਾਹੀਦੇ ਹਨ ਨਹੀਂ ਤਾਂ ਮਸਲਾ ਫੇਰ ਬੇਲੋੜੀਆਂ ਗੱਲਾਂ 'ਚ ਉਲਝ ਕੇ ਰਹਿ ਜਾਣਾ ਹੈ। ਸੋ ਦੋਸਤੋ ਹੁਣ ਦੇਖਦੇ ਹਾ ਸਿਟੀ ਵਾਲਿਆ ਨੂੰ ਕਿਵੇਂ ਸੰਬੋਧਤ ਹੋਈਏ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪਹਿਲਾ ਇੰਸਪੈਕਟਰਾਂ ਦੀ ਦਹਿਸ਼ਤ ਨੂੰ ਘੱਟੋ ਘੱਟ ਇਕ ਮਹੀਨੇ ਲ਼ਈ ਰੋਕਣ ਲ਼ਈ ਕਹੀਏ ਅਤੇ ਇਸੇ ਸਮੇਂ ਦੌਰਾਨ ਟਾਉਨ ਹਾਲ ਮੀਟਿੰਗ 'ਚ ਗੱਲ ਕੀਤੀ ਜਾਵੇ ਅਤੇ ਅਗਰ ਸਿਟੀ ਵਾਲੇ ਨਾ ਮੰਨਣ ਤਾਂ ਇਹਨਾਂ ਨੂੰ ਸੌਖਿਆਂ ਮਨਾਉਣ ਲਈ ਕਈ ਹੋਰ ਵੀ ਤਰੀਕੇ ਹਮੰਦੇ ਹਨ ਜਿਸ 'ਚ ਅਸੀਂ ਮਾਹਿਰ ਵੀ ਹਾਂ ਨੂੰ ਵਿਚਾਰੀਏ। ਇਸ ਸੁਨੇਹੇ ਨੂੰ ਅੱਗੇ ਕਰੋ ਜੀ।

ਵਿਵਾਦਗ੍ਰਸਤ ਭਾਰਤੀ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ਼ ਸਰ੍ਹੀ ਵਿੱਚ ਰੈਲੀ

ਸਰੀ/ਪਰਮਿੰਦਰ ਸਵੈਚ

ਦਰਜਨਾਂ ਲੋਕਾਂ ਨੇ ਇੰਡੀਅਨ ਅਵਰੋਂਡ ਫਾਰ ਪਲੂਰਿਸਟ ਇੰਡੀਆ (IAPI)

ਦੇ ਸੱਦੇ ਤੇ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ 22 ਦਸੰਬਰ ਨੂੰ 3 ਵਜੇ ਇੱਕ ਰੋਸ ਰੈਲੀ ਕੀਤੀ ਗਈ। ਰੈਡੀਕਲ ਦੇਸੀ ਅਤੇ ਇਸ ਸੰਸਥਾ ਦੇ ਆਗੂ ਮੈਂਬਰ ਗੁਰਪ੍ਰੀਤ ਸਿੰਘ ਨੇ ਐਨ ਆਰ ਸੀ ਤੇ ਸੀ ਏ ਏ ਬਾਰੇ ਅਤੇ ਇਸ ਸਾਰੇ ਘਟਨਾ ਕ੍ਰਮ ਜੋ ਭਾਰਤ ਵਿੱਚ ਕੁੱਝ ਦਿਨਾਂ ਤੋਂ ਹੋ ਰਿਹਾ ਹੈ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਨੇ ਜੋ ਇਹ ਬਿੱਲ ਲਿਆਂਦੇ ਹਨ ਉਹ ਸਿਰਫ਼ ਤੇ ਸਿਰਫ਼ ਮੁਸਲਿਮ ਲੋਕਾਂ ਤੇ ਹਮਲੇ ਦੀ ਤਾਕ ਵਿੱਚ ਹਨ, ਜਿਸ ਕਰਕੇ ਲੋਕਾਂ ਵਿੱਚ ਗੁੱਸਾ ਦਿਖਾਈ ਦੇ ਰਿਹਾ ਹੈ। ਲੋਕਾਂ ਦੇ ਰੋਹ ਨੂੰ ਦਬਾਉਣ ਲਈ ਪੁਲੀਸ ਵਲੋਂ ਹਮਲਿਆਂ ਦੇ ਦੌਰਾਨ 20 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ ਧੜਾ ਧੜ ਲੋਕ ਗ੍ਰਿਫਤਾਰ ਕੀਤੇ ਜਾ ਰਹੇ ਹਨ। ਯੂਨੀਵਰਸਿਟੀਆਂ ਦੇ ਵਿਦਿਆਰਥੀ ਜੋ ਆਪਣੇ ਹੱਕਾਂ ਬਾਰੇ ਸੁਚੇਤ ਹਨ, ਉਨ੍ਹਾਂ ਤੇ ਹਮਲੇ ਕੀਤੇ ਜਾ ਰਹੇ ਹਨ। ਬੁਲਾਰਿਆਂ ਵਿੱਚੋਂ ਅਧਿਆਪਕਾ ਐਨੀ ਓਹਾਨਾ ਜੋ ਹਮੇਸ਼ਾਂ ਹੀ ਮਨੁੱਖਤਾ ਦੇ ਹੱਕਾਂ ਦੀ ਗੱਲ ਕਰਦੀ ਹੈ, ਉਸਨੇ ਲੋਕ ਵਿਰੋਧੀ ਨਾਗਰਿਕਤਾ ਸੋਧ ਬਿੱਲ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਉਹ ਇੰਡੀਅਨ ਕੌਂਸਲੇਟ ਜਨਰਲ ਵੈਨਕੂਵਰ ਦੇ ਦਫ਼ਤਰ ਅੱਗੇ ਸ਼ੁਕਰਵਾਰ ਨੂੰ ਹੋਣ ਵਾਲੀ ਰੈਲੀ ਵਿੱਚ ਵੀ ਸ਼ਾਮਲ ਹੋਈ ਸੀ। ਸਿੱਖ ਜਥੇਬੰਦੀਆਂ ਦੇ ਆਗੂ ਗਿਆਨ ਸਿੰਘ ਗਿੱਲ ਅਤੇ ਕੁਲਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਧਰਮ ਦੇ ਨਾਂ ਤੇ 1947, 1984 ਤੇ 2002 ਦੇ ਕਤਲੇਆਮਾਂ ਦੇ ਘਾਟੇ ਦੀ ਪੂਰਤੀ ਅਸੀਂ ਅੱਜ ਤੱਕ ਨਹੀਂ ਕਰ ਸਕੇ। ਜਿਨ੍ਹਾਂ ਲੋਕਾਂ ਨੇ ਇਹ ਦਰਦ ਹੰਢਾਏ ਹਨ ਉਹਨਾਂ ਦੇ ਜ਼ਖ਼ਮ ਅਜੇ ਵੀ ਅੱਲੇ ਹਨ ਪਰ ਮੌਜੂਦਾ ਸਰਕਾਰ ਇੱਕ ਹੋਰ ਧਰਮ ਦੇ ਨਾਂ ਤੇ ਕਤਲੇਆਮ ਕਰਵਾਉਣ ਜਾ ਰਹੀ ਹੈ। ਅਸੀ ਉਸਦੀ ਨਿਖੇਧੀ ਕਰਦੇ ਹਾਂ। ਇਨ੍ਹਾਂ ਤੋਂ ਇਲਾਵਾ ਮੁਸਲਿਮ ਭਾਈਚਾਰੇ ਵਿੱਚੋਂ ਮਿਸਟਰ ਸਾਈਦ, ਫਰੂਕਨ ਗਹਿਲਨ ਅਤੇ ਦਾਊਦ ਇਸਮਾਇਲ ਨੇ ਵੀ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ ਦੀ ਨਿੰਦਾ ਕੀਤੀ। ਹਿੰਦੂ ਕਮਿਊਨਿਟੀ ਦੇ ਅਰੁਣ ਚੈਟਰਜੀ ਨੇ ਵੀ ਸਰਕਾਰ ਦੀਆਂ ਮਨੁੱਖਤਾ ਵਿਰੋਧੀ ਗਲਤ ਨੀਤੀਆਂ ਦੀ ਪੁਰਜ਼ੋਰ ਨਿੰਦਾ ਕੀਤੀ ਅਤੇ ਹਿੰਦੂ ਭਾਈਚਾਰੇ ਨੂੰ ਘੱਟ ਗਿਣਤੀਆਂ ਦਾ ਸਾਥ ਦੇਣ ਲਈ ਅਪੀਲ ਵੀ ਕੀਤੀ। ਗਲੋਬਲ ਪੀਸ ਅਲਾਇੰਸ ਦੇ ਨੋਵੀ ਪੈਟਰੀਸਸ ਅਤੇ ਖੱਬੇ ਪੱਖੀ ਸੋਚ ਦੀ ਕਾਰਕੁੰਨ ਪ੍ਰਭਜੋਤ ਕੌਰ ਹੁੰਦਲ ਨੇ ਵੀ ਇਸ ਖ਼ਤਰਨਾਕ ਵਰਤਾਰੇ ਬਾਰੇ ਕਈ ਸਵਾਲ ਖੜ੍ਹੇ ਕੀਤੇ। ਜੋਸਫ ਥੈਰਾਲਟ ਅਤੇ ਰਵਾਇਤ ਸਿੰਘ ਨੇ ਵੀ ਲੋਕਾਂ ਨੂੰ ਇੱਕਮੁੱਠ ਹੋਣ ਲਈ ਕਿਹਾ। ਇਸ ਰੈਲੀ ਵਿੱਚ ਕੈਨੇਡਾ ਦੀ ਲਿਬਰਲ ਸਰਕਾਰ ਤੋਂ ਵੀ ਮੰਗ ਕੀਤੀ ਗਈ ਕਿ ਉਸਨੂੰ ਵੀ ਲੋਕਾਂ ਦੇ ਹੱਕ ਵਿੱਚ ਆਪਣੀ ਰਾਇ ਦੇਣੀ ਚਾਹੀਦੀ ਹੈ ਕਿਉਂਕਿ ਕੈਨੇਡਾ ਵੀ ਮਨੁੱਖੀ ਹੱਕਾਂ ਦੇ ਝੰਡਾ ਬਰਦਾਰ ਕਹਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਸ ਸਮੇਂ ਸ਼ਾਮਲ ਸਾਰੇ ਲੋਕਾਂ ਦੇ ਹੱਥਾਂ ਵਿੱਚ ਨਾਗਰਿਕਤਾ ਸੋਧ ਬਿੱਲ ਦੇ ਵਿਰੋਧ ਵਿੱਚ ਅਤੇ ਧਰਮ ਨਿਰਪੱਖਤਾ ਤੇ ਸਾਂਝੀਵਾਲਤਾ ਦੇ ਹੱਕ ਵਿੱਚ ਬਣੇ ਬੈਨਰ ਫੜ੍ਹੇ ਹੋਏ ਸਨ। ਅੰਤ ਵਿੱਚ ਆਈ ਏ ਪੀ ਆਈ ਵਲੋਂ ਆਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਗਿਆ।

ਬੇਸਮੈਂਟਾਂ ਦੇ ਭੱਖਦੇ ਮਸਲੇ 'ਤੇ ਸਿਟੀ ਹਾਲ ਦੇ ਅਧਿਕਾਰੀਆਂ ਨਾਲ ਬਰੈਂਪਟਨ ਦੇ ਸ਼ਹਿਰੀਆਂ ਦੀ ਹੋਈ ਪ੍ਰਭਾਵਸ਼ਾਲੀ ਮੀਟਿੰਗ

ਬਰੈਂਪਟਨ, (ਡਾ. ਝੰਡ) -ਕੁਲਦੀਪ ਬੋਪਾਰਾਏ ਤੋਂ ਪ੍ਰਾਪਤ ਸੂਚਨਾ ਅਨੁਸਾਰ ਲੰਘੇ ਸ਼ੁੱਕਰਵਾਰ 13 ਦਸੰਬਰ ਨੂੰ ਬਰੈਂਪਟਨ ਦੀਆਂ ਕੁਝ ਅਗਾਂਹ-ਵਧੂ ਸ਼ਖ਼ਸੀਅਤਾਂ ਦੀ ਸਿਟੀ-ਹਾਲ ਦੇ ਅਧਿਕਾਰੀਆਂ ਨਾਲ ਇਕ ਪ੍ਰਭਾਵਸ਼ਾਲੀ ਮੀਟਿੰਗ ਹੋਈ ਜਿਸ ਵਿਚ ਇਸ ਸਮੇਂ ਬਰੈਂਪਟਨ ਵਿਚ ਚੱਲ ਰਹੇ ਬੇਸਮੈਂਟਾਂ ਦੇ ਭੱਖਦੇ ਮਸਲੇ ਬਾਰੇ ਵਿਸਤ੍ਰਿਤ ਗੱਲਬਾਤ ਹੋਈ। ਮੀਟਿੰਗ ਵਿਚ ਸਿਟੀ ਵੱਲੋਂ ਮੇਅਰ ਪੈਟ੍ਰਿਕ ਬਰਾਊਨ ਦੇ ਸਟਾਫ਼ ਮੈਂਬਰ ਕੁਲਦੀਪ ਗੋਲੀ, ਸਿਟੀ ਕਾਊਂਸਲਰ ਹਰਕੀਰਤ ਸਿੰਘ ਤੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਦੇ ਸੈਕਟਰੀ ਜੋਬਨ ਚੱਠਾ ਅਤੇ ਬਿਲਡਿੰਗ ਕੋਡ ਡਾਇਰੈੱਕਟਰ ਮਿਸਿਜ਼ ਅਲੈੱਜ਼ਬਿਥ ਤੋਂ ਇਲਾਵਾ ਦੋ ਹੋਰ ਸਟਾਫ਼ ਮੈਂਬਰ ਅਤੇ ਦੂਸਰੇ ਪਾਸਿਉਂ ਕੁਲਦੀਪ ਬੋਪਾਰਾਏ, ਮੀਡੀਆ ਨਾਲ ਜੁੜੇ ਚਰਨਜੀਤ ਬਰਾੜ (ਰੇਡੀਓ-ਹੋਸਟ) ਤੇ ਦਵਿੰਦਰ ਤੂਰ, ਹਰਬੰਸ ਸਿੰਘ 'ਸਰੋਕਾਰਾਂ ਦੀ ਆਵਾਜ਼', ਹਰਿੰਦਰ ਹੁੰਦਲ, ਗੁਰਦੀਪ ਜੌਹਲ, ਪਰਮਿੰਦਰ ਗ਼ਦਰੀ, ਆਦਿ ਸ਼ਾਮਲ ਸਨ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਕੁਲਦੀਪ ਬੋਪਾਰਾਏ ਨੇ ਦੱਸਿਆ ਕਿ ਪ੍ਰੋਵਿੰਸ਼ੀਅਲ ਅਫ਼ੋਰਡੇਬਲ ਹਾਊਸਿੰਗ ਬਿੱਲ 140 ਦੀ ਗ਼ਲਤ ਵਰਤੋਂ ਕਰਦਿਆਂ ਹੋਇਆਂ ਸਿਟੀ ਨੇ ਇਸ ਸਮੇ ਦੇ ਮਕਾਨ-ਮਾਲਕਾਂ ਦਾ ਜਿਊਣਾ ਹਰਾਮ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿਟੀ ਦੇ ਬਿਲਡਿੰਗ-ਇੰਸਪੈਕਟਰ ਬਿਨਾਂ ਕਿਸੇ ਅਗਾਊਂ-ਸੂਚਨਾ ਦੇ ਜਦੋਂ ਮਰਜ਼ੀ ਘਰਾਂ ਵਿਚ ਆ ਧਮਕਦੇ ਹਨ ਅਤੇ ਮਕਾਨ-ਮਾਲਕਾਂ ਕੋਲੋਂ ਬੇਸਮੈਂਟਾਂ ਸਬੰਧੀ ਸਖ਼ਤ ਲਹਿਜ਼ੇ ਵਿਚ ਪੁੱਛ-ਗਿੱਛ ਕਰਦੇ ਹਨ ਜਿਵੇਂ ਉਹ ਬੜੇ ਵੱਡੇ ਗੁਨਾਹਗਾਰ ਹੋਣ। ਉਨ੍ਹਾਂ ਬਰੈਂਪਟਨ ਸਿਟੀ ਦੇ ਵਿਰੁੱਧ ਬਰੈਂਪਟਨ ਦੇ ਸਾਰੇ ਐੱਮ. ਪੀਜ਼. ਕੋਲ ਉਨ੍ਹਾਂ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਇਕ ਵਾਰ ਫਿਰ ਸਿਟੀ-ਅਧਿਕਾਰੀਆਂ ਨਾਲ ਗੱਲਬਾਤ ਕਰਨ ਬਾਰੇ ਸੰਖੇਪ ਵਿਚ ਦੱਸਿਆ। ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਚਰਨਜੀਤ ਬਰਾੜ ਨੇ ਇਸ ਗੰਭੀਰ ਮੁੱਦੇ ਨੂੰ ਅਧਿਕਾਰੀਆਂ ਦੇ ਸਨਮੁੱਖ ਪੇਸ਼ ਕਰਦਿਆਂ ਸਿਟੀ ਨੂੰ ਇਸ ਦੇ ਲਈ ਜੁਆਬ-ਦੇਹ ਹੋਣ ਲਈ ਕਿਹਾ।

ਕਾਫ਼ੀ ਤਕਰਾਰ ਭਰੀ ਇਸ ਗਰਮਾ-ਗਰਮ ਬਹਿਸ ਵਿਚ ਹਿੱਸਾ ਲੈਂਦਿਆਂ ਵਫ਼ਦ ਦੇ ਹੋਰ ਮੈਂਬਰਾਂ ਨੇ ਸਿਟੀ ਦੇ ਅਫ਼ਸਰਾਂ ਵੱਲੋਂ ਇਸ ਮਸਲੇ 'ਤੇ ਬਰੈਂਪਟਨ-ਵਾਸੀਆਂ ਨਾਲ ਕੀਤੀ ਜਾ ਰਹੀ ਬੇਲੋੜੀ 'ਹੈਰਾਸਮੈਂਟ' (Harassment) ਅਤੇ ਬਦ-ਸਲੂਕੀ ਬਾਰੇ ਵਿਸਥਾਰ ਵਿਚ ਦੱਸਿਆ ਜਿਸ 'ਤੇ ਡਾਇਰੈਕਟਰ ਨੇ ਆਪਣੇ ਵੱਲੋਂ ਕਈ ਸਫ਼ਾਈਆਂ ਦਿੱਤੀਆਂ ਅਤੇ ਆਪਣੀਆਂ ਮਜਬੂਰੀਆਂ ਵੀ ਦੱਸੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਦੌਰਾਨ ਕੀਤੀਆਂ ਜਾ ਰਹੀਆਂ ਕਈ ਤਬਦੀਲੀਆਂ ਦੇ ਨਾਲ ਸ਼ਹਿਰ ਦੇ 'ਬਾਈ-ਲਾਅਜ਼' (Bye-Laws) ਉੱਪਰ ਚੱਲਣ ਬਾਰੇ ਵੀ ਕਿਹਾ। ਇਸ ਦੌਰਾਨ ਵਫ਼ਦ ਦੇ ਮੈਂਬਰ ਹਰਿੰਦਰ ਹੁੰਦਲ ਨੇ ਕਿਹਾ ਕਿ ਜੇਕਰ ਬਰੈਂਪਟਨ-ਵਾਸੀਆਂ ਦੀਆਂ ਸਮੱਸਿਅਵਾਂ ਨੂੰ ਸਿਟੀ ਵੱਲੋਂ ਇੰਜ ਹੀ ਦਰ-ਗੁਜ਼ਰ ਕਰਨਾ ਜਾਰੀ ਰੱਖਿਆ ਗਿਆ ਤਾਂ ਉਨ੍ਹਾਂ ਨੇ ਇਸ ਦੇ ਵਿਰੁੱਧ ਮੁਜ਼ਾਹਰਾ ਕਰਨ ਦੀ ਵੀ ਤਿਆਰੀ ਕੀਤੀ ਹੋਈ ਹੈ।

ਇਸ ਉੱਪਰ ਹੱਸਦੇ ਹੋਏ ਸਿਟੀ ਕਾਊਂਸਲਰ ਹਰਕੀਰਤ ਸਿੰਘ ਨੇ ਕਿਹਾ ਕਿ ਆਪਾਂ ਸਾਰੇ ਮਿਲ ਕੇ ਇਸ ਮਸਲੇ ਦਾ ਕੋਈ ਹੱਲ ਲੱਭੀਏ ਅਤੇ ਕੋਸ਼ਿਸ਼ ਕਰੀਏ ਕਿ ਨੌਬਤ ਨਾ ਆਏ। ਉਨ੍ਹਾਂ ਕਿਹਾ ਕਿ ਸਿਟੀ ਨੂੰ ਇਸ ਦੇ ਲਈ ਉਨ੍ਹਾਂ ਨੂੰ ਮਹੀਨੇ ਕੁ ਦਾ ਸਮਾਂ ਦਿੱਤਾ ਜਾਵੇ ਅਤੇ ਫਿਰ ਉਹ ਇਸ ਦੇ ਬਾਰੇ ਦੋਬਾਰਾ ਗੱਲਬਾਤ ਕਰਨਗੇ। ਵਫ਼ਦ ਵੱਲੋਂ ਇਸ ਸਮੇਂ ਇੰਸਪੈਕਟਰਾਂ ਵੱਲੋਂ ਕੀਤੀ ਜਾ ਰਹੀ ਬੇਲੋੜੀ ਪ੍ਰੇਸ਼ਾਨੀ ਬੰਦ ਕਰਨ ਲਈ ਕਿਹਾ ਗਿਆ ਅਤੇ ਸਿਟੀ ਵੱਲੋਂ ਇਸ ਉੱਪਰ ਸਹਿਮਤੀ ਪ੍ਰਗਟਾਉਂਦਿਆਂ ਹੋਇਆਂ ਮੀਟਿੰਗ ਚੰਗੇਰੀ ਆਸ ਨਾਲ ਸਮਾਪਤ ਹੋਈ। ਇਸ ਮੌਕੇ ਮੀਟਿੰਗ ਵਿਚ ਤਰਕਸ਼ੀਲ ਆਗੂ ਬਲਦੇਵ ਰਹਿਪਾ ਦੀ ਘਾਟ ਨੂੰ ਮਹਿਸੂਸ ਕੀਤਾ ਗਿਆ ਜੋ ਇਸ ਤੋਂ ਇਕ ਦਿਨ ਪਹਿਲਾਂ ਹੀ ਭਾਰਤ ਲਈ ਰਵਾਨਾ ਹੋ ਚੁੱਕੇ ਸਨ।

ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਨਾਗਰਿਕਤਾ ਸੋਧ ਬਿੱਲ ਦੇ ਸਬੰਧ ਵਿੱਚ ਮੀਟਿੰਗ

ਸਰੀ/ਪਰਮਿੰਦਰ ਸਵੈਚ

ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ 22 ਦਸੰਬਰ ਦਿਨ ਐਤਵਾਰ, 3 ਵਜੇ ਗੁਲਮਰਗ ਰੈਸਟੋਰੈਂਟ ਵਿੱਚ ਭਾਰਤ ਦੀਆਂ ਮੌਜੂਦਾ ਹਾਲਤਾਂ ਬਾਰੇ ਮੀਟਿੰਗ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਕਮੇਟੀ ਦੇ ਸਕੱਤਰ ਹਰਭਜਨ ਚੀਮਾ ਨੇ ਭਾਰਤ ਦੇ ਅੱਜ ਦੇ ਹਲਾਤ ਜਿਵੇਂ ਕਿ ਨਾਗਰਿਕਤਾ ਸੋਧ ਬਿੱਲ ਜਾਂ ਐਨ ਆਰ ਸੀ ਦੇ ਮੁੱਦੇ ਤੇ ਲੋਕਾਂ ਵਿੱਚ ਪੱਖਪਾਤ ਕਰਕੇ ਘੱਟ ਗਿਣਤੀਆਂ ਅਰਥਾਤ ਮੁਸਲਮਾਨਾਂ ਨੂੰ ਇਸ ਵਿੱਚੋਂ ਬਾਹਰ ਰੱਖਿਆ ਗਿਆ ਹੈ ਬਾਰੇ ਬਹੁਤ ਹੀ ਵਿਸਥਾਰ ਨਾਲ ਦੱਸਿਆ। ਇਸਦੀ ਸ਼ੁਰੂਆਤ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਹੈ ਕਿਉਂਕਿ ਕੱਲ ਨੂੰ ਆਉਣ ਵਾਲੇ ਭਵਿੱਖ ਸਮੇਂ ਦੇਸ਼ ਦੀ ਵਾਗਡੋਰ ਉਹਨਾਂ ਪੜ੍ਹੇ ਲਿਖੇ ਵਿਦਿਆਰਥੀਆਂ ਨੇ ਆਪਣੇ ਹੱਥਾਂ ਵਿੱਚ ਫੜ੍ਹਨੀ ਹੈ ਉਹਨਾਂ ਨੂੰ ਇੰਨਾ ਡਰਾਇਆ ਧਮਕਾਇਆ ਜਾਵੇ ਕਿ ਉਹ ਅੱਗੇ ਵਧਣ ਦੇ ਕਾਬਲ ਨਾ ਹੋ ਸਕਣ ਤੇ ਸਰਕਾਰਾਂ ਧਰਮਾਂ ਦੀ ਅੱਗ ਨੂੰ ਹਮੇਸ਼ਾਂ ਦੀ ਤਰ੍ਹਾਂ ਸੁਲਘਾ ਕੇ ਰਾਜਨੀਤੀ ਕਰਦੀਆਂ ਰਹਿਣ। ਇਸ ਬਿੱਲ ਨੂੰ ਲੈ ਕੇ ਸਾਰੇ ਭਾਰਤ ਵਿੱਚ ਥਾਂ ਥਾਂ ਤੇ ਰੋਸ ਮੁਜ਼ਾਹਰੇ ਹੋ ਰਹੇ ਹਨ ਤੇ ਤਕਰੀਬਨ 25 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ ਸੈਂਕੜਿਆਂ ਵਿੱਚ ਲੋਕਾਂ ਦੀਆਂ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ। ਲਖਬੀਰ ਖੁਣਖੁਣ ਨੇ ਐਨ ਆਰ ਸੀ ਤੇ ਸੀ ਏ ਏ ਦੋਨੋਂ ਬਿਲਾਂ ਬਾਰੇ ਬਹੁਤ ਹੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਗੱਲਬਾਤ ਵਿੱਚ ਸਕੱਤਰ ਹਰਭਜਨ ਚੀਮਾ ਤੋਂ ਇਲਾਵਾ ਪ੍ਰਧਾਨ ਇਕਬਾਲ ਪੁਰੇਵਾਲ, ਕ੍ਰਿਪਾਲ ਬੈਂਸ, ਮੱਖਣ ਦੁਸਾਂਝ, ਗੁਰਸ਼ਰਨ ਗਿੱਲ, ਸੰਤੋਖ ਢੇਸੀ, ਲਖਬੀਰ ਖੁਣਖੁਣ, ਸ਼ਮਸ਼ੇਰ ਭੱਟੀ, ਗੁਰਮੇਲ ਥਾਂਦੀ ਤੇ ਪਰਮਿੰਦਰ ਸਵੈਚ ਨੇ ਆਪਣੇ ਵਿਚਾਰ ਦਿੱਤੇ।ਸਾਰੇ ਮੈਂਬਰਾਂ ਦੀ ਗੱਲਬਾਤ ਦੇ ਦੌਰਾਨ ਇਹ ਸਿੱਟਾ ਕੱਢਿਆ ਗਿਆ ਕਿ ਇਹ ਇਸ ਲਈ ਹੋ ਰਿਹਾ ਹੈ ਕਿ ਭਾਰਤੀ ਲੋਕਾਂ ਦੀ ਆਰਥਿਕਤਾ ਦਾ ਗਰਾਫ਼ ਬਿਲਕੁੱਲ ਥੱਲੇ ਜਾ ਚੁੱਕਿਆ ਹੈ। ਸਰਕਾਰ ਲੋਕਾਂ ਦੀਆਂ ਆਮ ਜਨ ਜੀਵਨ ਦੀਆਂ ਲੋੜਾਂ ਦੀ ਪੂਰਤੀ ਨਾ ਕਰ ਸਕਣ ਤੋਂ ਨਾਕਾਮ ਹੋ ਚੁੱਕੀ ਹੈ, ਇਸ ਕਰਕੇ ਉਹ ਲੋਕਾਂ ਨੂੰ ਇਹੋ ਜਿਹੇ ਮੁੱਦਿਆਂ ਵਿੱਚ ਉਲਝਾ ਕੇ ਲੋਕਾਂ ਦੇ ਅਸਲੀ ਮੁੱਦਿਆਂ ਤੋਂ ਧਿਆਨ ਹਟਾ ਰਹੀ ਹੈ। ਲੋਕਾਂ ਨੂੰ ਹਿੰਦੂ ਮੁਸਲਿਮ ਦੀ ਜ਼ਹਿਰ ਜਾਂ ਧਰਮ ਦਾ ਮੁੱਦਾ ਬਣਾ ਕੇ ਆਪਸ ਵਿੱਚ ਲੜਾ ਦੇਣਾ ਚਾਹੁੰਦੀ ਹੈ ਕਿਉਂਕਿ ਇਹਨਾਂ ਦੇ 1947, 1984 ਤੇ 2002 ਦੇ ਤਜੁਰਬਿਆਂ ਵਿੱਚ ਇਹ ਪਾਸ ਹੋ ਗਏ ਸਨ ਤੇ ਲੋਕਾਂ ਨੂੰ ਅਣਮਨੁੱਖੀ ਕਤਲੇਆਮ ਦਾ ਸਾਹਮਣਾ ਕਰਨਾ ਪਿਆ ਸੀ। ਪਰ ਇਸ ਸਮੇਂ ਇਸ ਗੱਲ ਦੀ ਖੁਸ਼ੀ ਵੀ ਜ਼ਾਹਰ ਕੀਤੀ ਗਈ ਕਿ ਸਰਕਾਰ ਦੀ ਇਹ ਚਾਲ ਅਜੇ ਤੱਕ ਸਫਲ ਨਹੀਂ ਹੋ ਰਹੀ ਕਿ ਲੋਕ ਧਰਮ ਦੇ ਮੁੱਦੇ ਤੇ ਲੜ ਨਹੀਂ ਰਹੇ ਸਗੋਂ ਸਰਕਾਰ ਦੀਆਂ ਘਿਣਾਉਣੀਆਂ ਨੀਤੀਆਂ ਨੂੰ ਸੇਧਤ ਹੋ ਰਹੇ ਹਨ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਨਾਗਰਿਕਤਾ ਸੋਧ ਵਰਗੇ ਪੱਖਪਾਤੀ ਬਿੱਲ ਦੇ ਖਿਲਾਫ਼ ਭਾਰਤੀ ਲੋਕਾਂ ਦੇ ਹੱਕ ਵਿੱਚ ਕਮੇਟੀ ਵਲੋਂ ਇੱਕ ਸਟੇਟਮੈਂਟ ਜਾਰੀ ਕੀਤੀ ਜਾਵੇਗੀ ਜਿਸ ਵਿੱਚ ਇਸ ਐਕਟ ਦੀ ਨਿਖੇਧੀ ਕੀਤੀ ਜਾਵੇ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿ 5 ਜਨਵਰੀ 2020 ਨੂੰ 2 ਵਜੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਇੱਕ ਪਬਲਿਕ ਮੀਟਿੰਗ ਕੀਤੀ ਜਾਵੇਗੀ। ਇਸ ਵਿੱਚ ਸ਼ਾਮਲ ਹੋਣ ਲਈ ਹੋਰ ਲੋਕਾਂ ਤੇ ਸੰਸਥਾਵਾਂ ਨਾਲ ਵੀ ਸੰਪਰਕ ਕੀਤੇ ਜਾਣਗੇ ਤਾਂ ਕਿ ਭਾਰਤ ਦੇ ਲੋਕਾਂ ਦੇ ਹੱਕ ਵਿੱਚ ਵਿਦੇਸ਼ਾਂ ਵਿੱਚੋਂ ਇਹੋ ਜਿਹੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਅਵਾਜ਼ ਬੁਲੰਦ ਕੀਤੀ ਜਾ ਸਕੇ। ਹੋਰ ਜਾਣਕਾਰੀ ਲਈ ਸੰਪਰਕ ਹਰਭਜਨ ਚੀਮਾ- 604 377 2415, ਇਕਬਾਲ ਪੁਰੇਵਾਲ- 604 720 1652 ਈਸਟ ਇੰਡੀਅਨ ਡੀਫੈਂਸ ਕਮੇਟੀ

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

GILL
Truck & Trailer Repair and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans
Hardeep Atwal
Insurance Advisor
416-209-6363
e-mail: weprotecturfamily@gmail.com

ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਵਫ਼ਦ ਨੇ ਭਾਰਤੀ ਕੌਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ ਨਾਲ ਕਈ ਮਸਲੇ ਸਾਂਝੇ ਕੀਤੇ

ਟੋਰਾਂਟੋ, (ਡਾ. ਝੰਡ) - ਲੰਘੇ ਵੀਰਵਾਰ 12 ਦਸੰਬਰ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੀ ਕਾਰਜਕਾਨੀ ਦੇ ਮੈਂਬਰਾਂ ਦਾ ਵਫ਼ਦ ਇਸ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਦੀ ਅਗਵਾਈ ਵਿਚ ਭਾਰਤੀ ਕੌਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵਾ ਨੂੰ ਬਾਅਦ ਦੁਪਹਿਰ 2.30 ਵਜੇ ਉਨ੍ਹਾਂ ਦੇ ਦਫ਼ਤਰ ਵਿਚ ਮਿਲਿਆ ਅਤੇ ਉਨ੍ਹਾਂ ਕਈ ਦਰਪੇਸ਼ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਸਹਿਯੋਗੀ ਡਿਪਟੀ ਕੌਂਸਲੇਟ ਦਵਿੰਦਰਪਾਲ ਸਿੰਘ, ਹੋਤੀ ਲਾਲ ਅਤੇ ਅਜੈ ਸ਼ਰਮਾ ਵੀ ਸ਼ਾਮਲ ਸਨ।

ਇਹ ਮੀਟਿੰਗ ਲੱਗਭੱਗ ਡੇਢ ਘੰਟਾ ਚੱਲੀ ਅਤੇ ਇਸ ਵਿਚ ਬਹੁਤ ਹੀ ਮਹੱਤਵਪੂਰਨ ਮਸਲਿਆਂ ਉੱਪਰ ਵਿਚਾਰ-ਵਟਾਂਦਰਾ ਹੋਇਆ। ਵਫ਼ਦ ਦੇ ਮੈਂਬਰਾਂ ਵੱਲੋਂ ਕੌਂਸਲੇਟ ਜਨਰਲ ਨੂੰ ਬੀ.ਐੱਲ.ਐੱਸ. ਸੈਂਟਰ, ਬਰੈਂਪਟਨ ਦੇ ਕਸਟੋਮਰ-ਕੇਅਰ ਦੇ ਕਰਮਚਾਰੀਆਂ ਦੇ ਮਾੜੇ ਵਤੀਰੇ ਬਾਰੇ ਜਾਣੂੰ ਕਰਵਾਇਆ ਗਿਆ ਜਿਸ ਦੇ ਬਾਰੇ ਉਨ੍ਹਾਂ ਨੇ ਮੰਨਿਆਂ ਕਿ ਅਜਿਹੀਆਂ ਕੁਝ ਸ਼ਿਕਾਇਤਾਂ ਪਹਿਲਾਂ ਵੀ ਉਨ੍ਹਾਂ ਨੂੰ ਪ੍ਰਾਪਤ ਹੋਈਆਂ ਹਨ ਅਤੇ ਉਨ੍ਹਾਂ ਨੇ ਵਫ਼ਦ ਨੂੰ ਅੱਗੋਂ ਲਈ ਸਰਵਿਸ ਵਿਚ ਸੁਧਾਰ ਕਰਨ ਦਾ ਭਰੋਸਾ ਦਿਵਾਇਆ। ਵਫ਼ਦ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਤੋਂ ਬਾਅਦ ਭਾਰਤੀ ਪਾਸਪੋਰਟ ਨੂੰ ਨਿਸ਼ਚਤ ਸਮੇਂ ਵਿਚ ਵਾਪਸ (ਸਰੈਂਡਰ) ਕਰਨ ਜਾਂ ਇਸ ਨੂੰ ਕੈਂਸਲ ਕਰਾਉਣ ਲਈ ਨਿਰਧਾਰਤ ਫ਼ੀਸ ਇਸ ਸਮੇਂ 243 ਡਾਲਰ ਹੈ ਅਤੇ ਇਸ ਦੇ ਨਾਲ ਕੁਝ ਸਰਵਿਸ ਚਾਰਜਿਜ਼ ਲਏ ਜਾਂਦੇ ਹਨ। ਇਸ ਤੋਂ ਇਲਾਵਾ ਕੈਂਸਲ ਹੋਇਆਂ ਪਾਸਪੋਰਟ ਕੋਰੀਅਰ ਰਾਹੀਂ ਮੰਗਵਾਉਣ ਲਈ ਕੋਰੀਅਰ ਚਾਰਜਿਜ਼ ਵੱਖਰੇ ਲਏ ਜਾਂਦੇ ਹਨ ਜੋ ਕਿ ਆਪਸ਼ਨਲ ਹੈ, ਕਿਉਂਕਿ ਇਹ ਕੈਂਸਲਡ ਪਾਸਪੋਰਟ ਨਿੱਜੀ ਤੌਰ ਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਬੀ.ਐੱਲ.ਐੱਸ. ਵਾਲੇ ਹਰੇਕ ਕੋਲੋਂ ਹੀ 281 ਡਾਲਰ ਵਸੂਲ ਕਰ ਰਹੇ ਹਨ।

ਵਫ਼ਦ ਨੇ ਕੌਂਸਲੇਟ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਕਿ ਪਾਸਪੋਰਟ ਸਰੈਂਡਰ ਕਰਨ ਦੀ ਇਹ ਫ਼ੀਸ ਬਹੁਤ ਜ਼ਿਆਦਾ ਹੈ ਅਤੇ ਇਹ ਘੱਟ ਹੋਣੀ ਚਾਹੀਦੀ ਹੈ, ਕਿਉਂਕਿ ਪਾਸਪੋਰਟ ਬਨਾਉਣ ਜਾਂ ਨਵਿਆਉਣ ਦੀ ਫ਼ੀਸ ਕੇਵਲ 140 ਡਾਲਰ ਹੈ ਅਤੇ ਉਸ ਨੂੰ ਕੈਂਸਲ ਕਰਾਉਣ ਦੀ ਫ਼ੀਸ ਉਸ ਦੇ ਨਾਲੋਂ ਵਧੇਰੇ ਹੋਣ ਦੀ ਕੋਈ ਤੁੱਕ ਨਹੀਂ ਬਣਦੀ। ਇਸ ਉੱਪਰ ਕੌਂਸਲੇਟ ਜਨਰਲ ਦਾ ਕਹਿਣਾ ਸੀ ਕਿ ਪਾਸਪੋਰਟ ਕੈਂਸਲ ਕਰਾਉਣ ਲਈ ਜੇਕਰ ਇਹ ਫ਼ੀਸ 243 ਡਾਲਰ ਜਮ੍ਹਾ ਸਰਵਿਚ ਚਾਰਜਿਜ਼ ਤੋਂ ਵਧੇਰੇ ਲਈ ਜਾਂਦੀ ਹੈ ਤਾਂ ਇਹ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਜਾਵੇ ਅਤੇ ਉਹ ਪਾਸਪੋਰਟ ਕੈਂਸਲ ਕਰਾਉਣ ਦੀ ਫ਼ੀਸ ਘਟਾਉਣ ਬਾਰੇ ਵਿਚਾਰ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਬੀ.ਐੱਲ.ਐੱਸ. ਵੱਲੋਂ ਪਹਿਲਾਂ ਰਫ਼ਿਊਜੀ ਸਰਟੀਫ਼ੀਕੇਟ ਵੀ ਮੰਗਿਆ ਜਾਂਦਾ ਸੀ ਜਿਹੜਾ ਕਿ ਹੁਣ ਬੰਦ ਕਰ ਦਿੱਤਾ ਗਿਆ ਹੈ। ਜੇਕਰ ਹੁਣ ਵੀ ਇਸ ਸਰਟੀਫ਼ੀਕੇਟ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਹ ਮੰਗ ਗ਼ਲਤ ਹੋਵੇਗੀ।

ਅੰਤਰ-ਰਾਸਟਰੀ ਵਿਦਿਆਰਥੀਆਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾਏਗੀ। ਇਸ ਦੌਰਾਨ ਐਸੋਸੀਏਸ਼ਨ ਵੱਲੋਂ ਕਾਲਜਾਂ ਦੀ ਸਥਿਤੀ/ਗਰੇਡੇਸ਼ਨ ਅਨੁਸਾਰ ਵਿਦਿਆਰਥੀਆਂ ਦੇ ਦਾਖ਼ਲੇ ਕਰਨ ਅਤੇ ਇਨ੍ਹਾਂ ਕਾਲਜਾਂ ਦੇ ਪ੍ਰਬੰਧ ਬਾਰੇ ਗੱਲ ਕਰਦਿਆਂ ਹੋਇਆਂ ਕੇਵਲ ਫ਼ੀਸਾਂ ਬਟੋਰਨ ਵਾਲੇ ਕਾਲਜਾਂ ਬਾਰੇ ਵੀ ਜ਼ਿਕਰ ਕੀਤਾ ਗਿਆ। ਇਹ ਵੀ ਮੰਗ ਕੀਤੀ ਗਈ ਕਿ ਕੈਨੇਡਾ ਦੀਆਂ ਸੁਥਰੀਆਂ ਕਦਰਾਂ-ਕੀਮਤਾਂ ਸਿੱਖਣ ਲਈ ਕੌਂਸਲੇਟ ਆਫ਼ਿਸ ਵੱਲੋਂ ਕੈਂਪਾਂ ਦਾ ਯੋਗ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਵਫ਼ਦ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਕੌਂਸਲੇਟ ਦੇ ਅਧਿਕਾਰੀ ਹਰ ਮਹੀਨੇ ਦੇ ਤੀਸਰੇ ਐਤਵਾਰ ਕਮਿਊਨਿਟੀ ਮੈਂਬਰਾਂ ਨੂੰ ਮਿਲਣਗੇ ਅਤੇ ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨਗੇ। ਐਸੋਸੀਏਸ਼ਨ ਵੱਲੋਂ ਵੀ ਭਰੋਸਾ ਦਿੱਤਾ ਗਿਆ ਕਿ ਉਹ ਅਧਿਕਾਰੀਆਂ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਇਸ ਦੇ ਨਾਲ਼ ਹੀ ਦੱਸਿਆ ਗਿਆ ਕਿ ਈ-ਵੀਜ਼ਾ ਬਾਰੇ ਲਿਖਤੀ ਰੂਪ ਵਿਚ ਜਾਣਕਾਰੀ ਮਿਲ ਜਾਣ ਤੋਂ ਮਗਰੋਂ ਜਾਰੀ ਕੀਤੀ ਜਾਵੇਗੀ। ਬੀ.ਐੱਲ.ਐੱਸ. ਵਿਚ ਮੌਕੇ ਤੇ ਫ਼ੋਟੋ ਖਿੱਚਣ ਲਈ ਕੇਵਲ 15 ਡਾਲਰ ਲਏ ਜਾਣਗੇ। ਓ.ਸੀ.ਆਈ. ਲੈਣ ਵਾਲਿਆਂ ਨੂੰ ਉਹ ਪਾਸਪੋਰਟ ਜਿਸ ਉੱਤੇ ਇਹ ਸਰਟੀਫ਼ੀਕੇਟ ਲਿਆ ਗਿਆ ਹੈ, ਸਫ਼ਰ ਸਮੇਂ ਆਪਣੇ ਨਾਲ ਨਾਲ ਰੱਖਣਾ ਪਵੇਗਾ।

ਐਸੋਸੀਏਸ਼ਨ ਵੱਲੋਂ ਇਹ ਵੀ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਕਿ ਵੀਜ਼ਾ ਲੈਣ ਸਮੇਂ ਦਫ਼ਤਰ ਵੱਲੋਂ ਹਰੇਕ ਕੋਲੋਂ ਕੋਰੀਅਰ ਫ਼ੀਸ ਵਸੂਲ ਕੀਤੀ ਜਾਂਦੀ ਹੈ ਜਿਸ ਦੇ ਬਾਰੇ ਉਨ੍ਹਾਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਜੇਕਰ ਕੋਈ ਵਿਅੱਕਤੀ ਆਪਣਾ ਪਾਸਪੋਰਟ ਖ਼ੁਦ ਲੈਣ ਜਾਂਦਾ ਹੈ ਤਾਂ ਕੋਈ ਕੋਰੀਅਰ ਫ਼ੀਸ ਨਹੀਂ ਲੱਗੇਗੀ ਅਤੇ ਨਾਜਾਇਜ਼ ਲਈ ਗਈ ਇਹ ਕੋਰੀਅਰ ਫ਼ੀਸ ਵਾਪਸ ਲਈ ਜਾ ਸਕਦੀ ਹੈ।

ਇਨ੍ਹਾਂ ਮੁੱਦਿਆਂ ਬਾਰੇ ਜਾਂ ਹੋਰ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਇਨ੍ਹਾਂ ਸੱਜਣਾਂ ਨੂੰ ਉਨ੍ਹਾਂ ਦੇ ਸੈੱਲ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। ਜੰਗੀਰ ਸਿੰਘ ਸੈਂਹਬੀ (416-409-0126), ਨਿਰਮਲ ਸਿੰਘ ਧਾਰਨੀ (416-670-5874), ਬਲਵਿੰਦਰ ਸਿੰਘ ਬਰਾੜ (647-262-4026), ਕਰਤਾਰ ਸਿੰਘ ਚਾਹਲ (647-854-8746), ਦੇਵ ਸੂਦ (416-553-0722),ਪ੍ਰੀਤਮ ਸਿੰਘ ਸਰਾਂ (416-833-0567)।

ਬੱਸੀ ਪਠਾਣਾਂ ਦੇ ਰਾਜਪ੍ਰੀਤ ਦੀ ਭੋਪਾਲ ਵਿਚ ਹੋਈ 63ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ 'ਚ 6 ਤਮਗਿਆਂ ਨਾਲ ਰਿਕਾਰਡ-ਜਿੱਤ

ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਵੱਸਦੇ ਹਰਜੀਤ ਸਿੰਘ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੇ ਭਤੀਜੇ ਰਾਜਪ੍ਰੀਤ ਸਿੰਘ ਨੇ ਬੀਤੇ ਦਿਨੀਂ ਭੋਪਾਲ ਵਿਚ ਹੋਈ 63ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿਚ 10 ਐੱਮ ਸਮਾਲ-ਬੋਰ ਏਅਰ-ਰਾਈਫ਼ਲ ਅਤੇ ਪਿਸਟਲ ਨਾਲ ਨਿਸ਼ਾਨੇ ਲਗਾ ਕੇ 631 ਦਾ ਸ਼ਾਨਦਾਰ ਸਕੋਰ ਪ੍ਰਾਪਤ ਕੇ 6 ਤਮਗੇ ਜਿੱਤੇ ਹਨ। ਜਿਨ੍ਹਾਂ ਵਿਚ 5 ਸੋਨੇ ਦੇ ਤਮਗੇ ਅਤੇ ਇਕ ਕਾਂਸੇ ਦਾ ਤਮਗ਼ਾ ਸ਼ਾਮਲ ਹੈ।

ਇਸ ਕੌਮੀ ਸ਼ੂਟਿੰਗ-ਚੈਂਪੀਅਨਸ਼ਿਪ ਵਿਚ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਹੋਇਆਂ ਰਾਜਪ੍ਰੀਤ ਸਿੰਘ ਨੇ ਆਪਣੀ ਰਿਕਾਰਡ-ਜਿੱਤ ਦਰਜ ਕਰਵਾਈ। ਉਸ ਦੇ ਵੱਲੋਂ ਜਿੱਤੇ ਗਏ ਛੇ ਮੈਡਲਾਂ ਵਿਚ 'ਸਿਵਿਲੀਅਨ ਮੈੱਨ ਗੋਲਡ', 'ਸਿਵਿਲੀਅਨ ਜੂਨੀਅਰ ਗੋਲਡ', 'ਸਿਵਿਲੀਅਨ ਮੈੱਨ ਟੀਮ ਗੋਲਡ', 'ਸਿਵਿਲੀਅਨ ਜੂਨੀਅਰ ਮੈੱਨ ਗੋਲਡ', 'ਜੂਨੀਅਰ ਆਈ. ਐੱਸ. ਐੱਸ. ਐੱਫ਼. ਟੀਮ ਗੋਲਡ' ਅਤੇ 'ਯੂਥ ਆਈ. ਐੱਸ. ਐੱਸ. ਐੱਫ਼. ਟੀਮ ਬਰੋਂਜ਼' ਮੈਡਲ ਸ਼ਾਮਲ ਹਨ।

ਇਨ੍ਹਾਂ ਛੇ ਮੈਡਲਾਂ ਦੀ ਸ਼ਾਨਦਾਰ ਪ੍ਰਾਪਤੀ ਦੇ ਨਾਲ਼ ਨਾਲ਼ ਇਸ ਚੈਂਪੀਅਨਸ਼ਿਪ ਵਿਚ ਰਾਜਪ੍ਰੀਤ ਨੇ ਕਈ ਨਵੇਂ ਰਿਕਾਰਡ ਕਾਇਮ ਕੀਤੇ ਹਨ ਅਤੇ ਨਤੀਜੇ ਵਜੋਂ ਅਗਲੇ ਸਾਲ 2020 ਦੌਰਾਨ 24 ਜੁਲਾਈ ਤੋਂ 9 ਅਗਸਤ ਤੱਕ ਜਾਪਾਨ ਦੇ ਸ਼ਹਿਰ ਟੋਕੀਓ ਵਿਚ ਹੋਣ ਵਾਲੀਆਂ ਓਲਿੰਪਕਸ ਖੇਡਾਂ ਲਈ ਭਾਰਤ ਵੱਲੋਂ ਜਾਣ ਵਾਲੀ ਖਿਡਾਰੀਆਂ ਦੀ ਵੱਡੀ ਟੀਮ ਵਿਚ ਵਿਚ ਉਸ ਦੇ ਸ਼ਾਮਲ ਹੋਣ ਦੀ ਪੂਰੀ ਉਮੀਦ ਹੈ ਜਿਸ ਦੇ ਲਈ ਟਰਾਇਲ ਅਗਲੇ ਸਾਲ ਦੇ ਆਰੰਭਿਕ ਮਹੀਨਿਆਂ ਵਿਚ ਹੀ ਸ਼ੁਰੂ ਹੋ ਜਾਣਗੇ। ਇਹ ਨਾ ਕੇਵਲ ਰਾਜਪ੍ਰੀਤ ਸਿੰਘ, ਹਰਜੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰਿਕ ਮੈਂਬਰਾਂ ਲਈ ਹੀ ਖੁ ਦੀ ਗੱਲ ਹੈ, ਬਲਕਿ ਇਹ ਤਾਂ ਸਾਰੇ ਪੰਜਾਬੀਆਂ ਲਈ ਬੜੇ ਮਾਣ ਦਾ ਸਬੱਬ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਭੋਪਾਲ ਵਿਚ ਹੋਈ ਇਸ 63.ਵੀਂ ਨੈਸ਼ਨਲ ਚੈਂਪੀਅਨਸ਼ਿਪ ਵਿਚ ਭਾਗ ਲੈਣ ਗਈ ਪੰਜਾਬ ਦੀ ਨਿਸ਼ਾਨੇਬਾਜ਼-ਟੀਮ ਦੇ ਖਿਡਾਰੀਆਂ ਨੇ ਸਾਰਾ ਖ਼ਰਚਾ ਆਪਣੇ ਪੱਲਿਉਂ ਹੀ ਕੀਤਾ ਅਤੇ ਇੱਥੋਂ ਤੱਕ ਕਿ ਇਸ ਦੇ ਲਈ ਰਜਿਸਟ੍ਰੇਸ਼ਨ-ਫ਼ੀਸ ਵੀ ਉਨ੍ਹਾਂ ਨੂੰ ਆਪਣੇ ਪੱਲਿਉਂ ਹੀ ਭਰਨੀ ਪਈ, ਜਦ ਕਿ ਗਵਾਂਢੀ ਸੂਬੇ ਹਰਿਆਣਾ ਅਤੇ ਕਈ ਹੋਰ ਸੂਬਿਆਂ ਤੋਂ ਸ਼ਾਮਲ ਹੋਈਆਂ ਟੀਮਾਂ ਦਾ ਸਾਰਾ ਖ਼ਰਚਾ ਉਨ੍ਹਾਂ ਦੀਆਂ ਸਰਕਾਰਾਂ ਵੱਲੋਂ ਕੀਤਾ ਗਿਆ। ਪੰਜਾਬ ਸਰਕਾਰ ਨੂੰ ਵੀ ਹੋਰ ਸੂਬਿਆਂ ਵਾਂਗ ਆਪਣੇ ਖਿਡਾਰੀਆਂ ਦੀ ਯੋਗ ਹੌਸਲਾ-ਅਫ਼ਜ਼ਾਈ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਖੇਡਾਂ ਦੀ ਤਿਆਰੀ ਅਤੇ ਕੌਮੀ-ਪੱਧਰ ਦੇ ਟੂਰਨਾਮੈਂਟਾਂ/ਚੈਂਪੀਅਨਸ਼ਿਪ ਵਿਚ ਹਿੱਸਾ ਲੈਣ ਲਈ ਲੋੜੀਦਾ ਖ਼ਰਚਾ ਕਰਨਾ ਚਾਹੀਦਾ ਹੈ।

ਜਾਰਜ ਮੈਕੀ ਲਾਇਬਰੇਰੀ, ਡੈਲਟਾ ਵਿੱਚ ਸਲ਼ਾਨਾ ਕਵੀ ਦਰਬਾਰ ਕਾਮਯਾਬ ਹੋ ਨਿਬੜਿਆ

ਸਰੀ/ਪਰਮਿੰਦਰ ਸਵੈਚ

ਜਾਰਜ ਮੈਕੀ ਲਾਇਬਰੇਰੀ ਅਤੇ ਵਿਚਾਰ ਮੰਚ ਦੀਆਂ ਕੋਸ਼ਿਸ਼ਾਂ ਨਾਲ ਜਿੱਥੇ ਪੰਜਾਬੀ ਭਾਸ਼ਾ ਲਈ ਹਰ ਮਹੀਨੇ ਲੋਅਰ ਮੇਨਲੈਂਡ ਦੇ ਦੋ ਕਵੀਆਂ ਨੂੰ ਰੂਬਰੂ ਕਰਵਾ ਕੇ ਪੰਜਾਬੀ ਨੂੰ ਕਈ ਸਾਲਾਂ ਤੋਂ ਪ੍ਰਫੁੱਲਤ ਕੀਤਾ ਜਾ ਰਿਹਾ ਹੈ ਉੱਥੇ ਇੱਕ ਸਲ਼ਾਨਾ ਕਵੀ ਦਰਬਾਰ ਵੀ ਕਰਵਾਇਆ ਜਾਂਦਾ ਹੈ। ਜਿਸ ਵਿੱਚ ਵੈਨਕੂਵਰ, ਐਬਸਫੋਰਡ, ਸਰ੍ਰੀ, ਕੋਕਿਟਲਮ, ਬਰਨਬੀ, ਰਿਚਮੰਡ, ਡੈਲਟਾ ਆਦਿ ਦੇ ਸਾਰੇ ਕਵੀ ਤੇ ਕਵਿੱਤਰੀਆਂ ਹਿੱਸਾ ਲੈਂਦੇ ਹਨ ਇਸ ਵਾਰ ਵੀ ਉਹਨਾਂ ਨੇ ਆਪਣੀਆਂ ਤਰੋ ਤਾਜ਼ਾ ਕਵਿਤਾਵਾਂ ਨਾਲ ਸਰੋਤਿਆਂ ਨੂੰ ਬਹੁਤ ਹੀ ਸੁਖਨ ਤੇ ਸਾਰਥਿਕ ਅਨੁਭਵ ਪ੍ਰਦਾਨ ਕੀਤੇ ਅਤੇ ਕਾਵਿਮਈ ਮਾਹੌਲ਼ ਨਾਲ ਸੋਹਣਾ ਰੰਗ ਬੰਨ੍ਹ ਦਿੱਤਾ।ਕਵੀ ਦਰਬਾਰ ਦੇ ਸੰਚਾਲਕ ਮੋਹਣ ਗਿੱਲ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਸ਼ਾਮਲ ਲੋਕਾਂ ਦਾ ਸਵਾਗਤ ਕੀਤਾ ਅਤੇ ਮਹੀਨਾਵਾਰ ਰੂਬਰੂ ਪ੍ਰੋਗਰਾਮ ਅਤੇ ਕਵੀ ਦਰਬਾਰ ਦੇ ਇਤਿਹਾਸ ਬਾਰੇ ਦੱਸਿਆ। ਪਿਛਲੇ ਦਿਨੀਂ ਪੰਜਾਬ ਤੋਂ ਪਰਤੇ ਭੁਪਿੰਦਰ ਮੱਲ੍ਹੀ ਨੇ ਪੰਜਾਬ ਦੀਆਂ ਅੱਜ ਦੀਆਂ ਹਾਲਤਾਂ ਬਾਰੇ ਚਾਨਣਾ ਪਾਇਆ ਤੇ ਚਿੰਤਾ ਵੀ ਪ੍ਰਗਟ ਕੀਤੀ। ਕਵੀ ਦਰਬਾਰ ਦਾ

ਅਗਾਜ਼ ਸੁਰੀਲੀ ਅਵਾਜ਼ ਦੀ ਮਾਲਕ ਮੀਨੂੰ ਬਾਵਾ ਦੇ ਇੱਕ ਸੁਰਬੱਧ ਗੀਤ ਨਾਲ ਹੋਈ ਅਤੇ ਬਾਅਦ ਵਿੱਚ ਮਲਿੰਦਰ ਕੌਰ, ਕਵਿੰਦਰ ਚਾਂਦ, ਬਿੰਦੂ ਮਠਾੜੂ, ਹਰਚੰਦ ਸਿੰਘ ਗਿੱਲ, ਜਰਨੈਲ ਸੇਖਾ, ਮੋਹਣ ਗਿੱਲ, ਨਦੀਮ ਪਰਮਾਰ, ਹਰਦੇਵ ਸੋਢੀ ਅਸ਼ਕ, ਹਰਚੰਦ ਸਿੰਘ ਬਾਗੜੀ, ਇੰਦਰਜੀਤ ਧਾਮੀ, ਕ੍ਰਿਸ਼ਨ ਭਨੋਟ, ਅੰਗਰੇਜ਼ ਸਿੰਘ ਬਰਾੜ, ਮਨਜੀਤ ਇੰਦਰਾ, ਸੁਰਜੀਤ ਕਲਸੀ, ਹਰੀ ਸਿੰਘ ਤਾਤਲਾ, ਹਰਸ਼ਰਨ ਕੌਰ, ਅਜਮੇਰ ਰੋਡੇ, ਖੁਸ਼ਹਾਲ ਗਲੋਟੀ, ਪਰਮਜੀਤ ਸਿੰਘ ਸੇਖੋਂ, ਪਰਮਿੰਦਰ ਕੌਰ ਸਵੈਚ, ਰਾਜਵੰਤ ਰਾਜ, ਬਖਸ਼ਿੰਦਰ, ਕ੍ਰਿਸ਼ਨ ਬੈਕਟਰ, ਦਵਿੰਦਰ ਗੌਤਮ, ਪਰਮਬੀਰ ਸਿੰਘ ਅਤੇ ਹਰਦਮ ਸਿੰਘ ਮਾਨ ਨੇ ਆਪਣੀ ਕਾਵਿਕ ਪ੍ਰਤਿਭਾ ਰਾਹੀਂ ਗੀਤ, ਗ਼ਜ਼ਲ ਤੇ ਖੁੱਲ੍ਹੀ ਕਵਿਤਾ ਰਾਹੀਂ ਸਮੇਂ ਨੂੰ ਦਿਲਕਸ਼ ਰੰਗਾਂ ਵਿੱਚ ਰੰਗ ਦਿੱਤਾ। ਪੰਜਾਬ ਤੋਂ ਆਈ ਕਵਿੱਤਰੀ ਮਨਜੀਤ ਇੰਦਰਾ ਨੂੰ ਹੋਰ ਸਮਾਂ ਦੇ ਕੇ ਸਨਮਾਨਿਆ ਗਿਆ। ਅੰਤ ਵਿੱਚ ਜਰਨੈਲ ਸਿੰਘ ਆਰਟਿਸਟ ਨੇ ਸਭ ਸ਼ਾਮਲ ਕਵੀਆਂ ਦਾ ਧੰਨਵਾਦ ਕੀਤਾ ਤੇ ਨਵੇਂ ਸਾਲ ਦੀ ਮੁਬਾਰਕਬਾਦ ਵੀ ਦਿੱਤੀ ਕਿ ਆਉਣ ਵਾਲਾ ਸਮਾਂ ਅਥਾਹ ਖੁਸ਼ੀਆਂ ਲੈ ਕੇ ਆਵੇ ਤੇ ਇਸੇ ਤਰ੍ਹਾਂ ਅਸੀਂ ਇੱਕ ਦੂਜੇ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਰਹੀਏ।

ਲੋਕ ਸੰਘਰਸ਼ ਦੀ ਜਿੱਤ ਦੇ ਅਰਥ

ਪਾਵੇਲ ਕੁੱਸਾ
62807-22965

ਮਹਿਲ ਕਲਾਂ ਲੋਕ ਸੰਘਰਸ਼ ਦੇ ਮੋਹਰੀ ਆਗੂ ਮਨਜੀਤ ਧਨੇਰ ਦੀ ਜੇਲ੍ਹ 'ਚੋਂ ਹੋਈ ਰਿਹਾਈ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦੀ ਅਹਿਮ ਪ੍ਰਾਪਤੀ ਹੈ। ਜਨ-ਸਧਾਰਨ ਜਿਵੇਂ ਇਸ ਪ੍ਰਾਪਤੀ 'ਤੇ ਫ਼ਖ਼ਰ ਮਹਿਸੂਸ ਕਰ ਰਹੇ ਹਨ, ਇਸਦਾ ਪੂਰਾ ਅੰਦਾਜ਼ਾ ਤਾਂ ਲੋਕ ਕਾਫਲੇ ਦੇ ਧੁਰ-ਅੰਦਰਲੇ ਵਾਹ ਨਾਲ ਹੀ ਬਣ ਸਕਦਾ ਹੈ ਕਿ ਕਿਰਤੀ ਲੋਕਾਈ ਵੱਲੋਂ ਸੱਚੇ ਕਾਜ ਲਈ ਸਮੂਹਿਕ ਘਾਲਣਾ ਘਾਲ ਕੇ ਆਪਣੀ ਹਸਤੀ ਦਾ ਪੈਦਾ ਹੋਇਆ ਅਹਿਸਾਸ ਲੋਕਾਂ ਲਈ ਕਿੰਨਾ ਸਕੂਨਦਾਇਕ ਹੁੰਦਾ ਹੈ ਤੇ ਸੱਚ ਦੇ ਰਾਹ 'ਤੇ ਅੱਗੇ ਵਧਣ ਲਈ ਇਸਦਾ ਕਿੰਨਾ ਮਹੱਤਵ ਹੁੰਦਾ ਹੈ। ਕਾਨੂੰਨ ਦੇ ਪਾਰਖੂਆਂ ਲਈ ਇਹ ਕੋਈ ਵੱਡਾ ਜਾਂ ਛੋਟਾ ਕਾਨੂੰਨੀ ਨੁਕਤਾ ਹੋ ਸਕਦਾ ਹੈ, ਪਰ ਭਾਰਤੀ ਰਾਜ ਪ੍ਰਬੰਧ ਦੀ ਮਸ਼ੀਨਰੀ ਦੇ ਵੱਖ ਵੱਖ ਅੰਗਾਂ ਦੇ ਕਿਰਦਾਰ ਤੇ ਵਿਹਾਰ ਬਾਰੇ ਸੁਚੇਤ ਹਲਕਿਆਂ ਲਈ ਇਹ ਮਾਣਮੱਤੀ ਪ੍ਰਾਪਤੀ ਤਾਂ ਹੈ ਹੀ, ਨਾਲ ਹੀ ਅਦਾਲਤ 'ਚੋਂ ਜਿੱਤ ਆਏ ਕੂੜ ਨੂੰ ਮਾਤ ਦੇਣ ਲਈ ਲੋਕਾਂ ਨੇ ਜੋ ਰਸਤਾ ਅਖ਼ਤਿਆਰ ਕੀਤਾ ਹੈ ਉਸਦਾ ਮਹੱਤਵ ਇਸ ਮੌਜੂਦਾ ਮਸਲੇ ਤੋਂ ਕਿਤੇ ਪਾਰ ਜਾਂਦਾ ਹੈ। ਇਸ ਜਿੱਤ ਦੇ ਅਰਥ ਇਸ ਲਈ ਡੂੰਘੇ ਹਨ ਕਿਉਂਕਿ ਇਹ ਪੰਜਾਬ ਦੀ ਕਿਰਤੀ ਲੋਕਾਈ ਦੀ ਮੌਜੂਦਾ ਹੋਣੀ ਤੇ ਭਵਿੱਖ ਦੇ ਸਵਾਲਾਂ ਦੇ ਜੁਆਬਾਂ ਤਕ ਜਾਣ ਦੀ ਸਮਰੱਥਾ ਰੱਖਦੇ ਹਨ। ਪੰਜਾਬੀਆਂ ਦੀ ਹੋਣੀ ਨੂੰ ਲੈ ਕੇ ਫਿਕਰਮੰਦ ਸੁਹਿਰਦ ਲੋਕਾਂ ਨੂੰ ਇਨ੍ਹਾਂ ਅਰਥਾਂ ਰਾਹੀਂ ਆਸ ਦੀਆਂ ਕਿਰਨਾਂ ਤਲਾਸ਼ਣ ਦਾ ਯਤਨ ਕਰਨਾ ਚਾਹੀਦਾ ਹੈ।

ਭਾਰਤੀ ਇਨਸਾਫ਼ ਪ੍ਰਣਾਲੀ 'ਚ ਮਿਲਦੀ ਬੇਇਨਸਾਫੀ ਮੁਲਕ ਦੀ ਕਿਰਤੀ ਜਮਾਤ ਰੋਜ਼ਾਨਾ ਹੱਡੀਂ ਹੰਢਾਉਂਦੀ ਆ ਰਹੀ ਹੈ ਤੇ ਅੰਗਰੇਜ਼ਾਂ ਵੇਲੇ ਤੋਂ ਇਹ ਦਸਤੂਰ ਤੁਰਿਆ ਆ ਰਿਹਾ ਹੈ। ਅਦਾਲਤਾਂ 'ਚ ਵਿਕਦਾ ਇਨਸਾਫ਼ ਲੋਕਾਂ ਨੇ ਆਏ ਦਿਨ ਆਪਣੀ ਪਹੁੰਚ ਤੋਂ ਦੂਰ ਹੁੰਦਾ ਤੱਕਿਆ ਹੈ। ਜਮਾਤੀ ਤੇ ਸਮਾਜਿਕ ਦਾਬੇ ਤੇ ਜਬਰ ਦਾ ਸ਼ਿਕਾਰ ਲੋਕਾਂ ਨੂੰ ਇਹ ਤਾਂ ਭਲੀਭਾਂਤ ਪਤਾ ਹੈ ਕਿ ਅਦਾਲਤਾਂ 'ਚੋਂ ਇਨਸਾਫ਼ ਕਿਨ੍ਹਾਂ ਨੂੰ ਮਿਲਦਾ ਹੈ। ਮਨਜੀਤ ਧਨੇਰ ਨੂੰ ਹਰ ਅਦਾਲਤ 'ਚੋਂ ਮਿਲੀ ਬੇਇਨਸਾਫੀ ਕਿਰਤੀ ਲੋਕਾਂ ਲਈ ਕੋਈ ਅਲੋਕਾਰਾ ਵਰਤਾਰਾ ਨਹੀਂ ਸੀ, ਇਹ ਤਾਂ ਲੋਕ ਮਨਾਂ 'ਚ ਡੂੰਘਾ ਵਸਿਆ ਹੀ ਹੋਇਆ ਹੈ, ਪਰ ਜੋ ਹੁਣ ਮਨਾਂ ਅੰਦਰ ਥਾਂ ਬਣਾ ਰਿਹਾ ਹੈ ਉਹ ਰਾਜ-ਭਾਗ ਦੀਆਂ ਬੇਇਨਸਾਫੀਆਂ ਤੋਂ ਆਪਣੀ ਸਵੈ-ਨਿਰਭਰ ਜਥੇਬੰਦਕ ਤਾਕਤ ਦੇ ਜ਼ੋਰ ਇਨਸਾਫ਼ ਦਾ ਹੱਕ ਪੁਗਾਉਣ ਤਕ ਦੇ ਸਫ਼ਰ ਦਾ ਤਜਰਬਾ ਹੈ। ਪੰਜਾਬ ਦੇ ਲੋਕ ਜਮਾਤੀ ਤੇ ਸਮਾਜਿਕ ਜਬਰ ਖਿਲਾਫ਼ ਹੋਰ ਵਧੇਰੇ ਧੜੱਲੇ ਤੇ ਸਪੱਸ਼ਟਤਾ ਨਾਲ ਡਟਣ ਲੱਗੇ ਹਨ। ਇਸ ਫ਼ੈਸਲੇ ਦੇ ਕਾਨੂੰਨੀ ਅਰਥ ਚਾਹੇ ਜੋ ਵੀ ਹੋਣ, ਪਰ ਏਨੇ ਲੰਮੇ, ਸਿਰੜੀ ਤੇ ਜ਼ਬਤਬੱਧ ਸੰਘਰਸ਼ ਨੇ ਇਹ ਦਰਸਾ ਦਿੱਤਾ ਹੈ ਕਿ ਲੋਕਾਂ ਦੇ ਇਸ ਦ੍ਰਿੜ ਸੰਘਰਸ਼ ਤੋਂ ਬਿਨਾਂ ਨਾ ਤਾਂ ਸੂਬੇ ਦੇ ਰਾਜਪਾਲ ਨੂੰ ਮਨਜੀਤ 'ਤੇ 'ਰਹਿਮ' ਆ ਸਕਦਾ ਸੀ ਤੇ ਨਾ ਹੀ ਪੰਜਾਬ ਦੀ ਸਰਕਾਰ ਨੂੰ ਇਹ ਕੇਸ ਵਿਚਾਰਨ ਦੀ ਵਿਹਲ ਮਿਲ ਸਕਦੀ ਸੀ।

ਮਨਜੀਤ ਦੀ ਰਿਹਾਈ ਲਈ ਹੋਇਆ ਸੰਘਰਸ਼ ਕਈ ਪੱਖਾਂ 'ਤੋਂ ਮਹੱਤਵਪੂਰਨ ਹੈ। ਸਭ ਤੋਂ ਵਧਕੇ ਸੂਬੇ ਦੀ ਕਿਰਤੀ ਲੋਕਾਈ ਲਈ ਇਹ ਸੰਘਰਸ਼ ਅਜਿਹੀ ਆਸ ਦੀ ਕਿਰਨ ਬਣਦਾ ਹੈ ਜਿਹੜੀ ਉਨ੍ਹਾਂ ਦੇ ਰੋਜ਼ਮਰ੍ਹਾ ਦੇ ਹਜ਼ਾਰਾਂ ਸੰਘਰਸ਼ਾਂ ਨਾਲ ਜੁੜ ਕੇ, ਉਨ੍ਹਾਂ ਦੇ ਹੱਕੀ ਸੰਘਰਸ਼ਾਂ ਦੇ ਸੂਰਜ ਪੂਰੇ ਜਲੌਅ 'ਚ ਚਮਕਣ ਦੀ ਧਰਵਾਸ ਬੰਨ੍ਹਾਉਣ ਦਾ ਆਧਾਰ ਦਿੰਦਾ ਹੈ। ਲੋਕ ਮਨਾਂ 'ਚ ਉਮੜੀਆਂ ਅਜਿਹੀਆਂ ਭਾਵਨਾਵਾਂ ਨੂੰ ਸੰਘਰਸ਼ ਦੇ ਅੰਗ ਸੰਗ ਵਿਚਰਦਿਆਂ ਮਹਿਸੂਸ ਕਰਨਾ ਮੁਸ਼ਕਲ ਨਹੀਂ ਹੈ।

ਇਨ੍ਹਾਂ ਭਾਵਨਾਵਾਂ ਦਾ ਵੀ ਇਕ ਖ਼ਾਸ ਪ੍ਰਸੰਗ ਹੈ। ਪੰਜਾਬ ਦਾ ਅੱਜਕੱਲ੍ਹ ਦਾ ਦ੍ਰਿਸ਼ ਰੋਜ਼ਾਨਾ ਨਵੇਂ ਲੋਕ ਸੰਘਰਸ਼ਾਂ ਦੇ ਫੁੱਟਣ ਤੇ ਫੈਲਣ ਦਾ ਦ੍ਰਿਸ਼ ਹੈ। ਕਿਰਤੀ ਲੋਕਾਂ ਦੀ ਜ਼ਿੰਦਗੀ ਦੇ ਵਸੀਲਿਆਂ 'ਤੇ ਹਮਲੇ ਹੀ ਏਨੇ ਤਿੱਖੇ ਤੇ ਤੇਜ਼ ਹੋ ਰਹੇ ਹਨ ਕਿ ਲੋਕਾਂ ਦੇ ਕਿਸੇ ਵੀ ਤਬਕੇ ਨੂੰ ਸੁਰਤ ਲੈਣ ਦੀ ਵੀ ਗੁੰਜਾਇਸ਼ ਨਹੀਂ ਬਚ ਰਹੀ। ਕੇਂਦਰੀ ਤੇ ਸੂਬਾਈ ਸਰਕਾਰਾਂ ਇਕ ਦੂਜੇ ਤੋਂ ਮੂਹਰੇ ਹੋ ਕੇ, ਨਵੇਂ ਨਵੇਂ ਫ਼ੁਰਮਾਨਾਂ ਨਾਲ ਵੀ ਅਤੇ ਬਿਨਾਂ ਕਿਸੇ ਫ਼ੁਰਮਾਨਾਂ ਐਲਾਨਾਂ ਦੇ ਚੁੱਪ-ਚਪੀਤੇ ਹੀ ਲੋਕਾਂ ਦੀ ਕਿਰਤ ਨੂੰ ਲੁੱਟਣ ਲਈ ਧਨਾਡ ਕਾਰਪੋਰੇਟਾਂ ਮੂਹਰੇ ਪਰੋਸ ਕੇ ਉਨ੍ਹਾਂ ਦੇ ਮੁਨਾਫਿਆਂ ਦਾ ਗਰਾਫ਼ ਚਾੜ੍ਹਨ 'ਚ ਰੁੱਝੀਆਂ ਹੋਈਆਂ ਹਨ। ਇਸੇ ਕਰਕੇ ਲੋਕਾਂ ਦੇ ਜ਼ੋਰਦਾਰ ਸੰਘਰਸ਼ਾਂ ਮੂਹਰੇ ਵੀ ਇਹ ਸਰਕਾਰਾਂ ਟੱਸ ਤੋਂ ਮੱਸ ਹੋਣ ਤਕ ਨਹੀਂ ਪਹੁੰਚਦੀਆਂ। ਬਹੁਤ ਹੀ ਸਿਰੜੀ, ਵਿਸ਼ਾਲ ਜਨਤਕ ਲਾਮਬੰਦੀ ਵਾਲੇ ਤੇ ਨਾਲ ਹੀ ਸੂਝਵਾਨ ਲੀਡਰਸ਼ਿਪ ਵੱਲੋਂ ਹਕੂਮਤੀ ਕਮਜ਼ੋਰੀਆਂ ਦਾ ਢੁਕਵੇਂ ਦਾਅਪੇਚਾਂ ਨਾਲ ਲਾਹਾ ਲੈ ਸਕਣ ਵਾਲੇ ਸੰਘਰਸ਼ਾਂ ਰਾਹੀਂ ਹੀ ਲੋਕ ਆਪਣੇ ਕੋਲੋਂ ਖੁੱਸ ਰਹੇ 'ਚੋਂ ਕੁਝ ਨਾ ਕੁਝ ਬਚਾਉਣ 'ਚ ਕਾਮਯਾਬ ਹੁੰਦੇ ਹਨ ਤੇ ਸੰਘਰਸ਼ਸ਼ੀਲ ਲੋਕਾਂ ਦੇ ਜ਼ਰਾ ਕੁ ਅਵੇਸਲੇ ਹੋਣ ਨਾਲ ਉਹ ਪ੍ਰਾਪਤੀਆਂ ਖੁਰ ਜਾਂਦੀਆਂ ਹਨ। ਬੀਤੇ ਵਰ੍ਹੇ ਅਧਿਆਪਕਾਂ ਦਾ ਵਿਸ਼ਾਲ ਸੰਘਰਸ਼ ਇਸ ਚੌਖਟੇ 'ਚ ਰੱਖ ਕੇ ਦੇਖਿਆਂ ਅਜਿਹੇ ਕਈ ਸਿੱਟੇ ਕੱਢੇ ਜਾ ਸਕਦੇ ਹਨ। ਇਉਂ ਹੀ ਕਿਸਾਨਾਂ ਦਾ ਕਰਜ਼ਾ-ਮੁਆਫ਼ੀ ਲਈ ਸੰਘਰਸ਼ ਵੀ ਅਜਿਹੀ ਹਾਲਤ ਨੂੰ ਸਮਝਣ ਲਈ ਸਹਾਈ ਹੋ ਸਕਦਾ ਹੈ। ਹਾਲਤ ਦਾ ਇਹ ਪ੍ਰਸੰਗ ਸੂਬੇ ਦੇ ਮਿਹਨਤਕਸ਼ ਲੋਕਾਂ ਦੀਆਂ ਵੱਖ ਵੱਖ ਟੁਕੜੀਆਂ ਲਈ ਇਹ ਅਹਿਸਾਸ ਸਿਰਜਦਾ ਹੈ ਕਿ ਉਨ੍ਹਾਂ ਦੀ ਜਥੇਬੰਦਕ ਤਾਕਤ ਹਕੂਮਤ ਤੋਂ ਊਣੀ ਹੈ। ਅਜਿਹੇ ਮਾਹੌਲ ਦਰਮਿਆਨ ਲੋਕਾਂ ਦੀ ਜਥੇਬੰਦਕ ਤਾਕਤ ਦੇ ਜ਼ੋਰ ਕਰਵਾਈ ਗਈ ਮਨਜੀਤ ਧਨੇਰ ਦੀ ਰਿਹਾਈ ਆਪਣੇ ਹੱਕਾਂ ਲਈ ਜੂਝ ਰਹੇ ਲੋਕਾਂ ਵਾਸਤੇ ਅਜਿਹੀ ਅਹਿਮ ਪ੍ਰਾਪਤੀ ਜਾਪੀ ਹੈ ਜੋ ਉਨ੍ਹਾਂ 'ਚੋਂ ਕਿਸੇ ਵੀ ਇਕ ਤਬਕੇ ਨੂੰ ਮਿਲਣ ਵਾਲੀ ਕਿਸੇ ਆਰਥਿਕ ਰਿਆਇਤ ਨਾਲੋਂ ਕਈ ਗੁਣਾ ਵੱਡੀ ਜਾਪ ਰਹੀ ਹੈ। ਲੋਕ ਕਾਫਲੇ ਦੀਆਂ ਸਫਾਂ ਦੀ ਇਹ ਭਾਵਨਾ ਇਸ ਸੰਘਰਸ਼ ਦੌਰਾਨ ਇਕ ਦਿਨ ਇਕੱਠ ਨੂੰ ਸੰਬੋਧਨ ਕਰ ਰਹੀ ਆਂਗਣਵਾੜੀ ਵਰਕਰ ਦੀ ਯੂਨੀਅਨ ਦੇ ਮੂੰਹੋਂ ਪ੍ਰਗਟ ਹੋਈ ਸੀ। ਉਸਨੇ ਕਿਹਾ ਕਿ ਸੰਘਰਸ਼ ਕਰਦੇ ਕਰਦੇ ਅਸੀਂ ਥੱਕੇ ਹਾਰੇ ਜਿਹੇ ਮਹਿਸੂਸ ਕਰਦੇ ਸੀ, ਹੁਣ ਇਸ ਸੰਘਰਸ਼ ਨੇ ਤਾਂ ਸਾਡੇ 'ਚ ਫਿਰ ਜਾਨ ਪਾ ਦਿੱਤੀ ਹੈ ਤੇ ਮੁੜ ਇਹ ਜਾਪਣ ਲੱਗਿਆ ਹੈ ਕਿ ਆਪਾਂ ਸਾਰੇ ਇਕੱਠੇ ਹੋ ਕੇ ਇਨ੍ਹਾਂ ਹਕੂਮਤਾਂ ਤੋਂ ਹੱਕ ਖੋਹ ਸਕਦੇ ਹਾਂ। ਇਕ ਦੂਜੇ ਨਾਲ ਰਲਕੇ ਖੜ੍ਹਨਾ ਸਭ ਦੇ ਹਿੱਤ 'ਚ ਦਿਖਣ ਲੱਗਿਆ ਹੈ। ਸਾਂਝੇ ਲੋਕ ਸੰਘਰਸ਼ਾਂ ਲਈ ਇਹ ਤਜਰਬਾ ਕਈ ਪੱਖਾਂ ਤੋਂ ਮੁੱਲਵਾਨ ਹੈ।

ਸੂਬੇ ਦੀ ਮੌਜੂਦਾ ਸਿਆਸੀ ਹਾਲਤ ਅੰਦਰ ਲੋਕਾਂ ਨੂੰ ਹਾਕਮ ਜਮਾਤੀ ਸਿਆਸੀ ਪਾਰਟੀਆਂ ਦੇ ਮੁਕਾਬਲੇ ਕਿਸੇ ਖਰੇ ਭਰੋਸੇਯੋਗ ਤੇ ਪਾਏਦਾਰ ਬਦਲ ਦੀ ਲੋੜ ਮਹਿਸੂਸ ਹੋ ਰਹੀ ਹੈ। ਇਹ ਬਦਲ ਲੋਕਾਂ ਦੀ ਆਪਣੀ ਚੇਤਨ ਜਥੇਬੰਦਕ ਤਾਕਤ ਹੀ ਹੋ ਸਕਦੀ ਹੈ। ਕੋਈ ਪਰਾਈ ਸ਼ਕਤੀ ਲੋਕਾਂ ਨੂੰ ਇਨ੍ਹਾਂ ਸੰਕਟਾਂ ਤੋਂ ਪਾਰ ਲੈ ਕੇ ਜਾ ਹੀ ਨਹੀਂ ਸਕਦੀ। ਅੱਜ ਦੀ ਘੜੀ ਲੋਕਾਂ ਕੋਲ ਅਜਿਹਾ ਕੋਈ ਸਿਆਸੀ ਬਦਲ ਨਹੀਂ ਹੈ, ਪਰ ਮੌਜੂਦਾ ਸੰਘਰਸ਼ ਰਾਹੀਂ ਵੋਟ ਪਾਰਟੀਆਂ ਤੋਂ ਆਜ਼ਾਦ, ਉਨ੍ਹਾਂ ਦੀ ਮੁਥਾਜਗੀ ਤੋਂ ਕੋਹਾਂ ਦੂਰ, ਸਵੈ-ਨਿਰਭਰ ਜਥੇਬੰਦਕ ਲੋਕ ਤਾਕਤ ਦੀ ਇਕ ਕਿਰਨ ਸੂਬੇ ਦੇ ਲੋਕਾਂ ਨੂੰ ਦਿਖਾਈ ਦਿੱਤੀ ਹੈ। ਅਜਿਹੀ ਕਿਰਨ ਜਿਸ ਤੋਂ ਸਿਆਸੀ ਵੋਟ ਪਾਰਟੀਆਂ ਕੋਹਾਂ ਦੂਰ ਖੜ੍ਹੀਆਂ ਦਿਖੀਆਂ ਹਨ। ਸੂਬੇ ਦੇ ਸੰਘਰਸ਼ਸ਼ੀਲ ਲੋਕਾਂ ਨੇ ਅਜਿਹੀ ਕਿਰਨ ਨਾਲ ਜਾ ਜੁੜਨ 'ਚ ਤਸੱਲੀ ਮਹਿਸੂਸ ਕੀਤੀ ਹੈ। ਇਸੇ ਲਈ ਹਰ ਛੋਟੇ-ਵੱਡੇ ਤਬਕੇ ਦੀ, ਹਰ ਛੋਟੀ ਵੱਡੀ ਜਥੇਬੰਦੀ ਨੇ ਇਸ ਮੋਰਚੇ 'ਚ ਹਿੱਸਾ ਪਾਉਣਾ ਆਪਣਾ ਫਰਜ਼ ਸਮਝਿਆ ਹੈ। ਇਹ ਲੋਕਾਂ ਲਈ ਭਰੋਸੇਯੋਗ ਸ਼ਕਤੀ ਹੈ ਜੋ ਉਨ੍ਹਾਂ ਨੇ ਦਹਾਕਿਆਂ ਦੇ ਅਮਲ ਦੌਰਾਨ ਅਨੇਕਾਂ ਸੰਘਰਸ਼ਾਂ ਰਾਹੀਂ ਪਰਖੀ ਹੋਈ ਹੈ।

ਧੀਆਂ ਦੀ ਰਾਖੀ ਲਈ ਡਟਣ ਦੀ ਭਾਵਨਾ ਦੇ ਨਾਲ ਨਾਲ ਆਪਣੀ ਜਥੇਬੰਦਕ ਤਾਕਤ ਦੀ ਰਾਖੀ ਲਈ ਡਟਣ ਦਾ ਅੰਸ਼ ਇਸ ਵਿਸ਼ਾਲ ਲੋਕ ਲਾਮਬੰਦੀ 'ਚ ਸਰਗਰਮ ਸੀ। ਕਿਸੇ ਫੌਰੀ ਆਰਥਿਕ ਲਾਹੇ ਜਾਂ ਕਿਸੇ ਵੱਡੇ ਆਰਥਿਕ ਹਿੱਤ 'ਤੇ ਆ ਰਹੀ ਆਂਚ ਦੇ ਮੁਕਾਬਲੇ ਲੋਕਾਂ ਨੇ ਆਪਣੇ ਆਗੂ 'ਤੇ ਹਮਲੇ ਨੂੰ ਆਪਣੀ ਜਥੇਬੰਦਕ ਤਾਕਤ 'ਤੇ ਹਮਲੇ ਵਜੋਂ ਲਿਆ ਹੈ। ਉਹ ਤਾਕਤ ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਭਿੜਨ ਲਈ ਬਹੁਤ ਜ਼ਰੂਰੀ ਜਾਪਦੀ ਹੈ। ਲੋਕਾਂ ਦੇ ਵਿਸ਼ਾਲ ਜਨ-ਸਮੂਹ ਇਸ ਜਥੇਬੰਦਕ ਤਾਕਤ ਦਾ ਕਿੱਡਾ ਆਸਰਾ ਮਹਿਸੂਸ ਕਰ ਰਹੇ ਹਨ, ਇਸਦਾ ਅੰਦਾਜ਼ਾ ਸੰਘਰਸ਼ ਦੀ ਵਿਸ਼ਾਲ ਲਾਮਬੰਦੀ ਤੋਂ ਲਗਾਇਆ ਜਾਣਾ ਚਾਹੀਦਾ ਹੈ। ਇਸ ਤਾਕਤ ਦੇ ਆਸਰੇ ਦੀ ਵਧ ਰਹੀ ਉਮੀਦ ਅੱਜ ਦੇ ਪੰਜਾਬ ਦਾ ਸੱਚ ਹੈ, ਅਜਿਹਾ ਸੱਚ ਜੋ ਕਈ ਵਾਰ ਨਾ-ਉਮੀਦੀ ਦੇ ਵਾਯੂਮੰਡਲ 'ਚ ਦੱਬ ਕੇ ਰਹਿ ਜਾਂਦਾ ਹੈ। ਮੌਜੂਦਾ ਘੋਲ ਇਸ ਸੱਚ ਦੀ ਲਿਸ਼ਕੋਰ ਹੋ ਨਿੱਬੜਿਆ ਹੈ।

ਲੋਕਾਂ 'ਚ ਪੈਦਾ ਹੋਏ ਰੋਸ ਨੂੰ ਜਥੇਬੰਦਕ ਸਰਗਰਮੀ 'ਚ ਢਾਲਣ ਤੇ ਲਾਮਬੰਦੀ ਕਰਨ ਦੀ ਲੋਕ ਲਹਿਰ ਦੀ ਵਿਕਸਤ ਹੋ ਰਹੀ ਸਮਰੱਥਾ ਦੇ ਝਲਕਾਰੇ ਵੀ ਪ੍ਰਗਟ ਹੋਏ ਹਨ। ਕਿਸੇ ਦੌਰ 'ਚ ਅਜਿਹੀਆਂ ਜਨਤਕ ਲਾਮਬੰਦੀਆਂ ਸੂਬੇ 'ਚ ਵਿਸ਼ਾਲ ਜਨਤਕ ਆਧਾਰ ਵਾਲੀਆਂ ਸਿਆਸੀ ਪਾਰਟੀਆਂ ਹੀ ਕਰ ਸਕਦੀਆਂ ਸਨ। ਪਰ ਲੋਕਾਂ ਤਕ ਏਨੀ ਵਿਆਪਕ ਰਸਾਈ, ਧੁਰ ਹੇਠਾਂ ਤਕ ਮਸਲੇ ਦੀ ਵਾਜਬੀਅਤ ਦਾ ਪ੍ਰਚਾਰ, ਘਰ-ਘਰ ਤਕ ਸੱਚ ਲੈ ਜਾਣ ਦੀ ਜਾਹਰ ਹੋਈ ਸਮਰੱਥਾ ਸੂਬੇ ਦੀ ਲੋਕ ਲਹਿਰ ਦਾ ਬਹੁਤ ਹੀ ਹਾਂਦਰੂ ਪੱਖ ਹੈ। ਇਸਦੀ ਇਕ ਉਦਾਹਰਨ ਸੰਘਰਸ਼ ਦੌਰਾਨ ਹਜ਼ਾਰਾਂ ਨੌਜਵਾਨਾਂ ਨੂੰ ਲਾਮਬੰਦ ਕਰਨਾ ਹੈ ਜਿਹੜੇ ਮੌਜੂਦਾ ਦੌਰ ਅੰਦਰ ਆਮ ਕਰਕੇ ਸਮਾਜਿਕ ਸਰੋਕਾਰਾਂ ਤੋਂ ਬੇਮੁਖਤਾ ਦਾ ਇਜ਼ਹਾਰ ਕਰ ਰਹੇ ਹਨ। ਹਕੂਮਤ ਨਾਲ ਸੰਘਰਸ਼ ਦੌਰਾਨ ਜਿਸ ਸੂਝ ਭਰੇ ਦਾਅਪੇਚਾਂ ਨਾਲ ਨਜਿੱਠਿਆ ਗਿਆ ਹੈ, ਇਹ ਸੰਘਰਸ਼ ਦੀ ਅਗਵਾਈ ਕਰ ਰਹੀ ਲੀਡਰਸ਼ਿਪ ਦੀ ਸੂਝ-ਸਿਆਣਪ 'ਤੇ ਝਾਤ ਪੁਆਉਂਦਾ ਹੈ।

ਜਮਹੂਰੀ ਹਲਕਿਆਂ ਲਈ ਵੀ ਇਕ ਪੱਖ ਵਿਸ਼ੇਸ਼ ਕਰਕੇ ਗੌਰ ਕਰਨਯੋਗ ਹੈ। ਇਸ ਮੰਗ ਦਾ ਤੱਤ ਜਮਹੂਰੀ ਸੀ। ਮਨਜੀਤ ਦੀ ਰਿਹਾਈ ਰਾਹੀਂ ਸੰਘਰਸ਼ ਕਰਨ ਦਾ ਹੱਕ ਪਗਾਉਣਾ ਲੋਕ ਸਰੋਕਾਰ ਦਾ ਮਸਲਾ ਸੀ। ਜਿਵੇਂ ਜਥੇਬੰਦ ਕਿਸਾਨ ਸ਼ਕਤੀ ਇਸ ਸੰਘਰਸ਼ ਦੀ ਕੰਗਰੋੜ ਬਣ ਕੇ ਨਿਭੀ ਹੈ ਉਹ ਦੱਸਦੀ ਹੈ ਕਿ ਸਾਡੇ ਸਮਾਜ 'ਚ ਜਮਹੂਰੀ ਚੇਤਨਾ ਗ੍ਰਹਿਣ ਕਰਨ ਦਾ ਅਮਲ ਲੋਕਾਂ ਦੇ ਆਪਣੇ ਰੋਜ਼ਮਰ੍ਹਾ ਦੇ ਸੰਘਰਸ਼ਾਂ ਨਾਲ ਜੁੜ ਕੇ ਹੀ ਅੱਗੇ ਵਧਦਾ ਹੈ। ਕਿਸਾਨ ਜਨ-ਸਮੂਹਾਂ ਨੇ ਇਹ ਸੋਝੀ ਆਪਣੇ ਬੀਤੇ ਦਹਾਕਿਆਂ ਦੇ ਸੰਘਰਸ਼ ਅਮਲਾਂ ਦੌਰਾਨ ਹਾਸਲ ਕੀਤੀ ਹੈ। ਇਨ੍ਹਾਂ ਸੰਘਰਸ਼ਾਂ ਰਾਹੀਂ ਹੀ ਲੋਕ ਆਪਣੇ ਹੋਰਨਾਂ ਹੱਕਾਂ ਦੇ ਨਾਲ ਨਾਲ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਵੀ ਬੁਲੰਦ ਕਰਨ ਦਾ ਮਹੱਤਵ ਗ੍ਰਹਿਣ ਕਰਦੇ ਹਨ। ਇਸ ਲਈ ਜਮਹੂਰੀ ਹੱਕਾਂ ਦੀ ਲਹਿਰ, ਸਾਡੇ ਸਮਾਜ 'ਚ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਸੰਘਰਸ਼ਸ਼ੀਲ ਲਹਿਰ ਦਾ ਬਹੁਤ ਗੁੰਦਵਾਂ ਅੰਗ ਬਣਦੀ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ 'ਚ ਮੌਜੂਦ ਬਹੁਗਿਣਤੀ ਕਿਰਤੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਲਹਿਰ ਜਮਹੂਰੀ ਹੱਕਾਂ 'ਤੇ ਹੋ ਰਹੇ ਹਮਲਿਆਂ ਦੇ ਇਸ ਦੌਰ 'ਚ ਜਮਹੂਰੀ ਹੱਕਾਂ ਦੀ ਲਹਿਰ ਨੂੰ ਇਸ ਪਹੁੰਚ ਦਾ ਪੂਰਾ ਥਹੁ ਪਾਉਣ ਦੀ ਜ਼ਰੂਰਤ ਹੈ।

ਪੰਜਾਬ ਦੇ ਬੀਤੇ ਦਹਾਕਿਆਂ ਦੇ ਲੋਕ ਸੰਘਰਸ਼ਾਂ ਨੇ ਲੋਕ ਮਨਾਂ 'ਚ ਅਜਿਹੇ ਬਹੁਤ ਬੀਜ ਖਿੰਡਾਏ ਹਨ ਜੋ ਸੱਚੀ ਜਮਹੂਰੀਅਤ ਦੀ ਉਸਾਰੀ ਲਈ ਬਹੁਤ ਮਹੱਤਤਾ ਰੱਖਦੇ ਹਨ। ਮੌਜੂਦਾ ਘੋਲ ਦੌਰਾਨ ਇਨ੍ਹਾਂ ਬੀਜਾਂ ਦਾ ਖਿੰਡਾਅ ਹੋਰ ਵੀ ਵਿਆਪਕ ਹੋਇਆ ਹੈ। ਇਨ੍ਹਾਂ ਬੀਜਾਂ ਨੇ ਆਉਂਦੇ ਸਮੇਂ 'ਚ ਲਾਜ਼ਮੀ ਪੁੰਗਰਨਾ ਹੈ। ਅਜਿਹੇ ਲੋਕ ਸੰਘਰਸ਼ਾਂ 'ਚ ਹੀ ਪੰਜਾਬ ਦਾ ਭਵਿੱਖ ਮੌਜੂਦ ਹੈ। ਚਾਹੇ ਉਥੋਂ ਤਕ ਪੁੱਜਣ ਲਈ ਇਨ੍ਹਾਂ ਨੇ ਅਜੇ ਲੰਮਾ ਸਫ਼ਰ ਤੈਅ ਕਰਨਾ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਰਕ ਪਰਮਿਟ ਵਾਲਿਆਂ ਦੇ ਹੱਕ ਵਿੱਚ ਕੈਲਗਰੀ ਤੋਂ ਆਵਾਜ਼ ਉਠੀ !

ਕੈਲਗਰੀ/ਮਾ. ਭਜਨ

ਕੈਲਗਰੀ ਵਿੱਚ ਪਿਛਲੇ ਕਈ ਸਾਲਾਂ ਤੋਂ ਲੋਕ ਪੱਖੀ ਮਸਲਿਆਂ ਲਈ ਵੱਖ-ਵੱਖ ਢੰਗਾਂ ਨਾਲ ਸੰਘਰਸ਼ੀਲ ਦੋ ਜਥੇਬੰਦੀਆਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ (ਕੈਲਗਰੀ) ਦੇ ਸੱਦੇ ਤੇ 7 ਦਸੰਬਰ ਨੂੰ ਸਿੱਖ ਵਿਰਸਾ ਦੇ ਦਫਤਰ ਵਿੱਚ 9 ਜਥੇਬੰਦੀਆਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਰਕ ਪਰਮਟਿ ਹੋਲਡਰਾਂ ਦੇ ਮਸਲਿਆਂ ਤੇ ਉਨ੍ਹਾਂ ਨਾਲ ਹੋਰ ਰਹੇ ਸੋਸ਼ਣ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ। ਇਸ ਮੌਕੇ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਮਾਸਟਰ ਭਜਨ ਸਿੰਘ ਤੇ ਪ੍ਰੋ: ਗੋਪਾਲ ਸਿੰਘ ਜੱਸਲ, ਸਿੱਖ ਵਿਰਸਾ ਵਲੋਂ ਹਰਚਰਨ ਸਿੰਘ ਪਰਹਾਰ, ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਵਲੋਂ ਬਲਕਾਰ ਸਿੰਘ ਸੰਧੂ, ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਜ਼ੋਰਾਵਰ ਬਾਂਸਲ ਤੇ ਦਵਿੰਦਰ ਮਲਹਾਂਸ, ਮੌਟਰੀ ਪਾਰਕ ਪੰਜਾਬੀ ਸੀਨੀਅਰ ਸੁਸਾਇਟੀ ਵਲੋਂ ਸੁਰਜੀਤ ਸਿੰਘ ਹੇਅਰ, ਰਾਈਟਰਜ਼ ਫੋਰਮ ਕੈਲਗਰੀ ਵਲੋਂ ਜਸਵੀਰ ਸਿੰਘ ਸਹੋਤਾ, ਯੰਗਸਤਾਨ ਵਲੋਂ ਸੁਖਵੀਰ ਸਿੰਘ ਗਰੇਵਾਲ, ਇੰਡੋ ਕਨੇਡੀਅਨ ਸੀਨੀਅਰ ਇਮੀਗਰੈਂਟ ਐਸੋਸੀਏਸ਼ਨ ਵਲੋਂ ਜਰਨੈਲ ਤੱਗੜ੍ਹ, ਲੋਕ ਸੱਥ ਰੇਡੀਓ ਵਲੋਂ ਡੈਨ ਸਿੱਧੂ ਤੋਂ ਇਲਾਵਾ ਮਾਸਟਰ ਪ੍ਰਿਤਪਾਲ ਸਿੰਘ ਮੱਲ੍ਹੀ ਤੇ ਉਨ੍ਹਾਂ ਦੀ ਪਤਨੀ ਨੇ ਭਾਗ ਲਿਆ।ਇਸ ਮੌਕੇ ਤੇ ਮੀਟਿੰਗ ਦੀ ਪ੍ਰਧਾਨਤਾ ਕਰਦੇ ਹੋਏ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਇੱਕ ਪਾਸੇ ਅੰਰਰਾਸ਼ਟਰੀ ਵਿਦਿਆਰਥੀਆਂ ਨੂੰ ਬਹੁਤ ਸਾਰੇ ਬਿਜਨੈਸਮੈਨਾਂ ਵਲੋਂ ਮਿਨੀਮਮ ਵੇਜ਼ ਤੋਂ ਵੀ ਅੱਧੀ ਤਨਖਾਹ ਦੇ ਕੇ ਤੇ ਵੱਧ ਘੰਟੇ ਕੰਮ ਕਰਾਇਆ ਜਾ ਰਿਹਾ ਹੈ, ਫਿਰ ਪੀ ਆਰ ਦਿਵਾਉਣ ਲਈ ਸਪੌਂਸਰਸ਼ਿਪਾਂ ਨੂੰ 40-60 ਹਜ਼ਾਰ ਵਿੱਚ ਵੇਚ ਕੇ ਵੱਡੀ ਪੱਧਰ ਤੇ ਸੋਸ਼ਣ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਪ੍ਰਾਈਵੇਟ ਕਾਲਿਜ਼ਾਂ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ 4-5 ਗੁਣਾਂ ਫੀਸ ਲੈ ਕੇ ਅੰਨ੍ਹੀ ਲੁੱਟ ਮਚਾਈ ਹੋਈ ਹੈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਲਦੀ ਵਕੀਲਾਂ ਦੀ ਸਲਾਹ ਨਾਲ ਇੱਕ ਪਟੀਸ਼ਨ ਤੇ ਮੰਗ ਪੱਤਰ ਤਿਆਰ ਕੀਤਾ ਜਾਵੇਗਾ, ਜਿਸਨੂੰ ਸ਼ਨੀਵਾਰ ਦਸੰਬਰ 14 ਨੂੰ ਸਿੱਖ ਵਿਰਸਾ ਦਫਤਰ ਵਿੱਚ ਸਾਰੀਆਂ ਜਥੇਬੰਦੀਆਂ ਦੀ ਦੁਬਾਰਾ ਬੁਲਾਈ ਗਈ ਮੀਟਿੰਗ ਵਿੱਚ ਵਿਚਾਰਨ ਉਪਰੰਤ ਕਨੇਡਾ ਦੇ ਸਾਰੇ ਐਮ ਪੀਜ਼ ਨੂੰ ਭੇਜਿਆ ਜਾਵੇਗਾ ਤਾਂ ਕਿ ਸਰਕਾਰ ਤੇ ਦਬਾਅ ਪਾਇਆ ਜਾ ਸਕੇ ਕਿ ਉਹ ਇੰਪਲਾਇਰ ਸਪੌਂਸਰਸ਼ਿਪ ਪ੍ਰੋਗਰਾਮ ਰੱਦ ਕਰਕੇ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨੂੰ ਪੱਕੇ ਕਰਨ ਦਾ ਕੰਮ ਆਪਣੇ ਹੱਥਾਂ ਵਿੱਚ ਲਵੇ ਅਤੇ ਪ੍ਰਾਈਵੇਟ ਸਕੂਲਾਂ ਤੇ ਸ਼ਿਕੰਜਾ ਕੱਸ ਕੇ ਫੀਸਾਂ ਰਾਹੀਂ ਹੋ ਰਹੀ ਲੁੱਟ ਬੰਦ ਕੀਤੀ ਜਾਵੇ। ਮੀਟਿੰਗ ਦੇ ਅਖੀਰ ਵਿੱਚ ਮਾਸਟਰ ਭਜਨ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਅਤੇ ਅਪੀਲ ਕੀਤੀ ਕਿ ਜਿਹੜੀਆਂ ਜਥੇਬੰਦੀਆਂ ਜਾਂ ਸੰਸਥਾਵਾਂ ਕਿਸੇ ਕਾਰਨ ਅੱਜ ਦੀ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋ ਸਕੀਆਂ, ਉਹ 14 ਦਸੰਬਰ ਦਿਨ ਸ਼ਨੀਵਾਰ 11 ਵਜੇ ਸਿੱਖ ਵਿਰਸਾ ਵਿੱਚ ਹੋ ਰਹੀ ਮੀਟਿੰਗ ਵਿੱਚ ਸ਼ਾਮਿਲ ਹੋ ਸਕਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਮ ਮਸਲਾ ਸਿਰਫ ਕੈਲਗਰੀ ਦਾ ਹੀ ਨਹੀਂ ਹੈ, ਇਸ ਲਈ ਕਨੇਡਾ ਦੀਆਂ ਸਾਰੀਆਂ ਲੋਕ ਪੱਖੀ ਸੰਸਥਾਵਾਂ ਨੂੰ ਵੀ ਆਪਣੇ ਆਪਣੇ ਪਲੈਟਫਾਰਮ ਤੋਂ ਇਹ ਆਵਾਜ ਬੁਲੰਦ ਕਰਨੀ ਚਾਹੀਦੀ ਹੈ ਅਤੇ ਇਸ ਲੁੱਟ ਦੇ ਪੀੜ੍ਹਤ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਭਾਰਤ ਸਰਕਾਰ ਵਲੋਂ ਮਨੁੱਖਤਾ ਵਿਰੋਧੀ ਨਾਗਰਿਕਤਾ ਸੋਧ ਬਿੱਲ ਪਾਸ ਕਰਨ ਦੀ ਨਿਖੇਧੀ !

ਕੈਲਗਰੀ/ਮਾ. ਭਜਨ

ਭਾਰਤ ਵਿੱਚ ਮੋਦੀ ਸਰਕਾਰ ਵਲੋਂ ਦੁਬਾਰਾ ਪੂਰਨ ਬਹੁਮਤ ਨਾਲ ਆਉਣ ਤੋਂ ਬਾਅਦ ਇੱਕ ਤੋਂ ਬਾਅਦ ਇੱਕ ਲੋਕ ਵਿਰੋਧੀ ਕਨੂੰਨ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਕਸ਼ਮੀਰ ਦਾ ਸਪੈਸ਼ਲ ਦਰਜਾ ਖਤਮ ਕਰਨ ਦੇ ਨਾਲ ਰਾਜ ਦਾ ਦਰਜਾ ਤੋੜਨਾ, ਬਾਬਰੀ ਮਸਜਿਦ ਢਾਹ ਕੇ ਮੰਦਰ ਬਣਾਉਣ ਦਾ ਹੁਕਮ ਚਾੜਨਾ ਤੇ ਹੁਣ ਨਾਗਰਿਕਤਾ ਸੋਧ ਬਿੱਲ ਪਾਸ ਕਰਨਾ। ਇਸ ਸਬੰਧੀ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਪ੍ਰੋਗਰੈਸਿਵ ਕਲਰਚਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਤੇ ਅਦਾਰਾ ਸਰੋਕਾਰਾਂ ਦੀ ਆਵਾਜ ਵਲੋਂ ਭਾਰਤ ਸਰਕਾਰ ਦੇ ਇਸ ਮਨੁੱਖਤਾ ਵਿਰੋਧੀ ਬਿੱਲ ਨੂੰ ਪਾਸ ਕਰਨ ਦੀ ਸਖਤ ਨਿਖੇਧੀ ਕੀਤੀ ਗਈ।ਇਸ ਬਿੱਲ ਦੇ ਕਨੂੰਨ ਬਣਨ ਨਾਲ ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾ ਦੇਸ਼ ਤੋਂ ਮੁਸਲਿਮ ਧਰਮ ਨਾਲ ਸਬੰਧਤ ਜ਼ੁਲਮਾਂ ਦੇ ਸਤਾਏ ਲੋਕਾਂ ਨੂੰ ਭਾਰਤ ਸ਼ਰਨ ਨਹੀਂ ਦੇਵੇਗਾ।ਇਸ ਤਰ੍ਹਾਂ ਧਰਮ ਅਧਾਰਿਤ ਸ਼ਨਾਖਤ ਕਰਕੇ ਕਿਸੇ ਵਿਅਕਤੀ ਨੂੰ ਸ਼ਰਨਾਰਥੀ ਨਾ ਮੰਨਣਾ ਨਾ ਸਿਰਫ ਮਨੁੱਖਤਾ ਵਿਰੋਧੀ ਹੈ, ਸਗੋਂ ਇਹ ਭਾਰਤ ਦੇ ਸੈਕੂਲਰ ਸੰਵਿਧਾਨ ਦੀ ਭਾਵਨਾ ਦੇ ਵੀ ਉਲਟ ਹੈ, ਜੋ ਹਰ ਕਿਸੇ ਵਿਅਕਤੀ ਨੂੰ ਬਿਨਾਂ ਕਿਸੇ ਜਾਤ, ਧਰਮ, ਨਸਲ, ਲਿੰਗ ਦੇ ਵਿਤਕਰੇ ਦੇ ਸਨਮਾਨ ਦਿੰਦਾ ਹੈ।ਬਿਆਨ ਵਿੱਚ ਅੱਗੇ ਕਿਹਾ ਗਿਆ ਕਿ ਇਸਲਾਮਿਕ ਦੇਸ਼ਾਂ ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾ ਦੇਸ਼ ਆਦਿ ਵਿੱਚ ਇਸਲਾਮ ਧਰਮ ਨਾਲ ਸਬੰਧਤ ਛੋਟੇ ਫਿਰਕਿਆਂ (ਅਹਿਮਦੀਆ, ਸ਼ੀਆ, ਇਸਮਾਈਲੀ, ਸੂਫੀ ਆਦਿ) ਤੇ ਧਰਮ ਨੂੰ ਨਾ ਮੰਨਣ ਵਾਲੇ ਲੋਕਾਂ ਨਾਲ ਅਕਸਰ ਜ਼ਬਰ ਜ਼ੁਲਮ ਹੁੰਦਾ ਹੈ ਤੇ ਅਜਿਹੇ ਵਿੱਚ ਇਨ੍ਹਾਂ ਫਿਰਕਿਆਂ ਨਾਲ ਸਬੰਧਤ ਲੋਕਾਂ ਨੂੰ ਸ਼ਰਨਾਰਥੀ ਨਾ ਮੰਨਣਾ ਮਾਨਵਤਾ ਵਿਰੋਧੀ ਹੋਵੇਗਾ।ਇਸ ਨਾਲ ਇਨ੍ਹਾਂ ਦੇਸ਼ਾਂ ਵਿੱਚ ਵਸਦੇ ਦੂਜੇ ਧਰਮਾਂ ਜਾਂ ਧਰਮਾਂ ਨੂੰ ਨਾ ਮੰਨਣ ਵਾਲੇ ਘੱਟ ਗਿਣਤੀ ਲੋਕਾਂ ਨਾਲ ਧੱਕਾ ਹੋਣ ਦੇ ਆਸਾਰ ਵੱਧ ਜਾਣਗੇ।ਅੱਜ ਦਾ ਇਹ ਕਨੂੰਨ ਪਾਸ ਹੋਣ ਦੇ ਨਾਲ ਭਾਜਪਾ ਲਈ ਸੈਕੂਲਰ ਤੇ ਸੋਸ਼ਲਿਸਟ ਰਿਪਬਲਿਕ ਭਾਰਤ ਗਣਰਾਜ ਦਾ ਸੰਵਿਧਾਨ ਬਦਲਣ ਲਈ ਦਾ ਰਾਹ ਵੀ ਖੁੱਲ੍ਹ ਗਿਆ ਹੈ।ਜਿਸ ਤਹਿਤ ਉਹ ਜਲਦੀ ਆਪਣੇ ਅਸਲੀ ਏਜੰਡੇ ਭਾਰਤ ਨੂੰ ਧਰਮ ਅਧਾਰਿਤ ਹਿੰਦੂ ਰਾਸ਼ਟਰ ਬਣਾਉਣ ਲਈ ਬੇਜਿਝਕ ਹੋਰ ਸੋਧਾਂ ਕਰਨਗੇ।ਉਨ੍ਹਾਂ ਭਾਰਤ ਸਮੇਤ ਦੁਨੀਆਂ ਭਰ ਦੇ ਮਨੁੱਖਤਾ ਪੱਖੀ, ਸੈਕੂਲਰ ਤੇ ਜਮਹੂਰੀ ਲੋਕਾਂ ਨੂੰ ਆਉਣ ਵਾਲੇ ਖਤਰਿਆਂ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ।

ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਧਰਮ ਦੀ 21ਵੀਂ ਸਦੀ ਵਿੱਚ ਪ੍ਰਸੰਗਕਿਤਾ !

ਕੀ ਧਰਮ ਸਾਡੇ ਲਈ ਅੱਜ ਕੋਈ ਪ੍ਰੇਰਨਾ ਸ੍ਰੋਤ ਬਣ ਸਕਦਾ ਹੈ? ਅੱਜ ਜਦੋਂ ਸਰਮਾਏਦਾਰੀ ਤੇ ਸਿਆਸਤ ਦਾ ਨਾਪਾਕ ਗੱਠਜੋੜ ਮਨੁੱਖਤਾ ਦੀ ਹੋਂਦ ਲਈ ਖਤਰਾ ਬਣ ਚੁੱਕਾ ਹੈ ਤਾਂ ਕੀ ਅਜਿਹੇ ਸਮੇਂ ਵਿੱਚ ਧਰਮ ਕੋਈ ਭੂਮਿਕਾ ਨਿਭਾ ਸਕਦਾ ਹੈ? ਬੇਸ਼ੱਕ ਆਮ ਧਾਰਮਿਕ ਲੋਕ ਕਹਿਣਗੇ ਕਿ ਧਰਮ ਗ੍ਰੰਥ ਅਜਿਹੀ ਭੂਮਿਕਾ ਨਿਭਾਉਣ ਦੇ ਸਮਰੱਥ ਹਨ, ਪਰ ਕੀ ਧਰਮਾਂ ਤੇ ਕਾਬਜ਼ ਪੁਜਾਰੀ ਸ਼੍ਰੇਣੀ ਅਜਿਹੀ ਭੂਮਿਕਾ ਨਿਭਾਉਣ ਦੇਵੇਗੀ?

ਜਦੋਂ ਵੀ ਧਰਮ ਦੀ ਗੱਲ ਹੁੰਦੀ ਹੈ ਤਾਂ ਸਾਡੇ ਦਿਮਾਗ ਵਿੱਚ ਉਨ੍ਹਾਂ 10-15 ਵੱਡੇ ਧਾਰਮਿਕ ਫਿਰਕਿਆਂ ਜਾਂ ਉਨ੍ਹਾਂ ਵਿਚੋਂ ਨਿਕਲੇ 200-400 ਛੋਟੇ ਫਿਰਕਿਆਂ ਦਾ ਵਿਚਾਰ ਆਉਂਦਾ ਹੈ। ਅਸੀਂ ਇਨ੍ਹਾਂ ਛੋਟੇ-ਵੱਡੇ ਫਿਰਕਿਆਂ ਨੂੰ ਧਰਮ ਸਮਝਦੇ ਹਾਂ। ਇਨ੍ਹਾਂ ਵਿੱਚ ਧਰਮ ਦਾ ਅੰਸ਼ ਹੋ ਸਕਦਾ ਹੈ, ਪਰ ਇਹ ਆਪਣੇ ਆਪ ਵਿੱਚ ਧਰਮ ਨਹੀਂ ਹਨ। ਇਨ੍ਹਾਂ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਆਸਥਾ ਰੱਖਣ ਵਾਲਿਆਂ ਜਾਂ ਇਨ੍ਹਾਂ ਵਲੋਂ ਸਿਰਜੇ ਗਏ ਰੱਬ ਦੇ ਸੰਕਲਪ ਨੂੰ ਮੰਨਣ ਵਾਲਿਆਂ ਨੂੰ ਧਰਮੀ ਤੇ ਆਸਤਿਕ ਅਤੇ ਨਾ ਮੰਨਣ ਵਾਲਿਆਂ ਨੂੰ ਅਧਰਮੀ ਤੇ ਨਾਸਤਿਕ ਕਿਹਾ ਜਾਂਦਾ ਹੈ। ਜਦਕਿ ਰੱਬ ਨੂੰ ਮੰਨਣ ਜਾਂ ਨਾ ਮੰਨਣ ਦਾ ਧਰਮੀ ਜਾਂ ਆਸਤਿਕ ਹੋਣ ਨਾਲ ਕੋਈ ਸਬੰਧ ਨਹੀਂ ਹੈ।ਨਾ ਰੱਬ ਨੂੰ ਮੰਨਣ ਵਾਲੇ ਸਾਰੇ ਧਰਮੀ ਤੇ ਆਸਤਿਕ ਹੁੰਦੇ ਹਨ ਅਤੇ ਨਾ ਹੀ ਨਾ ਮੰਨਣ ਵਾਲੇ ਸਾਰੇ ਅਧਰਮੀ ਤੇ ਨਾਸਤਿਕ ਹੀ ਹੁੰਦੇ ਹਨ। ਇਹ ਧਰਮਾਂ ਦੇ ਪੁਜਾਰੀਆਂ ਵਲੋਂ ਫੈਲਾਈ ਹੋਈ ਅਗਿਆਨਤਾ ਹੈ, ਜਿਸਦਾ ਅਸੀਂ ਸਾਰੇ ਸ਼ਿਕਾਰ ਹਾਂ। ਧਰਮ ਦੀ ਸ਼ੁਰੂਆਤ ਕਦੋਂ ਹੋਈ ਜਾਂ ਧਰਮ ਜਥੇਬੰਦਕ ਕਦੋਂ ਹੋਂਦ ਵਿੱਚ ਆਏ, ਇਸ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਗੱਲ ਪੱਕੀ ਹੈ ਕਿ ਧਰਮ ਦਾ ਜਨਮ ਮਨੁੱਖੀ ਮਨ ਦੇ ਡਰ ਵਿੱਚੋਂ ਪੈਦਾ ਹੋਇਆ, ਜਿਸਨੂੰ ਬਾਅਦ ਵਿੱਚ ਲਾਲਚ ਨਾਲ ਵੀ ਜੋੜ ਦਿੱਤਾ ਗਿਆ।ਅੱਜ ਹਜਾਰਾਂ ਸਾਲ ਬਾਅਦ ਵੀ ਜਥੇਬੰਧਕ ਧਰਮ ਡਰ ਤੇ ਲਾਲਚ ਦੇ ਅਧਾਰ ਤੇ ਚੱਲਦੇ ਹਨ। ਜਦੋਂ ਤੱਕ ਮਨੁੱਖ ਅੰਦਰ ਕੁਦਰਤ ਤੇ ਉਸਦੀਆਂ ਸ਼ਕਤੀਆਂ ਦਾ ਡਰ ਅਤੇ ਉਨ੍ਹਾਂ ਤੋਂ ਕਿਸੇ ਪੂਜਾ-ਪਾਠ ਨਾਲ ਕੁਝ ਪ੍ਰਾਪਤ ਕਰਨ (ਚਮਤਕਾਰ ਹੋਣ) ਦਾ ਲਾਲਚ ਬਣਿਆ ਰਹੇਗਾ, ਪੁਜਾਰੀਆਂ ਦੇ ਧਰਮ ਚੱਲਦੇ ਰਹਿਣਗੇ। ਹਵਾ, ਅੱਗ, ਪਾਣੀ, ਹਨ੍ਹੇਰੀਆਂ, ਤੂਫਾਨ, ਭੂਚਾਲ, ਬਿਜਲੀ ਆਦਿ ਵਰਗੀਆਂ ਕੁਦਰਤੀ ਸ਼ਕਤੀਆਂ ਤੇ ਕੁਦਰਤੀ ਆਫਤਾਂ ਨੇ ਜਿਥੇ ਸ਼ੁਰੂ ਵਿੱਚ ਮਨੁੱਖੀ ਮਨ ਵਿੱਚ ਡਰ ਪੈਦਾ ਕੀਤਾ, ਉਥੇ ਬਾਅਦ ਵਿੱਚ ਖੋਜੀ ਬਿਰਤੀ ਵੀ ਪੈਦਾ ਹੋਈ। ਜਿਥੇ ਡਰ ਤੇ ਲਾਲਚ ਨੇ ਧਰਮ ਨੂੰ ਜਨਮ ਦਿੱਤਾ ਅਤੇ ਉਥੇ ਖੋਜ ਨੇ ਵਿਗਿਆਨ ਨੂੰ ਜਨਮ ਦਿੱਤਾ। ਧਰਮ ਦਾ ਸੱਚਾ ਗਿਆਨ ਤੇ ਵਿਗਿਆਨ ਹੀ ਮਨੁੱਖ ਨੂੰ ਅਗਿਆਨਤਾ ਦੇ ਅੰਧਕਾਰ ਵਿੱਚੋਂ ਕੱਢ ਸਕਦਾ ਹੈ। ਜਦੋਂ ਮਨੁੱਖ ਨੇ ਜੰਗਲੀ ਜੀਵਨ ਤੋਂ ਬਾਅਦ ਝੁੰਡਾਂ ਤੇ ਕਬੀਲਿਆਂ ਵਿੱਚ ਰਹਿਣਾ ਸ਼ੁਰੂ ਕੀਤਾ ਅਤੇ ਸਮਾਜ ਦੀ ਸਿਰਜਨਾ ਸ਼ੁਰੂ ਕੀਤੀ ਤਾਂ ਤਾਕਤਵਰ ਵਿਅਕਤੀ ਕਬੀਲਿਆਂ ਦੇ ਸਰਦਾਰ ਤੇ ਰਾਖੇ ਬਣ ਗਏ ਅਤੇ ਇਥੋਂ ਮਨੁੱਖ ਨੂੰ ਸਰੀਰਕ ਤੌਰ 'ਤੇ ਕੰਟਰੋਲ ਕਰਨ ਦਾ ਕੰਮ ਆਰੰਭ ਹੋ ਗਿਆ। ਇਹੀ ਲੋਕ ਬਾਅਦ ਵਿੱਚ ਸਰਦਾਰ, ਜਗਰੀਦਾਰ, ਰਾਜੇ-ਮਹਾਰਾਜੇ ਤੇ ਅੱਜ ਸਿਆਸਤਦਾਨ ਹਨ।ਦੂਜੇ ਪਾਸੇ ਉਨ੍ਹਾਂ ਸਮਿਆਂ ਵਿੱਚ ਹੀ ਦਿਮਾਗੀ ਤੌਰ ਤੇ ਚੇਤੰਨ ਲੋਕਾਂ ਨੇ ਮਨੁੱਖ ਨੂੰ ਇਨ੍ਹਾਂ ਕੁਦਰਤੀ ਸ਼ਕਤੀਆਂ ਤੇ ਆਫਤਾਂ ਦੇ ਡਰ ਤੋਂ ਬਚਾਉਣ ਅਤੇ ਉਨ੍ਹਾਂ ਦੀ ਪੂਜਾ ਰਾਹੀਂ ਕੁਝ ਪ੍ਰਾਪਤ ਕਰਕੇ ਦੇਣ ਦੇ ਨਾਮ ਹੇਠ ਮਾਨਸਿਕ ਗੁਲਾਮ ਬਣਾਉਣਾ ਸ਼ੁਰੂ ਕਰ ਦਿੱਤਾ, ਜਿਥੋਂ ਧਰਮ ਦੀ ਸ਼ੁਰੂਆਤ ਹੋਈ। ਇਹੀ ਲੋਕ ਬਾਅਦ ਵਿੱਚ ਧਰਮਾਂ ਦੇ ਪੁਜਾਰੀ ਤੇ ਵਿਦਵਾਨ (ਪੰਡਤ) ਬਣੇ ਤੇ ਅੱਜ ਤੱਕ ਧਰਮ ਦੇ ਨਾਮ ਤੇ ਕਾਬਿਜ ਹਨ, ਇਨ੍ਹਾਂ ਨੇ ਨੇ ਹੀ ਬਾਅਦ ਵਿੱਚ ਧਰਮਾਂ ਨੂੰ ਜਥੇਬੰਦਕ ਰੂਪ ਦੇ ਕੇ ਆਪਣੀ ਸਰਦਾਰੀ ਕਾਇਮ ਕੀਤੀ। ਇਨ੍ਹਾਂ ਦੋਨਾਂ ਦੇ ਭੇੜ ਵਿੱਚੋਂ ਹੀ ਤੀਜੀ ਸਰਮਾਏਦਾਰ ਧਿਰ ਦਾ ਜਨਮ ਹੋਇਆ, ਜਿਸਨੇ ਪੈਦਾਵਾਰ ਦੇ ਕੁਦਰਤੀ ਸਾਧਨਾਂ ਤੇ ਕਬਜ਼ੇ ਕਰ ਲਏ ਅਤੇ ਉਨ੍ਹਾਂ ਆਮ ਲੋਕਾਂ ਸਮੇਤ ਪੁਜਾਰੀਆਂ ਤੇ ਸਿਆਸਤਾਦਾਨਾਂ ਨੂੰ ਵੀ ਆਪਣੇ ਗੁਲਾਮ ਬਣਾ ਲਿਆ। ਲਿਖਤੀ ਮਨੁੱਖੀ ਇਤਿਹਾਸ ਦੇ 5000 ਸਾਲਾਂ ਵਿੱਚ ਸਿਆਸਤਦਾਨ, ਪੁਜਾਰੀ ਤੇ ਸਰਮਾਏਦਾਰ ਹੀ ਆਮ ਲੋਕਾਂ ਤੇ ਆਪਣੀ ਤਾਕਤ ਤੇ ਦਿਮਾਗ ਨਾਲ ਕਾਬਿਜ ਹਨ ਅਤੇ ਲੋਕਾਂ ਨੂੰ ਗੁਲਾਮ ਬਣਾਇਆ ਹੋਇਆ ਹੈ। ਅੱਜ ਦੇ ਲੇਖ ਵਿੱਚ ਅਸੀਂ ਗੱਲ ਸਿਰਫ ਧਰਮਾਂ ਬਾਰੇ ਹੀ ਕਰਾਂਗੇ। ਜੇ ਧਰਮਾਂ ਦਾ ਜਥੇਬੰਦਕ ਇਤਿਹਾਸ ਦੇਖਦੇ ਹਾਂ ਤਾਂ ਧਰਮਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ। ਇੱਕ ਪੱਛਮੀ ਧਰਮ ਤੇ ਦੂਜੇ ਪੂਰਬੀ ਧਰਮ। ਪੂਰਬੀ ਧਰਮਾਂ ਦੀ ਸ਼ੁਰੂਆਤ ਭਾਰਤ ਵਿੱਚੋਂ ਹੀ ਮੰਨੀ ਜਾਂਦੀ ਹੈ। ਹਿੰਦੂ, ਜੈਨੀ, ਬੋਧੀ, ਸਿੱਖ ਆਦਿ ਇਸ ਖਿੱਤੇ ਵਿੱਚ ਪੈਦਾ ਹੋਏ ਪੂਰਬੀ ਧਰਮ ਹਨ। ਪੱਛਮੀ ਧਰਮ ਪੱਛਮ ਦੇ ਨਾ ਹੋ ਕੇ ਮਿਡਲ ਈਸਟ ਵਿੱਚ ਪੈਦਾ ਹੋਏ ਧਰਮ ਹਨ, ਜਿਨ੍ਹਾਂ ਵਿੱਚ ਯਹੂਦੀ, ਪਾਰਸੀ, ਇਸਾਈ ਤੇ ਇਸਲਾਮ ਪ੍ਰਮੁੱਖ ਹਨ। ਅੱਗੇ ਇਨ੍ਹਾਂ ਸਾਰੇ ਵੱਡੇ ਜਥੇਬੰਦਕ ਧਰਮਾਂ ਦੇ ਸੈਂਕੜੇ ਛੋਟੇ ਫਿਰਕੇ ਹਨ। ਜੇ ਇਨ੍ਹਾਂ ਸਾਰੇ ਧਰਮਾਂ ਦਾ ਇਤਿਹਾਸ ਦੇਖੋ ਤਾਂ ਧਰਮ ਦੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਅੱਕ ਕੇ ਕੋਈ ਧਾਰਮਿਕ ਲੀਡਰ ਉਨ੍ਹਾਂ ਖਿਲਾਫ ਬਗਾਵਤ ਕਰਦਾ ਸੀ, ਫਿਰ ਬਾਅਦ ਵਿੱਚ ਜੇ ਉਸਦੀ ਲਹਿਰ ਕਾਮਯਾਬ ਹੋ ਜਾਂਦੀ ਸੀ ਤਾਂ ਉਸਦੀ ਮੌਤ ਤੋਂ ਬਾਅਦ ਪੁਰਾਣੇ ਧਰਮ ਵਾਲੇ ਪੁਜਾਰੀ ਕਾਬਿਜ਼ ਹੋ ਕੇ ਨਵਾਂ ਧਰਮ ਬਣਾ ਲੈਂਦੇ ਸਨ। ਯਹੂਦੀਆਂ, ਇਸਾਈਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਸਿੱਖਾਂ ਦਾ ਇਹੀ ਇਤਿਹਾਸ ਹੈ। ਯਹੂਦੀਆਂ ਦਾ ਪਹਿਲਾ ਪੈਗੰਬਰ ਇਮਰਾਹਮ, ਇੱਕ ਇਨਕਲਾਬੀ ਪੁਰਸ਼ ਸੀ, ਜਿਸਨੇ ਆਪਣੇ ਪੁਰਖਿਆਂ ਦੀ ਧਰਤੀ ਨੂੰ ਆਜ਼ਾਦ ਕਰਾਉਣ ਲਈ ਮੁਹਿੰਮ ਸ਼ੁਰੂ ਕੀਤੀ ਸੀ, ਬਾਅਦ ਵਿੱਚ ਉਸਦੇ ਨਾਮ ਤੇ ਯਹੂਦੀ ਧਰਮ ਸ਼ੁਰੂ ਹੋਇਆ। ਇਸੇ ਯਹੂਦੀ ਧਰਮ ਦੇ ਪੁਜਾਰੀਆਂ ਖਿਲਾਫ ਲੜਨ ਵਾਲੇ ਜੀਸਸ ਨੂੰ ਪੁਜਾਰੀਆਂ ਨੇ ਰੋਮਨ ਸਲਤਨਤ ਨਾਲ ਰਲ਼ ਕੇ ਸ਼ਹੀਦ ਕੀਤਾ। ਫਿਰ ਉਸਦੇ ਨਾਮ ਤੇ ਸ਼ੁਰੂ ਹੋਏ ਇਸਾਈ ਧਰਮ ਨੇ ਵੀ ਜਥੇਬੰਦਕ ਹੋ ਕੇ ਲੋਕਾਂ ਨੂੰ ਗੁਲਾਮ ਬਣਾਉਣ ਦੇ ਕੰਮ ਕਰਨ ਸ਼ੁਰੂ ਕਰ ਦਿੱਤੇ। ਇਸੇ ਤਰ੍ਹਾਂ ਅਰਬ ਵਿੱਚ ਪੈਦਾ ਹੋਏ ਮੁਹੰਮਦ ਸਾਹਿਬ ਵੀ ਆਪਣੇ ਸਮੇਂ ਦੇ ਇੱਕ ਇਨਕਲਾਬੀ ਪੁਰਸ਼ ਸਨ, ਜਿਨ੍ਹਾਂ ਨੇ ਉਸ ਸਮੇਂ ਦੇ ਪੱਥਰਾਂ, ਮੂਰਤੀਆਂ, ਹੋਰ ਕੁਦਰਤੀ ਸ਼ਕਤੀਆਂ ਨੂੰ ਪੂਜਣ ਵਾਲੇ ਧਰਮਾਂ ਖਿਲਾਫ ਬਗਾਵਤ ਕਰਕੇ ਇੱਕ ਅੱਲ੍ਹਾ ਦਾ ਸੰਕਲਪ ਪੇਸ਼ ਕੀਤਾ। ਬਾਅਦ ਵਿੱਚ ਉਨ੍ਹਾਂ ਦੇ ਨਾਮ ਤੇ ਇਸਲਾਮ (ਮੁਸਲਮਾਨ) ਧਰਮ ਪੈਦਾ ਹੋਇਆ। ਉਨ੍ਹਾਂ ਦਾ ਬਾਅਦ ਦਾ ਇਤਿਹਾਸ ਵੀ ਇਸੇ ਤਰ੍ਹਾਂ ਦਾ ਹੈ ਕਿਵੇਂ ਮੌਕੇ ਦੇ ਹੁਕਮਰਾਨਾਂ ਨੇ ਇਹ ਧਰਮ ਅਪਨਾ ਕੇ ਧਰਮ ਨੂੰ ਵਰਤਿਆ ਅਤੇ ਦੁਨੀਆਂ ਤੇ ਕਬਜੇ ਕਰਨ ਦੇ ਮਨਸੂਬਿਆਂ ਨਾਲ ਅਰਬ ਤੇ ਸਾਊਥ ਏਸ਼ੀਆ ਵਿੱਚ ਵਹਿਸ਼ੀ ਜ਼ੁਲਮ ਕੀਤੇ। ਭਾਰਤ ਦਾ ਇੱਕ ਹਜ਼ਾਰ ਸਾਲ ਦਾ ਖੂਨੀ ਇਤਿਹਾਸ ਇਸਲਾਮ ਦੇ ਨਾਮ ਤੇ ਧਰਮ ਦਾ ਰਾਜ ਸਥਾਪਤ ਕਰਨ ਦੀ ਗਵਾਹੀ ਭਰਦਾ ਹੈ। ਅਰਬ ਵਿੱਚ ਇਸਲਾਮ ਦੀ ਚੜ੍ਹਤ ਦੌਰਾਨ ਪੱਛਮੀ ਦੇਸ਼ਾਂ ਦੇ ਹੁਕਮਰਾਨਾਂ ਨੇ ਇਸਾਈਅਤ ਨੂੰ ਅਪਨਾ ਲਿਆ। ਫਿਰ ਇਸਲਾਮ ਤੇ ਇਸਾਈਅਤ ਦੀਆਂ 4-5 ਸੌ ਸਾਲਾਂ ਦੀਆਂ ਕਰੂਸੇਡ ਦੇ ਨਾਮ ਤੇ ਹੋਈਆਂ ਖੂਨੀ ਜੰਗਾਂ ਦਾ ਇਤਿਹਾਸ ਮਨੁੱਖਤਾ ਦੀ ਤਬਾਹੀ ਦੀ ਮੂੰਹ ਬੋਲਦੀ ਤਸਵੀਰ ਹੈ। ਭਾਰਤ ਵਿੱਚ ਵੈਦਿਕ ਜਾਂ ਸਨਾਤਨੀ ਧਰਮ ਨੇ ਕਦੇ ਵੀ ਪੱਛਮ ਦੇ ਧਰਮਾਂ ਵਰਗਾ ਜਥੇਬੰਦਕ ਰੂਪ ਨਹੀਂ ਲਿਆ। ਪਰ ਹੁਣ ਆਰ ਐਸ ਐਸ ਵਰਗੀਆਂ ਜਥੇਬੰਦੀਆਂ ਇਸਨੂੰ 'ਹਿੰਦੂਤਵਾ' ਦੇ ਨਾਮ ਤੇ ਜਥੇਬੰਦਕ ਰੂਪ ਦੇ ਰਹੀਆਂ ਹਨ। ਪਰ ਇਸ ਵਿੱਚੋਂ ਨਿਕਲੇ ਬੁੱਧ, ਜੈਨ, ਸਿੱਖ ਆਦਿ ਨੇ ਜਲਦੀ ਜਥੇਬੰਦਕ ਧਰਮਾਂ ਦਾ ਰੂਪ ਲੈ ਲਿਆ। ਜਿਨ੍ਹਾਂ ਨੂੰ ਬ੍ਰਾਹਮਣਵਾਦੀ ਸੋਚ ਵਾਲੇ ਪੁਜਾਰੀਆਂ ਨੇ ਕਦੇ ਬਰਦਾਸ਼ਤ ਨਹੀਂ ਕੀਤਾ ਤੇ ਇਨ੍ਹਾਂ ਨੂੰ ਨਿਗਲਣ ਦੇ ਹਰ ਹਰਬੇ ਵਰਤਦੇ ਰਹੇ ਹਨ, ਜਿਸਦੇ ਨਤੀਜੇ ਵਜੋਂ ਬੁੱਧ, ਜੈਨ ਤੇ ਸਿੱਖ, ਬ੍ਰਾਹਮਣਵਾਦ ਦੀਆਂ ਬਰਾਂਚਾਂ ਬਣ ਕੇ ਰਹਿ ਗਏ ਹਨ, ਬੇਸ਼ਕ ਦੇਖਣ ਨੂੰ ਇਹ ਵੱਖਰੇ-ਵੱਖਰੇ ਧਰਮ ਹਨ। ਬੁੱਧ ਆਪਣੇ ਸਮੇਂ ਦੇ ਇਨਕਲਾਬੀ ਮਹਾਂਪੁਰਸ਼ ਸਨ ਅਤੇ ਦਸ ਗੁਰੂਆਂ ਸਾਹਿਬਾਨ ਨੇ ਧਰਮ ਨੂੰ ਇੱਕ ਨਵਾਂ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ, ਬੇਸ਼ਕ ਇਸ ਲਈ ਉਨ੍ਹਾਂ ਨੂੰ ਆਪਣੇ ਸਮਿਆਂ ਵਿੱਚ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ।

ਜਿਥੇ ਜਥੇਬੰਦਕ ਧਰਮਾਂ ਨੇ ਸਿਆਸਤਦਾਨਾਂ ਤੇ ਸਰਮਾਏਦਾਰਾਂ ਨਾਲ ਰਲ਼ ਕੇ ਇਤਿਹਾਸ ਵਿੱਚ ਲੋਕ ਵਿਰੋਧੀ ਤੇ ਨਾਕਰਾਤਮ ਰੋਲ਼ ਅਦਾ ਕੀਤਾ ਹੈ। ਉਥੇ ਮਨੁੱਖ ਦੀ ਚੇਤੰਨਤਾ ਨੂੰ ਖੁੰਡਾ ਕਰਨ ਲਈ ਸਾਰੇ ਯਤਨ ਕੀਤੇ ਗਏ। ਮਨੁੱਖ ਨੂੰ ਅਗਿਆਨਤਾ ਤੇ ਅੰਧ ਵਿਸ਼ਵਾਸ਼ ਵਿੱਚ ਫਸਾ ਕੇ ਰੱਖਣ ਵਿੱਚ ਧਾਰਮਿਕ ਪੁਜਾਰੀਆਂ ਦਾ ਅਹਿਮ ਰੋਲ ਰਿਹਾ ਹੈ ਤੇ ਅੱਜ ਵੀ ਉਸੇ ਤਰ੍ਹਾਂ ਹੈ। ਜਥੇਬੰਦਕ ਧਰਮਾਂ ਵਿੱਚ ਅਨੇਕਾਂ ਨਕਲੀ ਧਰਮ ਮੌਜੂਦ ਹਨ, ਜੋ ਲੋਕਾਂ ਨੂੰ ਧਰਮ ਦੇ ਨਾਮ ਤੇ ਗੁੰਮਰਾਹ ਕਰਕੇ, ਜਿਥੇ ਆਪਣਾ ਧਰਮ ਅਧਾਰਿਤ ਧੰਦਾ ਚਲਾ ਰਹੇ ਹਨ, ਉਥੇ ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਵੀ ਹੱਥਠੋਕੇ ਬਣੇ ਹੋਏ ਹਨ। ਬੇਸ਼ੱਕ ਦੇਖਣ ਨੂੰ ਉਨ੍ਹਾਂ ਦਾ ਪ੍ਰਚਾਰ ਮਨੁੱਖਤਾਵਾਦੀ ਤੇ ਲੋਕ ਭਲਾਈ ਵਾਲਾ ਲਗਦਾ ਹੈ, ਪਰ ਹੁੰਦਾ ਇਸ ਢੰਗ ਨਾਲ ਹੈ ਕਿ ਲੋਕ ਫੋਕਟ ਕਰਮਕਾਂਡਾਂ, ਝੂਠੇ ਪੂਜਾ-ਪਾਠ, ਧਾਰਮਿਕ ਚਿੰਨ੍ਹਾਂ, ਧਾਰਮਿਕ ਮਰਿਯਾਦਾਵਾਂ ਆਦਿ ਦੇ ਚੱਕਰ ਵਿੱਚ ਹੀ ਫਸੇ ਰਹਿਣ ਤੇ ਲੋਕ ਵਿਰੋਧੀ ਹਾਕਮਾਂ ਤੇ ਸਰਮਾਏਦਾਰਾਂ ਖਿਲਾਫ ਲਾਮਬੰਦ ਨਾ ਹੋਣ, ਜਾਗਰੂਕ ਨਾ ਹੋਣ। ਉਹ ਅਜਿਹਾ ਕਰਨ ਵੀ ਕਿਉਂ ਨਾ, ਜਿਨ੍ਹਾਂ ਦਾ ਧੰਦਾ, ਲੋਕਾਂ ਦੀ ਅਗਿਆਨਤਾ ਅਤੇ ਉਨ੍ਹਾਂ ਨੂੰ ਮੂਰਖ ਬਣਾ ਕੇ ਚੱਲਦਾ ਹੋਵੇ, ਉਹ ਲੋਕਾਂ ਨੂੰ ਸੂਝਵਾਨ ਕਿਉਂ ਬਣਾਉਣਗੇ ਜਾਂ ਬਣਨ ਦੇਣਗੇ? ਇਹੀ ਵਜ੍ਹਾ ਹੈ ਕਿ ਜਦੋਂ ਖੋਜੀ ਪੁਰਸ਼ਾਂ ਨੇ ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਵਿਗਿਆਨਕ ਖੋਜਾਂ ਸ਼ੁਰੂ ਕੀਤੀਆਂ ਤਾਂ ਜਥੇਬੰਦਕ ਧਰਮਾਂ ਵਲੋਂ ਬਣਾਈਆਂ ਝੂਠੀਆਂ ਤੇ ਨਕਲੀ ਕਰਾਮਤੀ ਕਥਾ ਕਹਾਣੀਆਂ ਚੈਲਿੰਜ ਹੋਣ ਲੱਗੀਆਂ। ਉਨ੍ਹਾਂ ਨੇ ਸੱਚ ਨੂੰ ਪ੍ਰਵਾਨ ਕਰਨ ਦੀ ਥਾਂ ਹਮੇਸ਼ਾਂ ਵਿਗਿਆਨ ਦਾ ਵਿਰੋਧ ਕੀਤਾ। ਅੱਜ ਵੀ ਬਹੁਤੇ ਧਾਰਮਿਕ ਪ੍ਰਚਾਰਕ ਵਿਗਿਆਨੀਆਂ ਦੀਆਂ ਕਈ ਕਈ ਸਾਲਾਂ ਦੀਆਂ ਖੋਜਾਂ ਨਾਲ ਬਣਾਈਆਂ ਸਭ ਚੀਜਾਂ ਆਪਣੇ ਨਿੱਜੀ ਜੀਵਨ ਅਤੇ ਧਰਮ ਅਸਥਾਨਾਂ ਵਿੱਚ ਵਰਤਦੇ ਹਨ, ਪਰ ਉਨ੍ਹਾਂ ਖਿਲਾਫ ਭੰਡੀ ਪ੍ਰਚਾਰ ਵੀ ਜਾਰੀ ਰੱਖਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇ ਲੋਕਾਂ ਦੀ ਸੋਚ ਵਿਗਿਆਨਕ ਤੇ ਤਰਕਵਾਦੀ ਹੋ ਗਈ ਤਾਂ ਉਨ੍ਹਾਂ ਦਾ ਧੰਦਾ ਕਿਵੇਂ ਚੱਲੇਗਾ? ਧਰਮ ਅਸਥਾਨਾਂ ਵਿੱਚ ਅਨੇਕਾਂ ਮਹਾਂਪੁਰਸ਼ਾਂ ਜਾਂ ਕੁਰਬਾਨੀਆਂ ਵਾਲੇ ਵਿਅਕਤੀਆਂ ਦੇ ਦਿਨ ਮਨਾਏ ਜਾਂਦੇ ਹਨ, ਉਨ੍ਹਾਂ ਦੇ ਇਤਿਹਾਸ ਸੁਣਾਏ ਜਾਂਦੇ ਹਨ, ਪਰ ਜਿਨ੍ਹਾਂ ਵਿਗਿਆਨੀਆਂ ਨੇ ਸਾਰੀ ਉਮਰ ਲਗਾ ਕੇ ਮਨੁੱਖਤਾ ਲਈ ਅਨੇਕਾਂ ਸੁੱਖ ਸਹੂਲਤਾਂ ਪੈਦਾ ਕੀਤੀਆਂ, ਉਨ੍ਹਾਂ ਦਾ ਕੋਈ ਦਿਨ ਮਨਾਉਣਾ ਤਾਂ ਦੂਰ, ਸਗੋਂ ਉਨ੍ਹਾਂ ਲਈ ਕਦੇ ਧੰਨਵਾਦ ਦੇ ਦੋ ਸ਼ਬਦ ਤੱਕ ਨਹੀਂ ਕਹੇ ਜਾਂਦੇ। ਉਨ੍ਹਾਂ ਵਿਗਿਆਨੀਆਂ ਦੀ ਜੀਵਨ ਘਾਲਣਾ ਬਾਰੇ ਕਦੇ ਸ਼ਰਧਾਲੂਆਂ ਨੂੰ ਨਹੀਂ ਦੱਸਿਆ ਜਾਂਦਾ ਤਾਂ ਹੀ ਧਾਰਮਿਕ ਦੇਸ਼ਾਂ ਦੇ ਬੱਚੇ ਵਿਗਿਆਨੀ ਨਹੀਂ ਬਣਦੇ ਤੇ ਨਾ ਹੀ ਵਿਗਿਆਨ ਪੜ੍ਹ ਕੇ ਉਨ੍ਹਾਂ ਦੀ ਸੋਚ ਹੀ ਵਿਗਿਆਨਕ ਬਣਦੀ ਹੈ?

ਬੇਸ਼ਕ ਸਾਰੇ ਜਥੇਬੰਦਕ ਧਰਮਾਂ ਦਾ ਖਾਸਾ ਲੋਕ ਵਿਰੋਧੀ ਹੈ। ਪਰ ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਹਰ ਧਰਮ ਦਾ ਮੋਢੀ ਇਨਕਲਾਬੀ ਪੁਰਸ਼ ਸੀ। ਜਿਸਨੇ ਪੁਜਾਰੀਆਂ, ਸਿਅਸਾਤਦਾਨਾਂ ਤੇ ਸਰਮਾਏਦਾਰੀ ਦੇ ਲੋਕ ਵਿਰੋਧੀ ਗੱਠਜੋੜ ਖਿਲਾਫ ਆਪਣੇ ਸਮਿਆਂ ਵਿੱਚ ਧਾਰਮਿਕ ਪੱਖ ਤੋਂ ਸੰਘਰਸ਼ ਲੜਿਆ ਸੀ, ਲੋਕਾਂ ਨੂੰ ਉਨ੍ਹਾਂ ਖਿਲਾਫ ਲੜਨ ਲਈ ਤਿਆਰ ਕੀਤਾ ਸੀ। ਹੱਕ, ਸੱਚ, ਇਨਸਾਫ ਲਈ ਲੜਨ ਦਾ ਜ਼ਜਬਾ ਭਰਿਆ ਸੀ। ਜਿਸ ਕਰਕੇ ਸਾਨੂੰ ਧਾਰਮਿਕ ਗ੍ਰੰਥਾਂ ਵਿੱਚੋਂ ਬਹੁਤ ਕੁਝ ਅਜਿਹਾ ਮਿਲਦਾ ਹੈ, ਜੋ ਮਨੁੱਖਤਾ ਦੇ ਭਲੇ ਲਈ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਦਾ ਹੈ। ਇਤਿਹਾਸ ਅਜਿਹੇ ਸੂਰਬੀਰਾਂ ਦੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਆਪਣੇ ਧਾਰਮਿਕ ਰਹਿਬਰ ਜਾਂ ਉਸਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਮਨੁੱਖਤਾ ਦੀ ਸੇਵਾ ਕੀਤੀ। ਪਰ ਪੁਜਾਰੀ ਇਤਨਾ ਸ਼ਾਤਰ ਹੁੰਦਾ ਹੈ ਕਿ ਉਹ ਅਜਿਹੇ ਧਰਮੀ ਇਨਕਲਾਬੀ ਪੁਰਸ਼ਾਂ ਨੂੰ ਬਰਦਾਸ਼ਤ ਨਹੀਂ ਕਰਦਾ ਤੇ ਉਸਦੀ ਮੌਤ ਤੋਂ ਬਾਅਦ ਉਸਦੇ ਨਾਮ ਤੇ ਨਵੇਂ ਢੰਗ ਨਾਲ ਆਪਣਾ ਧੰਦਾ ਚਲਾ ਲੈਂਦਾ ਹੈ। ਸ਼ਹੀਦਾਂ ਦੀ ਕੁਰਬਾਨੀ ਦੱਸਣ ਦੀ ਥਾਂ ਉਨ੍ਹਾਂ ਦੀਆਂ ਸਮਾਧਾਂ ਬਣਾ ਕੇ ਮੰਨਤਾਂ ਪੂਰੀਆਂ ਕਰਾਉਣ ਦਾ ਧੰਦਾ ਚਲਾ ਲੈਂਦਾ ਹੈ। ਜਿਸ ਤਰ੍ਹਾਂ ਸਿੱਖ ਧਰਮ ਦੇ ਪਹਿਲੇ ਰਹਿਬਰ, ਗੁਰੂ ਨਾਨਕ ਸਾਹਿਬ ਨੇ ਆਪਣੀ ਹਰ ਗੱਲ ਤਰਕ, ਦਲੀਲ ਤੇ ਵਿਚਾਰ ਨਾਲ ਕੀਤੀ, ਉਹ ਦੂਰ-ਦੂਰ ਤੱਕ ਆਪਣੀ ਗੱਲ ਦੱਸਣ ਲਈ ਗਏ ਤੇ ਉਸ ਸਮੇਂ ਦੇ ਧਾਰਮਿਕ, ਸਿਆਸੀ ਤੇ ਸਰਮਾਏਦਾਰ ਆਗੂਆਂ ਨਾਲ ਚਰਚਾ ਕੀਤੀ, ਉਨ੍ਹਾਂ ਨੂੰ ਸੱਚ ਦਾ ਮਾਰਗ ਦਿਖਾਉਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਅੱਜ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਸਾਖੀਆਂ ਪੜ੍ਹਦੇ ਹਾਂ ਤਾਂ ਗੁਰੂ ਸਾਹਿਬਾਨ ਨਾਲ ਅਨੇਕਾਂ ਅਜਿਹੀਆਂ ਕਰਾਮਾਤੀ ਸਾਖੀਆਂ ਜੋੜੀਆਂ ਹੋਈਆਂ ਹਨ, ਜਿਸ ਨਾਲ ਉਹ ਇੱਕ ਮਾਮੂਲੀ ਜਿਹੇ ਮਦਾਰੀ ਲਗਦੇ ਹਨ। ਉਨ੍ਹਾਂ ਦੀਆਂ ਮਨੁੱਖਤਾ ਲਈ ਕੀਤੀਆਂ ਕੁਰਬਾਨੀਆਂ, ਸ਼ਹਾਦਤਾਂ ਆਦਿ ਇਤਿਹਾਸ ਦੇ ਪੰਨਿਆਂ ਵਿੱਚ ਰੋਲ਼ ਦਿੱਤੀਆਂ ਗਈਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨਕਲਾਬੀ ਧਾਰਮਿਕ ਗੁਰੂਆਂ ਜਾਂ ਪੈਗੰਬਰਾਂ ਦੀਆਂ ਕੁਰਬਾਨੀਆਂ ਤੇ ਸਿੱਖਿਆਵਾਂ ਕਾਰਨ ਸਮੇਂ-ਸਮੇਂ ਧਾਰਮਿਕ ਲੋਕਾਂ ਨੇ ਚੰਗਾ ਸਮਾਜ ਸਿਰਜਣ ਤੇ ਲੋਕ ਵਿਰੋਧੀ ਹਾਕਮਾਂ ਖਿਲਾਫ ਸੰਘਰਸ਼ ਲੜੇ ਤੇ ਚੰਗਾ ਯੋਗਦਾਨ ਪਾਇਆ ਹੈ। ਜਿਨ੍ਹਾਂ ਸਮਿਆਂ ਵਿੱਚ ਦੇਸ਼ਾਂ ਦੇ ਕੋਈ ਕਨੂੰਨ ਨਹੀਂ ਸਨ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਸਥਾਵਾਂ ਨਹੀਂ ਸਨ, ਪੜ੍ਹਾਈ ਲਈ ਕੋਈ ਸਕੂਲਿੰਗ ਸਿਸਟਮ ਨਹੀਂ ਸੀ, ਉਨ੍ਹਾਂ ਸਮਿਆਂ ਵਿੱਚ ਸਮਾਜਿਕ ਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਧਰਮ ਨੇ ਆਪਣਾ ਯੋਗਦਾਨ ਪਾਇਆ। ਪਰ ਹੁਣ ਦੇਖਣਾ ਬਣਦਾ ਹੈ ਕਿ ਕੀ ਧਰਮ ਦੀ ਅੱਜ ਦੇ ਇੱਕੀਵੀਂ ਸਦੀ ਦੇ ਵਿਗਿਆਨਕ ਯੁੱਗ ਵਿੱਚ ਕੋਈ ਸਾਰਥਿਕਤਾ ਹੈ? ਕੀ ਧਰਮ ਸਾਡੇ ਲਈ ਅੱਜ ਕੋਈ ਪ੍ਰੇਰਨਾ ਸ੍ਰੋਤ ਬਣ ਸਕਦਾ ਹੈ? ਅੱਜ ਜਦੋਂ ਸਰਮਾਏਦਾਰੀ ਤੇ ਸਿਆਸਤ ਦਾ ਨਾਪਾਕ ਗੱਠਜੋੜ ਮਨੁੱਖਤਾ ਦੀ ਹੋਂਦ ਲਈ ਖਤਰਾ ਬਣ ਚੁੱਕਾ ਹੈ ਤਾਂ ਕੀ ਅਜਿਹੇ ਸਮੇਂ ਵਿੱਚ ਧਰਮ ਕੋਈ ਭੂਮਿਕਾ ਨਿਭਾ ਸਕਦਾ ਹੈ? ਬੇਸ਼ੱਕ ਆਮ ਧਾਰਮਿਕ ਲੋਕ ਕਹਿਣਗੇ ਕਿ ਧਰਮ ਗ੍ਰੰਥ ਅਜਿਹੀ ਭੂਮਿਕਾ ਨਿਭਾਉਣ ਦੇ ਸਮਰੱਥ ਹਨ, ਪਰ ਕੀ ਧਰਮਾਂ ਤੇ ਕਾਬਜ਼ ਪੁਜਾਰੀ ਸ਼੍ਰੇਣੀ ਅਜਿਹੀ ਭੂਮਿਕਾ ਨਿਭਾਉਣ ਦੇਵੇਗੀ? ਜੇ ਸਿੱਖੀ ਦੇ ਪੱਖ ਤੋਂ ਦੇਖੀਏ ਤਾਂ ਸਿੱਖੀ ਦਾ ਸਾਰਾ ਧਾਰਮਿਕ ਤਾਣਾ-ਬਾਣਾ ਸਿਆਸੀ ਲੋਕਾਂ ਦੀ ਸ਼ਹਿ ਪ੍ਰਾਪਤ ਪੁਜਾਰੀਆਂ ਤੇ ਨਕਲੀ ਸਾਧਾਂ ਦੇ ਹੱਥ ਹੈ, ਜੇ ਕੋਈ ਵਿਦਵਾਨ ਜਾਂ ਪ੍ਰਚਾਰਕ ਅਕਲ ਦੀ ਗੱਲ ਕਰਨ ਲੱਗੇ ਤਾਂ ਸਰੀਰਕ ਹਮਲੇ ਕੀਤੇ ਜਾਂਦੇ ਹਨ ਅਤੇ ਪੰਥ ਵਿੱਚੋਂ ਛੇਕ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਧਾਰਮਿਕ ਜਾਂ ਸਮਾਜਿਕ ਰੀਤਾਂ ਰਸਮਾਂ ਅਜਿਹੀਆਂ ਹਨ, ਜਿਨ੍ਹਾਂ ਦੀ ਅੱਜ ਦੇ ਸਮੇਂ ਵਿੱਚ ਕੋਈ ਤੁਕ ਨਹੀਂ ਬਣਦੀ, ਪਰ ਪੜ੍ਹ ਲਿਖ ਕੇ ਵੀ ਅਸੀਂ ਬਚਪਨ ਤੋਂ ਅਜਿਹੇ ਮਾਨਸਕਿ ਗੁਲਾਮ ਬਣਾ ਦਿੱਤੇ ਜਾਂਦਾ ਹਾਂ ਕਿ ਉਨ੍ਹਾਂ ਗਲ਼ੀਆਂ-ਸੜ੍ਹੀਆਂ, ਫੋਕਟ

ਰੀਤਾਂ-ਰਸਮਾਂ, ਮਰਿਯਾਦਾਵਾਂ-ਪ੍ਰੰਪਰਾਵਾਂ ਨੂੰ ਨਿਭਾਈ ਤੁਰੇ ਜਾਂਦੇ ਹਾਂ। ਇੱਕ ਉਦਾਹਰਣ ਦੇ ਤੌਰ 'ਤੇ ਜਨਮ ਤੇ ਮੌਤ ਨਾਲ ਸਬੰਧਤ ਕੀਤੀਆਂ ਜਾਂਦੀਆਂ ਧਾਰਮਿਕ ਰਸਮਾਂ ਦਾ ਕੀ ਅੱਜ ਕੋਈ ਮਤਲਬ ਬਣਦਾ ਹੈ? ਇਥੋਂ ਤੱਕ ਕਿ ਜਦੋਂ ਸਾਰੇ ਦੇਸ਼ਾਂ ਵਿੱਚ ਵਿਆਹ ਕੋਰਟ ਮੈਰਿਜ ਰਾਹੀਂ ਸਰਕਾਰਾਂ ਕੋਲ ਰਜਿਟਰ ਹੋਣ ਨਾਲ ਹੀ ਮਾਨਤਾ ਪ੍ਰਾਪਤ ਹੁੰਦੇ ਹਨ ਤਾਂ ਫਿਰ ਵੀ ਅਸੀਂ ਬੇਲੋੜੀਆਂ ਧਾਰਮਿਕ ਰਸਮਾਂ ਛੱਡਣ ਲਈ ਤਿਆਰ ਨਹੀਂ ਹਾਂ? ਜਥੇਬੰਦਕ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਸਭ ਪਤਾ ਹੈ ਕਿ ਉਨ੍ਹਾਂ ਵਲੋਂ ਨਿਭਾਈਆਂ ਜਾਂਦੀਆਂ ਰੀਤਾਂ-ਰਸਮਾਂ, ਕਰਮਕਾਂਡਾਂ, ਪੂਜਾ-ਪਾਠ, ਧਾਰਮਿਕ ਚਿੰਨ੍ਹਾਂ ਆਦਿ ਨਾਲ ਉਨ੍ਹਾਂ ਦੇ ਜੀਵਨ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ, ਕੁਝ ਨਹੀਂ ਬਦਲਦਾ, ਪਰ ਉਹ ਸਿਰਫ ਦੇਖੋ-ਦੇਖੀ ਜਾਂ ਸਮਾਜਿਕ ਤੇ ਪਰਿਵਾਰਕ ਪ੍ਰਭਾਵ (ਪ੍ਰੈਸ਼ਰ) ਅਧੀਨ ਹੀ ਨਿਭਾਈ ਜਾਂਦੇ ਹਨ। ਪਰ ਛੱਡਣ ਦੀ ਹਿੰਮਤ ਨਹੀਂ ਕਰ ਪਾਉਂਦੇ? ਫਿਰ ਅਜਿਹੇ ਧਰਮ ਦਾ ਤੇ ਅਜਿਹੇ ਦਿਖਾਵੇ ਵਾਲੇ ਧਰਮੀ ਬਣੇ ਰਹਿਣ ਦਾ ਕੀ ਲਾਭ ਹੈ? ਜੇ ਅਸੀਂ ਦਿਲੋਂ ਧਰਮ ਜਾਂ ਧਾਰਮਿਕ ਗੁਰੂਆਂ ਨੂੰ ਪਿਆਰ ਕਰਦੇ ਹਾਂ ਤਾਂ ਨਵੇਂ ਸਾਲ ਤੇ ਪ੍ਰਣ ਕਰੀਏ ਕਿ ਅਸੀਂ ਨਕਲੀ ਤੇ ਫੋਕਟ ਰਸਮਾਂ ਤੇ ਪੂਜਾ ਪਾਠ ਛੱਡ ਕੇ ਆਪਣੇ, ਸਮਾਜ ਤੇ ਮਨੁੱਖਤਾ ਦੇ ਭਲੇ ਲਈ ਧਰਮ ਤੋਂ ਸੇਧ ਲੈ ਕੇ ਜੀਵਨ ਵਿੱਚ ਕੁਝ ਯਤਨ ਕਰਾਂਗੇ। ਜੇ ਸਾਡੇ ਗੁਰੂ ਮਨੁੱਖਤਾ ਦੀ ਖਾਤਿਰ ਕੁਰਬਾਨੀਆਂ ਕਰ ਗਏ ਤਾਂ ਅਸੀਂ ਵੀ ਉਨ੍ਹਾਂ ਤੋਂ ਸੇਧ ਲੈ ਕੇ ਅੱਜ ਦੇ ਲੁਟੇਰੇ ਨਿਯਾਮ ਵਿਰੁੱਧ ਸੰਘਰਸ਼ ਕਰਾਂਗੇ। ਅਸੀਂ ਵੀ ਆਪਣੇ ਅੰਦਰ ਬਾਬਰ ਨੂੰ ਜ਼ਾਬਰ ਕਹਿਣ ਦੀ ਜ਼ੁਰਅਤ ਪੈਦਾ ਕਰਾਂਗੇ। ਆਪਣੀ ਸੋਚ ਨੂੰ ਫਿਰਕਿਆਂ ਤੋਂ ਉਪਰ ਉਠ ਕੇ ਮਨੁੱਖਤਾਵਾਦੀ ਬਣਾਂਵਾਂਗੇ। ਅਸੀਂ ਅੱਜ ਦੇ ਮਲਕ ਭਾਗੋਆਂ ਨੂੰ ਉਨ੍ਹਾਂ ਦੀ ਰੋਟੀ ਵਿਚੋਂ ਗਰੀਬਾਂ ਦਾ ਲਹੂ ਨਿਚੜਦਾ ਦਿਖਾਵਾਂਗੇ। ਜਿਹੜੇ ਮਲਕ ਭਾਗੋ ਕਿਰਤੀ ਵਿਦਿਆਰਥੀਆਂ ਤੇ ਵਰਕ ਪਰਮਿਟ ਵਾਲਿਆਂ ਦੀ ਲੁੱਟ ਕਰ ਰਹੇ ਹਨ, ਉਨ੍ਹਾਂ ਖਿਲਾਫ ਆਵਾਜ ਉਠਾਵਾਂਗੇ। ਲੱਚਰਤਾ, ਹਿੰਸਾ, ਜਾਤ-ਪਾਤ ਫੈਲਾ ਰਹੇ ਗਾਇਕਾਂ ਖਿਲਾਫ ਸੰਘਰਸ਼ ਕਰਾਂਗੇ। ਅਸੀਂ ਵੀ ਮੋਦੀ-ਟਰੰਪ ਵਰਗੀਆਂ ਲੋਕ ਵਿਰੋਧੀ ਸ਼ਕਤੀਆਂ ਦੇ ਮਨਸੂਬਿਆਂ ਨੂੰ ਸਮਝ ਕੇ ਸੰਘਰਸ਼ ਕਰ ਰਹੇ ਲੋਕਾਂ ਨਾਲ ਖੜਾਂਗੇ। ਜੇ ਧਰਮ ਤੁਹਾਨੂੰ ਅਜਿਹੀ ਪ੍ਰੇਰਨਾ ਨਹੀਂ ਦਿੰਦਾ ਕਿ ਜੋ ਲੋਕ ਸਮਾਜ ਵਿੱਚ ਚੰਗਾ ਰੋਲ਼ ਕਰ ਰਹੇ ਹਨ, ਲੋਕ ਮਸਲਿਆਂ ਲਈ ਲੜ ਰਹੇ ਹਨ, ਉਨ੍ਹਾਂ ਦਾ ਸਾਥ ਦੇਈਏ ਤਾਂ ਸਮਝੋ ਕਿ ਤੁਸੀਂ ਨਕਲੀ ਧਰਮ ਪੁਜਾਰੀਆਂ ਦੇ ਲੁੱਟ ਦੇ ਧੰਦੇ ਵਿੱਚ ਸ਼ਰੀਕ ਹੋ। ਅੱਜ ਦੇ ਅਧੁਨਿਕ ਸਮਾਜ ਵਿੱਚ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਹਨ, ਜੇ ਧਰਮ ਸਾਨੂੰ ਉਨ੍ਹਾਂ ਦਾ ਹੱਲ ਨਹੀਂ ਦੱਸਦਾ, ਸਾਨੂੰ ਉਨ੍ਹਾਂ ਨਾਲ ਲੜਨ ਦੀ ਪ੍ਰੇਰਨਾ ਨਹੀਂ ਦਿੰਦਾ ਤਾਂ ਅਜਿਹੇ ਧਰਮ ਤੋਂ ਫਿਰ ਮਨੁੱਖ ਨੇ ਕੀ ਲੈਣਾ ਹੈ? ਅਸੀਂ ਜ਼ਰਾ ਖੁੱਲ੍ਹੇ ਦਿਮਾਗ ਨਾਲ ਸੋਚੀਏ ਕਿ ਜਿਨ੍ਹਾਂ ਸਮਿਆਂ ਵਿੱਚ ਧਰਮ ਪੈਦਾ ਹੋਏ, ਉਸ ਵਕਤ ਉਨ੍ਹਾਂ ਨੇ ਸਮੇਂ ਅਨੁਸਾਰ ਆਪਣੀ ਇਤਿਹਾਸਕ ਭੂਮਿਕਾ ਨਿਭਾਈ, ਪਰ ਜੇ ਉਹ ਧਰਮ ਅੱਜ ਸਮੇਂ ਦੇ ਹਾਣੀ ਨਹੀਂ ਬਣ ਸਕੇ ਜਾਂ ਬਣ ਸਕਦੇ ਤਾਂ ਇਸ ਜੰਜਾਲ 'ਚੋਂ ਬਾਹਰ ਨਿਕਲੀਏ, ਆਪਣਾ ਸਮਾਂ ਤੇ ਧਨ ਸਾਰਥਿਕ ਕੰਮਾਂ ਵਿੱਚ ਲਗਾਈਏ, ਜਿਸ ਨਾਲ ਸਾਡਾ ਤੇ ਸਮਾਜ ਦਾ ਜੀਵਨ ਸੁੰਦਰ ਤੇ ਸੁੱਖੀ ਹੋ ਸਕੇ। ਜੇ ਧਰਮ ਸਾਡੇ ਅੱਗੇ ਵਧਣ ਲਈ ਮਾਰਗ ਦਰਸ਼ਕ ਜਾਂ ਪ੍ਰੇਰਨਾ ਸ੍ਰੋਤ ਬਣ ਸਕੇ ਤਾਂ ਬਹੁਤ ਚੰਗੀ ਗੱਲ ਹੈ, ਪਰ ਜੇ ਇਹ ਸਾਡੇ ਲਈ ਮਾਨਸਿਕ ਜੰਜੀਰਾਂ ਬਣ ਰਿਹਾ ਹੈ ਤਾਂ ਇਹ ਜੰਜੀਰਾਂ ਤੋੜਨਾ ਹੀ ਅੱਜ ਦੇ ਸਮੇਂ ਦਾ ਧਰਮ ਹੈ, ਸਾਡੇ ਗੁਰੂਆਂ-ਪੈਗੰਬਰਾਂ ਨੇ ਉਨ੍ਹਾਂ ਦੇ ਸਮਿਆਂ ਦੀ ਪਿਛਾਂਚਖਿਚੂ ਮਰਿਯਾਦਾ ਤੇ ਕਰਮਕਾਂਡਾਂ ਰੂਪੀ ਜੰਜੀਰਾਂ ਤੋੜ ਕੇ ਸਾਡਾ ਮਾਰਗ ਦਰਸ਼ਨ ਕੀਤਾ ਹੈ, ਉਸ ਤੋਂ ਸੇਧ ਲੈ ਕੇ ਅੱਗੇ ਵਧੀਏ।ਅੱਜ ਦੇ ਸਮੇਂ ਵਿੱਚ ਵਿਗਿਆਨਕ ਤੇ ਮਨੁੱਖਤਾਵਾਦੀ ਸੋਚ ਹੀ ਧਰਮ ਹੋ ਸਕਦੀ ਹੈ, ਜੇ ਸਾਡੀ ਸੋਚ ਵਿਗਿਆਨਕ ਤੇ ਮਨੁੱਖਤਾਵਾਦੀ ਨਹੀਂ ਤਾਂ ਅਸੀਂ ਇਸ ਹੀਰੇ ਜੈਸੇ ਮਾਨਸ ਜਨਮ ਨੂੰ ਕੌਡੀਆਂ ਬਦਲੇ ਗਵਾ ਰਹੇ ਹੋਵਾਂਗੇ।

ਅੱਜ 26 ਦਸੰਬਰ ਨੂੰ ਜਨਮ ਦਿਵਸ ਮੌਕੇ ਵਿਸ਼ੇਸ਼

ਅੰਗਰੇਜ਼ ਸਾਮਰਾਜਵਾਦ ਨੂੰ ਕੌਮੀ ਲਲਕਾਰ - ਸ਼ਹੀਦ ਊਧਮ ਸਿੰਘ ਸੁਨਾਮ

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ ।ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ ।24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ 'ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ। 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮਘਰ ਦੀ ਸਹਾਇਤਾ ਨਾਲ ਉਹ ਉੱਤਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਨੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂ ਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਣੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ ।

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ ।ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ। 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ ।ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲ ਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ। ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜ੍ਹਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ - ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ। ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ।

ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ੍ਰੀਨਗਰ ਪੈਦਲ ਗਿਆ ।20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ। 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ। ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ। ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਉਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜ੍ਹੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ"। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ। 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜਨ 24 ਪੌਂਡ ਘੱਟ ਗਿਆ। 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਊਧਮ ਸਿੰਘ ਗਰਜਿਆ, ਉਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।...ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ, ਅਤੇ ਆਸ ਕਰਦਾ ਹਾਂ ਕਿ ਜਦੋਂ ਮੈ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ। ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਊਂਦੇ ਹਾਂ, ਤਾਂ ਮੌਤ ਦੀ ਸਜਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, "ਅੰਗਰੇਜ਼ ਸਾਮਰਾਜ ਵਾਦ ਮੁਰਦਾਬਾਦ।" "ਨਾ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ। ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਣ ਦਾ ਪੈਗਾਮ ਦਿੰਦਾ ਰਹੇਗਾ ।

ਜਸਦੇਵ ਸਿੰਘ ਲਲਤੋਂ
0161-2805677

ਪਟਿਆਲਾ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੀਆਂ ਪ੍ਰਾਪਤੀਆਂ/ਬਾਬੇ ਦੇ ਸਿਧਾਂਤ ਦਾ ਖੰਡਨ

ਗੁਰਚਰਨ ਸਿੰਘ ਜਿਊਣ ਵਾਲਾ

ਡਾ. ਦਲਜੀਤ ਸਿੰਘ ਵਾਲੀਆ, ਇੰਚਾਰਜ ਸ੍ਰੀ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ ਅਤੇ ਅਸਿਸਟੈਂਟ ਪ੍ਰੋਫੈਸਰ, ਪੰਜਾਬ ਇਤਿਹਾਸ ਅਧਿਅਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨੇ ਆਪਣੀ ਕਿਤਾਬ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ.) ਵਿਚ ਜੋ ਕੜੀ ਘੋਲੀ ਹੈ ਉਸ ਵਿਚੋਂ ਵੰਨਗੀ ਮਾਤਰ ਕੁੱਝ ਅੰਸ਼ ਸਾਰੀ ਸਿੱਖ ਕੌਮ ਦੇ ਸਾਹਮਣੇ ਰੱਖਣ ਦਾ ਉਪਰਾਲਾ ਕਰ ਰਿਹਾ ਹਾਂ। ਸਾਨੂੰ ਸੱਭ ਨੂੰ ਇਹ ਵੀ ਪਤਾ ਹੈ ਕਿ ਸੰਪਾਦਕ ਆਪਣੀ ਕਿਤਾਬ ਵਿਚਲੀਆਂ ਸਾਰੀਆਂ ਲਿਖਤਾਂ ਦੇ ਠੀਕ ਨਾ ਠੀਕ ਹੋਣ ਦਾ ਜ਼ੁਮੇਵਾਰ ਹੁੰਦਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਅੱਜ ਦੇ ਸਾਰਕਾਰੀ ਮਾਹੌਲ ਵਿਚ ਇਹੀ ਵਾਪਰਦਾ ਹੈ ਕਿ ਤੂੰ ਮੈਨੂੰ ਮੁੱਲਾ ਕਹੋ ਮੈਂ ਤੈਨੂੰ ਕਾਜ਼ੀ ਕਹਾਂ। ਇਸ ਕਿਤਾਬ ਅੰਦਰਲੀਆਂ ਲਿਖਤਾਂ ਵਿਚੋਂ ਵੀ ਇਹੀ ਸਾਬਤ ਹੁੰਦਾ ਹੈ।

ਸਿਰਦਾਰ ਦਲਜੀਤ ਸਿੰਘ ਵਾਲੀਆ ਜੀ 16 ਜੂਨ 2019 ਨੂੰ ਗੁਰੂ ਨਾਨਕ ਪ੍ਰਕਾਸ਼ ਉਤਸਵ ਬਾਰੇ ਬੁਲਾਈ ਗਈ ਕਾਂਨਫ੍ਰੰਸ ਵਿਚ ਹਿਸਾ ਲੈਣ ਲਈ ਬਰੈਂਪਟਨ, ਕੈਨੇਡਾ, ਆਏ ਤੇ ਜੋ ਪੇਪਰ ਉਨ੍ਹਾਂ ਪੜ੍ਹਿਆ ਉਹ ਮੁੱਖ ਤੌਰ 'ਤੇ ਇਸ ਕਿਤਾਬ ਦੇ ਮੁੱਖ ਬੰਦ ਦਾ ਹਿੱਸਾ ਹੀ ਸੀ। ਜਿਵੇਂ ਦਸਵੀਂ ਜਮਾਤ ਦਾ ਵਿਦਿਆਰਥੀ ਆਪਣੇ ਅਧਿਆਪਕ ਨੂੰ ਪਾਠ ਸੁਣਾ ਰਿਹਾ ਹੁੰਦਾ ਹੈ ਇਵੇਂ ਉਹ 15-20 ਮਿੰਟ ਵਿਚ ਆਪਣਾ ਪਰਚਾ ਪੜ੍ਹ ਕੇ ਮੁੱਖ ਮਹਿਮਾਨ ਵਾਲੀ ਕੁਰਸੀ ਤੇ ਜਾ ਬਿਰਾਜੇ। ਮੇਰੇ ਵਲੋਂ ਪਾਏ ਗਏ ਸਵਾਲ ਦਾ ਜਵਾਬ ਦੇਣਾ ਵੀ ਮੁਨਾਸਬ ਨਹੀਂ ਸਮਝਿਆ ਗਿਆ। ਸਵਾਲ ਸਿਰਫ ਇਹ ਸੀ ਕਿ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦੀ ਕਿਹੜੀ ਤਾਰੀਕ ਠੀਕ ਹੈ? ਬਾਅਦ ਵਿਚ ਪੁੱਛਣ ਦੇ ਜਵਾਬ ਦਿੱਤਾ ਕਿ ਇਹ ਵਿਵਾਦੀ ਵਿਸ਼ਾ ਹੈ। ਮੇਰਾ ਜਵਾਬ ਸੀ ਕਿ ਤੁਸੀਂ ਪੰਜਾਬ ਇਤਿਹਾਸ ਅਧਿਅਨ ਵਿਭਾਗ ਨੂੰ ਵਲਗਣਾ ਮਾਰ ਕੇ ਬੈਠੇ ਹੋ ਤੇ ਇਸਦਾ ਹੱਲ ਕੋਈ ਹੋਰ ਲੱਭੇਗਾ? ਹੁਣ ਇਸ ਚਿੱਠੀ ਰਾਹੀਂ ਇਹ ਸਵਾਲ ਪੁੱਛ ਰਿਹਾ ਹਾਂ ਕਿ ਇਸ ਕਿਤਾਬ ਦੀਆਂ ਸਿਰਫ 150 ਕਾਪੀਆਂ ਹੀ ਛਾਪੀਆਂ ਗਈਆਂ ਹਨ ਇਸਦਾ ਭੇਦ ਕੀ ਹੈ? ਜੇਕਰ ਇਹ ਕਿਤਾਬ ਵਾਕਿਆ ਹੀ ਪਾਏਦਾਰ ਹੈ ਤਾਂ ਇਹ ਆਮ ਜਨਤਾ ਦੇ ਹੱਥਾਂ 'ਚ ਹੋਣੀ ਚਾਹੀਦੀ ਹੈ। ਪਰ 150 ਕਿਤਾਬਾਂ ਤਾਂ ਪੰਜ ਦਸ ਥਾਂਵਾਂ ਤੇ ਰਲੀਜ਼ ਕਰਨ ਨਾਲ ਹੀ ਮੁੱਕ ਜਾਣੀਆਂ ਹਨ ਤੇ ਇਹ ਕਿਤਾਬ ਫਿਰ ਉਨ੍ਹਾਂ ਦੇ ਹੱਥਾਂ ਤਕ ਹੀ ਸੀਮਤ ਹੋ ਜਵੇਗੀ ਜੋ ਇਨ੍ਹਾਂ ਨੂੰ ਮੁੱਲਾ ਕਹਿਣਗੇ ਤੇ ਇਹ ਉਨ੍ਹਾਂ ਨੂੰ ਕਾਜ਼ੀ।

ਭੂਮਿਕਾ ਦੇ ਦੂਜੇ ਪਹਿਰੇ ਦੀ ਦੂਜੀ ਸਤਰ; ਭਟਕੇ ਹੋਏ ਲੋਕਾਂ ਨੂੰ ਸਿੱਧੇ ਰਾਹ ਪਾਉਣ ਅਤੇ ਨਾਮ ਸਿਮਰਨ ਤੇ ਸ਼ਬਦ ਦੀ ਸ਼ਕਤੀ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ 1498 ਤੋਂ 1509 ਈ. ਤੱਕ ਚਾਰੋਂ ਦਿਸ਼ਾਵਾਂ ਵਿਚ ਵੱਖ-ਵੱਖ ਸਥਾਨਾਂ ਦੀ ਯਾਤਰਾ ਕੀਤੀ। ਮਤਲਬ ਗੁਰੂ ਨਾਨਕ ਪਿਤਾ ਜੀ ਨੇ ਸਿਰਫ 11 ਸਾਲ ਯਾਤਰਾਵਾਂ ਕੀਤੀਆਂ। ਪਰ ਇਸੇ ਕਿਤਾਬ ਦਾ ਪੰਨਾ 196 ਇਨ੍ਹਾਂ ਦੀ ਉਪਰਲੀ ਮਨੌਤ ਨੂੰ ਕੱਟਦਾ ਹੈ। ਭਾਰਤਬੀਰ ਕੌਰ ਸੰਧੂ, ਅਸਿਸਟੈਂਟ ਪ੍ਰੋ., ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਆਪਣੇ ਲੇਖ ਵਿਚ ਲਿਖਦੇ ਹਨ; ਜਨਮਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 1499 ਈਸਵੀ ਤੋਂ ਲੈ ਕੇ 1520-21 ਈਸਵੀ ਤਕ ਦੇਸ਼ ਵਿਦੇਸ਼ ਦੇ ਕਈਆਂ ਹਿਸਿਆਂ ਵਿਚ ਯਾਤਰਾਵਾਂ/ਉਦਾਸੀਆਂ ਕੀਤੀਆਂ ਸਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਅਸਿਸਟੈਂਟ ਪ੍ਰੋਫੈਸਰਾਂ ਵਿਚੋਂ ਕਿਹੜਾ ਠੀਕ ਤੇ ਕਿਹੜਾ ਗਲਤ ਹੈ? ਠੀਕ ਜਿਹੜਾ ਵੀ ਹੋਵੇ ਓਹ ਗੱਲ ਨਹੀਂ ਸਵਾਲ ਇਹ ਹੈ ਕਿ ਸੰਪਾਦਕ ਨੇ ਦੂਸਰਿਆਂ ਲਿਖਾਰੀਆਂ ਦੇ ਸਾਰੇ ਲੇਖ ਪੜ੍ਹ ਕੇ ਚੰਗੀ ਤਰ੍ਹਾਂ ਘੋਖ ਕੇ ਆਪਣੀ ਕਿਤਾਬ ਵਿਚ ਛਾਪੇ ਹਨ ਜਾਂ ਫਿਰ ਅੱਖਾਂ ਮੀਚ ਕੇ? ਮੈਨੂੰ ਤਾਂ ਮੇਰੀ ਆਪਣੀ ਦਲੀਲ ਅੱਖਾਂ ਮੀਚ ਕੇ ਵਾਲੀ ਠੀਕ ਲੱਗਦੀ ਹੈ। ਇਸੇ ਪਹਿਰੇ ਦੀ ਪਹਿਲੀ ਪੰਗਤੀ ਵੱਲ ਨਜ਼ਰ ਮਾਰੋ। ਸ਼ਬਦ ਦੀ ਸ਼ਕਤੀ ਪ੍ਰੋਫੈਸਰ ਵਾਲੀਆ ਜੀ ਤੁਸੀਂ ਕਿਸੇ ਨੂੰ ਸਿੱਖੀ ਬਾਰੇ ਕੀ ਦੱਸੋਗੇ ਤੁਹਾਡੀ ਤਾਂ ਸੋਚ ਹੀ ਪੰਡਿਤ ਵਾਲੀ ਹੈ। ਸ਼ਬਦ/ਮੰਤਰ ਵਿਚ ਸ਼ਕਤੀ ਤਾਂ ਪੰਡਿਤ ਜੀ ਦੀ ਬੋਲੀ ਹੈ। ਇਹ ਤਾਂ ਓਹ ਕਹਿੰਦਾ ਹੈ ਕਿ ਮੰਤਰ ਮੇਰੇ ਕੋਲ ਹੈ ਇਸਦਾ ਰਟਨ ਕਰਨ ਨਾਲ ਦੇਵੀ, ਦੇਵਤੇ, ਬੀਰ ਵਗੈਰਾ ਸੱਭ ਵੱਸ ਹੋ ਜਾਂਦੇ ਹਨ। ਕੀ ਤੁਸੀਂ ਇਹ ਪੰਗਤੀਆਂ ਪੜ੍ਹੀਆਂ ਹਨ; ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥3॥ ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਸ਼ਬਦ ਵਿਚ ਸ਼ਕਤੀ ਨਹੀਂ ਹੁੰਦੀ ਸਗੋਂ ਸ਼ਬਦ ਨੂੰ ਸਮਝਣ ਵਾਲੇ ਵਿਚ ਸ਼ਕਤੀ ਪੈਦਾ ਹੁੰਦੀ ਹੈ। ਸ਼ਬਦ ਤਾਂ ਇਕ ਕਿਸਮ ਦਾ ਸਿਧਾਂਤ ਹੈ/ਗਿਆਨ ਹੈ। ਇਸ ਨੇ ਤਾਂ ਮੂਰਖ ਨੂੰ ਇਨਸਾਨ ਬਣਾਉਣਾ ਹੈ। ਤੁਸੀਂ ਤਾਂ ਉਹ ਗੱਲ ਕਰਤੀ ਜਿਵੇਂ ਕਿਸੇ ਨੇ ਬੰਬ ਬਣਾਉਣ ਵਾਲੇ ਫਾਰਮੂਲੇ ਵਿਚ ਸ਼ਕਤੀ ਦੇਖ ਲਈ ਹੋਵੇ ਤੇ ਫਾਰਮੂਲੇ ਦੀ ਹੀ ਪੂਜਾ ਕਰਨੀ ਸ਼ੁਰੂ ਕਰ ਦੇਵੇ। ਜੇਕਰ ਫਾਰਮੂਲੇ ਵਿਚ ਸ਼ਕਤੀ ਹੈ ਤਾਂ ਬੰਬ ਬਣਾਉਣ ਦੀ ਕੀ ਜ਼ਰੂਰਤ? ਸਿਧਾਂਤ ਵਿਚ ਸ਼ਕਤੀ ਪੈਦਾ ਕਰਨ ਦਾ ਤਰੀਕਾ ਦੱਸਿਆ ਗਿਆ ਹੈ ਤੇ ਸ਼ਕਤੀ ਬੰਬ/ਬੰਦਿਆਂ ਵਿਚ ਪੈਦਾ ਹੋਣੀ ਹੈ। ਇਸੇ ਹੀ ਪਹਿਰੇ ਦੀਆਂ ਆਖਰੀ ਸਤਰਾਂ; ਪਰਮਾਤਮਾ ਨੂੰ ਮਿਲਣ ਲਈ ਜਾਂ ਉਸ ਤਕ ਪਹੁੰਚਣ ਲਈ ਨਾਮ ਸਿਮਰਨ, ਨਿਮਰਤਾ ਅਤੇ ਸੇਵਾ ਭਾਵਨਾ ਦੀ ਜ਼ਰੂਰਤ ਹੈ। ਇਨ੍ਹਾਂ ਨੂੰ ਆਪਣੇ ਜੀਵਨ ਵਿਚ ਅਪਨਾ ਕੇ ਹੀ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸਵਾਲ ਹੈ ਕੀ ਪ੍ਰਮਾਤਮਾ ਕੋਈ ਪ੍ਰਾਪਤ ਕਰਨ ਵਾਲੀ ਵਸਤੂ ਹੈ ਜਾਂ ਫਿਰ ਗਿਆਨ ਨੂੰ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਮਾਤਮਾ ਕਿਹਾ ਗਿਆ। ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ ਪੰਨਾ 1226॥

ਸਭ ਤੋਂ ਪਹਿਲਾ ਲੇਖ, ਸਤਿਗੁਰ ਨਾਨਕ ਪ੍ਰਗਟਿਆ ਡੀ. ਲਿਟ ਡਾ. ਰਤਨ ਸਿੰਘ ਜੱਗੀ ਸਾਬਕਾ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਸਾਹਿਤ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਹੈ। ਡਾ. ਰਤਨ ਸਿੰਘ ਜੱਗੀ ਜੀ ਅਖਬਾਰ ਦਾ ਨਾਮ ਅਤੇ ਤਰੀਕ ਦੱਸਣ ਤੋਂ ਬਗੈਰ ਹੀ ਹਵਾਲਾ ਦੇ ਕੇ ਕਹਿੰਦੇ ਹਨ; ਇਕ ਮੁਸਲਮਾਨ ਗੁਰੂ ਨਾਨਕ ਸਾਹਿਬ ਦੇ ਜਨਮ ਉਤਸਵ ਤੇ ਨਨਕਾਣਾ ਸਾਹਿਬ ਆਇਆ ਹੋਇਆ ਸੀ ਅਤੇ ਗੁਰੂ-ਧਾਮ ਦੇ ਦੁਆਰ ਤੋਂ ਮਿੱਟੀ ਇਕੱਠੀ ਕਰਕੇ ਇਕ ਡੱਬੇ ਵਿਚ ਪਾ ਰਿਹਾ ਸੀ। ਵੇਖਣ ਵਾਲਿਆਂ ਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਹ ਰਾਵਲਪਿੰਡੀ ਵਿਚ ਹਿਕਮਤ ਕਰਦਾ ਹੈ। ਇਸ ਚਰਨ-ਧੂੜ ਦਾ ਕਿਣਕਾ ਉਹ ਆਪਣੇ ਮਰੀਜ਼ਾਂ ਦੀ ਦਵਾਈ ਵਿਚ ਪਾ ਦਿੰਦਾ ਹੈ। ਇਸ ਤਰ੍ਹਾਂ ਉਹ ਦਵਾ ਅਕਸੀਰ ਬਣ ਜਾਂਦੀ ਹੈ ਅਤੇ ਮਰੀਜ਼ ਬਿਲਕੁਲ ਸ਼ਫ਼ਾ ਪਾ ਲੈਂਦਾ ਹੈ। ਇਸ ਘਟਨਾ ਦੇ ਨਸ਼ਰ ਹੋਣ ਨਾਲ ਗੁਰੂ ਸਾਹਿਬ ਪ੍ਰਤੀ ਸਭ ਦੇ ਮਸਤਕ ਝੁੱਕ ਗਏ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰਬਾਣੀ ਵਿਚ ਚਰਣ-ਧੂੜ ਕਿਸ ਨੂੰ ਕਿਹਾ ਗਿਆ ਹੈ? ਕੀ ਡਾ. ਰਤਨ ਸਿੰਘ ਜੱਗੀ ਜੀ ਇਸ ਤੋਂ ਨਾਵਾਕਿਫ ਹਨ? ਡਾ. ਰਤਨ ਸਿੰਘ ਜੱਗੀ ਜੀ ਹੋਰਾਂ ਤਾਂ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਤਰਜ਼ਮਾ ਕੀਤਾ ਹੈ। ਨਹੀਂ ਨਹੀਂ ਡਾ. ਰਤਨ ਸਿੰਘ ਜੱਗੀ ਜੀ ਤਾਂ ਸੱਭ ਕੁੱਝ ਜਾਣਦੇ ਹਨ। ਇਹ ਤਾਂ ਗੁਰਬਾਣੀ ਨਾਲੋਂ ਤੋੜਣ ਦਾ ਕੋਝਾ ਉਪਰਾਲਾ ਕੀਤਾ ਗਿਆ ਹੈ। ਸੂਹੀ ਮਹਲਾ ੫॥ ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ॥ ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ॥ ੧॥ ਪੰਨਾ 749?॥ ਚਰਣ-ਧੂੜ ਮੰਗਣ ਦੀ ਕੀ ਜ਼ਰੂਰਤ ਉਹ ਤਾਂ ਕਿਸੇ ਵੀ ਧਾਰਮਿਕ ਸਥਾਨ ਤੋਂ ਚੁੱਕ ਕੇ ਡੱਬੇ ਵਿਚ ਪਾ ਕੇ ਨਾਲ ਨਾਲ ਲਿਜਾਈ ਜਾ ਸਕਦੀ ਹੈ। ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥੧॥ ਰਹਾਉ॥ ਪੰਨਾ 749?॥ ਚਰਨ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ॥੨॥ ਪੰਨਾ 749॥

ਡਾ. ਰਤਨ ਸਿੰਘ ਜੱਗੀ ਜੀਓ! ਜੇ ਚਰਣ-ਧੂੜ ਦਾ ਮਤਲਬ ਮਿੱਟੀ ਹੈ ਤੇ ਮਨੁੱਖ ਮਿੱਟੀ ਹੋਣਾ ਚਾਹੁੰਦਾ ਹੈ ਤਾਂ ਪ੍ਰਮਾਤਮਾ ਨੂੰ ਪਾਇਆ ਉਹ ਕਿਵੇਂ ਸਮਝੇਗਾ? ਚਰਣ-ਧੂੜ ਦਾ ਮਤਲਬ ਨਿਮਰਤਾ ਵੀ ਨਹੀਂ ਸਗੋਂ ਪ੍ਰਮਾਤਮਾ ਦਾ ਉਪਦੇਸ਼ ਹੈ ਜੋ ਤੀਜੀ ਉਦਾਹਰਣ ਦੀ ਅਖੀਰਲੀ ਪੰਗਤੀ ਬਿਲਕੁੱਲ ਸਾਫ ਕਰ ਦਿੰਦੀ ਹੈ। ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥ ੨ ॥ ਪੰਨਾ 749 ॥ ਜਦੋਂ ਗੁਰੂ ਦਾ ਉਪਦੇਸ਼ ਰਿਦੈ ਉਰਿ ਧਾਰੀ ਹਿਰਦੇ ਵਿਚ ਵਸਾ ਲਿਆ ਤਾਂ ਇਸ ਉਪਦੇਸ਼ ਦੀ ਕ੍ਰਿਪਾ ਨਾਲ ਪ੍ਰਮਾਤਮਾ ਦਾ ਸੰਗ ਪ੍ਰਾਪਤ ਹੋ ਗਿਆ। ਇਸੇ ਹੀ ਲੇਖ ਵਿਚ ਡਾ. ਰਤਨ ਸਿੰਘ ਜੱਗੀ ਜੀ ਹਸਨ ਨਾਮ ਦੇ ਵਿਆਕਤੀ ਵਲੋਂ ਖਿਝ ਕੇ ਇਕ ਵੱਡੇ ਅਕਾਰ ਵਾਲਾ ਪੱਥਰ ਰੋੜਨ ਦਾ ਜ਼ਿਕਰ ਕਰਦੇ ਹਨ ਗੁਰੂ ਜੀ ਆਪਣੇ ਸੱਜੇ ਹੱਥ ਨਾਲ ਪੱਥਰ ਨੂੰ ਰੋਕ ਲੈਂਦੇ ਹਨ। ਜਿਸ ਕਰਕੇ ਪੱਥਰ ਉਪਰ ਹੱਥ ਦਾ ਨਿਸ਼ਾਨ ਬਣ ਗਿਆ। ਡਾ. ਰਤਨ ਸਿੰਘ ਜੀਓ! ਹੁਣ ਉਹ ਜ਼ਮਾਨਾ ਗਿਆ ਜਦੋਂ ਕੋਈ ਕੁੱਝ ਕਹੀ ਜਾਂਦਾ ਸੀ ਤੇ ਅਸੀਂ ਚੁਪ-ਚਾਪ ਲਿਖਤਾਂ ਜਾਂ ਭਾਸ਼ਣਾਂ ਨੂੰ ਪੜ੍ਹੀ/ਸੁਣੀ ਜਾਂਦੇ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਜਨਮ ਸਾਖੀ ਵਿਚ ਪੰਜੇ ਵਾਲੀ ਸਾਖੀ ਦਾ ਕੋਈ ਜ਼ਿਕਰ ਨਹੀਂ। ਤੁਹਾਡੀ ਹੀ ਯੂਨੀਵਰਸਿਟੀ ਦਾ ਛਾਪੀ ਹੋਈ ਪੁਸਤਕ, ਜਨਮਸਾਖੀ ਪ੍ਰੰਪਰਾ ਡਾ. ਕਿਰਪਾਲ ਸਿੰਘ, ਵਿਚ ਇਸਦਾ ਕੋਈ ਜ਼ਿਕਰ ਨਹੀਂ। ਸਗੋਂ ਹਸਨ ਨਾਮੀ ਗੁਜਰ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੂੰ ਦੁੱਧ ਪਿਆਉਣ ਦਾ ਜ਼ਿਕਰ ਹੈ। ਪੰਨਾ 110। ਕਨਿੰਗਮ, ਬਾਈਰਨ ਹੁਗਲ ਇਸ ਥਾਂ ਤੇ ਬੋਧੀ ਮੱਠ ਹੋਣ ਦਾ ਜ਼ਿਕਰ ਕਰਦੇ ਹਨ। ਜਰਮਨ ਯਾਤਰੀ ਬਾਇਰਨ ਹੁਗਲ ਤਾਂ ਇਹ ਵੀ ਲਿਖਦਾ ਹੈ ਕਿ ਗੁਰੂ ਜੀ ਵਲੀ ਕੰਧਾਰੀ ਦੇ ਕਿਸੇ ਚੇਲੇ ਨੂੰ ਮਿਲੇ ਸਨ ਤੇ ਪਾਣੀ ਦਾ ਚਸ਼ਮਾ ਬੋਧੀਆਂ ਦੇ ਸਮੇਂ ਤੋਂ ਹੋਣ ਦਾ ਵਰਨਣ ਕਰਦਾ ਹੈ। ਪੰਨਾ 111, ਡਾ. ਰਤਨ ਸਿੰਘ ਜੱਗੀ ਜੀ ਇਹ ਪੰਜਾ ਖੁਦਿਆ ਹੋਇਆ ਹੈ ਧਸਿਆ ਹੋਇਆ ਨਹੀਂ। ਮੈਂ ਆਪਣੀ ਯਾਤਰਾ ਸਮੇਂ ਹੇਠ ਲਿਖੀਆਂ ਗੱਲਾਂ ਦਾ ਖਾਸ ਖਿਆਲ ਰੱਖਿਆ ਸੀ: ਕੀ ਇਸ ਪਹਾੜੀ ਤੇ ਪੰਜੇ ਵਾਲੇ ਪੱਥਰ ਦੀ ਕਿਸਮ ਦਾ ਕੋਈ ਹੋਰ ਪੱਥਰ ਹੈ? ਨਹੀਂ? ਕੀ ਇੱਥੋਂ ਰੋੜਿਆ ਹੋਇਆ ਪੱਥਰ ਇਸ ਤਰ੍ਹਾਂ ਦੀ ਸ਼ਕਲ ਦਾ ਹੀ ਹੋਵੇਗਾ? ਨਹੀਂ ਸਗੋਂ ਗੋਲ ਹੋ ਜਾਣਾ ਚਾਹੀਦਾ ਸੀ। ਕੀ ਇਸ ਪਹਾੜੀ ਦੀ ਢਾਲ ਉਧਰ ਨੂੰ ਹੈ ਜਿਧਰ ਇਹ ਪੰਜੇ ਵਾਲਾ ਪੱਥਰ ਪਿਆ ਹੈ? ਨਹੀਂ। ਕੀ ਪੱਥਰ ਵਿਚ ਕਿਸੇ ਦਾ ਹੱਥ, ਚਾਹੇ ਉਹ ਗੁਰੂ ਜੀ ਦਾ ਹੀ ਕਿਉਂ ਨਾ ਹੋਵੇ, ਧੱਸ ਸਕਦਾ ਹੈ? ਨਹੀਂ। ਭਾਈ ਗੁਰਦਾਸ ਜੀ ਵੀ ਗੁਰੂ ਜੀ ਦੇ ਸਫਰਾਂ ਦਾ ਵਿਸਥਾਰ ਲਿਖਦੇ ਪੰਜੇ ਸਾਹਿਬ ਵਾਲੀ ਸਾਖੀ ਦਾ ਜ਼ਿਕਰ ਬਿਲਕੁੱਲ ਨਹੀਂ ਕਰਦੇ। ਇਸੇ ਹੀ ਲੇਖ ਵਿਚ ਜੱਗੀ ਜੀ ਲਿਖਦੇ ਹਨ: ਉਨ੍ਹਾਂ ਨੇ ਪਰਮਾਤਮਾ ਨੂੰ ਸੰਬੋਧਨ ਕਰਦਿਆ ਕਿਹਾ, ਏਤੀ ਮਾਰਿ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ' ਇਤਨਾ ਜ਼ੁਲਮ ਹੋ ਰਿਹਾ ਹੈ। ਹੇ ਪਰਮਾਤਮਾ! ਤੂੰ ਸਾਰਿਆਂ ਦਾ ਮਾਲਕ ਹੈਂ, ; ਵਾਰਿਸ ਹੈਂ, ; ਇਨ੍ਹਾਂ ਨੂੰ ਪੈਦਾ ਕਰਨ ਵਾਲਾ ਹੈਂ, ਫਿਰ ਕੀ ਤੈਨੂੰ ਇਨ੍ਹਾਂ ਤੇ ਤਰਸ ਨਹੀਂ ਆਇਆ? ਜੱਗੀ ਜੀ ਇਹ ਅਰਥ ਕਰਦਿਆਂ ਤੁਹਾਨੂੰ ਅੱਗੇ ਲਿਖੀ ਪੰਗਤੀ ਯਾਦ ਨਹੀਂ ਆਈ: ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥ ਗੁਰੂ ਜੀ ਤਾਂ ਪਰਮਾਤਮਾ ਨੂੰ ਤਾਹਨਾ ਮਾਰ ਹੀ ਨਹੀਂ ਸਕਦੇ ਕਿਉਂਕਿ ਇਸ ਵਿਚ ਰੱਬ ਜੀ ਦਾ ਕੀ ਦੋਸ਼। ਦੋਸ਼ ਤਾ ਹੁਕਮਰਾਨਾ ਅਤੇ ਉਸਦੇ ਕਰਿੰਦਿਆਂ ਦਾ ਹੈ। ਇਸੇ ਕਰਕੇ ਗੁਰੂ ਜੀ ਲਿਖਦੇ ਹਨ: ਕਿ ਲੋਕ ਆਪਣੇ ਆਪ ਨੂੰ ਦੋਸ਼ ਨਾ ਦੇ ਕੇ ਕਰਤੇ ਨੂੰ ਦੋਸ਼ ਦੇ ਰਹੇ ਹਨ ਕਿ ਤੂੰ ਮੁਗਲਾਂ ਨੂੰ ਸਾਡੇ ਉਪਰ ਜਮਾਂ ਦੇ ਰੂਪ ਵਿਚ ਚੜ੍ਹਾ ਕੇ ਲੈ ਆਇਆ ਹੈਂ ਤੇ ਸਾਨੂੰ ਇਤਨੀ ਮਾਰ ਪਈ ਹੈ ਕਿ ਤੈਨੂੰ ਤਰਸ ਹੀ ਨਹੀਂ ਆਇਆ। ਇਸ ਤਰ੍ਹਾਂ ਕਾਮਾ ਲਾ ਕੇ ਪੜ੍ਹਨ ਨਾਲ ਅਰਥ ਬਿਲਕੁਲ ਸਹੀ ਬਣਦੇ ਹਨ।

ਆਪੈ ਦੋਸੁ ਨ, ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥ ਪੰਨਾ 360॥ ਇਸੇ ਹੀ ਲੇਖ ਵਿਚ ਅੱਗੇ ਜਾ ਕੇ ਜੱਗੀ ਜੀ ਲਿਖਦੇ ਹਨ: ਉਸ ਵਕਤ ਗੁਰੂ ਨਾਨਕ ਸਾਹਿਬ ਦੀ ਵਿਸ਼ੇਸ਼ਤਾ ਸੀ ਕਿ ਉਨ੍ਹਾ ਨੇ ਆਪਣੀ ਬਾਣੀ ਨੂੰ ਸੰਗੀਤ ਨਾਲ ਇਕਸੁਰ ਕਰ ਦਿੱਤਾ। ਇਸ ਵਾਸਤੇ ਕੀਰਤਨ ਦਾ ਸਿੱਖ ਧਰਮ ਵਿਚ ਉਹੀ ਸਥਾਨ ਹੈ ਜਿਹੜਾ ਕਿਸੇ ਸਰੀਰ ਵਿਚ ਰੀੜ ਦੀ ਹੱਡੀ ਦਾ ਹੁੰਦਾ ਹੈ। ਜੱਗੀ ਜੀ ਤੁਹਾਡਾ ਇਹ ਵੀਚਾਰ ਵੀ ਗਲਤ ਹੈ। ਬਾਣੀ ਨੂੰ ਸੰਗੀਤ ਨਾਲ ਇਕਸੁਰ ਤਾਂ ਜ਼ਰੂਰ ਕੀਤਾ ਹੈ ਪਰ ਰੀੜ ਦੀ ਹੱਡੀ ਸਿਰਫ ਤੇ ਸਿਰਫ ਬਾਣੀ ਹੈ, ਬਾਣੀ ਵਿਚ ਪੇਸ਼ ਕੀਤਾ ਗਿਆ ਸਿਧਾਂਤ ਹੈ। ਬਾਣੀ ਨੂੰ ਰਾਗਾਂ ਵਿਚ ਗਾਉਣ ਦਾ ਹੁਕਮ ਜ਼ਰੂਰ ਹੈ ਪਰ ਕੀਰਤਨ ਬਾਰੇ ਖੁਦ ਗੁਰੂ ਜੀ ਦੀ ਬਣੀ ਦਾ ਕੀ ਫੁਰਮਾਣ ਹੈ:

1. ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥ ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥ ਪੰਨਾ 450?

2. ਪਉੜੀ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ॥ ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ॥ ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ॥ ਪੰਨਾ 300?॥

3.ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ 1075॥ ਉਪਰਲੀਆਂ ਦੋ ਉਦਾਹਰਣਾਂ ਤੋਂ ਤਾਂ ਬਿਲਕੁਲ ਸਪੱਸ਼ਟ ਸੰਦੇਸ਼ ਮਿਲਦਾ ਹੈ ਕਿ ਰਾਗਾਂ ਵਿਚ ਗਾਉਣ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ ਸਗੋਂ ਗੁਰ ਉਪਦੇਸ਼ ਨੂੰ ਦ੍ਰਿੜ ਕਰਨ ਨਾਲ ਹੀ ਜਨਮ ਜਨਮ ਦੀ ਮਲ ਲੱਥ ਦੀ ਹੈ। ਇਸ ਉਦਾਹਰਣ ਵਿਚ ਵੀ ਇਹੋ ਉਪਦੇਸ਼ ਹੈ। ਜਪਨਾ ਵੀ ਦ੍ਰਿੜ ਕਰਨਾ ਹੁੰਦਾ ਹੈ ਨਾ ਕਿ ਗਾਉਣਾ ਜਾਂ ਰਾਗਾਂ ਵਿਚ ਗਾਉਣਾ।

4. ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥

ਗੁਰਬਾਣੀ ਵਿਚ ਸੱਭ ਤੋਂ ਸ੍ਰੇਸ਼ਟ ਬਾਣੀ ਨੂੰ ਵਿਚਾਰਨ ਦੀ ਤਾਗੀਦ ਕੀਤੀ ਗਈ ਹੈ। ਜਿਵੇਂ: ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥ ਪੰਨਾ 935?

ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥ ਪੰਨਾ 904॥

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ॥ ਪੰਨਾ 20॥

ਡਾ. ਰਤਨ ਸਿੰਘ ਜੱਗੀ ਜੀਓ! ਮੈਂ ਆਪਣੀ ਪਹਿਚਾਣ ਕਰਾਵਾਂ। ਫਰਵਰੀ 2016 ਵਿਚ ਮੈਂ ਤੁਹਾਨੂੰ ਦਸਮ ਗ੍ਰੰਥ ਬਾਰੇ ਇੰਟਰਵਿਊ ਕਰਨ ਲਈ ਫੂਨ ਕੀਤਾ ਸੀ ਪਰ ਤੁਸੀਂ ਇਨਕਾਰ ਕਰ ਦਿੱਤਾ ਤੇ ਸਧਾਰਣ ਤੌਰ ਤੇ ਮਿਲਣ ਦੀ ਇਜ਼ਾਜ਼ਤ ਦੇ ਦਿੱਤੀ। ਜਦੋਂ ਹੀ ਇੰਦਰਜੀਤ ਸਿੰਘ ਘੱਗਾ ਜੀ ਤੇ ਮੈਂ ਤੁਹਾਡੇ ਬੈਠਣ ਵਾਲੇ ਕਮਰੇ ਵਿਚ ਗਏ ਤਾਂ ਮੇਰੀ ਨਜ਼ਰ ਤੁਹਾਡੇ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਟੀਕੇ ਤੇ ਪਈ ਤਾਂ ਮੈਂ ਪੁੱਛ ਲਿਆ। ਜੀ ਤੁਸੀਂ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕੀਤਾ ਹੈ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਹੋਰਾਂ ਨਾਲੋਂ ਤੁਹਾਡੇ ਅਰਥਾਂ ਦਾ ਕਿਤਨਾ ਕੁ ਫਰਕ ਹੈ। ਤੁਹਾਡਾ ਜਵਾਬ ਸੀ ਕਿ ਪ੍ਰੋਫੈਸਰ ਸਾਹਿਬ ਸਿੰਘ ਨੂੰ ਸਾਹਿਤ ਦਾ ਕੀ ਪਤਾ ਉਹ ਤਾਂ ਸਿਰਫ ਬੀ.ਏ. ਸੀ। ਫਿਰ ਮੈਂ ਕਿਹਾ ਚਲੋ ਛੱਡੋ ਤੇ ਇਉਂ ਕਰੋ ਪੰਨਾ 315 ਤੇ ਮ:੫॥ ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ॥ ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥੨॥ ?ਪੰਨਾ 315?॥ ਅਰਥ ਵਿਖਾਓ। ਤੁਹਾਡੇ ਅਰਥ ਬਿਲਕੁੱਲ ਓਹੀ ਜੋ ਪ੍ਰੋ. ਸਾਹਿਬ ਸਿੰਘ ਵਾਲੇ ਹਨ ਦੇਖ ਕਿ ਮੈਂ ਕਿਹਾ ਜੀ ਤੁਹਾਡੇ ਅਰਥ ਅਤੇ ਪ੍ਰੋਫੈਸਰ ਸਾਹਿਬ ਦੇ ਅਰਥ ਹੂ-ਬਹੂ ਇਕੋ ਹਨ। ਤੁਹਾਡੇ ਅਰਥ ਵੀ ਗਲਤ ਹਨ ਤੇ ਉਨ੍ਹਾਂ ਦੇ ਵੀ। ਜੋ ਇਸ ਤਰ੍ਹਾਂ ਹਨ:

ਅਰਥ: ਜੋ ਮਨੁੱਖ ਪਹਿਲੋਂ ਤੋਂ ਹੀ ਪ੍ਰਭੂ ਵਲੋਂ ਖੁੰਝੇ ਹੋਏ ਹਨ, ਉਹ ਹੋਰ ਕਿਹੜਾ ਆਸਰਾ ਲੈਣ? (ਕਿਉਂਕਿ) ਹੇ ਨਾਨਕ! ਇਹ ਉਸ ਪ੍ਰਭੂ ਨੇ ਆਪ ਮਾਰੇ ਹੋਏ ਹਨ, ਜੋ ਸਾਰੀ ਸ੍ਰਿਸ਼ਟੀ ਨੂੰ ਰਚਨ ਦੇ ਸਮਰੱਥ ਹੈ। 2। ਗੁਰਬਾਣੀ ਦਾ ਰੱਬ ਕਿਸੇ ਨੂੰ ਮਾਰਦਾ ਨਹੀਂ ਸਗੋਂ ਆਪਣੇ ਵੱਲ ਨੂੰ ਖਿਚਦਾ ਹੈ। ਠੀਕ ਅਰਥ ਇਹ ਬਣਦੇ ਹਨ ਕਿ ਜਿਹੜੇ ਮਨੁੱਖ ਰੱਬ ਜੀ ਨਾਲੋਂ ਟੁੱਟੇ ਹੋਏ ਹਨ ਉਹ ਕੀ ਕਰਨ ਕਿ ਉਨ੍ਹਾਂ ਨੂੰ ਰੱਬ ਜੀ ਦਾ ਮੇਲ ਪ੍ਰਾਪਤ ਹੋ ਜਾਵੇ। ਹੁਣ ਜਵਾਬ ਹੋਣਾ

ਚਾਹਿਦਾ ਹੈ ਕਿ ਜਿਨ੍ਹਾਂ ਕਾਰਣਾਂ ਕਰਕੇ ਤੂੰ ਰੱਬ ਜੀ ਨਾਲੋਂ ਟੁੱਟਿਆ ਹੋਇਆ ਹੈਂ ਉਨ੍ਹਾਂ ਨੂੰ ਮਾਰ ਜੇ ਰੱਬ ਜੀ ਨੂੰ ਮਿਲਣਾ ਚਾਹੁੰਦਾ ਹੈਂ ਤਾਂ। ਤੁਸੀਂ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ, ਤਿੰਨੈ ਮਾਰੇ ਦੇ ਅਰਥ ਨਹੀਂ ਸਮਝ ਸਕੇ। ਇਸ ਤੋਂ ਅੱਗੇ ਅਸੀਂ ਹੋਰ ਗੱਲ-ਬਾਤ ਕਰਨੀ ਮੁਨਾਸਬ ਨਹੀਂ ਸਮਝੀ ਤੇ ਫਤਿਹ ਬੁਲਾ ਕੇ ਛੁੱਟੀ ਲੈ ਕੇ ਰਵਾਨਾ ਹੋ ਗਏ।

ਦੂਸਰਾ ਲੇਖ ਹੈ ਡਾ. ਰਤਨ ਸਿੰਘ ਜੱਗੀ ਜੀ ਦੇ ਧਰਮ ਪਤਨੀ ਗੁਰਸ਼ਰਨ ਕੌਰ ਜੱਗੀ ਜੀ ਦਾ: ਪਹਿਲੀ ਸਤਰ: ਗੁਰੂ ਨਾਨਕ ਦੇਵ ਜੀ ਦਾ ਮੱਧ-ਯੁੱਗ ਦੀ ਪ੍ਰੇਮ-ਭਗਤੀ ਦੇ ਸਾਧਕਾਂ ਵਿਚ ਪ੍ਰਮੁੱਖ ਅਤੇ ਮਹੱਤਵਪੂਰਨ ਸਥਾਨ ਹੈ। ਗੁਰੂ ਨਾਨਕ ਪਾਤਸ਼ਾਹ ਤਾਂ ਸੁਤਿਆਂ ਲੋਕਾਂ ਨੂੰ ਗਫਲਤਾ ਦੀ ਨੀਂਦ ਵਿਚੋਂ ਕੱਢ ਕੇ ਆਪਣੇ ਹੱਕ-ਹਕੂਕਾਂ ਲਈ ਲੜਨ ਵਾਸਤੇ ਤਿਆਰ ਕਰਦੇ ਹਨ ਪਰ ਸਾਡੇ ਯੂਨੀਵਰਸਿਟੀਜ਼ ਦੇ ਮੰਨੇ-ਪ੍ਰਮੰਨੇ ਪ੍ਰੋਫੈਸਰ ਪਤਾ ਨਹੀਂ ਕਿਹੜੀ ਪ੍ਰੇਮਾ-ਭਗਤੀ ਦੀ ਗੱਲ ਕਰਦੇ ਹਨ। ਗੁਰੂ ਨਾਨਕ ਪਿਤਾ ਜੀ ਦੀ ਆਪਣੀ ਬਾਣੀ:1. ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥ ਚਾਕਰ ਨਹਦਾ ਪਾਇਨਿ੍ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ॥ 2. ਜਿਸ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ 3. ਨਾਵਹੁ ਧੋਵਹੁ ਤੋਲਕੁ ਚੜਾਵਹੁ ਸੁਚ ਵਿਣ ਸੋਚ ਨ ਹੋਈ॥ 4. ਉਡਿ ਨ ਜਹੀ ਸਿਧ ਨ ਹੋਹਿ॥ 5. ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ ਗੁਰਸ਼ਰਨ ਕੌਰ ਜੱਗੀ ਜੀਓ! ਇਸ ਤਰ੍ਹਾਂ ਦੀਆਂ ਹੋਰ ਸੈਂਕੜੇ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਹਨ ਅਤੇ ਇਸੇ ਦੀ ਬਦੌਲਤ ਹੀ ਬੰਦਾ ਸਿੰਘ ਬਹਾਦਰ ਨੇ ਸਿਰਹੰਦ ਦੀ ਇੱਟ ਨਾਲ ਇੱਟ ਖੜਕਾਈ, ਮਿਸਲਾਂ ਵਾਲੇ ਸਿਰਦਾਰਾਂ ਖਲਾਸਾ ਰਾਜ ਦੀ ਨੀਂਹ ਰੱਖੀ ਅਤੇ ਸਿਰਦਾਰ ਰਣਜੀਤ ਨੇ ਸਿੰਘ ਖਾਲਸਾ ਰਾਜ ਸਥਾਪੱਤ ਕੀਤਾ ਅਤੇ ਓਸ ਵੇਲੇ ਦੁਨੀਆਂ ਦੀ ਸਿਰਮੌਰ ਸ਼ਕਤੀ ਬਣ ਕੇ ਆਪਣੇ ਲੋਕਾਂ ਨੂੰ ਪੱਛਮੀ ਧਾੜਵੀਆਂ ਤੋਂ ਬਚਾਇਆ। ਕੀ ਤੁਸੀਂ ਆਪਣੇ ਲਫਜ਼ਾਂ ਵਿਚ ਇਸ ਨੂੰ ਪ੍ਰੇਮਾ ਭਗਤੀ ਕਹਿੰਦੇ ਹੋ? ਜਿਹੜੀ ਤਲਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਵਾਹੀ, ਬਾਬਾ ਬੰਦਾ ਸਿੰਘ ਬਹਾਦਰ, ਮਿਸਲਾਂ ਦੇ ਸਿਰਦਾਰਾਂ ਅਤੇ ਖਾਲਸਾ ਰਾਜ ਦੇ ਫੌਜੀਆਂ ਨੇ ਖੜਕਾਈ ਉਸਦਾ ਫੌਲਾਦ ਗੁਰੂ ਨਾਨਕ ਸਾਗਿਬ ਤਿਆਰ ਕਰਦੇ ਹਨ।

ਗੁਰਸ਼ਰਨ ਕੌਰ ਜੱਗੀ ਜੀ ਪ੍ਰਚੱਲਤ ਕਹਾਵਤ ਅਨੁਸਾਰ ਲਿਖਦੇ ਹਨ, ਸਗੋਂ ਲੋਕਾਂ ਦੇ ਦਰਦ ਨੂੰ ਵੰਡਾਂਦੇ ਹੋਏ ਬਾਬਰ ਦੀ ਕੈਦ ਕੱਟਦੇ ਹਨ। ਭੈਣ ਜੀਓ! ਪ੍ਰੋ. ਐਸ. ਐਸ ਪਦਮ ਜੀ ਨੇ ਆਪਣੇ ਖੋਜ ਕੰਮ ਦੇ ਅਧਾਰਤ ਦੋ ਕਿਤਾਬਾਂ ਲਿਖੀਆਂ ਹਨ; ਸਿੱਖਾਂ ਦੀ ਭਗਤਮਾਲਾ ਕਰਤਾ ਸੂਰਤ ਸਿੰਘ ਅਤੇ ਸਾਖੀ ਮਹਿਲ ਪਹਿਲੇ ਕੀ ਕਰਤਾ ਸੀਂਹਾ ਉਪਲ। ਇਨ੍ਹਾਂ ਦੇ ਅਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਗੁਰੂ ਜੀ ਐਮਨਾਬਾਦ ਵਾਲੇ ਸਾਕੇ ਤੋਂ ਕੋਈ ਤਕਰੀਬਨ 1-2 ਮਹੀਨੇ ਬਾਦ ਹੀ ਇਸ ਸ਼ਹਿਰ ਵਿਚ ਪਹੁੰਚਦੇ ਹਨ। ਹੋ ਸਕਦਾ ਹੈ ਕਿ ਡਾ. ਕਿਰਪਾਲ ਸਿੰਘ ਜੀ ਨੇ ਵੀ ਜਨਮਸਾਖੀ ਪ੍ਰੰਪਰਾ ਵਿਚ ਇਹੀ ਸਾਬਤ ਕੀਤਾ ਹੋਵੇ ਪਰ ਹੁਣ ਮੈਨੂੰ ਪੱਕਾ ਯਾਦ ਨਹੀਂ। ਇਹ ਗੱਲ ਕਿਉਂ ਚਲਾਈ ਗਈ ਕਿ ਗੁਰੂ ਜੀ ਨੂੰ ਬਾਬਰ ਨੇ ਕੈਦ ਕੀਤਾ? ਸਭ ਤੋਂ ਪਹਿਲਾਂ ਗੁਰੂ ਜੀ ਕੋਲ ਕੋਈ ਗੈਬੀ ਸ਼ਕਤੀਆਂ ਦਿਖਾਉਣੀਆਂ ਹਨ, ਫਿਰ ਚੱਕੀਆਂ ਨੂੰ ਗੈਬੀ ਸ਼ਕਤੀਆਂ ਚਲਾ ਰਹੀਆਂ ਹਨ, ਫਿਰ ਬਾਬਰ ਗੁਰੂ ਜੀ ਨੂੰ ਦੁਆ ਸਲਾਮ ਕਰਦਾ ਹੈ, ਫਿਰ ਗੁਰੂ ਜੀ ਨੂੰ ਭੰਗ ਪੀਂਦਾ ਦਿਖਾਉਣਾ ਹੈ, ਤੇ ਬਾਅਦ ਵਿਚ ਬਾਬਰ ਨੂੰ ਸੱਤ-ਮੁੱਠਾਂ ਭੰਗ ਦੀਆਂ ਬਦਲੇ ਸੱਤ-ਪੀਹੜੀਆਂ ਦਾ ਰਾਜ-ਭਾਗ ਬਖਸ਼ਣਾ ਹੈ ਜੋ ਸਾਡੇ ਹੁਣ ਵਾਲੇ ਸਾਧਾਂ ਦੇ ਬਿਲਕੁੱਲ ਫਿਟ ਬੈਠਦਾ ਹੈ। ਇਹ ਵਿਹਲੜ ਤੇ ਢਿਢਲ ਸਾਧ-ਲਾਣੇ ਦੀ ਚਲਾਈ ਹੋਈ ਕਹਾਣੀ ਹੈ ਨਾ ਕਿ ਇਹ ਇਤਹਾਸ ਹੈ। ਅੱਗੇ ਜਾ ਕੇ ਤੁਸੀਂ ਆਪ ਹੀ ਲਿਖ ਦਿੱਤਾ ਸਗੋਂ ਰਾਜਨੈਤਿਕ ਅਵਸਥਾ ਪ੍ਰਤੀ ਵੀ ਅਸੰਤੁਸ਼ਟ ਸਨ ਜੋ ਅਸਲੀਅਤ ਹੈ। ਇਸੇ ਲੇਖ ਵਿਚ ਤੁਸੀਂ ਲਿਖਦੇ ਹੋ ਕਿ ਗੁਰੂ ਨਾਨਕ ਪਿਤਾ 'ਅਧਿਆਤਮਿਕ ਸਾਧਨਾਂ ਵਿਚ ਪ੍ਰਬੀਨ ਹੀ ਨਹੀਂ ਸਨ ਸਗੋਂ ਪ੍ਰਮਾਤਮਾ ਨੂੰ ਜਾਨਣ ਵਾਲੇ ਵੀ ਸਨ'। ਮਾਰੂ ਮਹਲਾ੧॥ ਅਸੁਰ ਸਘਾਰਣ ਰਾਮੁ ਹਮਾਰਾ॥ ਘਟਿ ਘਟਿ ਰਮਈਆ ਰਾਮੁ ਪਿਆਰਾ॥ ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ॥੧॥ ਪੰਨਾ 1028॥ ਇਨ੍ਹਾਂ ਪੰਗਤੀਆਂ ਵਿਚ ਤਾਂ ਗੁਰੂ ਨਾਨਕ ਪਾਤਸ਼ਾਹ ਆਪ ਲਿਖਦੇ ਹਨ ਕਿ ਪ੍ਰਮਾਤਮਾ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਫਿਰ ਓਹ ਪ੍ਰਮਾਤਮਾ ਨੂੰ ਜਾਨਣ ਵਾਲੇ ਕਿਵੇਂ ਹੋਏ? ਗੁਰਬਾਣੀ ਵਿਚ ਅਨੇਕਾਂ ਵਾਰ ਲਿਖਿਆ ਮਿਲਦਾ ਹੈ, ਅਲਖ ਨ ਜਾਈ ਲਖਿਆ। ਗੁਰਬਾਣੀ ਵਿਚ 'ਅਧਿਆਤਮ ਲਫਜ ਤਿੰਨ ਵਾਰ ਆਉਂਦਾ ਹੈ ਤੇ ਤਿੰਨੇ ਵਾਰ ਅਧਿਆਤਮ ਕਰਮਾਂ ਦਾ ਖੰਡਨ ਕਰਦਾ ਹੈ। ਜਿਵੇਂ: ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ॥੧॥ ਪੰਨਾ 33॥ ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥੧॥ ਪੰਨਾ 223॥ ਅਧਿਆਤਮ ਕਰਮ ਕਰੇ ਦਿਨੁ ਰਾਤੀ॥ ਨਿਰਮਲ ਜੋਤਿ ਨਿਰੰਤਰਿ ਜਾਤੀ॥ ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ॥੯॥ ਪੰਨਾ 1039॥ ਅਗਲੇ ਪੰਨੇ ਤੇ ਤੁਸੀਂ ਜਨਮ ਸਾਖੀਆਂ ਦੇ ਹਵਾਲੇ ਅਨੁਸਾਰ ਲਿਖਦੇ ਹੋ: ਆਗਿਆ ਪਰਮੇਸਰ ਕੀ ਹੋਈ ਜੋ ਨਾਨਕ ਭਗਤੁ ਹਾਜ਼ਰ ਹੋਆ, ਤਾਂ ਅੰਮ੍ਰਿਤਿ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ। ਹੁਕਮੁ ਹੋਆ- ਨਾਨਕੁ ਇਹ ਅੰਮ੍ਰਿਤ ਨਾਹੀ, ਇਹ ਮੇਰੇ ਨਾਮ ਦਾ ਪਿਆਲਾ ਹੈ, ਤੂ ਪੀਉ। ਤਬਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ।...ਤਦਿ ਗੁਰੂ ਨਾਨਕ ਪੈਰੀ ਪਇਆ। ਸਤਿਕਾਰ ਯੋਗ ਭੈਣ ਜੀਓ! ਸਾਖੀਕਾਰ ਨੂੰ ਆਪ ਹੀ ਪਤਾ ਨਹੀਂ ਕਿ ਉਹ ਕੀ ਲਿਖ ਰਿਹਾ ਹੈ। ਪਹਿਲੀ ਪੰਗਤੀ ਵਿਚ ਕਟੋਰੇ ਵਿਚ ਅੰਮ੍ਰਤਤੇ ਅਗਲੀ ਪੰਗਤੀ ਵਿਚ ਉਸੇ ਪਿਆਲੇ ਵਾਲੇ ਅੰਮ੍ਰਿਤਿ ਨੂੰ ਪਰਮਾਤਮਾ ਦੇ ਨਾਮ ਵਾਲਾ ਪਿਆਲਾ ਬਣਾ ਧਰਿਆ ਹੈ। ਕੀ ਥੁੜਿਆ ਪਿਆ ਹੈ ਐਸੀਆਂ ਸਾਖੀਆਂ ਵੱਲੋਂ? ਗੁਰਬਾਣੀ ਸਾਨੂੰ ਗਿਆਨ ਨਾਲ ਜੋੜਦੀ ਹੈ ਪਰ ਸਾਖੀਆਂ ਸਾਨੂੰ ਕਿਸੇ ਰੱਬ ਦੇ ਨਾਮ ਦਾ ਪਿਆਲਾ ਪਿਲਾ ਕੇ ਗਿਆਨਵਾਨ ਬਣਾਉਦੀਆਂ ਹਨ। ਇਹ ਵੀਚਾਰ ਤਾਂ ਇਕ ਦੂਜੇ ਦੇ ਵਿਪਰੀਤ ਹਨ। ਗੁਰਬਾਣੀ ਦਾ ਫੁਰਮਾਣ ਹੈ: ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥3॥ ਗੁਰੂ ਨਾਨਕ ਪਾਤਸ਼ਾਹ ਜਦੋਂ ਪੂਰਾ ਮੰਗਲਾਚਰਣ ਲਿਖਦੇ ਹਨ ਤਾਂ ਪਰਮਾਤਮਾ ਦਾ ਸਰੂਪ ਬਿਆਨ ਕਰਦੇ ਅਜੂਨੀ ਲਿਖਦੇ ਹਨ। ਫਿਰ ਪਰਮਾਤਮਾ ਦੀ ਦਰਗਾਹ ਕਿੱਥੇ? ਫਿਰ ਕਿਹੜੇ ਪਰਮਾਤਮਾ ਨਾਲ ਗੱਲਾਂ? ਕਿਹੜਾ ਸਵਰਗ ਤੇ ਕਿਹੜਾ ਨਰਕ? ਗੁਰਬਾਣੀ ਤਾਂ ਇਨ੍ਹਾਂ ਗੱਲਾਂ ਨੂੰ ਮੰਨਦੀ ਹੀ ਨਹੀਂ। ਪਰ ਤੁਸੀਂ ਆਪਣੇ ਇਸ ਸਾਰੇ ਲੇਖ ਵਿਚ ਬਾਰ ਬਾਰ ਸਾਖੀਆਂ ਦਾ ਹਵਾਲਾ ਦਿਤਾ ਹੈ ਜੋ ਸੱਚੀਆਂ ਨਹੀਂ ਹਨ। ਕੀ ਅਸੀਂ ਲੋਕਾਂ ਦੀਆਂ ਮਨ-ਕਲਪਤ ਗਪੌੜਾਂ ਤੇ ਵਿਸ਼ਵਾਸ ਕਰੀਏ ਜਾਂ ਫਿਰ ਗੁਰਬਾਣੀ ਤੇ? ਰਾਜਨੈਤਿਕ ਦ੍ਰਿਸ਼ਟੀ ਤੋਂ; ਵਾਲੇ ਹਿਸੇ ਵਿਚ ਮੱਧ-ਯੁੱਗ ਦੇ ਭਗਤ ਜਨਾਂ ਦੀਆਂ ਰਚਨਾਵਾਂ ਵਿਚ ਰਾਜਨੈਤਿਕ ਘਟਨਾਵਾਂ ਦਾ ਅਭਾਵ ਹੈ। ਭਗਤ ਕਬੀਰ, ਰਵੀਦਾਸ, ਤ੍ਰਲੋਚਨ, ਨਾਮਦੇਵ ਆਦਿ ਸਾਰੇ ਕ੍ਰਾਂਤੀਕਾਰੀ ਹੋਏ ਹਨ ਤੇ ਇਨ੍ਹਾਂ ਦੇ ਹਵਾਲੇ ਗੁਰਬਾਣੀ ਵਿਚੋਂ ਇਉਂ ਮਿਲਦੇ ਹਨ: ਬ੍ਰਾਹਮਣ ਨੂੰ ਨਿੰਦਣਾ ਉਸ ਵਕਤ ਕਤਲ ਦੇ ਬਰਾਬਰ ਸੀ, ਗਉੜੀ ਕਬੀਰ ਜੀ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥ ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥ ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥੩॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥ ਪੰਨਾ 324? ਜਿਸ ਰਸਤੇ ਅਸੀਂ ਇਸ ਸੰਸਾਰ ਵਿਚ ਆਏ ਉਸੇ ਰਸਤੇ ਰਾਹੀਂ ਹੀ ਤੂੰ ਇਸ ਸੰਸਾਰ ਵਿਚ ਆਇਆ। ਤੇਰੀਆ ਨਾੜਾਂ ਵਿਚ ਕਿਹੜਾ ਦੁੱਧ ਹੈ ਤੇ ਸਾਡੇ ਲਹੂ। ਫਿਰ ਤੂੰ ਪੰਡਿਤ ਕਿਵੇਂ ਹੋਇਆ ਤੇ ਅਸੀਂ ਨੀਵੇ ਕਿਵੇਂ ਹੋਏ? ਇਹ ਲੋਕਾਂ ਨੂੰ ਜਗਾਉਣ ਵਾਲਾ ਸਿਧਾਂਤ ਨਹੀਂ ਤਾਂ ਹੋਰ ਕੀ ਹੈ? ਭਗਤ ਰਵਿਦਾਸ; ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥ ਪੰਨਾ 345? ਕੀ ਇਹ ਰਾਜਨੈਤਿਕ ਅਵਸਥਾ ਦਾ ਜ਼ਿਕਰ ਨਹੀਂ? ਭਗਤ ਨਾਮਦੇਵ : ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ ਪੰਨਾ 1292॥ ਬ੍ਰਾਹਮਣ ਦੇ ਸਿਧਾਂਤ ਨੂੰ ਕੱਟਣਾ ਉਸ ਵਕਤ ਦਾ ਭਾਰੀ ਤੋਂ ਭਾਰੀ ਜ਼ੁਰਮ ਸੀ। ਕੀ ਭਗਤ ਨਾਮਦੇਵ ਜੀ ਜਾਗਰਤੀ ਲਿਆਉਣ ਵਾਸਤੇ ਕੋਈ ਕੰਮ ਕਰ ਰਹੇ ਹਨ ਜਾਂ ਨਹੀਂ? ਜੇਕਰ ਗੁਰੂ ਜੀ ਦੇ ਵਿਚਾਰ ਦੂਸਰੇ ਬਾਣੀਕਾਰਾਂ ਨਾਲ ਮੇਲ ਨਾ ਖਾਂਦੇ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਦਰਜ਼ ਹੀ ਨਹੀਂ ਸੀ ਹੋਣੀ। ਡਾ. ਗੁਰਸ਼ਰਨ ਕੌਰ ਜੱਗੀ ਜੀ ਸਾਨੂੰ ਸਾਖੀਆਂ ਤੋਂ ਸੇਧ ਲੈ ਕੇ ਇਹ ਮੰਨਣ ਦੀ ਲੋੜ ਨਹੀਂ ਕਿ ਗੁਰੂ ਜੀ ਨੂੰ ਬਾਣੀ ਉਚਾਰਣ ਕਰਨ ਲਈ ਕੋਈ ਉਚੇਚ ਨਹੀਂ ਕਰਨੀ ਪਈ ਸਗੋਂ ਬਾਣੀ ਆਪ ਬੋਲ ਕੇ ਸਾਨੂੰ ਦੱਸ ਰਹੀ ਹੈ ਕਿ ਗੁਰੂ ਜੀ ਉੱਚ-ਕੋਟੀ ਦੇ ਕਵੀ, ਢਾਡੀ, ਨਵੀਂ ਕਿਸਮ ਦੀ ਮਨੁੱਖਤਾ ਦੇ ਘਾੜੇ ਅਤੇ ਸਿਧਾਂਤ-ਘਾੜੇ ਵੀ ਸਨ। ਉਹ ਪੂਰਨ ਮਨੁੱਖ ਸਨ।

ਗੁਰਬਚਨ ਸਿੰਘ 'ਰਾਹੀ' ਆਪਣੇ ਲੇਖ, ਜਪੁ ਜੀ-ਗੁਰਮਤਿ ਦਾ ਅਧਾਰ ਵਿਚ ਲਿਖਦੇ ਹਨ; ' ਵੇਦਾਂਤ ਵਾਂਗ ਗੁਰੂ ਨਾਨਕ ਦੇਵ ਜੀ ਕਰਮ ਸਿਧਾਂਤ ਵਿੱਚ ਵਿਸ਼ਵਾਸ਼ ਰੱਖਦੇ ਹਨ। ਕਰਮ ਤਿੰਨ ਪ੍ਰਕਾਰ ਦੇ ਮੰਨੇ ਜਾਂਦੇ ਹਨ।....ਮਨੁੱਖ ਦੇ ਚੰਗੇ ਜਾਂ ਬੁਰੇ ਕਰਮਾਂ ਦਾ ਨਿਬੇੜਾ ਜਾਂ ਲੇਖਾ-ਜੋਖਾ ਪਰਮਾਤਮਾ ਦੀ ਦਰਗਾਹ ਵਿੱਚ ਜਰੂਰ ਦੇਣਾ ਹੁੰਦਾ ਹੈ। ਜਿਨ੍ਹਾਂ ਨੇ ਚੰਗੇ ਕਰਮ ਕੀਤੇ ਹੁੰਦੇ ਹਨ, ਉਹ ਪ੍ਰਭੂ ਦੇ ਨੇੜੇ ਹੋ ਜਾਂਦੇ ਹਨ। ਜਿਨ੍ਹਾਂ ਨੇ ਬੁਰੇ ਕਰਮ ਕੀਤੇ ਹੁੰਦੇ ਹਨ, ਉਹ ਉਸ ਤੋਂ ਦੂਰ ਚਲੇ ਜਾਂਦੇ ਹਨ ਤੇ ਆਵਾਗਵਣ ਦੇ ਚੱਕਰ ਵਿਚ ਪਏ ਰਹਿੰਦੇ ਹਨ- ਚੰਗਿਆਈਆਂ ਬੁਰਿਆਈਆਂ ਵਾਚੈ ਧਰਮ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ॥ ਗੁਰਬਚਨ ਸਿੰਘ ਰਾਹੀ ਜੀ ਜਦੋਂ ਪਰਮਾਤਮਾ ਹਰ ਇਕ ਦੇ ਦਿਲ ਵਿਚ ਜਾਂ ਹਰ ਥਾਂ ਵੱਸਦਾ ਹੈ ਤਾਂ ਪਰਮਾਤਮਾ ਦੀ ਦਰਗਾਹ ਕਿਧਰੇ ਸੱਤਵੇਂ ਅਸਮਾਨ ਵਿਚ ਨਹੀਂ ਹੋ ਸਕਦੀ? ਪਰਮਾਤਮਾ ਦੀ ਦਰਗਾਹ ਵੀ ਅੱਜ ਹੈ ਅਤੇ ਇਸੇ ਜਨਮ ਵਿਚ ਅਤੇ ਇਹ ਦੁਨੀਆਂ ਹੀ ਪਰਮਾਤਮਾ ਦੀ ਦਰਗਾਹ ਹੈ। ਕਰਮਾਂ ਦੇ ਸਿਧਾਂਤ ਨੂੰ ਗੁਰਬਾਣੀ ਕੱਟਦੀ ਹੈ ਜਿਵੇਂ: ਸੂਹੀ ਮਹਲਾ ੫॥ ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥ ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ॥੧॥ ਪੰਨਾ 748॥ ਭਗਤ ਕਬੀਰ ਜੀ॥ ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥ ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ॥ ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ॥ ੩॥੩॥ ਪੰਨਾ 870? ਜਦੋਂ ਇਸ ਸੰਸਾਰ ਵਿਚ ਕੋਈ ਹੈ ਹੀ ਨਹੀਂ ਸੀ ਤਾਂ ਪਹਿਲਾ ਮਨੁੱਖੀ ਜੀਵ ਕਿਹੜੇ ਕਰਮ ਕਰਕੇ ਇੱਥੇ ਆਇਆ? ਇਹ ਬ੍ਰਾਹਮਣ ਦੇ ਕਰਮ ਕਾਂਢ ਦੇ ਸਿਧਾਂਤ ਨੂੰ ਕੱਟਣਾ ਹੈ। ਖੰਡਨਾ ਹੈ ਮੰਡਨਾ ਨਹੀਂ। ਗੁਰੂ ਨਾਨਕ ਪਾਤਸਾਹ ਜਾਂ ਕਿਸੇ ਹੋਰ ਭਗਤ ਜਨ ਦਾ ਕਿਸੇ ਵੇਦਾਂਤ ਨਾਲ ਕੋਈ ਸੰਬੰਧ ਨਹੀਂ। ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ॥ ਬੁਨਿ ਬੁਨਿ ਆਪ ਆਪੁ ਪਹਿਰਾਵਉ॥ ਜਹ ਨਹੀ ਆਪੁ ਤਹਾ ਹੋਇ ਗਾਵਉ॥੨॥ ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥੩॥ ਰਿਦੈ ਇਖਲਾਸੁ ਨਿਰਖਿ ਲੇ ਮੀਰਾ॥ ਆਪੁ ਖੋਜਿ ਖੋਜਿ ਮਿਲੇ ਕਬੀਰਾ॥੪॥੭॥ ਪੰਨਾ 1158-1159?

ਵੇਦਾਂਤ ਮੱਤ ਬਾਰੇ: ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥ ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥ ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥ ਪੰਨਾ 920?

ਗੁਰਬਚਨ ਸਿੰਘ ਰਾਹੀ ਜੀ ਜੇਕਰ ਤੁਸੀਂ ਹਾਲੇ ਵੀ ਵੇਦਾਂਤ ਵਾਂਗ ਗੁਰੂ ਨਾਨਕ ਵੀ ਕਰਮ ਸਿਧਾਂਤ ਵਿਚ ਵਿਸ਼ਵਾਸ਼ ਰੱਖਦੇ ਹਨ ਲਿਖਣਾ ਹੈ ਤਾਂ ਇਸ ਸਵਾਲ ਦਾ ਜਵਾਬ ਦਿਓ ਜੀ : ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ। ਵਾਰ 1, ਪਉੜੀ 45। ਰਾਹੀ ਜੀ ਤੁਹਾਡੇ ਲੇਖ ਦਾ ਨਾਮ ਹੀ ਬ੍ਰਾਹਮਣੀ-ਸੋਚ ਦੀ ਉਪਜ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਸਿਧਾਂਤ ਹਨ ਜੋ ਗੁਰੂ ਜੀ ਦੀ ਬਾਣੀ 'ਜਪੁ' ਵਿਚ ਨਹੀਂ ਹਨ। ਫਿਰ 'ਜਪੁ' ਗੁਰਮਤਿ ਦਾ ਅਧਾਰ ਕਿਵੇਂ ਹੋਇਆ?

ਇਸ ਤੋਂ ਅਗਲਾ ਲੇਖ ਆਸਾ ਦੀ ਵਾਰ: ਸੰਦੇਸ਼ ਤੇ ਸੰਚਾਰ ਹੈ ਅੰਮ੍ਰਿਤਪਾਲ ਕੌਰ ਜੀ ਦਾ। ਇਸ ਵੀਚਾਰੀ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਰਾਗ ਆਸਾ ਵਿਚ ਦਰਜ਼ ਗੁਰੂ ਨਾਨਕ ਪਾਤਸ਼ਾਹ ਦੀ ਵਾਰ ਦਾ ਸਿਰਲੇਖ ਕੀ ਹੈ? ਜਦੋਂ ਅਸੀਂ ਇਸ ਵਾਰ ਨੂੰ ਆਸਾ ਦੀ ਵਾਰ ਲਿਖਦੇ ਜਾਂ ਬੋਲਦੇ ਹਾਂ ਤਾਂ ਇਸ ਵਾਰ ਦਾ ਕਰਤਾ ਕੋਈ 'ਆਸਾ' ਬਣ ਜਾਂਦਾ ਹੈ। ਆਸਾ ਕੋਈ ਲਿਖਾਰੀ ਨਹੀਂ। ਆਸਾ ਤਾਂ ਰਾਗ ਦਾ ਨਾਮ ਹੈ ਤੇ ਇਸ ਵਾਰ ਦਾ ਕਰਤਾ ਗੁਰੂ ਨਾਨਕ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਦਰਜ ਹੈ: ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥ ਪੰਨਾ 462॥ ਜਿਸ ਲਿਖਾਰੀ ਨੇ ਗੁਰੂ ਨਾਨਕ ਪਾਤਸ਼ਾਹ ਦੀ ਵਾਰ ਦਾ ਕਰਤਾ ਹੀ ਕਿਸੇ ਆਸੇ ਨੂੰ ਬਣਾ ਧਰਿਆ ਹੈ ਤਾਂ ਉਸਦੀ ਬਾਕੀ ਲਿਖਤ ਨੂੰ ਪੜ੍ਹਨ ਦਾ ਕੀ ਫਾਇਦਾ? ਬਾਕੀ ਦੇ ਲਿਖਾਰੀਆਂ ਨੇ ਵੀ ਇਸੇ ਤਰ੍ਹਾਂ ਦਾ ਹੀ ਕੁੱਝ ਕੀਤਾ ਹੋਊ, ਪਤਾ ਨਹੀਂ, ਪਰ ਹੋਊ ਜ਼ਰੂਰ ਇਸੇ ਤਰ੍ਹਾਂ ਦਾ। ਇਸ ਕਰਕੇ ਇਸ ਕਿਤਾਬ, ਸ੍ਰੀ ਗੁਰੂ ਨਾਨਕ ਦੇਵ ਜੀ (1469- 1539 ਈ.) ਸੰਪਾਦਕ ਡਾ. ਦਲਜੀਤ ਸਿੰਘ ਵਾਲੀਆ, ਤੇ ਹੋਰ ਸਮਾਂ ਬਰਬਾਦ ਕਰਨ ਦਾ ਕੀ ਮਕਸਦ?

ਸਿੱਖ ਭਰਾਵੋ! ਜੇਕਰ ਬਾਬਾ ਜੀ ਬਾਰੇ ਕੁੱਝ ਸੱਚਾ-ਸੁੱਚਾ ਜਾਨਣਾ ਚਾਹੁੰਦੇ ਹੋ ਤਾਂ ਬਾਬਾ ਜੀ ਦੀ ਲਿਖਤ ਨੂੰ ਕਲਾਵੇ ਵਿਚ ਲਓ, ਜੱਫੀ ਪਾਓ ਮਤਲਬ ਪੜ੍ਹੋ, ਸਮਝੋ ਅਤੇ ਅਮਲੀ ਜਾਮਾ ਪਹਿਨਾਵੋ। ਛੱਡੋ ਸਾਖੀਆਂ, ਜਨਮ ਸਾਖੀਆਂ ਤੇ ਲੋਕਾਂ ਦੀਆਂ ਲਿਖੀਆਂ ਮਨਘੜਤ ਗੱਪਾਂ ਨੂੰ ਜੋ ਗੁਰੂ ਸਾਹਿਬਾਨ ਦੀ ਸ਼ਖਸ਼ੀਅਤ ਨੂੰ ਕਲੰਕ ਹੀ ਨਹੀਂ ਕਰਦੀਆਂ ਸਗੋਂ ਸਿੱਖੀ ਦਾ ਵੀ ਭੋਗ ਪਾ ਰਹੀਆਂ ਹਨ ਅਤੇ ਬਚੋ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਜੋ ਪੈਸੇ ਪਿੱਛੇ ਬਰਾਛਾਂ ਵਿਚੋਂ ਲਾਅਲਾਂ ਵਗਾ ਕੇ ਆਪਣੀਆਂ ਕਮੀਜ਼ਾਂ ਗਿਲੀਆਂ ਕਰੀ ਜਾ ਰਹੇ ਨੇ।

ਗੁਰੂ ਦੇ ਪੰਥ ਦਾ ਦਾਸ,

ਗੁਰਚਰਨ ਸਿੰਘ ਜਿਉਣ ਵਾਲਾ
647 966 3132,
810 449 1079

.ਗੈਰ ਅਦਾਲਤੀ ਕਤਲਾਂ 'ਚੋਂ ਜਬਰ-ਜਨਾਹ ਦਾ ਹੱਲ ਲੱਭ ਰਿਹਾ ਭਾਰਤ

ਬੂਟਾ ਸਿੰਘ ਨਵਾਂਸ਼ਹਿਰ
94634-74342

ਹੈਦਰਾਬਾਦ ਜਬਰ-ਜਨਾਹ ਕਾਂਡ ਦੇ ਚਾਰ ਕਥਿਤ ਦੋਸ਼ੀਆਂ ਦੇ ਪੁਲਿਸ ਮੁਕਾਬਲੇ ਵਿਚ ਕਤਲ ਦਾ ਸਮੂਹਿਕ ਅਤੇ ਰਾਜਸੀ ਸਵਾਗਤ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਹਜੂਮੀ ਕਤਲਾਂ ਰਾਹੀਂ ਤੁਰੰਤ ਨਿਆਂ ਦੀਆਂ ਸਲਾਹਾਂ ਦੇਣ ਅਤੇ ਤੇਲੰਗਾਨਾ ਪੁਲਿਸ ਨੂੰ ਵਧਾਈਆਂ ਦੇਣ ਵਾਲਿਆਂ ਵਿਚ ਖ਼ੁਦ ਐੱਮ.ਪੀ. ਸ਼ਾਮਲ ਹਨ ਜਿਹਨਾਂ ਤੋਂ ਸਮਾਜ ਕਾਨੂੰਨ ਦਾ ਰਾਜ ਲਾਗੂ ਕਰਨ ਦੀ ਉਮੀਦ ਰੱਖਦਾ ਹੈ। ਜਦੋਂ ਜਬਰ-ਜਨਾਹ ਦੇ ਮਾਮਲਿਆਂ ਵਿਚ ਕਸੂਰਵਾਰ ਕਰਾਰ ਦਿੱਤੇ ਜਾਣ ਦੀ ਦਰ ਹੀ 32.2ਫ਼ੀ ਸਦੀ ਹੈ ਤਾਂ ਅਵਾਮ ਵੱਲੋਂ ਨਿਆਂ ਪ੍ਰਣਾਲੀ 'ਚ ਬੇਭਰੋਸਗੀ ਦਾ ਇਜ਼ਹਾਰ .ਗੈਰਅਦਾਲਤੀ ਕਤਲਾਂ ਦੀ ਜੈ-ਜੈਕਾਰ ਰਾਹੀਂ ਹੋਣਾ ਹੈਰਾਨੀਜਨਕ ਨਹੀਂ। ਇਸ ਉੱਪਰ ਆਧੁਨਿਕਤਾ ਦੇ ਢੌਂਗ ਵਾਲੀ ਜਗੀਰੂ ਜ਼ਿਹਨੀਅਤ ਅਤੇ ਨਿਆਂਕਾਰੀ ਵਿਵਸਥਾ ਦੀ ਬਜਾਏ ਲੋਹਪੁਰਸ਼ੀ ਆਪਾਸ਼ਾਹ ਰਾਜ ਨੂੰ ਆਦਰਸ਼ ਸਵੀਕਾਰ ਕਰਨ ਵਾਲੇ ਰਾਸ਼ਟਰਵਾਦ ਦੀ ਛਾਪ ਸਾਫ਼ ਨਜ਼ਰ ਆਉਂਦੀ ਹੈ। ਭਾਰਤੀ ਸਮਾਜ ਦਾ ਅਵਚੇਤਨ ਜਗੀਰੂ ਜ਼ਿਹਨੀਅਤ ਨਾਲ ਗੜੁੱਚ ਹੈ। ਕੋਈ ਵਿਅਕਤੀ ਰਾਜ ਦਾ ਅਹਿਲਕਾਰ ਜਾਂ ਰਾਜਸੀ ਆਗੂ ਬਣ ਜਾਣ ਨਾਲ ਇਸ ਤੋਂ ਮੁਕਤ ਨਹੀਂ ਹੋ ਜਾਂਦਾ। ਹਾਕਮ ਜਮਾਤੀ ਸਿਆਸਤਦਾਨ ਤਾਂ ਆਪਣੇ ਸੌੜੇ ਹਿਤਾਂ ਲਈ ਜਾਣ-ਬੁੱਝ ਕੇ ਨਿਆਂਇਕ ਅਮਲ ਨੂੰ ਬਾਈਪਾਸ ਕਰਕੇ ਤਾਨਾਸ਼ਾਹੀ ਦਾ ਰਾਹ ਪੱਧਰਾ ਕਰਨਾ ਚਾਹੁੰਦੇ ਹਨ ਲੇਕਿਨ ਜੋ ਆਮ ਲੋਕ .ਗੈਰਅਦਾਲਤੀ ਸਜ਼ਾਵਾਂ 'ਚ ਨਿਆਂ ਤਲਾਸ਼ ਰਹੇ ਹਨ ਉਹ .ਗੈਰਅਦਾਲਤੀ ਸਜ਼ਾਵਾਂ ਅਤੇ ਨਿਆਂ ਦੇ ਅਮਲ ਨੂੰ ਤਿਲਾਂਜਲੀ ਦੇਣ ਦੇ ਵਰਤਾਰੇ ਨੂੰ ਸਮਾਜੀ ਅਤੇ ਰਾਜਸੀ ਪ੍ਰਵਾਨਗੀ ਦਿੱਤੇ ਜਾਣ ਦੇ ਖ਼ੌਫ਼ਨਾਕ ਖ਼ਤਰਿਆਂ ਤੋਂ ਬੇਖ਼ਬਰ ਹਨ। ਉਹ ਨਹੀਂ ਜਾਣਦੇ ਕਿ ਇਸ ਵਿਵਸਥਾ ਵਿਚ 'ਤੁਰੰਤ ਨਿਆਂ' ਵੀ ਸਿਰਫ਼ ਕਮਜ਼ੋਰ ਸਮਾਜੀ ਪਿਛੋਕੜ ਵਾਲੇ ਮੁਜਰਿਮਾਂ ਲਈ ਹੀ ਰਾਖਵਾਂ ਹੈ। ਕੁਲਦੀਪ ਸੈਂਗਰਾਂ, ਚਿਨਮਿਯਾਨੰਦਾਂ ਦੀ ਰਸੂਖ਼ਵਾਨ ਜਮਾਤ ਇਸ ਕਿਸਮ ਦੇ 'ਨਿਆਂ' ਤੋਂ ਉੱਪਰ ਹੈ। ਸਟੇਟ ਦਾ ਪ੍ਰਤੀਕਰਮ ਮੁਜਰਿਮ ਦੀ ਜਾਤ, ਧਰਮ ਅਤੇ ਉਸ ਦੀ ਸਮਾਜੀ-ਆਰਥਕ-ਰਾਜਨੀਤਕ ਹੈਸੀਅਤ ਤੋਂ ਤੈਅ ਹੁੰਦਾ ਹੈ।

ਫਰਜ਼ੀ ਪੁਲਿਸ ਮੁਕਾਬਲੇ ਨੂੰ ਨਿਆਂ ਸਮਝਣ ਵਾਲੇ ਇਹ ਸਮਝਣ ਤੋਂ ਅਸਮਰੱਥ ਹਨ ਕਿ ਇਹ ਦਰਅਸਲ ਜਬਰ-ਜਨਾਹਾਂ ਦੀ ਵਹਿਸ਼ੀਆਨਾ ਜ਼ਿਹਨੀਅਤ ਨੂੰ ਖ਼ਤਮ ਕਰਨ ਵਿਚ ਰਾਜ ਢਾਂਚੇ ਦੀ ਨਲਾਇਕੀ ਉੱਪਰ ਪਰਦਾ ਪਾਉਣ ਅਤੇ ਸਰਕਾਰਾਂ ਦੀ ਜਵਾਬਦੇਹੀ ਤੋਂ ਧਿਆਨ ਹਟਾਉਣ ਲਈ ਰਚਿਆ ਨਾਟਕ ਸੀ। ਤੇਲੰਗਾਨਾ ਦੇ ਪਸ਼ੂਪਾਲਣ ਮੰਤਰੀ ਤਲਸਾਨੀ ਸ੍ਰੀਨਿਵਾਸ ਰੈਡੀ ਨੇ ਸਪਸ਼ਟ ਕਿਹਾ ਹੈ ਕਿ 'ਇਹ ਪੂਰੇ ਮੁਲਕ ਲਈ ਇਕ ਸੰਦੇਸ਼ ਸੀ' ਅਤੇ ਮੁਜਰਿਮਾਂ ਨੂੰ ਜੁਰਮ ਦੇ ਸਥਾਨ ਉੱਪਰ ਉੱਪਰਲੀਆਂ ਹਦਾਇਤਾਂ 'ਤੇ ਲਿਜਾਇਆ ਗਿਆ। ਲੋਕ ਭੁੱਲ ਗਏ ਕਿ ਤੇਲੰਗਾਨਾ ਦੇ ਇਸੇ 'ਐਨਕਾਊਂਟਰ ਸਪੈਸ਼ਲਿਸਟ' ਵੀ.ਸੀ. ਸਜਨਾਰ ਦੀ ਅਗਵਾਈ ਹੇਠ 2008 'ਚ ਵਾਂਰਗਲ ਵਿਚ ਤਿੰਨ ਮੁਲਜ਼ਮ ਇਸੇ ਤਰ੍ਹਾਂ ਸ਼ੱਕੀ ਹਾਲਾਤ ਵਾਲੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ ਜਿਹਨਾਂ ਨੂੰ ਦੋ ਲੜਕੀਆਂ ਉੱਪਰ ਤੇਜ਼ਾਬ ਸੁੱਟਣ ਦੇ ਮਾਮਲੇ ਵਿਚ ਹਿਰਾਸਤ ਵਿਚ ਲਿਆ ਗਿਆ ਸੀ। ਕੀ ਉਸ 'ਤੁਰੰਤ ਨਿਆਂ' ਨਾਲ ਆਂਧਰਾ-ਤੇਲੰਗਾਨਾ ਵਿਚ ਔਰਤਾਂ ਵਿਰੁੱਧ ਜੁਰਮ ਖ਼ਤਮ ਹੋ ਗਏ? ਇਸ 'ਹੱਲ' ਨਾਲ ਕੀ ਉਹ ਹਾਲਾਤ ਖ਼ਤਮ ਹੋ ਜਾਣਗੇ ਜੋ ਔਰਤਾਂ ਉੱਪਰ ਜਿਨਸੀ ਹਿੰਸਾ ਦੀ ਜੰਮਣ-ਭੋਂਇ ਹਨ ਅਤੇ ਕੀ ਹੁਣ ਔਰਤਾਂ ਦੀ ਸੁਰੱਖਿਆ ਯਕੀਨੀਂ ਹੋ ਜਾਵੇਗੀ?

ਮਰਦ-ਪ੍ਰਧਾਨ ਸੱਤਾ ਦੀ ਸਦੀਵੀ ਜਕੜ ਨੇ ਸਾਡੇ ਸਮਾਜ ਦੇ ਜ਼ਿਆਦਾਤਰ ਹਿੱਸੇ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ 'ਰਾਸ਼ਟਰ ਦੀ ਆਤਮਾ' ਕਿਸੇ ਦਿਲ-ਕੰਬਾਊ ਕਾਂਡ ਨਾਲ ਹੀ ਜਾਗਦੀ ਹੈ ਅਤੇ 'ਮੌਤ ਦੀ ਸਜ਼ਾ' ਨਾਲ ਹੀ ਸੰਤੁਸ਼ਟ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਘੱਟ ਚੁੱਭਵੀਂ ਹਿੰਸਾ ਨੂੰ ਗੌਲ਼ਿਆ ਹੀ ਨਹੀਂ ਜਾਂਦਾ। ਫ਼ਰੀਦਕੋਟ ਜਿਣਸ਼ੀ ਸ਼ੋਸ਼ਣ, ਉਨਾਓਂ ਜਬਰ-ਜਨਾਹ ਕਾਂਡ ਆਦਿ ਮਾਮਲਿਆਂ 'ਚ ਜਮਹੂਰੀ ਲੋਕਪੱਖੀ ਜਥੇਬੰਦੀਆਂ ਨੂੰ ਛੱਡ ਕੇ ਹੋਰ ਕਿੰਨੇ ਕੁ ਲੋਕ ਇਨਸਾਫ਼ ਦਿਵਾਉਣ ਲਈ ਅੱਗੇ ਆਏ ਹਨ? ਸਿਰਫ਼ 'ਨਿਰਭੈ', ਕਠੂਆ ਜਾਂ ਹੈਦਰਾਬਾਦ ਵਰਗੇ ਅਤਿਅੰਤ ਹੌਲਨਾਕ ਕਾਂਡ ਹੀ ਸਮਾਜ ਨੂੰ ਝੰਜੋੜਦੇ ਹਨ ਅਤੇ ਸੜਕਾਂ ਉੱਪਰ ਰੋਸ ਮੁਜ਼ਾਹਰੇ ਹੁੰਦੇ ਹਨ। ਐਸੇ ਰੋਹ ਭਰੇ ਪ੍ਰਦਰਸ਼ਨਾਂ ਤੋਂ ਲੈ ਕੇ ਸੰਸਦ ਮੈਂਬਰਾਂ ਦੇ ਭਾਸ਼ਣਾਂ ਵਿਚ ਮੁਜਰਿਮਾਂ ਨੂੰ ਮੌਤ ਦੀ ਸਜ਼ਾ ਦੇਣ ਦਾ ਸ਼ੋਰ ਤਾਂ ਸੁਣਾਈ ਦਿੰਦਾ ਹੈ ਲੇਕਿਨ ਮਸਲੇ ਦੇ ਮੂਲ ਕਾਰਨਾਂ ਬਾਰੇ ਚਰਚਾ .ਗੈਰਹਾਜ਼ਰ ਹੈ। ਪੁਲਿਸ ਦੇ 'ਫਾਸਟ ਟਰੈਕ ਨਿਆਂ' ਨਾਲ ਸੰਤੁਸ਼ਟ ਹੋ ਕੇ ਰੋਹ ਦਾ ਹਾਲੀਆ ਉਬਾਲ ਵੀ 2012 ਦੇ ਰੋਸ ਮੁਜ਼ਾਹਰਿਆਂ ਦੀ ਤਰ੍ਹਾਂ ਠੰਡਾ ਪੈਣਾ ਸ਼ੁਰੂ ਹੋ ਗਿਆ ਹੈ। ਇਹ ਸਵਾਲ ਤਾਂ ਕਿਸੇ ਨੇ ਗੌਲਿਆ ਹੀ ਨਹੀਂ ਕਿ ਜੇ ਮੌਤ ਦੀ ਸਜ਼ਾ ਮਸਲੇ ਦਾ ਹੱਲ ਹੁੰਦੀ ਤਾਂ 70ਵਿਆਂ 'ਚ ਦਿੱਲੀ ਦੇ ਗੀਤਾ ਕਾਂਡ ਦੇ ਮੁਜਰਿਮਾਂ ਬਿੱਲਾ-ਰੰਗਾ ਨੂੰ ਫਾਂਸੀ ਦਿੱਤੇ ਜਾਣ ਜਾਂ ਫੂਲਨ ਦੇਵੀ ਵੱਲੋਂ 22 ਵਿਅਕਤੀਆਂ ਨੂੰ ਗੋਲੀ ਨਾਲ ਉਡਾਏ ਜਾਣ ਤੋਂ ਬਾਦ ਜਬਰ ਜਨਾਹ ਕਰਨ ਵਾਲਿਆਂ ਨੂੰ ਖੌਫ਼ਜ਼ਦਾ ਹੋ ਜਾਣਾ ਚਾਹੀਦਾ ਸੀ ਅਤੇ ਜਬਰ ਜਨਾਹਾਂ ਦੀ ਗਿਣਤੀ ਘੱਟ ਜਾਣੀ ਚਾਹੀਦੀ ਸੀ। ਇਸ ਵਰਤਾਰੇ ਵਿਚ ਤਾਂ ਸਗੋਂ ਬੇਤਹਾਸ਼ਾ ਇਜ਼ਾਫ਼ਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ 2017 'ਚ ਪੁਲਿਸ ਕੋਲ ਜਬਰ-ਜਨਾਹ ਦੇ 32500 ਮਾਮਲੇ ਦਰਜ ਹੋਏ ਯਾਨੀ ਇਕ ਦਿਨ ਵਿਚ ਲਗਭਗ 90 ਮਾਮਲੇ ਹਾਲਾਂਕਿ ਦਰਜ਼ ਸ਼ਿਕਾਇਤਾਂ ਉੱਪਰ ਅਧਾਰਤ ਨੈਸ਼ਨਲ ਕ੍ਰਾਈਮ ਰਿਕਾਰਡ ਬਿਓਰੋ ਦੇ ਅੰਕੜੇ ਜਿਨਸੀ ਹਿੰਸਾ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। 2012-13 'ਚ ਮੌਤ ਦੀ ਸਜ਼ਾ ਦੀ ਮੰਗ ਦੇ ਸ਼ੋਰ ਦੇ ਆਲਮ ਵਿਚ ਜਸਟਿਸ ਜੇ.ਐੱਸ.ਵਰਮਾ ਕਮਿਸ਼ਨ ਨੇ ਜਿਨਸੀ ਹਿੰਸਾ ਨੂੰ ਰੋਕਣ ਲਈ ਬਹੁਤ ਸਾਰੇ ਉਪਾਅ ਸੁਝਾਏ ਸਨ। ਕੁਛ ਸੁਝਾਵਾਂ ਅਨੁਸਾਰ ਕਾਨੂੰਨ ਵੀ ਸਖ਼ਤ ਬਣਾਇਆ ਗਿਆ। ਉਹਨਾਂ ਪੇਸ਼ਬੰਦੀਆਂ ਦੇ ਬਾਵਜੂਦ ਜਬਰ-ਜਨਾਹਾਂ ਦੀ ਭਿਆਨਕਤਾ ਵਧਦੀ ਜਾਂਦੀ ਹੈ। ਆਖ਼ਿਰਕਾਰ ਵਿਆਪਕ ਜਿਨਸੀ ਹਿੰਸਾ ਦੀ ਜੰਮਣ-ਭੋਂਇ ਵਿਰੁੱਧ ਲੋਕ ਰਾਇ ਕਿਉਂ ਨਹੀਂ ਬਣ ਰਹੀ?

ਯਾਦ ਰਹੇ ਕਿ ਜਬਰ-ਜਨਾਹ ਔਰਤਾਂ ਉੱਪਰ ਜ਼ੁਲਮਾਂ ਦਾ ਇਕੋ-ਇਕ ਰੂਪ ਨਹੀਂ ਹੈ ਅਤੇ ਰੋਸ ਪ੍ਰਦਰਸ਼ਨਾਂ ਦੌਰਾਨ ਵੀ ਔਰਤਾਂ ਨਾਲ ਸਿਰਫ਼ ਕਿਸੇ ਓਪਰੇ ਬੰਦੇ ਵਲੋਂ ਕੀਤੇ ਜਬਰ ਜਨਾਹ ਵਿਰੁੱਧ ਹੀ ਆਵਾਜ਼ ਉੱਠਦੀ ਹੈ। ਜਦ ਕਿ ਇਸ ਮੁਲਕ ਵਿਚ 94 .ਫ਼ੀ ਸਦੀ ਤੋਂ ਵੀ ਵਧੇਰੇ ਜਬਰ ਜਨਾਹ ਔਰਤਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਜਾਂ ਜਾਣਕਾਰਾਂ ਵਲੋਂ ਕੀਤੇ ਜਾਂਦੇ ਹਨ। ਜਿਹਨਾਂ ਉੱਪਰ ਸਮਾਜੀ ਨਮੋਸ਼ੀ ਤੇ ਔਰਤ ਦੀ ਬਦਨਾਮੀ ਦੀ ਦਲੀਲ ਦੇ ਕੇ ਉਹਨਾਂ ਦਾ ਆਪਣਾ ਟੱਬਰ ਤੇ ਭਾਈਚਾਰਾ ਹੀ ਮਿੱਟੀ ਪਾ ਦਿੰਦਾ ਹੈ। ਜ਼ਿਆਦਾਤਰ ਔਰਤਾਂ ਇਸ ਸਮਾਜੀ ਦਬਾਓ ਅਤੇ ਨਿਆਂ ਦੀ ਨਾਉਮੀਦੀ ਕਾਰਨ ਚੁੱਪ ਰਹਿੰਦੀਆਂ ਹਨ। ਇਹਨਾਂ ਜਬਰ ਜਨਾਹਾਂ ਨੂੰ ਕੋਈ ਮਸਲਾ ਹੀ ਨਹੀਂ ਮੰਨਿਆ ਜਾਂਦਾ। ਇਸ ਤੋਂ ਬਿਨਾਂ, ਖਾਪ ਪੰਚਾਇਤਾਂ ਤੇ ਰੂੜ੍ਹੀਵਾਦੀ ਸਮਾਜੀ ਸੰਸਥਾਵਾਂ ਜਗੀਰੂ ਮਰਿਯਾਦਾ ਦੀ ਉਲੰਘਣਾ ਕਰਨ 'ਤੇ ਔਰਤਾਂ ਨੂੰ ਸਮੂਹਕ ਜਬਰ ਜਨਾਹ ਤੇ ਨਿਰਵਸਤਰ ਕਰਕੇ ਪੂਰੇ ਪਿੰਡ 'ਚ ਘੁਮਾਉਣ ਦੀਆਂ ਸਜ਼ਾਵਾਂ ਦਿੰਦੀਆਂ ਹਨ, ਅਖੌਤੀ ਉੱਚੀ ਜਾਤੀ ਅਨਸਰ ਆਪਣੀ ਜਗੀਰੂ ਧੌਂਸ ਦਿਖਾਉਣ ਤੇ ਦੱਬੇ-ਕੁਚਲੇ ਲੋਕਾਂ ਦੀ ਹੱਕ-ਜਤਾਈ ਦਾ ਲੱਕ ਤੋੜਨ ਲਈ ਖੈਰਲਾਂਜੀ ਵਰਗੇ ਕਾਂਡ ਰਚਦੇ ਹਨ। ਭਾਰਤੀ ਰਾਜ ਵਲੋਂ 'ਗੜਬੜਗ੍ਰਸਤ ਇਲਾਕਿਆਂ' ਅੰਦਰ ਕਾਨੂੰਨ ਦਾ ਰਾਜ ਮੁੜ ਸਥਾਪਤ ਕਰਨ ਦੌਰਾਨ ਜਬਰ-ਜਨਾਹ ਨੂੰ ਹਥਿਆਰ ਬਣਾ ਕੇ ਵਰਤਣ ਦੀਆਂ ਬੇਸ਼ੁਮਾਰ ਮਿਸਾਲਾਂ ਹਨ ਜਿਸ ਦਾ ਮਨੋਰਥ ਸੰਘਰਸ਼ਸ਼ੀਲ ਦੱਬੇ-ਕੁਚਲੇ ਲੋਕਾਂ, ਧਾਰਮਿਕ ਘੱਟਗਿਣਤੀਆਂ ਤੇ ਕੌਮੀਅਤਾਂ ਦੇ ਮਨੋਬਲ ਨੂੰ ਤੋੜਨਾ ਹੈ। ਭਗਵੇਂ ਰਾਜ ਵਿਚ ਨਾ ਸਿਰਫ਼ ਜਿਨਸੀ ਹਿੰਸਾ ਦੀ ਵਿਆਪਕਤਾ ਅਤੇ ਦਰਿੰਦਗੀ ਵਧੀ ਹੈ ਸਗੋਂ ਬਲਾਤਕਾਰੀਆਂ ਦੀ ਹਮਾਇਤ ਵਿਚ ਜਥੇਬੰਦ ਸਮੂਹ ਅਤੇ ਸੱਤਾ ਸ਼ਰੇਆਮ ਖੜ੍ਹੇ ਨਜ਼ਰ ਆਉਂਦੇ ਹਨ। ਕਠੂਆ, ਉਨਾਓਂ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਦੀਆਂ ਚਰਚਿਤ ਮਿਸਾਲਾਂ ਹਨ। ਘਟਨਾਵਾਂ ਅਤੇ ਥਾਵਾਂ ਦੇ ਨਾਂਅ ਹੀ ਵੱਖਰੇ ਹਨ, ਔਰਤਾਂ ਦਾ ਸੰਤਾਪ ਤੇ ਦਰਦ ਵੱਖਰਾ ਨਹੀਂ ਹੈ।

'ਨਿਰਭੈ', 'ਦਿਸ਼ਾ' ਜਹੇ ਮਾਮਲਿਆਂ ਬਾਰੇ ਸਰੋਕਾਰ ਦਿਖਾਉਣਾ .ਗਲਤ ਨਹੀਂ। ਦਰਅਸਲ ਇਹ ਸਰੋਕਾਰ ਇਕਤਰਫ਼ਾ ਅਤੇ ਅਧੂਰਾ ਹੈ। ਘੋਰ ਜ਼ੁਲਮ ਦੀ ਇਕ ਵਹਿਸ਼ੀਆਨਾ ਵਾਰਦਾਤ ਨੂੰ ਅਧਾਰ ਬਣਾਕੇ ਅਤੇ ਇਸ ਲਈ ਸਿਰਫ਼ ਚੰਦ ਦਰਿੰਦਿਆਂ ਨੂੰ ਇਕੋ ਇਕ ਜ਼ਿੰਮੇਵਾਰ ਮਿਥ ਲੈਣ ਦਾ ਨਜ਼ਰੀਆ ਸਾਡੇ ਸਮਾਜ ਦੀ ਘਿਣਾਉਣੀ ਹਕੀਕਤ ਨੂੰ ਨਜ਼ਰ-ਅੰਦਾਜ਼ ਕਰਦਾ ਹੈ। ਅਜਿਹਾ ਸੀਮਤ ਵਿਰੋਧ ਸਥਾਪਤੀ ਨੂੰ ਪੂਰੀ ਤਰ੍ਹਾਂ ਰਾਸ ਆਉਂਦਾ ਹੈ। ਕਿਉਂਕਿ ਵਹਿਸ਼ੀਆਨਾ ਜਿਨਸੀ ਹਿੰਸਾ ਵਿਚ ਸਮਾਜ, ਸੱਭਿਆਚਾਰ ਅਤੇ ਰਾਜ ਦੀ ਭੂਮਿਕਾ ਵੱਲ ਕਿਸੇ ਦੀ ਨਜ਼ਰ ਹੀ ਨਹੀਂ ਜਾਂਦੀ। ਵਿਰੋਧ ਦੀ ਇਸ ਆਵਾਜ਼ 'ਚ ਅਮਨ-ਕਾਨੂੰਨ ਦੇ ਰਖਵਾਲਿਆਂ, ਸੱਤਾ ਵੱਲੋਂ ਖੜ੍ਹੀਆਂ ਕੀਤੀਆਂ .ਗੈਰਕਾਨੂੰਨੀ ਤਾਕਤਾਂ, ਉੱਚ ਜਾਤੀ ਅਨਸਰਾਂ ਅਤੇ ਫਿਰਕੂ ਗ੍ਰੋਹਾਂ ਵਲੋਂ ਔਰਤਾਂ ਉੱਪਰ ਘੋਰ ਜ਼ੁਲਮਾਂ ਦਾ ਮੁੱਖ ਪਹਿਲੂ ਅਕਸਰ ਹੀ .ਗੈਰਹਾਜ਼ਰ ਰਹਿੰਦਾ ਹੈ। ਮਹਾਂਨਗਰੀ ਸੰਵੇਦਨਸ਼ੀਲਤਾ ਪੂਰੇ ਮੁਲਕ 'ਚ ਆਦਿਵਾਸੀਆਂ, ਦਲਿਤਾਂ, ਕੌਮੀਅਤਾਂ, ਧਾਰਮਿਕ ਘੱਟਗਿਣਤੀਆਂ ਤੇ ਹੋਰ ਸੰਘਰਸ਼ਸ਼ੀਲ ਹਿੱਸਿਆਂ ਦੀਆਂ ਔਰਤਾਂ ਦੇ ਜਬਰ ਜਨਾਹ ਬਾਰੇ ਐਸੀ ਫ਼ਿਕਰਮੰਦੀ ਕਦੇ ਨਹੀਂ ਦਿਖਾਉਂਦੀ। ਜਦੋਂ ਮਨੀਪੁਰੀ ਔਰਤਾਂ ਨੇ .ਫ਼ੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਮੁਜ਼ਾਹਰਾ ਕੀਤਾ ਅਤੇ ਜਦੋਂ ਆਦਿਵਾਸੀ ਕਾਰਕੁੰਨ ਸੋਨੀ ਸੋਰੀ ਉੱਪਰ ਪੁਲਿਸ ਹਿਰਾਸਤ ਵਿਚ ਜਿਨਸੀ ਜ਼ੁਲਮਾਂ ਖ਼ਿਲਾਫ਼ ਹਾਹਾਕਾਰ ਮੱਚੀ ਓਦੋਂ ਦਿੱਲੀ ਸਮੇਤ ਪੂਰੇ ਮੁਲਕ ਦੇ ਜ਼ਿਆਦਾਤਰ ਲੋਕ ਖ਼ਾਮੋਸ਼ ਰਹੇ। ਹੁਣ ਵੀ ਕਸ਼ਮੀਰ ਜਾਂ ਦੂਰ-ਦਰਾਜ ਆਦਿਵਾਸੀਆਂ ਇਲਾਕਿਆਂ ਵਿਚ ਸਟੇਟ ਦੀ ਪੁਸ਼ਤਪਨਾਹੀ ਵਾਲੀ ਹੌਲਨਾਕ ਜਿਨਸੀ ਹਿੰਸਾ ਉਹਨਾਂ ਲਈ ਕੋਈ ਮੁੱਦਾ ਨਹੀਂ ਹੈ।

ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕਿਸੇ ਆਮ ਮਰਦ ਜਾਂ ਸਟੇਟ ਦੇ ਮਰਦ ਅਧਿਕਾਰੀਆਂ-ਕਰਿੰਦਿਆਂ ਵਿਚ ਔਰਤ ਦੇ ਸਵੈਮਾਣ ਉੱਪਰ ਬੇਖੌਫ਼ ਹੋ ਕੇ ਝਪਟਣ ਦੀ ਦਲੇਰੀ ਕਿੱਥੋਂ ਆਉਂਦੀ ਹੈ? ਇਸ ਦਾ ਸੋਮਾ ਔਰਤ ਉੱਪਰ ਥੋਪਿਆ ਨਾਬਰਾਬਰੀ ਵਾਲਾ ਸਦੀਵੀ ਸਮਾਜੀ ਦਰਜਾ ਤੇ ਇਸ ਤਹਿਤ ਨਿਤਾਣੀ ਬਣਾ ਦਿੱਤੀ ਗਈ ਉਸ ਦੀ ਸਮਾਜੀ ਹੋਂਦ ਹੈ। ਵਕਤ ਦੇ ਨਾਲ ਰੂੜ੍ਹੀਵਾਦੀ ਬੰਦਸ਼ਾਂ ਦੀ ਕੁੱਢਰ ਜਕੜ ਢਿੱਲੀ ਪੈਣ ਦੇ ਬਾਵਜੂਦ ਮਰਦ ਪ੍ਰਧਾਨ ਸੋਚ ਅਜੇ ਵੀ ਔਰਤ ਨੂੰ ਜਾਇਦਾਦ ਸਮਝਣ ਤੇ ਇਸਤੇਮਾਲ ਕਰਨ ਦੀ ਹੀ ਹੈ। ਮੂਲ ਰੂਪ ਵਿਚ ਔਰਤ ਦਾ ਅਧੀਨ ਦਰਜ਼ਾ ਨਾ ਸਿਰਫ਼ ਬਰਕਰਾਰ ਹੈ ਸਗੋਂ ਜਗੀਰੂ ਜ਼ਹਿਨੀਅਤ ਅਤੇ ਆਧੁਨਿਕਤਾ ਦੇ ਮਿਸ਼ਰਣ ਰਾਹੀਂ ਇਹ ਹੋਰ ਵੀ ਪੇਚੀਦਾ ਤੇ ਬਹੁਪਰਤੀ ਹੋ ਗਿਆ ਹੈ। ਇਹ ਮਾਹੌਲ ਵਹਿਸ਼ੀਆਨਾ ਬਿਰਤੀ ਨੂੰ ਜਬਰ ਜਨਾਹ ਕਰਨ ਦੀ ਹਿੰਮਤ ਦਿੰਦਾ ਹੈ। ਸਮਾਜ, ਸੱਭਿਆਚਾਰ ਅਤੇ ਰਾਜ ਦੀਆਂ ਨਜ਼ਰਾਂ 'ਚ ਜਬਰ-ਜਨਾਹਾਂ ਲਈ ਕਸੂਰਵਾਰ ਖ਼ੁਦ ਔਰਤ ਹੈ ਜਿਸ ਦੀ ਮਰਦ-ਪ੍ਰਧਾਨ ਕਦਰਾਂ-ਕੀਮਤਾਂ ਦਾ ਚੌਖਟਾ ਉਲੰਘਕੇ ਵਿਚਰਨ ਵਾਲੀ ਤਰਜ਼ੇ-ਜ਼ਿੰਦਗੀ, ਉਸ ਦਾ ਪਹਿਰਾਵਾ ਹੀ ਉਕਸਾਵੇ ਦਾ ਕਾਰਨ ਹੈ। ਇੰਨਾ ਹੀ ਨਹੀਂ, ਰਾਜ ਤਾਂ ਸਗੋਂ ਸਮਾਜ ਦੇ ਕਮਜ਼ੋਰ, ਦਬਾਏ ਹੋਏ ਤੇ ਵਾਂਝੇ ਹਿੱਸਿਆਂ ਦੀ ਹੱਕ ਜਤਾਈ ਨੂੰ ਕੁਚਲਣ ਲਈ ਜਬਰ-ਜਨਾਹ ਨੂੰ ਇਕ ਹਥਿਆਰ ਸਮਝਕੇ ਵਰਤਦਾ ਹੈ। ਜਬਰ ਜਨਾਹ ਔਰਤ ਦੀ ਨਿਤਾਣੀ ਹੋਂਦ ਨੂੰ ਵਾਰ ਵਾਰ ਮੁੜ ਪੱਕਾ ਕਰਦੇ ਹਨ।

ਫਾਂਸੀ ਜਾਂ ਮੌਤ ਦੀ ਸਜ਼ਾ ਦੀ ਮੰਗ ਕਰਨ ਵਾਲੇ ਇਹ ਭੁੱਲਦੇ ਹਨ ਇਹ ਵਰਤਾਰਾ ਸਖ਼ਤ ਸਜ਼ਾਵਾਂ ਦੀ ਘਾਟ ਕਾਰਨ ਨਹੀਂ ਸਗੋਂ ਸਮਾਜੀ-ਸੱਭਿਆਚਾਰਕ ਮਾਹੌਲ, 'ਮੁੱਖਧਾਰਾ' ਸਿਆਸਤ ਅਤੇ ਰਾਜ ਢਾਂਚੇ ਦੇ ਔਰਤ ਵਿਰੋਧੀ ਰਵੱਈਏ ਕਾਰਨ ਵਧ ਰਹੇ ਹਨ। ਐਸੀ ਮੰਗ ਹੁਕਮਰਾਨ ਜਮਾਤ ਦੇ ਹੱਥ ਮਜ਼ਬੂਤ ਕਰਕੇ ਰਾਜ ਨੂੰ ਹੋਰ ਵਧੇਰੇ ਬੇਕਿਰਕ ਅਤੇ .ਗੈਰਜਮਹੂਰੀ ਤਾਂ ਬਣਾ ਸਕਦੀ ਹੈ ਲੇਕਿਨ ਔਰਤਾਂ ਉੱਪਰ ਜ਼ੁਲਮਾਂ ਨੂੰ ਖ਼ਤਮ ਕਰਨ ਦਾ ਸਾਧਨ ਹਰਗਿਜ਼ ਨਹੀਂ ਬਣੇਗੀ। ਡੂੰਘੀਆਂ ਜੜ੍ਹਾਂ ਵਾਲੇ ਮਿਆਦੀ ਸਮਾਜੀ-ਸੱਭਿਆਚਾਰਕ ਮਸਲੇ ਦਾ ਮੌਤ ਦੀ ਸਜ਼ਾ ਵਰਗਾ ਕੋਈ ਸਰਲੀਕ੍ਰਿਤ ਅਤੇ ਫੌਰੀ 'ਹੱਲ' ਕੁਛ ਹੋਣ ਜਾਂ ਕਰਨ ਦਾ ਪ੍ਰਭਾਵ ਤਾਂ ਦੇ ਸਕਦਾ ਹੈ ਲੇਕਿਨ ਮਰਦ ਪ੍ਰਧਾਨ ਸੱਤਾ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ।

ਇਸ ਵਹਿਸ਼ੀਆਨਾ ਵਰਤਾਰੇ ਦੇ ਖ਼ਾਤਮੇ ਲਈ ਔਰਤ ਵਿਰੋਧੀ ਸੋਚ ਦੇ ਹਰ ਇਜ਼ਹਾਰ ਨੂੰ ਚੁਣੌਤੀ ਦੇਣੀ ਹੋਵੇਗੀ। ਸਮਾਜ ਨੂੰ ਪੀੜਤ ਔਰਤ ਨੂੰ ਕਸੂਰਵਾਰ ਠਹਿਰਾਉਣ ਦੀ ਜ਼ਹਿਨੀਅਤ ਬਦਲਣੀ ਹੋਵੇਗੀ ਅਤੇ ਬਲਾਤਕਾਰੀਆਂ ਨੂੰ ਨਮੋਸ਼ੀ ਦੇਣ ਤੇ ਨਾਲ ਹੀ ਢੁੱਕਵੀਂ ਸਜ਼ਾ ਯਕੀਨੀ ਬਣਾਉਣ ਦੇ ਹਾਲਾਤ ਪੈਦਾ ਕਰਨੇ ਹੋਣਗੇ। ਜਬਰ ਜਨਾਹ ਵਿਚ ਚਾਹੇ ਰਾਜ ਦੇ ਪੁਰਜ਼ੇ ਸ਼ਾਮਲ ਹੋਣ ਜਾਂ ਪਰਿਵਾਰਕ ਰਿਸ਼ਤਿਆਂ ਵਾਲਾ ਮਰਦ ਜਾਂ ਕੋਈ ਹੋਰ, ਹਰ ਦਰਿੰਦਗੀ ਵਿਰੁੱਧ ਆਵਾਜ਼ ਉਠਾਉਣੀ ਪਵੇਗੀ ਤਾਂ ਜੁ ਵਿਰੋਧ ਵਕਤੀ ਉਬਾਲ ਬਣਕੇ ਠੁੱਸ ਹੋਣ ਲਈ ਨਾ ਸਰਾਪਿਆ ਜਾਵੇ। ਸਗੋਂ ਇਹ ਮਰਦ-ਪ੍ਰਧਾਨ ਸੱਤਾ ਨੂੰ ਅਸਰਦਾਰ ਸੱਟ ਮਾਰਨ ਦੀ ਦਿਸ਼ਾ ਅਖ਼ਤਿਆਰ ਕਰੇ।

ਸਬਕ ਇਤਿਹਾਸ ਦੇ

ਇਤਹਾਸ ਨਿਰਾ-ਪੁਰਾ ਪੜ੍ਹਨ ਸੁਣਨ ਜਾਂ ਪੂਜਣ ਤੱਕ ਸੀਮਤ ਨਹੀਂ ਹੁੰਦਾ ਇਸ 'ਚ ਬਹੁਤ ਸਾਰੇ ਸਬਕ, ਸ਼ੰਦੇਸ਼ ਤੇ ਖ਼ਬਰਦਾਰੀਆਂ ਵੀ ਛੁੱਪੇ ਹੁੰਦੇ ਹਨ ਜਿਨ੍ਹਾਂ ਨੂੰ ਪੜ੍ਹ ਸੁਣ ਤੇ ਸਮਝ ਕੇ ਧੁਰ ਅੰਦਰ ਤੱਕ ਵਸਾ ਲੈਣਾ ਹੁੰਦਾ ਹੈ। ਮਨ ਮਸਤਕ ਦੀ ਜੋਤ ਬਣਾ ਆਪਣੀ ਜ਼ਿੰਦਗੀ ਦਾ ਰਾਹ ਦਰਸੇਵਾ ਬਣਾ ਲੈਣਾ ਵੀ ਹੁੰਦਾ ਹੈ। ਇਤਿਹਾਸ ਸਾਖੀ ਹੈ ਜਦੋ ਸਰਹੰਦ ਦੇ ਲੋਕ ਮਾਸੂਮ ਜਿੰਦਾਂ 'ਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਤੇ ਸਭ ਹੱਦਾਂ ਬੰਨ੍ਹੇ ਟੱਪ ਜਾਣ ਵਾਲਾ ਜ਼ਬਰ ਜੁਲਮ ਹੁੰਦਾ ਚੁੱਪ ਚਾਪ ਖਾਮੋਸ਼ ਰਹਿ ਤੱਕਦੇ ਰਹੇ। ਇਸ ਖਾਮੋਸ਼ੀ ਦੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦੇਣ ਦੀ ਇਤਿਹਾਸਕ ਬਰਬਾਦੀ ਦੀ ਸਜ਼ਾ ਉਨ੍ਹਾਂ ਨੂੰ ਭੁਗਤਣੀ ਪਈ ਸੀ। ਸਰਹੰਦ ਦੇ ਲੋਕਾਂ ਅੱਖਾਂ ਸਾਹਵੇਂ ਜੁਲਮ ਹੁੰਦੇ ਤੱਕਦਿਆਂ ਚੁੱਪ ਵਟਣ ਦੀ "ਜਿਹੜੀ ਸਿਆਣਪ" ਕੀਤੀ ਸੀ ਤੇ ਉਸਦੀ ਜਿਹੜੀ ਸਜ਼ਾ ਉਨ੍ਹਾਂ ਭੁਗਤੀ ਉਹ ਵੀ ਤਾਂ ਇਤਿਹਾਸਕ ਸਬਕ ਜਿਸਨੂੰ ਵਿਸਾਰ ਕੇ ਅਸੀਂ ਸਭ ਵੀ ਉਹੀ "ਸਿਆਣਪਾਂ" ਅੱਜ ਵੀ ਪੈਰ ਪੈਰ 'ਤੇ ਕਰਦੇ ਹਾਂ। ਇਹ ਵੀ ਭੁੱਲ ਭੁਲਾ ਦਿੰਦੇ ਹਾਂ ਕਿ ਇਸ ਦੀ ਸਜ਼ਾ ਸਾਨੂੰ ਵੀ ਭੁਗਤਣੀ ਪੈ ਸਕਦੀ ਹੈ। ਉਵੇਂ ਜਿਵੇਂ ਖਾਮੋਸ਼ ਦਰਸ਼ਕ ਰਹਿਣ ਦੀ ਸਰਹਿੰਦ ਵਾਸੀਆਂ ਨੂੰ ਭੁਗਤਣੀ ਪਈ ਸੀ।

-ਸੁਰਿੰਦਰ ਮਚਾਕੀ

ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਕੌਮੀ ਜਨਸੰਖਿਆ ਰਜਿਸਟਰ (ਐੱਨ ਆਰ ਸੀ) ਦਾ ਹੰਗਾਮਾ ਹੈ ਕੀ?

2014 ਵਿੱਚ ਜਦੋਂ ਤੋਂ ਮੋਦੀ ਸਰਕਾਰ ਸੱਤਾ ਵਿੱਚ ਉਦੋਂ ਤੋਂ ਹੀ ਕੁਝ ਸ਼ਬਦ ਸੱਤਾ ਧਿਰ ਵੱਲੋਂ ਤੇਜ਼ੀ ਨਾਲ ਉਛਾਲੇ ਜਾਣ ਲੱਗੇ- ਇਹ ਸਨ ਦੇਸ਼ਭਗਤੀ, ਦੇਸ਼ਧ੍ਰੋਹ, ਨਾਗਰਿਕਤਾ, ਘੁਸਪੈਠ, ਅਸਹਿਨਸ਼ੀਲਤਾ ਆਦਿ ਸਨ। ਨਾਗਰਿਕਤਾ ਵੀ ਸੰਘ-ਭਾਜਪਾ ਦੇ ਲੋਕਾਂ ਦਾ ਚਹੇਤਾ ਸ਼ਬਦ ਸੀ। ਅੱਜ ਭਾਰਤ ਦਾ ਨਾਗਰਿਕ ਕੌਣ ਹੈ? ਪ੍ਰਾਚੀਨ ਕਾਲ ਵਿੱਚ ਭਾਰਤ ਦੇ ਮੂਲ ਨਿਵਾਸੀ ਕੌਣ ਸਨ? ਪਿੱਛੋਂ ਭਾਰਤ ਆਉਣ ਵਾਲੇ ਗੈਰ-ਹਿੰਦੂ ਧਰਮ ਦੇ ਲੋਕਾਂ ਨੂੰ ਭਾਰਤੀ ਮੰਨਿਆ ਜਾਵੇ ਜਾਂ ਨਹੀਂ ਆਦਿ ਬੇਵਜ੍ਹਾ ਦੇ ਸਵਾਲ ਸੰਘ-ਭਾਜਪਾ ਵੱਲੋਂ ਉਛਾਲੇ ਜਾਣ ਲੱਗੇ। ਇਨ੍ਹਾਂ ਦੇ ਹਿੰਦੂਤਵ ਦੀ ਪਰਿਯੋਜਨਾ ਵਿੱਚ ਇਹਨਾਂ ਸੁਆਲਾਂ ਦਾ ਭਾਰੀ ਮਹੱਤਵ ਸੀ। ਇਨ੍ਹਾਂ ਦੇ ਹਿੰਦੂ ਰਾਸ਼ਟਰ ਚ ਗ਼ੈਰ ਹਿੰਦੂਆਂ ਖਾਸ ਕਰਕੇ ਮੁਸਲਿਮ ਦੀ ਨਾਗਰਿਕਤਾ ਜਾਂ ਤਾਂ ਖੋਹੀ ਜਾਣੀ ਸੀ ਜਾਂ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਣਾ ਸੀ। ਅਜਿਹੇ ਵਿੱਚ ਅਤੀਤ ਵਿੱਚ ਉਨ੍ਹਾਂ ਨੂੰ ਜੋ ਵੀ ਮਦਦ ਮਿਲ ਸਕਦੀ ਸੀ, ਉਨ੍ਹਾਂ ਨੇ ਲੈਣ ਦੀ ਕੋਸ਼ਿਸ਼ ਕੀਤੀ। ਜਦ ਕੁਝ ਖਾਸ ਮਦਦ ਨਹੀਂ ਮਿਲੀ ਤਾਂ ਆਪਣੀ ਮਰਜ਼ੀ ਦੇ ਝੂਠ ਨੂੰ ਹੀ ਉਨ੍ਹਾਂ ਨੇ ਇਤਿਹਾਸ ਵਿੱਚ ਸਾਬਤ ਕਰਨ ਦੀ ਕਸਮ ਖਾ ਲਈ। ਇਨ੍ਹਾਂ ਦੇ ਹਿੰਦੂ ਰਾਸ਼ਟਰ ਵਿੱਚ ਵਿਦੇਸ਼ੀ ਹਿੰਦੂਆਂ ਦੀ ਵੀ ਚਿੰਤਾ ਕੀਤੀ ਗਈ। ਇਸ ਲਈ ਇਨ੍ਹਾਂ ਨੇ ਝੱਟਪੱਟ ਨਾਗਰਿਕਤਾ ਕਨੂੰਨ ਵਿੱਚ ਸੋਧ ਕਰਕੇ ਗੈਰ ਮੁਸਲਿਮਾਂ (ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼ ਤੋਂ ਆਉਣ ਵਾਲਿਆਂ) ਨੂੰ ਛੇ ਸਾਲ ਭਾਰਤੀ ਵਿੱਚ ਰਹਿਣ ਤੇ ਨਾਗਰਿਕਤਾ ਦੇਣ ਦਾ ਬਿੱਲ ਪੇਸ਼ ਕਰ ਦਿੱਤਾ। ਇਸ ਫਿਰਕੂ ਬਿੱਲ ਵਿੱਚ ਕੇਵਲ ਮੁਸਲਮਾਨਾਂ ਦੇ ਲਈ ਵਿਵਸਥਾਵਾਂ ਸਖਤ ਰੱਖੀਆਂ ਗਈਆਂ।

ਇਸ ਦੌਰਾਨ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਅਸਮ ਵਿੱਚ ਬਣੇ ਰਹੇ ਰਾਸ਼ਟਰੀ ਜਨਸੰਖਿਆ ਰਜਿਸਟਰ ਨੇ ਇਨ੍ਹਾਂ ਨੂੰ ਆਪਣੀਆਂ ਫਿਰਕੂ ਤੇ ਅੰਧਰਾਸ਼ਟਰਵਾਦੀ ਰੋਟੀਆਂ ਸੇਕਣ ਦਾ ਮੌਕਾ ਦੇ ਦਿੱਤਾ। ਅਮਿਤ ਸ਼ਾਹ ਮੁੱਠੀ ਤਾਣ ਕੇ "ਬੰਗਲਾਦੇਸ਼ੀ ਘੁਸਪੈਠੀਆਂ" (ਮੁਸਲਿਮ) ਨੂੰ ਕੋਸਣ ਲੱਗੇ। ਘੁਸਪੈਠੀਆਂ ਤੇ ਆਤੰਕ ਦਾ ਰਿਸ਼ਤਾ ਕਾਇਮ ਕੀਤਾ ਜਾਣ ਲੱਗਿਆ। ਰੋਹਿੰਗਿਆ ਸ਼ਰਨਾਰਥੀਆਂ ਨੂੰ ਇਹ ਸੰਘੀ ਅਜੇ ਵੀ ਬਤੌਰ ਸ਼ਰਨਾਰਥੀ ਭਾਰਤ ਚ ਰੱਖਣ ਲਈ ਤਿਆਰ ਨਹੀਂ ਹਨ। ਅਸਮ ਦੇ ਰਾਸ਼ਟਰੀ ਜਨਸੰਖਿਆ ਰਜਿਸਟਰ ਦੇ ਪਿੱਛੋਂ ਤੋਂ ਹੁਣ ਇਹ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਗੱਲ ਕਰਨ ਲੱਗੇ ਹਨ ਯਾਨੀ ਜੇ ਇਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਦੋ ਰੌਲਾ ਅਸਮ ਵਿੱਚ ਕਈ ਸਾਲਾਂ ਤੋਂ ਚੱਲ ਰਿਹਾ ਹੈ ਸਾਰੇ ਦੇਸ਼ ਵਿੱਚ ਭਖ ਜਾਵੇਗਾ। ਦੇਸ਼ ਵਿੱਚ ਹਰ ਨਿਵਾਸੀ ਨੂੰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕਾਗਜ਼ਾਂ/ਸਰਟੀਫਿਕੇਟਾਂ ਦੇ ਜੰਜਾਲ ਵਿੱਚ ਡੁੱਬਣਾ ਪਵੇਗਾ। ਅਨੇਕਾਂ ਲੋਕਾਂ ਨੂੰ ਵਿਦੇਸ਼ੀ ਦਾ ਦਰਜਾ ਦੇ ਕੇ ਦੇਸ਼ ਚੋਂ ਕੱਢਣ ਦੀਆਂ ਗੱਲਾਂ ਹੋਣਗੀਆਂ ਅਤੇ ਇਹ ਸਭ ਜੇ ਸੰਘ-ਭਾਜਪਾ ਦੀ ਚਾਹਤ ਦੇ ਅਨੁਸਾਰ ਹੋਇਆ ਤਾਂ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੀ ਪਰਿਯੋਜਨਾ ਵਿੱਚ ਇਹ ਜਨ ਸੰਖਿਆ ਰਜਿਸਟਰ ਭਾਰੀ ਮਦਦ ਕਰ ਸਕਦਾ ਹੈ। ਇਸ ਲਈ ਅਮਿਤ ਸ਼ਾਹ ਹਮਲਾਵਰ ਤਰੀਕੇ ਨਾਲ ਇਸ ਨੂੰ ਪੂਰੇ ਦੇਸ਼ ਚ ਲਾਗੂ ਕਰਨ ਦੀ ਗੱਲ ਕਰਦੇ ਆ ਰਹੇ ਹਨ। ਨਾਗਰਿਕਤਾ, ਘੁਸਪੈਠੀਆ, ਵਿਦੇਸ਼ੀਆਂ ਦਾ ਸਵਾਲ ਅੱਜ ਭਾਜਪਾ-ਸੰਘ ਨੂੰ ਆਪਣੀ ਫਿਰਕੂ ਰਾਜਨੀਤੀ ਕਰਨ ਲਈ ਬਹੁਤ ਫਿੱਟ ਆ ਸਕਦਾ ਹੈ। ਪਰ ਇਸ ਸਵਾਲ ਦਾ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਸਿਰਫ ਇਨ੍ਹਾਂ ਹੀ ਸਬੰਧ ਹੈ ਕਿ ਇਹ ਸਵਾਲ ਜਾਤੀ, ਧਰਮ ਦੇ ਸਵਾਲਾਂ ਦੀ ਤਰ੍ਹਾਂ ਜਨਤਾ ਨੂੰ ਵੰਡਣ ਦਾ ਕੰਮ ਕਰਦੇ ਹਨ। ਇਸ ਲਈ ਮਜ਼ਦੂਰ ਵਰਗ ਵਾਰ ਵਾਰ 'ਦੁਨੀਆ ਦੇ ਮਜ਼ਦੂਰੋ ਇੱਕ ਹੋ ਜਾਓ' ਦਾ ਨਾਅਰਾ ਬੁਲੰਦ ਕਰਦੇ ਹੋਏ ਇਹ ਐਲਾਨ ਕਰ ਸਕਦਾ ਹੈ ਕਿ ਜੋ ਵੀ ਲੋਕ ਭਾਰਤ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਭਾਰਤ ਦਾ ਨਾਗਰਿਕ ਮੰਨਿਆ ਜਾਵੇ। ਇਸ ਮਾਮਲੇ ਵਿੱਚ ਸਾਰੇ ਵੰਡ ਪਾਊ ਕਨੂੰਨ ਬੇਅਸਰ ਹੋਣ। ਜੇ ਦੁਨੀਆਂ ਭਰ ਦੀ ਪੂੰਜੀ ਨੂੰ ਭਾਰਤ ਵਿੱਚ ਆਉਣ ਤੇ ਜਾਣ ਦੀ ਛੋਟ ਹੈ ਤਾਂ ਮਜ਼ਦੂਰਾਂ ਨੂੰ ਵੀ ਕਿਤੇ ਵੀ ਆਉਣ ਜਾਣ ਦੀ ਛੋਟ ਹੋਣੀ ਚਾਹੀਦੀ ਹੈ, ਚਾਹੇ ਬੰਗਲਾਦੇਸ਼ੀ ਹੋਣ ਜਾਂ ਰੋਹਿੰਗੀਆ, ਉਨ੍ਹਾਂ ਨੂੰ ਭਾਰਤੀ ਬਾਗਾਂ ਵਿੱਚ ਵੀ ਕੰਮ ਕਰਨ ਦੀ ਖੁਲ੍ਹ ਹੋਵੇ। ਬੰਗਾਲੀ ਆਬਾਦੀ (ਹਿੰਦੂ -ਮੁਸਲਿਮ ਦੋਨੋ) ਵੱਡੀ ਗਿਣਤੀ ਵਿੱਚ ਬ੍ਰਹਮਪੁੱਤਰ ਘਾਟੀ ਵਿੱਚ ਵਸੇ ਗਏ ਅਤੇ ਉਨ੍ਹਾਂ ਨੇ ਅਸਮਿਆ ਭਾਸ਼ਾ ਤੇ ਸੰਸਕ੍ਰਿਤ ਅਪਣਾ ਲਈ। 1930 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਬੰਗਾਲ ਤੋਂ ਆਏ ਲੋਕਾਂ ਨੇ ਖੁਦ ਨੂੰ ਜਨਗਣਨਾ ਵਿੱਚ ਅਸਮੀ ਲੋਕਾਂ ਚ ਸ਼ਾਮਲ ਮੰਨਣ ਦੀ ਮੰਗ ਕੀਤੀ। ਅਸਮ ਦੇ ਸਥਾਨਕ ਨਿਵਾਸੀਆਂ ਤੇ ਬੋਡੋ ਜਨਜਾਤੀ ਵਿੱਚ ਬੰਗਾਲੀ ਲੋਕਾਂ ਨੂੰ ਬਾਹਰੀ ਤੇ ਆਪਣੇ ਲਈ ਖਤਰਾ ਮੰਨਿਆ। ਇਸ ਦੌਰਾਨ ਫਿਰਕੂ ਜਨੂੰਨ ਦੇ ਬੀਜ ਬੀਜਣ ਵਿੱਚ ਬ੍ਰਿਟਿਸ਼ ਹਾਕਮਾਂ ਦੀ ਵੀ ਭੂਮਿਕਾ ਰਹੀ ਜੋ ਵੰਡੋ ਤੇ ਰਾਜ ਕਰੋ ਦੀ ਨੀਤੀ ਨਾਲ ਹਕੂਮਤ ਕਰਦੇ ਸਨ। ਫਿਰਕੂ ਜਨੂੰਨ ਦੇ ਇਸ ਤੋਂ ਪਹਿਲਾਂ 1920 ਦੇ ਦਹਾਕੇ ਵਿੱਚ ਵੀ ਸੰਕੇਤ ਮਿਲ ਚੁੱਕੇ ਸਨ ਜਦ ਅਸਮੀ ਲੋਕਾਂ ਨੇ ਆਪਣੀ ਭੂਮੀ ਪਹਿਚਾਣ ਤੇ ਸੱਭਿਆਚਾਰ ਬੰਗਾਲੀ ਲੋਕਾਂ ਦੇ ਹੱਥੋਂ ਖੋਹਣ ਦਾ ਡਰ ਪੈਦਾ ਹੋ ਗਿਆ ਸੀ। 20 ਦੇ ਦਹਾਕੇ ਵਿੱਚ ਅਸਮ ਲੋਕਾਂ ਦੇ ਸੰਘਰਸ਼ ਕਾਰਨ ਬ੍ਰਿਟਿਸ਼ ਹਾਕਮਾਂ ਨੂੰ ਅਸਮ ਵਿੱਚ ਮਨਮਾਨੇ ਤਰੀਕੇ ਨਾਲ ਲੀਕ ਖਿੱਚ ਕੇ ਕੁਝ ਹੱਦਾਂ ਬਣਾਉਣੀਆਂ ਪਈਆਂ। ਇਨ੍ਹਾਂ ਹੱਦਾਂ ਦੇ ਅੰਦਰ ਬੰਗਾਲੀ ਲੋਕਾਂ ਨੂੰ ਵਸਣ ਦੀ ਮਨਾਹੀ ਹੋ ਗਈ। ਬਾਹਰ ਤੋਂ ਆਏ ਬੰਗਾਲੀ ਤੇ ਹੋਰ ਲੋਕਾਂ ਨੇ ਵੀ ਇਨ੍ਹਾਂ ਹੱਦਾਂ ਦਾ ਵਿਰੋਧ ਕੀਤਾ ਪਰ ਇਹ ਸਿਸਟਮ ਜਾਰੀ ਰਿਹਾ। ਇਸ ਦੇ ਨਾਲ ਅਸਮੀ ਤੇ ਬੰਗਾਲੀ ਲੋਕਾਂ ਦਾ ਆਪਸੀ ਵਿਰੋਧ ਅਤੇ ਟਕਰਾਅ ਵੀ ਵਧਦਾ ਗਿਆ। ਬੰਗਾਲੀ ਲੋਕਾਂ ਦੀ ਖੇਤੀ,ਸਨਅਤ,ਕਾਰੋਬਾਰ ਵਿੱਚ ਤਰੱਕੀ ਸਥਾਨਕ ਲੋਕਾਂ ਨੂੰ ਪਸੰਦ ਨਹੀਂ ਆਉਂਦੀ ਸੀ। ਆਜ਼ਾਦੀ ਮੌਕੇ ਹੋਈ ਵੰਡ ਦੇ ਸਮੇਂ ਅਸਮ ਵੀ ਫ਼ਿਰਕੂ ਦੰਗਿਆਂ ਦਾ ਸ਼ਿਕਾਰ ਹੋਇਆ। ਮੁਸਲਿਮਾਂ ਨੂੰ ਇਹਨਾਂ ਦੰਗਿਆਂ ਦੀ ਅਸਮ ਵਿੱਚ ਕਰੋਪੀ ਵੱਧ ਝਲਣੀ ਪਈ। ਬੰਗਾਲੀ ਮੁਸਲਮਾਨਾਂ ਦੀ ਇੱਕ ਅੱਛੀ ਖਾਸੀ ਗਿਣਤੀ ਅਸਮ ਤੋਂ ਪੂਰਬੀ ਪਾਕਿਸਤਾਨ ਚਲੀ ਗਈ ਪਰ ਪਿੱਛੋਂ ਨਹਿਰੂ-ਲਿਆਕਤ ਸੰਧੀ ਦੇ ਤਹਿਤ ਉਨ੍ਹਾਂ ਨੂੰ ਵਾਪਸ ਅਸਮ ਵਿੱਚ ਆਉਣ ਦਾ ਮੌਕਾ ਮਿਲਿਆ। 1950 ਵਿੱਚ ਭਾਰਤ ਸਰਕਾਰ ਨੇ ਇਮਾਈਗ੍ਰੇਂਟਸ (ਅਸਮ ਤੋਂ ਨਿਕਲੇ) ਐਕਟ ਪਾਸ ਕੀਤਾ। ਇਸ ਦੇ ਤਹਿਤ ਨਾਜਾਇਜ਼ ਤੌਰ ਤੇ ਅਸਮ ਵਿੱਚ ਆਏ ਅਪ੍ਰਵਾਸੀਆਂ ਨੂੰ ਬਾਹਰ ਕੱਢਣਾ ਸੀ। ਇਸ ਹਿੱਤ 1951 ਵਿੱਚ ਪਹਿਲੀ ਵਾਰ ਅਸਾਮ ਵਿੱਚ ਜਨਸੰਖਿਆ ਰਜਿਸਟਰ ਬਣਾਇਆ ਗਿਆ। ਹਾਲਾਂਕਿ ਉਦੋਂ ਤੋਂ ਇਸ ਨੂੰ ਲਾਗੂ ਕਰਨਾ ਕਠਿਨ ਬਣਿਆ ਰਿਹਾ। 1960 ਦੇ ਦਹਾਕੇ ਵਿੱਚ ਭਾਰਤ ਪਾਕਿਸਤਾਨ ਦੇ ਆਪਸੀ ਵਧਦੇ ਝਗੜੇ ਦੇ ਪ੍ਰਸੰਗ ਵਿੱਚ ਪਰਵੈਨਸ਼ਨ ਆਫ ਇਨਫਿਲਟਰੇਸ਼ਨ ਫਰੌਮ ਪਾਕਿਸਤਾਨ ਦੇ ਤਹਿਤ ਪੂਰਬੀ ਪਾਕਿਸਤਾਨ ਤੋਂ ਆਏ ਮੁਸਲਮਾਨ ਦੀ ਇੱਕ ਗਿਣਤੀ ਨੂੰ ਜਬਰਨ ਪੂਰਬੀ ਪਾਕਿਸਤਾਨ ਭੇਜ ਦਿੱਤਾ ਗਿਆ। ਇਸ ਕੰਮ ਨੂੰ ਅਸਮ ਪੁਲਸ ਦੀ ਬਾਰਡਰ ਯੂਨਿਟ ਨੇ ਕਾਫੀ ਮਨਮਰਜ਼ੀ ਨਾਲ ਕੀਤਾ। ਉਸ ਨੇ ਮਨਮਾਨੇ ਢੰਗ ਨਾਲ ਪਾਕਿਸਤਾਨੀ ਲੋਕਾਂ ਦੀ ਪਹਿਚਾਣ ਕੀਤੀ। ਇਸ ਤੋਂ ਪਿੱਛੋਂ ਵੀ 60 ਤੇ 70 ਦੇ ਦਹਾਕੇ ਵਿੱਚ ਪੂਰਬੀ ਪਾਕਿਸਤਾਨ (ਬਾਅਦ ਵਿੱਚ ਬੰਗਲਾਦੇਸ਼) ਤੋਂ ਬੰਗਾਲੀ ਆਬਾਦੀ ਅਸਮ ਵਿੱਚ ਆਉਂਦੀ ਰਹੀ ਇਸ ਆਬਾਦੀ ਦੇ ਖਿਲਾਫ ਆਲ ਅਸਮ ਸਟੂਡੈਂਟਸ ਯੂਨੀਅਨ (ਆਸੂ) ਨੇ ਸੰਘਰਸ਼ ਦੀ ਸ਼ੁਰੂਆਤ ਕੀਤੀ, ਜੋ ਕਈ ਵਾਰ ਹਿੰਸਕ ਹਮਲਿਆਂ ਵਿੱਚ ਵੀ ਬਦਲੀ। ਇਸ ਦੀ ਹਿੰਸਾ ਦੇ ਨਿਸ਼ਾਨੇ ਤੇ ਬੰਗਾਲੀ ਹਿੰਦੂ ਤੇ ਮੁਸਲਮਾਨ ਦੋਨੋਂ ਸਨ। ਹਾਲਾਂਕਿ ਮੁਸਲਿਮਾਂ ਦੇ ਨਾਲ ਹਿੰਸਾ ਦੀ ਜ਼ਿਆਦਾ ਵਾਰਦਾਤਾਂ ਹੋਈਆਂ। 1983 ਵਿੱਚ ਜਦ ਇੰਦਰਾ ਗਾਂਧੀ ਨੇ ਬੰਗਲਾਦੇਸ਼ ਤੋਂ ਆਏ ਲੋਕਾਂ ਨੂੰ ਰਾਜ ਚੋਣਾਂ ਵਿੱਚ ਵੋਟ ਦਾ ਅਧਿਕਾਰ ਦੇਣ ਦੀ ਗੱਲ ਕੀਤੀ ਤਾਂ ਕਰੀਬ ਦੋ ਹਜ਼ਾਰ ਮੁਸਲਿਮਾਂ ਦੀ ਜਾਨ ਲੈਣ ਵਾਲਾ ਨੇਲੀ ਕਤਲੇਆਮ ਰੱਚਿਆ ਗਿਆ। ਅੰਤ ਵਿੱਚ ਆਸ਼ੂ ਦੇ ਅੰਦੋਲਨ ਦੇ ਦਬਾਅ ਹੇਠ ਇਲ-ਲੀਗੱਲ ਮਾਈਗ੍ਰੇਟ ਟ੍ਰਿਬਿਊਨਲ (ਆਈ ਐੱਮ ਡੀ ਟੀ) ਦਾ ਗਠਨ 1983 ਵਿੱਚ ਕੀਤਾ ਗਿਆ। ਇਸ ਦੇ ਤਹਿਤ ਜਿਸ ਵਿਅਕਤੀ ਦੇ ਵਿਦੇਸ਼ੀ ਹੋਣ ਦਾ ਦੋਸ਼ ਕੋਈ ਲਾਉਂਦਾ ਸੀ ਤਾਂ ਦੋਸ਼ ਲਾਉਣ ਵਾਲੇ ਨੂੰ ਸਿੱਧ ਕਰਨਾ ਪੈਂਦਾ ਸੀ ਕਿ ਉਹ ਵਿਦੇਸ਼ੀ ਹੈ ਕਿਉਂਕਿ ਇਹ ਸਿੱਧ ਔਖਾ ਸੀ, ਇਸ ਲਈ ਇਸ ਦੇ ਤਹਿਤ ਬੇਹੱਦ ਘੱਟ ਲੋਕਾਂ ਨੂੰ ਵਿਦੇਸ਼ੀ ਕਰਾਰ ਦਿੱਤਾ ਗਿਆ। ਪਿੱਛੋਂ 2005 ਵਿੱਚ ਸੁਪਰੀਮ ਕੋਰਟ ਨੇ ਭਾਜਪਾ ਦੇ ਸਾਬਕਾ ਮੁੱਖ ਮੰਤਰੀ ਸਰਵਾਨੰਦ ਸੋਨੇਵਾਲ ਦੀ ਪਟੀਸ਼ਨ ਤੇ ਆਈ ਐੱਮ ਡੀ ਟੀ ਕਾਨੂੰਨ ਨੂੰ ਖਤਮ ਐਲਾਨ ਦਿੱਤਾ ਗਿਆ।

1985 ਵਿੱਚ ਆਸੂ ਦਾ ਅੰਦੋਲਨ ਰਾਜੀਵ ਗਾਂਧੀ ਦੇ ਨਾਲ ਕੀਤੇ ਗਏ ਅਸਮ ਸਮਝੌਤੇ ਨਾਲ ਖਤਮ ਹੋਇਆ। ਇਸ ਸਮਝੌਤੇ ਤਹਿਤ ਤੈਅ ਕੀਤਾ ਗਿਆ ਕਿ ਇਹ ਇੱਕ ਜਨਵਰੀ 1966 ਤੋਂ ਪਹਿਲਾਂ ਅਸਮ ਵਿੱਚ ਆਏ ਲੋਕਾਂ ਨੂੰ ਨਾਗਰਿਕ ਮੰਨਿਆ ਜਾਵੇਗਾ। ਇੱਕ ਜਨਵਰੀ 1966 ਤੋਂ 24 ਮਾਰਚ 1971ਦੇ ਵਿਚਕਾਰ ਅਸਮ ਆਏ ਲੋਕਾਂ ਨੂੰ ਫੌਰਨਰਜ਼ ਐਕਟ 1946 ਦੇ ਤਹਿਤ ਗਠਿਤ ਟ੍ਰਿਬਿਊਨਲ ਦਾ ਸਾਹਮਣਾ ਕਰਨਾ ਪਵੇਗਾ। 24 ਮਾਰਚ 1971 ਪਿੱਛੋਂ ਆਏ ਲੋਕਾਂ ਨੂੰ ਅਸਮ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਇਸ ਵਾਸਤੇ ਇੱਕ ਰਾਸ਼ਟਰੀ ਜਨਸੰਖਿਆ ਰਜਿਸਟਰ ਬਣਾਇਆ ਜਾਵੇਗਾ ਪਰ ਰਜੀਵ ਗਾਂਧੀ ਦੇ ਕਾਰਜਕਾਲ ਵਿਚ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਕੋਈ ਵਿਸ਼ੇਸ਼ ਕੋਸ਼ਿਸ਼ ਨਹੀਂ ਕੀਤੀ ਗਈ। 90 ਦੇ ਦਹਾਕੇ ਦੇ ਅੱਧ ਵਿੱਚ ਚੋਣ ਕਮਿਸ਼ਨ ਨੇ ਅਸਮ ਦੇ ਲੋਕਾਂ ਨੂੰ 1971 ਤੋਂ ਪਹਿਲਾਂ ਰਹਿਣ ਦੇ ਦਸਤਾਵੇਜ਼ ਪੇਸ਼ ਕਰਨ ਨੂੰ ਕਿਹਾ ਅਤੇ ਜੋ ਲੋਕ ਅਜਿਹਾ ਕਰਨ ਵਿੱਚ ਨਾਕਾਮ ਹੈ ਉਨ੍ਹਾਂ ਦੇ ਨਾਂ ਦੇ ਅੱਗੇ ਚੋਣ ਸੂਚੀ ਵਿੱਚ ਡੀ ਅੰਕਿਤ ਕਰਕੇ ਉਨ੍ਹਾਂ ਨੂੰ ਡੀ ਵੋਟਰਜ਼ ਐਲਾਨ ਦਿੱਤਾ ਗਿਆ ਅਤੇ ਉਨ੍ਹਾਂ ਦੇ ਕੇਸਾਂ ਨੂੰ ਫੌਰਨਰਜ਼ ਟ੍ਰਿਬਿਊਨਲ ਕੋਲ ਸੌਂਪ ਦਿੱਤਾ ਗਿਆ। 2013 ਵਿੱਚ ਅਸਮ ਪਬਲਿਕ ਵਰਕਸ ਤੇ ਅਸਮ ਸਮਿੱਲਤ ਮਹਾਂਸੰਘ ਦੀ ਬੇਨਤੀ ਤੇ ਸੁਪਰੀਮ ਕੋਰਟ ਨੇ ਅਸਮ ਵਿੱਚ ਰਾਸ਼ਟਰੀ ਜਨਸੰਖਿਆ ਰਜਿਸਟਰ ਬਣਾਉਣ ਦਾ ਨਿਰਦੇਸ਼ ਜਾਰੀ ਕਰ ਦਿੱਤਾ। 2015 ਵਿੱਚ ਐੱਨ ਆਰ ਸੀ ਬਣਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਇਸ ਅਮਲ ਨੇ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਮੁਕੰਮਲ ਹੋਣਾ ਸੀ। ਇਸ ਤਰ੍ਹਾਂ ਅਮਲ ਵਿੱਚ ਨਾਗਰਿਕਤਾ ਪਹਿਚਾਣ ਦੀਆਂ ਦੋ ਪ੍ਰਕ੍ਰਿਆਵਾਂ ਸ਼ੁਰੂ ਹੋ ਗਈਆਂ, ਇੱਕ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਐਨਆਰਸੀ ਦਾ ਨਿਰਮਾਣ ਤੇ ਦੂਜਾ ਫੌਰਨਰਜ਼ ਐਕਟ 1946 ਦੇ ਤਹਿਤ ਗਠਿਤ ਟ੍ਰਿਬਿਊਨਲ ਦੁਆਰਾ ਮਾਮਲਿਆਂ ਦਾ ਨਿਪਟਾਰਾ। ਜਿੱਥੇ ਐੱਨ ਆਰ ਸੀ ਨਾਗਰਿਕਤਾ ਕਾਨੂੰਨ 1956 ਤੇ ਨਾਗਰਿਕਤਾ ਨਿਯਮ 2003 ਦੇ ਤਹਿਤ ਬਣਨੀ ਸੀ ਉੱਥੇ ਫੌਰਨਰਜ਼ ਟ੍ਰਿਬਿਊਨਲ ਨੇ 1946 ਦੇ ਕਨੂੰਨ ਦੇ ਤਹਿਤ ਕੰਮ ਕਰਨਾ ਸੀ। ਫਾਰਨਰਜ਼ ਐਕਟ 1946 ਦੇ ਤਹਿਤ ਵਿਦੇਸ਼ੀ ਵਿਅਕਤੀ ਦੀ ਪਹਿਚਾਣ ਉਸ ਦੇ ਰੰਗ ਰੂਪ ਨਾਲ ਹੋਣੀ ਸੀ। ਆਜ਼ਾਦੀ ਤੋਂ ਪਿੱਛੋਂ ਇਸ ਦੀ ਵਰਤੋਂ ਅਸਮ ਦੀ ਬਾਰਡਰ ਪੁਲਿਸ ਮਨਮਾਨੇ ਢੰਗ ਨਾਲ ਕਰਦੀ ਰਹੀ ਹੈ ਤੇ ਮਨਮਾਨੇ ਢੰਗ ਨਾਲ ਲੋਕਾਂ ਨੂੰ ਵਿਦੇਸ਼ੀ ਹੋਣ ਦਾ ਠੱਪਾ ਲਾਉਂਦੀ ਰਹੀ; ਹੁਣ ਵਿਦੇਸ਼ੀ ਵਿਅਕਤੀ ਨੂੰ ਫੌਰਨਰਜ਼ ਟ੍ਰਿਬਿਊਨਲ ਦੇ ਸਾਹਮਣੇ ਆਪਣੇ ਵਿਦੇਸ਼ੀ ਨਹੀਂ ਹੋਣ ਦੇ ਸਬੂਤ ਦੇਣੇ ਹੁੰਦੇ ਸਨ। ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ 2015 ਪਹਿਲਾਂ ਬਣ ਰਹੇ ਜਨ ਸੰਖਿਆ ਰਜਿਸਟਰ ਦੇ ਤਹਿਤ ਲੋਕਾਂ ਨੂੰ 24 ਮਾਰਚ 1971 ਤੋਂ ਪਹਿਲਾਂ ਅਸਮ ਵਿੱਚ ਆਉਣ ਦੇ ਸਬੂਤ ਪੇਸ਼ ਕਰਨੇ ਸਨ। ਇਸ ਦੇ ਲਈ ਉਹ ਅਨੇਕਾਂ ਦਸਤਾਵੇਜ਼ ਪੇਸ਼ ਕਰ ਸਕਦੇ ਸਨ ਪਰ ਸਾਰੇ ਲੋਕਾਂ ਦੇ ਲਈ ਇਨੇ ਪੁਰਾਣੇ ਸਮੇਂ ਦਾ ਸਬੂਤ ਪੇਸ਼ ਕਰਨਾ ਸੌਖਾ ਨਹੀਂ ਸੀ ਖਾਸ ਕਰ ਕਰਕੇ ਜਾਇਦਾਦ ਤੋਂ ਵਾਂਝੇ ਲੋਕਾਂ, ਮਜ਼ਦੂਰਾਂ ਤੇ ਗ਼ਰੀਬਾਂ ਲਈ ਅਜਿਹੇ ਸਬੂਤ ਇਕੱਠੇ ਕਰਨੇ ਸੌਖੇ ਨਹੀਂ ਸਨ।

ਇਸ ਲਈ ਜਦ ਐੱਨ ਆਰ ਸੀ ਦੀ ਪਹਿਲੀ ਸੂਚੀ ਜਾਰੀ ਹੋਈ ਤਾਂ ਇਸ ਵਿੱਚ ਚਾਲੀ ਲੱਖ ਲੋਕਾਂ ਦੇ ਨਾਮ ਦਰਜ ਹੀ ਨਹੀਂ ਸਨ। ਇਸ ਵਿੱਚ ਬੰਗਾਲੀ ਲੋਕਾਂ ਦੇ ਨਾਲ ਕੁਝ ਸਥਾਨਕ ਆਦਿਵਾਸੀ ਲੋਕਾਂ ਤੱਕ ਦੇ ਨਾਂ ਕੱਟੇ ਹੋਏ ਸਨ। ਪਿਛੋਂ 26 ਜੂਨ ਨੂੰ ਐੱਨ ਆਰ ਸੀ ਨੇ 1.02 ਲੱਖ ਉਨ੍ਹਾਂ ਲੋਕਾਂ ਦੇ ਨਾਮ ਵੀ ਸੂਚੀ ਤੋਂ ਬਾਹਰ ਐਲਾਨ ਦਿੱਤੇ ਜਿਹਨਾਂ ਦਾ ਮਸਲਾ ਫੌਰਨਰਜ਼ ਟ੍ਰਿਬਿਊਨ ਵਿੱਚ ਚਲ ਰਿਹਾ ਹੈ। ਇਸ ਪਿੱਛੋਂ ਲੋਕਾਂ ਨੂੰ ਆਪਣਾ ਨਾਂ ਸ਼ਾਮਲ ਕਰਾਉਣ ਤੇ ਰਜਿਸਟਰ ਵਿੱਚ ਸ਼ਾਮਿਲ ਨਾਂ ਤੇ ਇਤਰਾਜ਼ ਕਰਨ ਦਾ ਮੌਕਾ ਦਿੱਤਾ ਗਿਆ। ਇਨ੍ਹਾਂ ਇਤਰਾਜ਼ਾਂ ਤੇ ਸੁਣਵਾਈ ਪੂਰੀ ਹੋਕੇ ਅੰਤਿਮ ਰਜਿਸਟਰ 30 ਜੂਨ 2019 ਤੱਕ ਜਾਰੀ ਹੋਣਾ ਸੀ। ਇਸ ਨੂੰ ਹੁਣ ਸੁਪਰੀਮ ਕੋਰਟ ਨੇ 31ਅਗਸਤ 2019 ਤੱਕ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਰਜਿਸਟਰ ਨੂੰ ਬਣਾਉਣ, ਇਤਰਾਜ਼ਾਂ ਦੀ ਸੁਣਵਾਈ ਵਿੱਚ ਭਾਰੀ ਵਿਗਾੜਾਂ ਦੇ ਦੋਸ਼ ਲਗਦੇ ਰਹੇ ਹਨ। ਚਾਲੀ ਲੱਖ ਲੋਕਾਂ ਵਿੱਚੋਂ ਪੰਦਰਾਂ ਲੱਖ ਮੁਸਲਿਮ ਦੱਸੇ ਜਾ ਰਹੇ ਹਾਂ, ਜਿਨ੍ਹਾਂ ਦੇ ਨਾਂ ਰਜਿਸਟਰ ਵਿਚ ਨਹੀਂ ਸਨ। ਅਕਸਰ ਐੱਨ ਆਰ ਸੀ ਅਧਿਕਾਰੀ ਜੋ ਖੁਦ ਫਿਰਕੂ ਰੁੱਖ ਦੇ ਸ਼ਿਕਾਰ ਹਨ ਮੁਸਲਿਮਾਂ ਦੇ ਦਾਅਵਿਆਂ ਵਿੱਚ ਅੜਿੱਕਾ ਲਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਦੇਖੇ ਗਏ। ਜਿੱਥੇ ਇਨ੍ਹਾਂ ਚਾਲੀ ਲੱਖ ਲੋਕ ਲੋਕਾਂ ਦੇ ਅਨੇਕਾਂ ਵਿਵਾਦਗ੍ਰਸਤ ਮਾਮਲੇ ਸ਼ਾਮਲ ਸਨ। ਮਿਸਾਲ ਵਜੋਂ ਸਾਬਕਾ ਰਾਸ਼ਟਰਪਤੀ ਦੇ ਰਿਸ਼ਤੇਦਾਰ ਦਾ ਨਾਮ ਨਾ ਹੋਣਾ, ਬਾਪ ਦਾ ਨਾਮ ਹੋਣਾ ਪਰ ਪੁੱਤਰ ਦਾ ਨਾ ਹੋਣਾ ਆਦਿ। ਹੁਣ ਅੰਤਿਮ ਰਜਿਸਟਰ ਦਾ ਕੀ ਹੱਲ ਹੁੰਦਾ ਹੈ ਇਹ ਵਕਤ ਦੱਸੇਗਾ। ਅਜੇ ਇਹ ਤੈਅ ਨਹੀਂ ਹੈ ਕਿ ਜਿਸ ਦਾ ਨਾਮ ਰਜਿਸਟਰੀ ਵਿੱਚ ਨਹੀਂ ਸ਼ਾਮਲ ਹੋਵੇਗਾ ਉਸ ਦੇ ਨਾਲ ਕੀ ਸਲੂਕ ਕੀਤਾ ਜਾਵੇਗਾ।

ਮੰਨਿਆ ਜਾ ਰਿਹੈ ਕਿ ਇਨ੍ਹਾਂ ਲੋਕਾਂ ਦਾ ਮਾਮਲਾ ਫੌਰਨਰਜ਼ ਟ੍ਰਿਬਿਊਨਲ ਵਿੱਚ ਭੇਜਿਆ ਜਾਵੇਗਾ ਜਿੱਥੇ ਵਿਅਕਤੀ ਨੂੰ ਵਿਦੇਸ਼ੀ ਐਲਾਨੇ ਹੋਣ ਤੇ ਵਿਅਕਤੀ ਨੂੰ ਡਿਟੇਂਸ਼ਨ ਕੰਪਿਊਟ ਕੈਂਪ ਵਿੱਚ ਭੇਜ ਦਿੱਤਾ ਜਾਂਦਾ ਹੈ। 1964 ਤੋਂ ਗਠਿਤ ਇਹ ਫੌਰਨਰਜ਼ ਟ੍ਰਿਬਿਊਨਲ ਅਨੇਕਾਂ ਲੋਕਾਂ ਨੂੰ ਪਹਿਲਾਂ ਵੀ ਵਿਦੇਸ਼ੀ ਐਲਾਨ ਕੇ ਡਿਟੈਂਸ਼ਨ ਕੈਂਪ ਵਿੱਚ ਭੇਜਦਾ ਰਿਹਾ ਹੈ। ਇੱਕ ਆਬਾਦੀ ਅੱਜ ਵੀ ਅਸਮ ਵਿੱਚ ਇਨ੍ਹਾਂ ਕੈਂਪਾਂ ਵਿੱਚ ਰਹਿ ਰਹੀ ਹੈ। ਇਨ੍ਹਾਂ ਟ੍ਰਿਬਿਊਨਲਾਂ ਵਿੱਚ ਮਨਮਾਨੇ ਤਰੀਕੇ ਨਾਲ ਨਵੇਂ ਵਕੀਲਾਂ ਦੀ ਨਿਯੁਕਤੀ ਕੀਤੀ ਗਈ ਸੀ ਜਿਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਦਾ ਕੋਈ ਖ਼ਾਸ ਤਜਰਬਾ ਨਹੀਂ ਸੀ ਅਜਿਹੇ ਵਿੱਚ ਗ਼ੈਰ ਤਜ਼ਰਬੇਕਾਰ ਕਈ ਜੱਜ ਲੋਕਾਂ ਨੂੰ "ਵਿਦੇਸ਼ੀ" ਕਰਾਰ ਦੇ ਰਹੇ ਹਨ। ਸਰਕਾਰ ਡਿਟੇਂਸ਼ਨ ਕੈਂਪ ਵਧਾਉਣ ਅਤੇ ਫਿਰਨਰਜ਼ ਟ੍ਰਿਬਿਊਨਲ ਵਧਾਊਣ ਦੀ ਗੱਲ ਕਰ ਰਹੀ ਹੈ ਪਰ ਲੱਖਾਂ ਦੀ ਆਬਾਦੀ ਨੂੰ ਅਜਿਹੀ ਕੈਂਪਾਂ ਵਿੱਚ ਰੱਖਣਾ ਮੁਸ਼ਕਿਲ ਹੈ। ਇਨ੍ਹਾਂ ਲੋਕਾਂ ਨੂੰ ਵਾਪਸ ਬੰਗਲਾ ਦੇਸ਼ ਵੀ ਨਹੀਂ ਭੇਜਿਆ ਜਾ ਸਕਦਾ ਕਿਉਂਕਿ ਬੰਗਲਾਦੇਸ਼ ਨਾਲ ਇਸ ਪ੍ਰਸੰਗ ਵਿੱਚ ਕੋਈ ਸੰਧੀ ਨਹੀਂ ਹੈ। ਅਜਿਹੇ ਵਿਚ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਇਨ੍ਹਾਂ ਲੋਕਾਂ ਦੀ ਨਾਗਰਿਕਤਾ ਖੋਹ ਕੇ ਦੇਸ਼ ਵਿੱਚ ਸ਼ਰਨਾਰਥੀ ਦਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਜਾਵੇ। ਜਾਹਿਰ ਹੈ ਗਰੀਬ ਇਸ ਦੇ ਵੱਧ ਗਿਣਤੀ ਵਿੱਚ ਸ਼ਿਕਾਰ ਹੋਣਗੇ।

ਸੰਘ ਭਾਜਪਾ ਸਰਕਾਰ ਆਪਣੇ ਫ਼ਿਰਕੂ ਨਾਗਰਿਕਤਾ ਸੋਧ ਬਿੱਲ ਦੇ ਜ਼ਰੀਏ ਇਸ ਆਬਾਦੀ ਵਿੱਚ ਗੈਰ ਮੁਸਲਿਮਾਂ ਨੂੰ ਕੁਝ ਸਾਲਾਂ ਵਿੱਚ ਨਾਗਰਿਕਤਾ ਦੇ ਦੇਣ ਅਤੇ ਮੁਸਲਿਮਾਂ ਨੂੰ ਦੋਮ ਦਰਜੇ ਦਾ ਜੀਵਨ ਜਿਊਣ ਲਈ ਮਜਬੂਰ ਕਰਕੇ ਆਪਣਾ ਹਿੰਦੂ ਰਾਸ਼ਟਰ ਦਾ ਸੁਪਨਾ ਸਾਕਾਰ ਹੁੰਦਾ ਦੇਖਣ ਦੀ ਫਿਰਾਕ ਵਿੱਚ ਹਨ। ਅਜਿਹਾ ਦੇਖਦੇ ਹੋਏ ਭਾਰਤ ਵਿੱਚ ਵੱਡੀ ਆਬਾਦੀ ਬੰਗਲਾਦੇਸ਼ ਤੋਂ ਹੀ ਆਜ਼ਾਦੀ ਤੋਂ ਬਾਅਦ ਆਈ ਹੈ। ਜਦ ਸੰਘੀ ਦੇਸ਼ ਵਿੱਚ ਇਸ ਰਜਿਸਟਰ ਨੂੰ ਲਾਗੂ ਕਰਨ ਦੀ ਗੱਲ ਕਰਨਗੇ ਤਾਂ ਉਨ੍ਹਾਂ ਦੇ ਨਿਸ਼ਾਨੇ ਤੇ ਇਕ ਵਾਰ ਫਿਰ ਤੋਂ ਬੰਗਲਾ ਮੁਸਲਿਮ ਹੋਣਗੇ। ਅਜਿਹੇ ਵਿੱਚ ਭਾਜਪਾ-ਸੰਘ ਦੇ ਫਿਰਕੂ ਨਾਗਰਿਕਤਾ ਬਿੱਲ ਦਾ ਵਿਰੋਧ ਕਰਦੇ ਹੋਏ ਇਹ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਜਿਨ੍ਹਾਂ ਲੋਕਾਂ ਦੀ ਨਾਗਰਿਕਤਾ ਖੋਹੀ ਜਾ ਰਹੀ ਹੈ ਉਨ੍ਹਾਂ ਨੂੰ ਦੇਸ਼ ਵਿੱਚ ਨਾ ਸਿਰਫ਼ ਪੂਰਨ ਬਰਾਬਰੀ ਨਾਲ ਜਿਉਣ ਦਾ ਹੱਕ ਦਿੱਤਾ ਜਾਵੇ ਬਲਕਿ ਦੇਸ਼ ਦੀ ਨਾਗਰਿਕਤਾ ਵੀ ਵਾਪਸ ਕੀਤੀ ਜਾਵੇ ਪਰ ਪੂੰਜੀਵਾਦੀ ਹਾਕਮ ਆਪਣੇ ਸੌੜੇ ਨਿੱਜੀ ਸਵਾਰਥਾਂ ਦੇ ਚੱਲਦਿਆਂ ਇਹ ਸੰਘਰਸ਼ ਕੀਤੇ ਬਿਨਾ ਅਜਿਹਾ ਕਰਨ ਲਈ ਤਿਆਰ ਨਹੀਂ ਹੋਣਗੇ।

It's all about tax cuts

Ricardo Tranjan

In the past year and a half, the Ontario government has demanded that Ontarians sacrifice many vital public services to address an alleged fiscal crisis. But in a report released earlier this week, the Financial Accountability Office (FAO) shows that most of the savings from service cuts are not going toward reducing deficits or the debt.

Let's look at the numbers closely. : Program spending per person—already the lowest in the country—is set to plunge 10 per cent in the next five years. That's $1,070 less per person per year. Hence, Education Minister Stephen Lecce has been pushing hard to cut the number of teachers per pupil, make high school students take courses online, and cut real wages (after inflation) for education workers. Social assistance recipients have seen their already inadequate incomes decline in real terms. The government elected on an "end hallway medicine" ticket has cut nurses and hospital beds. The list of cuts goes on.

This tight squeeze on program spending is not quickly improving the province's fiscal situation, the FAO says.

Ontario's deficit went up by $0.6 billion this year, and by 2021-22, it will still be at $4.4 billion, which is much higher than what it could have been if the savings from painful service cuts were used to balance the books, as the government had promised to do. The same applies to the debt. While the CCPA has argued the provincial debt is at manageable levels for the size of Ontario, the government made the debt into a bogeyman, yet is failing to tackle it head on.

The government is slamming the brakes on spending, yet the fiscal situation is not quickly improving. That leads us to ask, "Where is the money going?"

The answer is tax cuts. : Tax cuts brought in since the PC government was elected 18 months ago are already costing $4.2 billion in 2019-20. Those same tax cuts will cost a further $3.4 billion a year, on average, from 2020-21 to 2023-24. And more tax cuts are coming, the FAO says.



"In the 2019 Fall Economic Statement, the government projected total revenue would reach $165.4 billion by 2021-22, about $2 billion lower than the FAO's projection. This is largely the result of lower taxation revenue" (p. 12). Lower tax revenue includes the approved $3.4 to $4.2 billion annually as well as "unannounced tax cuts" still to come. The agency estimates the government will cut taxes by an additional $200 million in 2020-21, an amount that will rise each year to $3.8 billion by 2023-24.

The chart below contrasts how much the government plans to spend on tax cuts (revenue loss) with planned (nominal) spending increases, from here to 2021-22, using 2018-19 as the base year. Nearly 60 per cent of the money is going to tax cuts, compared to 2 per cent going to education.

Economic and Budget Outlook, Fall 2019; 2019 Ontario Economic Outlook and Fiscal Review; 2019 Ontario Budget; calculations by the author.

As the FAO report explains, the nominal spending increases shown in the graph are insufficient to maintain services at present levels, never mind expanding or enhancing them.

Between 2019-20 and 2021-22, Ontario's population is expected to grow by 5.3 per cent, with an increasing share of seniors, which creates additional pressure on health care. Accumulated inflation for the same period is estimated at 6.2 per cent. To keep up with these increased costs, without cutting services, the province needs to spend $11.4 billion more in the next three years than what it plans to do. It may sound like a lot of money, but it is actually less money than the government is wasting on tax cuts.

The CCPA has analyzed most of these tax cuts, including the replacement of the cap-and trade program by a federal carbon tax, the LIFT tax credit, and changes to personal income tax brackets. We also looked at the child care tax credit, an extremely ineffective way of supporting parents. Low- and middle-income families benefit very little, if at all, from these measures. The "more money in your pocket" jingle is simply a rhetorical trick that preys on people's economic vulnerability. On the other hand, all individuals and families, and private sector investors, benefit tremendously from quality education, accessible health care, supportive social services, and adequate infrastructure. That's where the money needs to go.

Ricardo Tranjan is a political economist and senior researcher with the Canadian Centre for Policy Alternatives' Ontario office. Follow Ricardo on Twitter: @ricardo_tranjan.

Taking a hammer to Steeltown: Ontario government cancels funding for Hamilton's LRT project



Ryan McGreal

With virtually no prior warning, the Ontario government announced on Monday, December 16?—five days ago?—that they had cancelled the Hamilton Light Rail Transit (LRT) project, a long-planned 14-km rapid transit line running east-west across Hamilton between McMaster University and Eastgate Square.

Adding insult to injury, Ontario Transportation Minister Caroline Mulroney tried to keep the public away from the downtown Hamilton press conference where she was going to make her announcement. When a large group of residents and local Council members showed up anyway, she cancelled the presser and snuck out the back door with a police escort, leaving a visibly shaken Mayor Fred Eisenberger to deliver the bad news.

In a subsequent media interview, Minister Mulroney claimed that the LRT's cost had ballooned from an original estimated $1 billion to a staggering $5.6 billion, shocking everyone familiar with the project. She refused to provide any details about this new cost estimate, saying only that a confidential third party prepared it for the government after they received a tip that the costs for Hamilton's LRT might be increasing.

Based on the dribble of information Mulroney did provide, the estimate is absurdly disingenuous for several reasons.

First, it conflates the capital cost to build the system with an additional 30 years of operating costs to imply that the previous Liberal government had vastly underestimated their funding envelope.

Second, it estimates that the total cost for construction, property appropriation and other construction services will somehow come to $3.62 billion, a number vastly out of step with other recent LRT projects in Ontario.

On top of that, it claims that 30 years of operations will come to a further $1.934 billion. That works out to $64 million a year in operating costs!

We can't assess how the 'third party' arrived at these numbers, because the provincial government refuses to share the analysis or even the name of the organization that prepared it. But according to Joe Mancinelli, President of LIUNA, the three consortiums that were bidding on the LRT project are saying the costs seem way off.

Ironically, Hamilton was only three months away from the conclusion of the Request for Proposals (RFP), a competitive bidding process among the three qualified agencies looking to build and operate the system for Metrolinx. By March, the actual capital and operating cost numbers would have been available?—instead of this dubiously-sourced estimate.

Metrolinx already has a process for circumstances in which all the bids for a project come in over budget: they look for ways to scale back the project or otherwise cut costs in order to fit the budget. This recently happened in Mississauga, when the Hurontario LRT bids came in over the $1.4 billion capital budget. In response, Metrolinx removed a planned loop around Mississauga City Centre, eliminated three stops and deferred a pedestrian bridge. With these cost savings in place, the province finalized the contract in October and construction will start in 2020.

Another option would have been to ask the federal government to help cover any funding shortfall. Catherine McKenna, the federal Minister of Infrastructure and Communities, has already signalled that the federal government would be willing to work with Queen's Park on Hamilton's LRT.

But none of these options were pursued or proposed. The province simply pulled the plug, despite the fact that less than a week earlier, they were still meeting with the Hamilton Chamber of Commerce to discuss the LRT implementation.

So much for being "transparent" and "open for business". So much for an open, competitive bidding process. Instead, Hamilton residents are being told they must accept arbitrary decisions made behind closed doors using secret numbers.

The province has said they will still invest $1 billion for transportation in Hamilton and establish a "task force" to determine how the money will be spent. But don't expect a billion dollars' worth of stocking stuffers any time soon. That promised money was never just sitting in a bank account, earmarked for Hamilton. Under the terms of the P3 contract, the consortium that wins the contract will finance the system as well as building and operating it. In turn, the Province agreed to make regular payments to the consortium over the 30-year contract term and would recover that money through fare revenue and new tax assessment on economic growth and development spurred by the LRT line.

This entire process has been profoundly unfair to Hamilton. It is the only city whose LRT plan was subjected to this additional 'third party analysis'. It is the only city whose LRT plan did not get the opportunity to receive final competitive bids or to find cost savings if those bids came in over budget. It is the only city whose capital cost was conflated with its 30-year operating costs to justify the narrative of out-of-control spending.

This also represents a blow to civic engagement and the local democratic process: over the past 12 years, thousands of Hamiltonians from all walks of life and every part of the city advocated and campaigned for, debated on and were part of the approval process of this transformational project. Perhaps worse, in the face of the global climate emergency, the decision to kill a clean, electric mass transit system is a profound betrayal of our duty to hand our children and grandchildren a liveable planet.

Last year's municipal election became a de-facto referendum on LRT when incumbent Mayor Eisenberger faced off against a well-funded opponent whose entire campaign centred around cancelling the LRT project. After Eisenberger won a commanding majority, Premier Doug Ford responded, "When people democratically elect someone, if he wants an LRT, he's gonna get an LRT."

Another promise made, another promise broken.

Ryan McGreal is the editor of Raise the Hammer, a civic affairs website in Hamilton, Ontario, and a founding member of Hamilton Light Rail, a citizen group dedicated to bringing light rail transit to Hamilton. He has also written for Hamilton Magazine, the Hamilton Spectator, The Walrus, HuffPost and Our Schools/ Our Selves.

ਟੋਰਾਂਟੋ ਵਿੱਚ ਨਵੇਂ ਦਿਸਹੱਦੇ ਸਿਰਜ ਗਿਆ ਨਾਟਕ ‘ਮਾਤਾ ਗੁਜਰੀ-ਸਾਕਾ ਸਰਹਿੰਦ’

ਟੋਰਾਂਟੋ-(ਆਰਟ ਮੀਡੀਆ ਨਿਊਜ਼ ਬਿਓਰੋ) ਯੂਨਾਈਟਡ ਮੈਗਾ ਮਿਲੇਨੀਅਮ ਵੱਲੋਂ ਡਾ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਿਤ ਨਾਟਕ ਮਾਤਾ ਗੁਜਰੀ ਸਾਕਾ ਸਰਹਿੰਦ ਨਾਟਕ ਦੀ ਪੇਸ਼ਕਾਰੀ ਬੀਤੇ ਐਤਵਾਰ ਬਰੈਂਪਟਨ ਦੇ ਰੋਜ਼ ਥੀਏਟਰ ਵਿੱਚ ਕੀਤੀ ਗਈ। ਡਾ ਨਿਰਮਲ ਜੌੜਾ ਦੁਆਰਾ ਲਿਖੇ ਉਕਤ ਨਾਟਕ ਵਿੱਚ ਮਾਤਾ ਗੁਜਰੀ ਦੁਆਰਾ ਝੱਲੇ ਦੁੱਖੜਿਆਂ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਰੂਪਮਾਨ ਕੀਤਾ ਗਿਆ। ਨਾਟਕ ਵਿੱਚ ਮਾਤਾ ਗੁਜਰੀ ਅਤੇ ਸਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਕਲਾਕਾਰਾਂ ਨੇ ਬੜੀ ਹੀ ਸਫ਼ਲਤਾ ਨਾਲ ਪੇਸ਼ ਕੀਤਾ। ਨਾਟਕ ਇੱਕ ਬਜ਼ੁਰਗ ਵੱਲੋਂ ਕੈਨੇਡਾ ਵਿੱਚ ਖ਼ੇਡ ਰਹੇ ਬੱਚਿਆਂ ਨੂੰ ਕਹਾਣੀ ਸੁਨਾਉਣ ਤੋਂ ਸ਼ੁਰੂ ਹੁੰਦਾ ਹੈ ਜਿਸ ਦੌਰਾਨ ਮਾਤਾ ਗੁਜਰੀ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ ਦੇ ਇਤਿਹਾਸਿਕ ਪਾਤਰ ਸਟੇਜ ਤੇ ਆਉਂਦੇ ਹਨ। ਰੋਸ਼ਨੀ ਤੇ ਆਵਾਜ ਦੀ ਵਿਧਾ ਰਾਹੀਂ ਇਤਿਹਾਸ ਵਿਚਲੇ ਸਮੇਂ ਤੇ ਸਥਾਨਾਂ ਨੂੰ ਹੂ-ਬ-ਹੂ ਦਰਸ਼ਕਾਂ ਸਾਹਵੇਂ ਲਿਆਂਦਾ ਗਿਆ। ਮਾਤਾ ਗੁਜਰੀ, ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ, ਗੁਰੂ ਗੋਬਿੰਦ ਸਿੰਘ, ਅਤੇ ਚਾਰੇ ਸਾਹਿਬਜਾਦਿਆਂ ਦੀ ਹੋਂਦ ਨੂੰ ਪ੍ਰੋਜੈਟਰ ਦੀ ਸਹਾਇਤਾ ਨਾਲ ਪ੍ਰਗਟਾਇਆ ਗਿਆ। ਹਾਕਮ ਨੂੰ ਜਾਬਰ ਕਹਿਣ ਵਾਲੀ ਦਰਵੇਸ਼, ਸੂਤਰਧਾਰ ਬਾਬੇ ਅਤੇ ਨਵਾਬ ਮਲੇਰਕੋਟਲਾ ਦੀ ਵਜ਼ੀਦਖ਼ਾਨ ਨਾਲ ਸਿੱਧੀ ਨਾਟਕੀ ਟੱਕਰ ਵਿਸੇਸ਼ ਤੌਰ ਤੇ ਬਹੁਤ ਪ੍ਰਭਾਵਸ਼ਾਲੀ ਪ੍ਰਭਾਵ ਸਿਰਜ ਗਈ। ਸਾਹਿਜ਼ਾਦਿਆਂ ਦੀ ਸ਼ਹੀਦੀ ਵਾਲੇ ਸੀਨ ਮੌਕੇ ਹਾਲ ਵਿੱਚ ਮੌਜੂਦ ਦਰਸ਼ਕਾਂ ਵਿੱਚ ਕੋਈ ਐਸੀ ਅੱਖ ਨਹੀਂ ਸੀ ਜਿਹੜੀ ਨਮ ਨਾ ਹੋਈ ਹੋਵੇ। ਟੋਰਾਂਟੋ ਖ਼ੇਤਰ ਵਿੱਚ ਰੰਗਮੰਚ ਕਰਨ ਵਾਲੇ ਥੀਏਟਰ ਦੇ ਮੰਝੇ ਹੋਏ ਕਲਾਕਾਰਾਂ ਵਿੱਚੋਂ ਨਿਰਦੇਸ਼ਕ ਡਾ ਹੀਰਾ ਰੰਧਾਵਾ ਨੇ ਗੰਗੂ ਪੰਡਤ, ਪਰਮਜੀਤ ਦਿਓਲ ਨੇ ਗੰਗੂ ਦੀ ਪਤਨੀ, ਜਸਵਿੰਦਰ ਬੱਬੂ ਨੇ ਵਜ਼ੀਦ ਖਾਨ, ਸੁਖਤੇਜ ਸਿੰਘ ਤੇ ਅਜੀਤ ਸਿੰਘ ਸੈਣੀ ਨੇ ਸਿਪਾਹੀ, ਜਗਵੰਤ ਸਿੰਘ ਗਹੀਰ ਨੇ ਚੋਬਦਾਰ, ਸੁੰਦਰਪਾਲ ਰਾਜਾਸਾਂਸੀ ਨੇ ਵਜ਼ੀਦ ਖ਼ਾਨ ਦੀ ਪਤਨੀ, ਕਨਵਰਦੇਵ ਸੇਖੋਂ ਨੇ ਔਰੰਗਜੇਬ ਤੇ ਨਵਾਬ ਮਲੇਰਕੋਟਲਾ, ਬਲਵੀਰ ਸਿੰਘ, ਜਸਪ੍ਰੀਤ ਸਿੰਘ ਮਾਂਗਟ, ਮੁਖਤਿਆਰ ਦਿਲ, ਸੁਖਵਿੰਦਰ ਸਿੰਘ ਸੈਂਪਲੇ, ਨੌਨਿੱਧ ਸਿੰਘ, ਅਨਹਦ ਸਿੰਘ ਤੇ ਦਿਲਬਰ ਮਾਂਗਟ ਨੇ ਗੁਰੂ ਦੇ ਸਿੰਘਾਂ, ਮਨੂ ਭੰਡਾਲ ਨੇ ਸੂਬੇਦਾਰ ਤੇ ਦਰਬਾਰੀ, ਜੋਵਨ ਦਿਓਲ ਨੇ ਦਰਬਾਰੀ ਤੇ ਢੰਡੋਰਚੀ, ਦਵਿੰਦਰ ਜੌਹਲ ਨੇ ਸੁੱਚਾ ਨੰਦ, ਮਨਰਾਜ ਮਾਂਗਟ ਨੇ ਦਰਵੇਸ਼, ਜੋਤਸਰੂਪ ਕੌਰ ਸੰਧੂ ਤੇ ਬਲਜਿੰਦਰ ਸਿੰਘ ਮਾਨ ਨੇ ਦਰਵੇਸ਼ ਦੇ ਸਾਥੀ, ਸੁਖਜਿੰਦਰ ਸਿੰਘ ਕੈਂਥ ਨੇ ਡਾਕੀਆ, ਕਰਮਜੀਤ ਗਿੱਲ ਨੇ ਸੂਤਰਧਾਰ ਇੰਡੀਅਨ ਬਾਬਾ ਅਤੇ ਅਸ਼ਨੀਰ ਕੌਰ ਮਾਂਗਟ, ਮਨਤਾਜ ਧੁੱਗਾ, ਮਨਰਾਜ ਗਰੇਵਾਲ, ਸੁਖਮਨ ਗਰੇਵਾਲ, ਗੁਰਮਨ ਸਿੰਘ ਢੇਸੀ, ਮਨਰਾਜ ਸੈਣੀ, ਗੁਰਸ਼ਾਨ ਸਿੰਘ ਦੇਵਗਣ, ਸਮੇਤ ਸਹਿਜਪ੍ਰੀਤ ਸਿੰਘ ਨਾਗਪਾਲ, ਰਿਪਤੇਗ ਸਿੰਘ ਸੋਢੀ, ਜਪਲੀਨ ਕੌਰ ਨਾਗਪਾਲ, ਸਤਸੰਗਤ, ਸ਼ਰਧਾਪ੍ਰੀਤ, ਨੇ ਕੈਨੇਡੀਅਨ ਬੱਚਿਆਂ ਦੀਆਂ ਦਮਦਾਰ ਭੂਮਿਕਾਵਾਂ ਨਿਭਾਈਆਂ। ਇਸ ਨਾਟਕ ਵਿੱਚ ਕੁੱਲ 50 ਦੇ ਕਰੀਬ ਕਲਾਕਾਰਾਂ ਨੇ ਆਪਣੇ ਜੌਹਰ ਵਿਖਾਏ। ਇਸ ਪੇਸ਼ਕਾਰੀ ਲਈ ਪ੍ਰੋਜੈਕਟਰ ਸਲਾਈਡ ਸ਼ੋਅ ਅਤੇ ਸੈੱਟ ਡੀਜ਼ਾਈਨਿੰਗ ਰੂਪੀ ਮਾਂਗਟ ਨੇ ਕੀਤੀ ਸੀ। ਨਿਰਦੇਸ਼ਕ ਨਾਲ ਮੇਕਅੱਪ ਸਹਿਯੋਗ ਜਸਵਿੰਦਰ ਬੱਬੂ ਨੇ ਦਿੱਤਾ। ਲਾਈਟਾਂ ਦੀ ਜਿੰਮੇਵਾਰੀ ਰੰਗਕਰਮੀ ਜਗਵਿੰਦਰ ਜੱਜ ਤੇ ਸਹਾਇਕ ਵਰਿੰਦਰ ਅੰਗਰੋਆ ਨੇ ਨਿਭਾਈ। ਇਸ ਪੇਸ਼ਕਾਰੀ ਮੌਕੇ ਸਿੱਕ ਕਿਡਜ਼ ਹਸਪਤਾਲ ਅਤੇ ਪੀਲ ਚਿਲਡਰਨ ਸੰਸਥਾਵਾਂ ਨੂੰ ਪੰਜ ਪੰਜ ਹਜ਼ਾਰ ਦੀ ਰਾਸ਼ੀ ਦੇ ਚੈੱਕ ਭੇਂਟ ਕੀਤੇ ਗਏ। ਸਮੁੱਚੇ ਪ੍ਰਬੰਧ ਦੀਆਂ ਜਿੰਮੇਵਾਰੀਆਂ ਸ਼ਾਨ ਗਰੇਵਾਲ, ਗੁਰਪ੍ਰੀਤ ਸਿੰਘ, ਅਤੇ ਹਰਪ ਗਰੇਵਾਲ, ਨੇ ਬਾਖ਼ੂਬੀ ਨਿਭਾਈਆਂ। ਇਸ ਨਾਟਕ ਦਾ ਆਨੰਦ ਮਾਨਣ ਸਮੇਤ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਲੋਕ ਪ੍ਰੀਵਾਰਾਂ ਸਮੇਤ ਸ਼ਾਮਿਲ ਹੋਏ। ਇਸ ਮੌਕੇ ਨਾਟਕ ਦੇ ਲੇਖਕ ਡਾ ਨਿਰਮਲ ਜੌੜਾ ਵੀ ਹਾਜ਼ਰ ਸਨ ਜਿਨਾਂ ਨੇ ਕਿਹਾ ਕਿ ਇਸ ਨਾਟਕ ਦੇ ਸ਼ੋਅ ਅਸੀਂ ਹਰ ਉਸ ਥਾਂ ਪੇਸ਼ ਕਰਨ ਦੇ ਯਤਨ ਕਰਾਂਗੇ ਜਿਥੇ ਕਿਤੇ ਵੀ ਪੰਜਾਬੀ ਵੱਸਦੇ ਹਨ ਪਰ ਇਹਦੇ ਲਈ ਸੁਹਿਰਦ ਸਹਿਯੋਗੀਆਂ ਦੇ ਹੁੰਗਾਰੇ ਦੀ ਲੋੜ ਹੈ। ਨਾਟਕ ਦੇ ਨਿਰਦੇਸ਼ਕ ਡਾ ਹੀਰਾ ਰੰਧਾਵਾ ਨੇ ਕਿਹਾ ਕਿ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਦਾ ਇੱਕ ਨਿਮਾਣਾ ਜਿਹਾ ਯਤਨ ਹੈ ਜਿਸ ਵਿੱਚ ਅਸੀਂ ਸਫ਼ਲ ਹੋਏ ਹਾਂ। ਇਸ ਮੌਕੇ ਜੀ ਟੀ ਏ ਦੇ ਪੰਜਾਬੀ ਮੀਡੀਆ ਤੋਂ ਡਾ ਸੁਖਦੇਵ ਸਿੰਘ ਝੰਡ, ਚਮਕੌਰ ਮਾਛੀਕੇ, ਡਾ ਬਲਵਿੰਦਰ ਸਿੰਘ, ਸਮੇਤ ਬਹੁਤ ਸਾਰੇ ਸੱਜਣ ਹਾਜ਼ਰ ਸਨ ਜਿਨਾਂ ਵਿੱਚੋਂ ਇਕਬਾਲ ਮਾਹਲ, ਤੇ ਸਤਿੰਦਰਦਰਪਾਲ ਸਿਧਵਾਂ ਨੇ ਨਾਟਕ ਪੇਸ਼ਕਾਰੀ ਦੀ ਰੱਜ ਕੇ ਤਾਰੀਫ ਕੀਤੀ। ਇਸ ਮੌਕੇ ਨਾਟਕ ਦੇ ਪ੍ਰੀਡਿਊਸਰ ਦੇਵ ਮਾਂਗਟ ਤੇ ਹਰਿੰਦਰ ਗਹੀਰ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਇਸ ਤਰਾਂ ਦੇ ਹੋਰ ਸ਼ੋਅ ਕਰਵਾਉਣ ਦਾ ਵਾਅਦਾ ਕੀਤਾ। ਇਹ ਨਾਟ ਪੇਸ਼ਕਾਰੀ ਲੰਬੇ ਸਮੇਂ ਤੱਕ ਲੋਕਾਂ ਦਰਸ਼ਕਾਂ ਦੇ ਮਨਾਂ ਤੇ ਛਾਈ ਰਹੇਗੀ।

Toronto protest against Indian citizenship law as divisive politics play out in Canada

TORONTO (Harbans Singh) – As hundreds of people gathered in Toronto on Friday to protest a controversial citizenship law in India, some members of the city's Indian community say a rise in divisive politics have created tensions here in Canada.

Multiple people have been killed in the South Asian nation over the past week as public anger swells over a citizenship law that critics say excludes Muslims and threatens the country's secular democracy.

The law allows Hindus, Christians and people from other religious minorities who are in India illegally from neighbouring Bangladesh, Pakistan and Afghanistan to apply for citizenship. However the legislation introduced by Prime Minister Narendra Modi's government does not include Muslims.

While residing in Canada, fascist ideology supporters from the sub-continent, try to create messy situations and an environment of exclusion/bigotry/falsehood.

ITS
Logistics Ltd Calgary Alberta
Warehousing / Distribution

Farhad Zain
Mohammed
General Manager

5601 46St SE
Calgary, AB T2C 4Y5
farhad_its@hotmail.com

Office : 403-723-2379
Fax : 1888-732-1303
Cell : 403-519-9373

ਭਗਵੇਂ ਰਥ ਦੀ ਧੁੱਸ ਨੂੰ ਰੋਕਣ ਲਈ ਸੜਕਾਂ 'ਤੇ ਆਏ ਆਵਾਮ

(ਸਫ਼ਾ 1 ਦੀ ਬਾਕੀ)

ਨਾਅਰਿਆਂ ਦੀ ਸ਼ਕਲ ਵਿਚ ਹੋ ਰਿਹਾ ਹੈ। ਆਰ.ਐੱਸ.ਐੱਸ. ਅਤੇ ਇਸ ਦੇ ਸਿਆਸੀ ਵਿੰਗ ਭਾਜਪਾ ਵੱਲੋਂ ਪਾਸ ਕੀਤਾ ਨਾਗਰਿਕਤਾ ਸੋਧ ਐਕਟ ਅਤੇ ਪੂਰੇ ਮੁਲਕ ਲਈ ਐੱਨ.ਆਰ.ਸੀ. ਬਣਾਉਣ ਦੀ ਯੋਜਨਾ ਭਾਰਤ ਨੂੰ ਹਿਟਲਰੀ ਤਰਜ਼ 'ਤੇ ਹਿੰਦੂ ਰਾਸ਼ਟਰ ਬਣਾਉਣ ਦੇ ਪ੍ਰੋਜੈਕਟ ਤਹਿਤ ਹੈ। ਇਸ ਵਿਚ ਮੌਜੂਦ ਭਿਆਨਕ ਖਤਰਿਆਂ ਨੂੰ ਮਹਿਸੂਸ ਕਰਕੇ ਅਵਾਮ ਸੜਕਾਂ ਉੱਪਰ ਨਿਕਲ ਆਏ ਹਨ। ਉਹ ਪੂਰੇ ਮੁਲਕ ਨੂੰ ਕਸ਼ਮੀਰ ਵਰਗੇ ਹਾਲਾਤ ਵੱਲ ਧੱਕਣ ਅਤੇ ਸੰਭਾਵੀ ਤਬਾਹੀ ਅਤੇ ਬਰਬਾਦੀ ਦੇ ਖ਼ਤਰੇ ਦੇ ਮੱਦੇਨਜ਼ਰ ਇਸ ਹਮਲੇ ਨੂੰ ਠੱਲਣ ਲਈ ਦ੍ਰਿੜ ਹਨ। ਦਿੱਲੀ ਵਿਚ ਇੰਟਰਨੈੱਟ ਅਤੇ ਮੈਟਰੋ ਸਟੇਸ਼ਨ ਬੰਦ ਕਰ ਦਿੱਤੇ ਗਏ। ਹਰ ਥਾਂ ਦਫ਼ਾ 144 ਥੋਪ ਦਿੱਤੀ ਗਈ। ਯੂ.ਪੀ. ਅਤੇ ਹੋਰ ਸੂਬਿਆਂ ਵਿਚ ਵੀ ਅਮਨ-ਕਾਨੂੰਨ ਦੇ ਨਾਂ ਆਮ ਲੋਕਾਂ ਤੋਂ ਸੰਚਾਰ ਸਹੂਲਤ ਖੋਹ ਲਈ ਗਈ। ਥੋਕ ਪੈਮਾਨੇ 'ਤੇ ਜਬਰ ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਹ ਜਾਬਰ ਕਦਮ ਵੀ ਅਵਾਮ ਦੇ ਹੌਸਲੇ ਪਸਤ ਨਹੀਂ ਕੀਤੇ ਜਾ ਸਕੇ। ਉੱਤਰ-ਪੂਰਬ ਵੀ ਸੜਕਾਂ ਉੱਪਰ ਹੈ, ਹਾਲਾਂਕਿ ਉਹਨਾਂ ਵੱਲੋਂ ਐੱਨ.ਸੀ.ਆਰ. ਅਤੇ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕੀਤੇ ਜਾਣ ਦੇ ਕਾਰਨ ਵੱਖਰੇ ਹਨ। ਦੱਖਣੀ ਭਾਰਤ ਵਿਚ ਹੋ ਰਹੇ ਲਾਮਿਸਾਲ ਮੁਜ਼ਾਹਰਿਆਂ ਨੇ ਦੱਸ ਦਿੱਤਾ ਹੈ ਕਿ ਆਰ.ਐੱਸ.ਐੱਸ.-ਭਾਜਪਾ ਦੀ ਹਿੰਦੂਤਵ ਦੀ ਸਿਆਸਤ ਨੂੰ ਅਵਾਮ ਕਿੰਨੇ ਗੰਭੀਰ ਖ਼ਤਰੇ ਵਜੋਂ ਲੈ ਰਹੇ ਹਨ।

ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਪਹਿਲਾਂ ਦੋ ਯੂਨੀਵਰਸਿਟੀ ਕੈਂਪਸਾਂ, ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਤੇ ਫਿਰ ਵੱਖ-ਵੱਖ ਸ਼ਹਿਰਾਂ ਵਿਚ ਮੁਜ਼ਾਹਰਾਕਾਰੀਆਂ ਉੱਪਰ ਦਰਿੰਦਗੀ ਨਾਲ ਹਮਲੇ ਕਰਕੇ, ਖ਼ੁਦ ਭੰਨ-ਤੋੜ ਕਰਕੇ ਅਤੇ ਵਹੀਕਲਾਂ ਨੂੰ ਅੱਗਾਂ ਲਾ ਕੇ ਵਿਰੋਧ ਨੂੰ ਦਬਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਇਹਨਾਂ ਯੂਨੀਵਰਸਿਟੀ ਕੈਂਪਸਾਂ ਦੇ ਵਿਦਿਆਰਥੀ, ਪ੍ਰੋਫੈਸਰ, ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕਰਨ ਵਾਲੇ ਆਮ ਇਨਸਾਫ਼ਪਸੰਦ ਲੋਕ ਅਤੇ ਪੁਲਿਸ ਦੀ ਬਦਸਲੂਕੀ ਦਾ ਸ਼ਿਕਾਰ ਹੋਏ ਪੱਤਰਕਾਰ ਇਸ ਦੇ ਚਸ਼ਮਦੀਦ ਗਵਾਹ ਹਨ। ਇਹਨਾਂ ਘਟਨਾਵਾਂ ਦੀ ਤਸਦੀਕ ਕਰਦੀਆਂ ਦਰਜਨਾਂ ਵੀਡੀਓ ਫੁਟੇਜ ਨਿਰਪੱਖ ਨਿਊਜ਼ ਪੋਰਟਲਾਂ ਅਤੇ ਸੋਸ਼ਲ ਮੀਡੀਆ ਮੰਚਾਂ ਉੱਪਰ ਨਸ਼ਰ ਹੋਈਆਂ ਜੋ ਪੁਲਿਸ ਵੱਲੋਂ ਜਨਤਕ ਅਤੇ ਨਿੱਜੀ ਜਾਇਦਾਦ ਦੀ ਬੇਤਹਾਸ਼ਾ ਭੰਨਤੋੜ ਕੀਤੇ ਜਾਣ ਦਾ ਠੋਸ ਸਬੂਤ ਹਨ।

ਪੁਲਿਸ ਦੇ ਹਮਲਿਆਂ ਨਾਲ ਹੁਣ ਤੱਕ 25 ਲੋਕਾਂ ਦੀ ਜਾਨ ਜਾ ਚੁੱਕੀ ਹੈ। ਪੁਲਿਸ ਅਮਨ-ਕਾਨੂੰਨ ਕਾਇਮ ਰੱਖਣ ਵਾਲੀ ਤਾਕਤ ਦੀ ਸੰਵਿਧਾਨਕ ਭੂਮਿਕਾ ਤਿਆਗ ਕੇ ਸਰੇਆਮ ਸੱਤਾਧਾਰੀ ਧਿਰ ਦੇ ਪ੍ਰਾਈਵੇਟ ਲੱਠਮਾਰਾਂ ਦੀ ਭੂਮਿਕਾ ਨਿਭਾਉਂਦੀ ਅਤੇ ਪੁਰਅਮਨ ਮੁਜ਼ਾਹਰਾਕਾਰੀਆਂ ਤੇ ਆਮ ਲੋਕਾਂ ਉੱਪਰ ਅੰਧਾਧੁੰਦ ਲਾਠੀਆਂ-ਗੋਲੀਆਂ ਚਲਾਉਂਦੀ ਦੇਖੀ ਗਈ। ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ, ਹੋਸਟਲਾਂ ਅਤੇ ਵਾਸ਼ਰੂਮਾਂ ਵਿਚ ਜਾ ਕੇ ਵਿਦਿਆਰਥੀਆਂ ਉੱਪਰ ਹਮਲਿਆਂ ਅਤੇ ਹਸਪਤਾਲਾਂ ਵਿਚ ਜ਼ਖ਼ਮੀਆਂ ਨਾਲ ਬਦਤਮੀਜ਼ੀ ਦੇ ਭਿਆਨਕ ਮੰਜ਼ਰ ਨੂੰ ਪੇਸ਼ ਕਰਦੇ ਵੀਡੀਓ ਕਲਿੱਪਾਂ ਨੇ ਪੁਲਿਸ ਸਮੇਤ ਰਾਜ-ਮਸ਼ੀਨਰੀ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ। ਦਿੱਲੀ ਵਿਚ ਮੁਜ਼ਾਹਰਾਕਾਰੀਆਂ ਦੀ ਸਾਦਾ ਕੱਪੜਿਆਂ ਵਾਲੇ ਸ਼ੱਕੀ ਲੱਠਮਾਰਾਂ ਵੱਲੋਂ ਕੁੱਟਮਾਰ ਦੇ ਦ੍ਰਿਸ਼ ਮੁਸਤੈਦ ਕੈਮਰਿਆਂ ਦੀ ਅੱਖ ਤੋਂ ਬਚ ਨਾ ਸਕੇ। ਸੀ.ਸੀ.ਟੀ.ਵੀ. ਕੈਮਰਿਆਂ ਵਿਚ ਰਿਕਾਰਡ ਹੋਏ ਵੀਡੀਓ ਕਲਿੱਪਾਂ ਤੋਂ ਪਤਾ ਲੱਗਿਆ ਕਿ ਕਰਨਾਟਕਾ ਵਿਚ ਪੁਲਿਸ ਦੀਆਂ ਵਰਦੀਆਂ ਪਾ ਕੇ ਸੰਘ ਦੇ ਕਾਰਕੁੰਨਾਂ ਵੱਲੋਂ ਮੁਸਲਮਾਨਾਂ ਉੱਪਰ ਹਮਲੇ ਕੀਤੇ ਗਏ। ਪੱਛਮੀ ਬੰਗਾਲ ਵਿਚ ਮੁਸਲਿਮ ਪਹਿਰਾਵਾ ਪਹਿਨ ਕੇ ਰੇਲ ਗੱਡੀ ਉੱਪਰ ਪੱਥਰਬਾਜ਼ੀ ਕਰ ਰਹੇ ਛੇ ਜਣਿਆਂ ਦੀ ਗ੍ਰਿਫ਼ਤਾਰੀ ਨਾਲ ਇਹ ਤਸਦੀਕ ਹੋ ਗਈ ਕਿ ਸੱਤਾਧਾਰੀ ਧਿਰ ਵੱਲੋਂ ਮੁਜ਼ਾਹਰਿਆਂ ਨੂੰ ਬਦਨਾਮ ਕਰਨ ਲਈ ਬਾਕਾਇਦਾ ਨੀਤੀ ਤਹਿਤ ਆਪਣੇ ਕਾਰਕੁੰਨ ਮੁਜ਼ਾਹਰਿਆਂ ਵਿਚ ਭੇਜ ਗਏ ਤਾਂ ਜੁ ਭੰਨਤੋੜ ਕਰਕੇ ਇਸ ਦਾ ਇਲਜ਼ਾਮ ਮੁਜ਼ਾਹਰਾਕਾਰੀਆਂ ਉੱਪਰ ਲਗਾਇਆ ਜਾ ਸਕੇ।

ਚਾਹੇ ਭਾਜਪਾ ਸ਼ਾਸਤ ਯੂ.ਪੀ. ਜਾਂ ਕਰਨਾਟਕਾ ਹੈ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦਿੱਲੀ, ਪੁਲਿਸ ਦੀ ਤੁਅੱਸਬੀ ਭੂਮਿਕਾ ਜੱਗ ਜ਼ਾਹਰ ਹੈ। ਯੂ.ਪੀ. ਨੂੰ ਹਿੰਦੂਤਵੀ ਹਿੰਸਾ ਅਤੇ ਰਾਜਕੀ ਦਹਿਸ਼ਤਵਾਦ ਦੀ ਵਿਸ਼ੇਸ਼ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ। ਇੱਥੇ ਮਹੰਤ ਅਦਿੱਤਿਆਨਾਥ ਦੇ ਰਾਜ ਵਿਚ ਪੁਲਿਸ ਵੱਲੋਂ ਗੋਲੀਆਂ ਚਲਾ ਕੇ ਬੇਤਹਾਸ਼ਾ ਹੱਤਿਆਵਾਂ ਕੀਤੀਆਂ ਗਈਆਂ। ਹਾਲ ਹੀ ਵਿਚ ਪੁਲਸੀ ਹਿੰਸਾ ਨਾਲ ਇਕ ਅੱਠ ਸਾਲ ਦੇ ਬੱਚੇ ਸਮੇਤ 19 ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਮੈਂਗਲੂਰੂ ਵਿਚ ਦੋ ਅਤੇ ਅਸਾਮ ਵਿਚ ਪੰਜ ਵਿਅਕਤੀ ਪੁਲਿਸ ਦੀ ਗੋਲੀ ਨਾਲ ਮਾਰੇ ਗਏ। ਬਿਜਨੌਰ (ਪੱਛਮੀ ਯੂ.ਪੀ.) ਵਿਚ 131 ਲੋਕਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਯੂ.ਪੀ. ਵਿਚ ਝੂਠੇ ਪਰਚਿਆਂ ਵਿਚ ਨਾਮਜ਼ਦ ਮੁਜ਼ਾਹਰਾਕਾਰੀਆਂ ਅਤੇ ਸੈਂਕੜੇ ਹੋਰ 'ਬੇਪਛਾਣ' ਲੋਕਾਂ ਵਿਰੁੱਧ ਪਰਚੇ ਦਰਜ ਦੀਆਂ ਰਿਪੋਰਟਾਂ ਹਨ। ਭੰਨਤੋੜ ਕਰਨ ਵਾਲੀ ਪੁਲਿਸ ਨੇ ਵੀਡੀਓ ਫੁਟੇਜ ਨੂੰ ਬਹਾਨਾ ਬਣਾ ਕੇ ਮੁਜ਼ਾਹਰਾਕਾਰੀਆਂ ਉੱਪਰ ਝੂਠੇ ਕੇਸ ਪਾਉਣ ਲਈ ਉਹਨਾਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦੇਣਾ ਸ਼ੁਰੂ ਕਰ ਦਿੱਤਾ ਹੈ। ਰਿਪੋਰਟਾਂ ਅਨੁਸਾਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ 500 ਤੋਂ ਵਧੇਰੇ ਵਿਦਿਆਰਥੀਆਂ ਵਿਰੁੱਧ, ਵਾਰਾਨਸੀ ਵਿਚ 56 ਕਾਰਕੁੰਨਾਂ ਵਿਰੁੱਧ ਅਤੇ ਇਕੱਲੇ ਕਾਨਪੁਰ ਵਿਚ ਹੀ 21500 ਲੋਕਾਂ ਵਿਰੁੱਧ ਪਰਚੇ ਦਰਜ ਕੀਤੇ ਗਏ ਹਨ। ਔਰਤ ਕਾਰਕੁੰਨ ਸਦਫ਼ ਜ਼ਫ਼ਰ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਹਿਰਾਸਤ ਵਿਚ ਵਹਿਸ਼ੀ ਤਸੀਹੇ ਦਿੱਤੇ ਗਏ ਅਤੇ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ। ਪੱਛਮੀ ਬੰਗਾਲ, ਕੇਰਲਾ ਵਰਗੇ ਰਾਜਾਂ ਵਿਚ ਵੀ ਹਾਲਤ ਇਸੇ ਤਰ੍ਹਾਂ ਚਿੰਤਾਜਨਕ ਹੈ ਜਿੱਥੇ ਸੱਤਾ ਉੱਪਰ ਕਾਬਜ਼ ਹੋਣ ਲਈ ਭਗਵਾਂ ਕੈਂਪ ਤਰਲੋਮੱਛੀ ਹੋ ਰਿਹਾ ਹੈ ਅਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾ ਕੇ ਫਿਰਕੂ ਪਾਲਾਬੰਦੀ ਕਰਨ ਲਈ ਇਸ ਨੇ ਸਮੁੱਚੀ ਤਾਕਤ ਝੋਕੀ ਹੋਈ ਹੈ।

ਪੁਲਿਸ ਦੀ ਭੂਮਿਕਾ ਦਾ ਇਕ ਅਤਿਅੰਤ ਖ਼ਤਰਨਾਕ ਪਹਿਲੂ ਇਸ ਦਾ ਫਿਰਕੂ, ਉੱਚ ਜਾਤੀ ਤੁਅੱਸਬੀ ਸੁਭਾਅ ਹੈ ਜੋ ਬੀਤੇ ਵਿਚ ਹਾਸ਼ਿਮਪੁਰਾ, ਪੀਲੀਭੀਤ, ਮੁਜ਼ੱਫ਼ਰਨਗਰ ਵਰਗੇ ਦਿਲ ਕੰਬਾਊ ਕਾਂਡਾਂ ਅਤੇ ਅਦਿੱਤਿਆਨਾਥ ਸਰਕਾਰ ਹੇਠ ਸੈਂਕੜੇ ਪੁਲਿਸ ਮੁਕਾਬਲਿਆਂ ਵਿਚ ਮੁਸਲਮਾਨਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੀਆਂ ਗ਼ੈਰਅਦਾਲਤੀ ਹੱਤਿਆਵਾਂ ਰਾਹੀਂ ਸਾਹਮਣੇ ਆ ਚੁੱਕਾ ਹੈ। ਇਸੇ ਵਤੀਰੇ ਦਾ ਦੁਹਰਾਓ ਹਾਲੀਆ ਹਮਲਿਆਂ ਵਿਚ ਦੇਖਿਆ ਗਿਆ, ਜਿੱਥੇ ਪੁਲਿਸ ਕਾਰਵਾਈ ਦੀ ਮਨਸ਼ਾ ਹਜੂਮ ਨੂੰ ਖਿੰਡਾਉਣ ਦੀ ਨਹੀਂ ਸਗੋਂ ਮੁਸਲਮਾਨਾਂ ਅਤੇ ਮੁਜ਼ਾਹਰਾਕਾਰੀ ਕਾਰਕੁੰਨਾਂ ਨੂੰ ਸਬਕ ਸਿਖਾਉਣ ਦੀ ਸੀ। ਯੂ.ਪੀ. ਵਿਚ ਜਿੱਥੇ ਕਿਸੇ ਕਾਰਨ ਮੁਜ਼ਾਹਰਾਕਾਰੀ ਹਜੂਮਾਂ ਅਤੇ ਪੁਲਿਸ ਦਰਮਿਆਨ ਤਕਰਾਰ ਨੇ ਹਿੰਸਕ ਝੜਪਾਂ ਦਾ ਰੂਪ ਅਖ਼ਤਿਆਰ ਕੀਤਾ ਉੱਥੇ ਪੁਲਿਸ ਵੱਲੋਂ ਰਾਤ ਨੂੰ ਮੁਸਲਿਮ ਮੁਹੱਲਿਆਂ ਵਿਚ ਦਾਖ਼ਲ ਹੋ ਕੇ ਆਮ ਲੋਕਾਂ ਦੀਆਂ ਜਾਇਦਾਦਾਂ ਅਤੇ ਘਰਾਂ ਦੀ ਵੱਡੇ ਪੱਧਰ 'ਤੇ ਭੰਨਤੋੜ ਕੀਤੀ ਗਈ। ਬਿਜਨੌਰ, ਮੁਜ਼ੱਫ਼ਰਨਗਰ ਅਤੇ ਕਾਨਪੁਰ ਵਿਚ ਕੀਤੀ ਭੰਨਤੋੜ ਦੀਆਂ ਬਾਕਾਇਦਾ ਸੀ. ਸੀ. ਟੀ. ਵੀ. ਫੁਟੇਜ਼ ਸਾਹਮਣੇ ਆ ਚੁੱਕੀਆਂ ਹਨ।

ਆਰ.ਐੱਸ.ਐੱਸ.-ਭਾਜਪਾ ਦੀ ਸਰਕਾਰ ਵੱਲੋਂ ਬੇਲਗਾਮ ਕੀਤੀ ਫਿਰਕੂ ਪੁਲਿਸ ਵੱਲੋਂ ਪਾਈ ਦਹਿਸ਼ਤ ਨਾਲ ਸੰਘਰਸ਼ ਦਾ ਰੌਂਅ ਸਗੋਂ ਹੋਰ ਤਿੱਖਾ ਹੋਇਆ ਹੈ। 19 ਦਸੰਬਰ ਦਾ ਦਿਨ, ਜੋ ਕਿ ਕਾਕੋਰੀ ਕਾਂਡ ਦੇ ਸ਼ਹੀਦਾਂ ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫ਼ਾਕਉੱਲਾ ਖ਼ਾਨ ਦਾ ਸ਼ਹੀਦੀ ਦਿਹਾੜਾ ਹੈ, ਫਿਰਕੂ ਸਦਭਾਵਨਾ ਦਿਹਾੜੇ ਵਜੋਂ ਮਨਾਇਆ ਗਿਆ। ਇਸ ਦਿਨ ਪੂਰੇ ਮੁਲਕ ਵਿਚ ਵੱਡੇ ਵੱਡੇ ਇਕੱਠ ਹੋਏ। ਦਿੱਲੀ, ਮੁੰਬਈ ਵਰਗੇ ਮਹਾਂਨਗਰਾਂ ਸਮੇਤ ਮੁਲਕ ਦੇ ਹਰ ਸੂਬੇ ਦੇ ਲਗਭਗ ਹਰ ਸ਼ਹਿਰ ਅਤੇ ਕਸਬੇ ਅੰਦਰ ਵੱਡੇ-ਵੱਡੇ ਮੁਜ਼ਾਹਰੇ ਹੋ ਚੁੱਕੇ ਹਨ ਅਤੇ ਲਗਾਤਾਰ ਹੋ ਰਹੇ ਹਨ। ਇਹਨਾਂ ਮੁਜ਼ਾਹਰਿਆਂ ਵਿਚ ਸ਼ਾਮਲ ਹੋ ਕੇ ਲੱਖਾਂ ਮੁਸਲਮਾਨ ਅਤੇ ਹੋਰ ਇਨਸਾਫ਼ਪਸੰਦ ਅਵਾਮ ਭਗਵੀਂ ਧੌਂਸ ਦਾ ਮੂੰਹ ਚਿੜਾ ਰਹੇ ਹਨ। ਮੁਲਕ ਦੀਆਂ ਮੁੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਨਾਗਰਿਕਤਾ ਦੇ ਹੱਕ ਉੱਪਰ ਹਮਲੇ ਅਤੇ ਜਬਰ ਵਿਰੁੱਧ ਹਾਲੀਆ ਸੰਘਰਸ਼ ਦੀਆਂ ਮੋਹਰਲੀਆਂ ਕਤਾਰਾਂ ਵਿਚ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਸਮੇਤ ਹਰ ਥਾਂ ਹੀ ਰਾਜਨੀਤਕ ਤੌਰ 'ਤੇ ਜਾਗਰੂਕ ਜਵਾਨੀ ਹਿੰਦੂਤਵ ਫਾਸ਼ੀਵਾਦ ਨੂੰ ਲਲਕਾਰ ਰਹੀ ਹੈ। ਜਾਗਰੂਕ ਵਿਦਿਆਰਥਣਾਂ ਦੀ ਸੱਤਾ ਨੂੰ ਲਲਕਾਰ ਰਾਜਨੀਤਕ ਚੇਤਨਾ ਅਤੇ ਜਬਰ ਤੋਂ ਬੇਖ਼ੌਫ਼ ਇਨਸਾਨੀ ਜਜ਼ਬੇ ਦਾ ਮੁਜੱਸਮਾ ਬਣ ਕੇ ਉੱਭਰੀ ਹੈ। ਵਿਦਿਆਰਥੀ ਤਾਕਤ ਦੇ ਸੱਜਰੇ ਉਭਾਰ ਪਿੱਛੇ ਕੰਮ ਕਰਦੀ ਤਾਕਤ ਉਹਨਾਂ ਦੀ ਵਰਤਮਾਨ ਦੀ ਬਜਾਏ ਭਵਿੱਖ ਨੂੰ ਮਹਿਫੂਜ਼ ਬਣਾਉਣ ਦੀ ਫ਼ਿਕਰਮੰਦੀ ਅਤੇ ਤਾਂਘ ਹੈ। ਉਹਨਾਂ ਨੇ ਆਰ.ਐੱਸ.ਐੱਸ.-ਭਾਜਪਾ ਦੇ 'ਵਿਕਾਸ' ਮਾਡਲ ਅੰਦਰ ਆਪਣੇ ਹਨੇਰੇ ਭਵਿੱਖ ਅਤੇ ਜ਼ਿਬਾਹ ਹੁੰਦੇ ਸੁਪਨਿਆਂ ਦੀ ਹਕੀਕਤ ਬੁੱਝਣੀ ਸ਼ੁਰੂ ਕਰ ਦਿੱਤੀ ਹੈ।

ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦਿੱਲੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੈਂਪਸਾਂ ਉੱਪਰ ਹਮਲੇ ਦੇ ਖ਼ਿਲਾਫ਼ ਨਾ ਸਿਰਫ਼ ਦੋ ਦਰਜਨ ਦੇ ਕਰੀਬ ਯੂਨੀਵਰਸਿਟੀਆਂ ਅਤੇ ਹੋਰ ਨਾਮਵਰ ਸੰਸਥਾਵਾਂ 'ਚੋਂ ਗਿਣਨਯੋਗ ਆਵਾਜ਼ ਉੱਠੀ ਸਗੋਂ ਸਿੱਖਿਆ ਵਿਗਿਆਨੀ, ਵਕੀਲ ਅਤੇ ਹੋਰ ਪੜ੍ਹੇਲਿਖੇ ਇਨਸਾਫ਼ਪਸੰਦ ਹਿੱਸੇ ਵੀ ਵਿਦਿਆਰਥੀਆਂ ਦੇ ਨਾਲ ਆ ਡੱਟੇ। ਸੱਤ ਸੌ ਬੁੱਧੀਜੀਵੀਆਂ ਅਤੇ ਹੋਰ ਨਾਮਵਰ ਸ਼ਖਸੀਅਤਾਂ ਵੱਲੋਂ ਨਰਿੰਦਰ ਮੋਦੀ ਦੇ ਨਾਂ ਖੁੱਲ੍ਹੀ ਚਿੱਠੀ ਲਿਖ ਕੇ ਫਾਸ਼ੀਵਾਦੀ ਸਰਕਾਰ ਨੂੰ ਫਿਟਕਾਰ ਪਾਈ ਗਈ। ਬਦੇਸ਼ੀ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਅਧਿਆਪਕ ਵੀ ਉਹਨਾਂ ਦੇ ਹੱਕ ਵਿਚ ਉੱਠ ਖੜ੍ਹੇ ਅਤੇ ਬਦੇਸ਼ਾਂ ਵਿਚ ਲਗਾਤਾਰ ਮੁਜ਼ਾਹਰੇ ਹੋ ਰਹੇ ਹਨ। ਨੋਮ ਚੌਮਸਕੀ, ਅਰੁੰਧਤੀ ਰਾਏ ਸਮੇਤ ਕੁਲ ਆਲਮ ਦੀਆਂ ਦਸ ਹਜ਼ਾਰ ਨਾਮਵਰ ਸ਼ਖਸੀਅਤਾਂ ਅਤੇ ਕਾਰਕੁੰਨਾਂ ਨੇ ਕੈਂਪਸਾਂ ਉੱਪਰ ਹਮਲੇ ਅਤੇ ਹਿੰਦੂਤਵੀ ਸਾਜਿਸ਼ ਦਾ ਡੱਟ ਕੇ ਵਿਰੋਧ ਕੀਤਾ ਹੈ। ਕੌਮਾਂਤਰੀ ਪ੍ਰੈੱਸ ਵੀ ਤਿੱਖੀ ਆਲੋਚਨਾ ਕਰ ਰਹੀ ਹੈ। ਸੰਯੁਕਤ ਰਾਸ਼ਟਰ, ਐਮਨੈਸਟੀ ਇੰਟਰਨੈਸ਼ਨਲ ਸਮੇਤ ਮਨੁੱਖੀ ਹੱਕਾਂ ਨਾਲ ਵਾਬਸਤਾ ਕਈ ਸੰਸਥਾਵਾਂ ਨੇ ਉਪਰੋਕਤ ਐਕਟ ਦੀ ਨਿਖੇਧੀ ਕੀਤੀ ਹੈ, ਕੁਛ ਅਮਰੀਕੀ ਕਾਨੂੰਨਸਾਜ਼ਾਂ ਨੇ ਤਾਂ ਮੋਦੀ ਸਰਕਾਰ ਵਿਰੁੱਧ ਪਾਬੰਦੀਆਂ ਲਗਾਏ ਜਾਣ ਦੀ ਮੰਗ ਵੀ ਕੀਤੀ ਹੈ। ਭਾਰਤ ਵਿਚ ਜਾਗਦੀ ਜ਼ਮੀਰ ਵਾਲੇ ਫਿਲਮੀ ਸਿਤਾਰਿਆਂ ਅਤੇ ਹੋਰ ਬੁੱਧੀਜੀਵੀਆਂ, ਚਿੰਤਕਾਂ ਅਤੇ ਸਮਾਜਿਕ ਕਾਰਕੁੰਨਾਂ ਨੇ ਆਪਣਾ ਇਤਿਹਾਸਕ ਫਰਜ਼ ਪਛਾਣਦੇ ਹੋਏ ਵੱਡੀ ਤਾਦਾਦ ਵਿਚ ਸੱਚ ਨਾਲ ਖੜ੍ਹਣ ਦਾ ਹੌਸਲਾ ਦਿਖਾਇਆ ਹੈ। ਇਹਨਾਂ ਵਿਚ ਕੁਛ ਚਿਹਰੇ ਉਹ ਵੀ ਹਨ ਜੋ ਮੋਦੀ ਸਰਕਾਰ ਦੇ ਹਮਾਇਤੀ ਰਹੇ ਹਨ। ਹਾਲੀਆ ਹਮਲਿਆਂ ਨੇ ਸੰਘ ਦਾ ਅਸਲ ਚਿਹਰਾ ਉਹਨਾਂ ਨੂੰ ਵੀ ਸਪਸ਼ਟ ਦਿਖਾ ਦਿੱਤਾ ਹੈ ਜਿਹਨਾਂ ਨੂੰ ਭਗਵੇਂ ਕੈਂਪ ਬਾਰੇ ਭਰਮ-ਭੁਲੇਖੇ ਸਨ। ਭਾਜਪਾ ਦੇ ਭਾਈਵਾਲਾਂ ਅੰਦਰ ਵੀ ਅਸਹਿਮਤੀ ਦੇ ਸੁਰ ਉੱਠਣੇ ਸ਼ੁਰੂ ਹੋ ਗਏ ਹਨ। ਅਕਾਲੀ ਦਲ (ਬਾਦਲ) ਵਰਗੇ ਆਰ.ਐੱਸ.ਐੱਸ. ਦੇ ਪੱਕੇ ਜੋਟੀਦਾਰ ਵੀ ਹਵਾ ਦਾ ਰੁਖ਼ ਦੇਖ ਕੇ ਮੁਸਲਮਾਨਾਂ ਨੂੰ ਨਾਗਰਿਕਤਾ ਤੋਂ ਵਾਂਝੇ ਕੀਤੇ ਜਾਣ ਵਿਰੁੱਧ ਬਿਆਨ ਦੇ ਰਹੇ ਹਨ। ਇਹ ਵੱਖਰਾ ਸਵਾਲ ਹੈ ਕਿ ਇਹਨਾਂ ਭਗਵੇਂ ਜੋਟੀਦਾਰਾਂ ਦੀ ਬਿਆਨਬਾਜ਼ੀ ਉੱਪਰ ਭਰੋਸਾ ਨਹੀਂ ਕੀਤਾ ਜਾ ਸਕਦਾ।

ਇਹ ਗ਼ੌਰਤਲਬ ਹੈ ਕਿ ਇਨਸਾਫ਼ਪਸੰਦਾਂ ਦੀ ਇਕਜੁੱਟਤਾ ਤਿੱਖੀ ਫਿਰਕੂ ਪਾਲਾਬੰਦੀ ਦੇ ਸੰਘ ਦੇ ਖ਼ਵਾਬਾਂ ਦੇ ਉਲਟ ਹੈ। ਨਾਗਪੁਰੀ ਹਾਈਕਮਾਨ ਸ਼ਾਇਦ ਇਹਨਾਂ ਸੈਨਤਾਂ ਨੂੰ ਸਮਝਣ ਵਿਚ ਟਪਲਾ ਖਾ ਗਈ ਕਿ ਜੁਮਲੇਬਾਜ਼ੀ ਦੇ ਜਾਦੂ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਉਹਨਾਂ ਨੂੰ ਸ਼ਾਇਦ ਉਮੀਦ ਨਹੀਂ ਸੀ ਕਿ ਹਿੰਦੂਤਵ ਤੋਂ ਖ਼ੌਫ਼ਜ਼ਦਾ ਹੋ ਕੇ ਆਪਣੀ ਸੁਰੱਖਿਆ ਲਈ ਫ਼ਿਕਰਮੰਦ ਮੁਸਲਮਾਨ, ਜਿਹਨਾਂ ਦੀ ਭਾਰਤ ਵਿਚ ਗਿਣਤੀ 20 ਕਰੋੜ ਹੈ ਅਤੇ ਜੋ ਬਾਬਰੀ ਮਸਜਿਦ ਫ਼ੈਸਲੇ ਦੇ ਵਕਤ ਜ਼ਿਆਦਾਤਰ ਖ਼ਾਮੋਸ਼ ਰਹੇ, ਇੰਞ ਸੜਕਾਂ ਉੱਪਰ ਨਿਕਲ ਆਉਣਗੇ। ਸੰਘੀਆਂ ਨੂੰ ਸ਼ਾਇਦ ਇਹ ਵੀ ਉਮੀਦ ਨਹੀਂ ਸੀ ਕਿ ਹੋਰ ਘੱਟਗਿਣਤੀਆਂ, ਦਲਿਤ ਤੇ ਨਿਆਂਪਸੰਦ ਵੀ ਧਰਮਾਂ, ਜਾਤਾਂ, ਰਾਜਨੀਤਕ ਵਖਰੇਵਿਆਂ ਆਦਿ ਤੋਂ ਉੱਪਰ ਉੱਠ ਕੇ ਫਾਸ਼ੀਵਾਦੀ ਤਰਜ਼ ਦੇ ਕਾਨੂੰਨ ਵਿਰੁੱਧ ਮਜ਼ਲੂਮ ਮੁਸਲਮਾਨਾਂ ਨਾਲ ਇਸ ਕਦਰ

ਇਕਜੁੱਟ ਹੋ ਜਾਣਗੇ। ਹਾਲੀਆ ਵਿਰੋਧ ਦਾ ਇਕ ਨਿਆਰਾ ਲੱਛਣ ਸਿਵਲ ਸੁਸਾਇਟੀ ਦੀ ਮੋਹਰੀ ਭੂਮਿਕਾ ਹੈ, ਪਾਰਲੀਮੈਂਟਰੀ ਵਿਰੋਧੀ-ਧਿਰ ਦੋਇਮ ਭੂਮਿਕਾ ਵਿਚ ਇਸ ਦੇ ਪਿੱਛੇ-ਪਿੱਛੇ ਪੈਰ ਮਲ਼ਦੀ ਦੇਖੀ ਜਾ ਸਕਦੀ ਹੈ। ਇਹੀ ਹਿੰਦੂਤਵੀ ਕੈਂਪ ਦੀ ਪ੍ਰੇਸ਼ਾਨੀ ਦੀ ਮੁੱਖ ਵਜ੍ਹਾ ਹੈ ਕਿਉਂਕਿ ਪਾਰਲੀਮੈਂਟਰੀ ਵਿਰੋਧੀ-ਧਿਰ ਦਾ ਜੱਕੋਤੱਕੀ ਵਾਲਾ ਵਿਰੋਧ ਹਿੰਦੂਤਵੀ ਕੈਂਪ ਲਈ ਬਹੁਤਾ ਗੰਭੀਰ ਨਹੀਂ ਜਿਸ ਦੇ ਜ਼ਿਆਦਾਤਰ ਹਿੱਸੇ ਨੂੰ ਸੱਤਾ ਵਿਚ ਹਿੱਸੇਦਾਰੀ ਅਤੇ ਪੈਸੇ ਦੇ ਲਾਲਚ ਨਾਲ ਸੌਖਿਆਂ ਹੀ 'ਮੈਨੇਜ' ਕੀਤਾ ਜਾ ਸਕਦਾ ਹੈ।

ਵਿਆਪਕ ਰੋਸ ਮੁਜ਼ਾਹਰਿਆਂ ਅਤੇ ਦੁਨੀਆ ਭਰ ਵਿਚ ਵਧ ਰਹੇ ਵਿਰੋਧ ਤੋਂ ਫ਼ਿਕਰਮੰਦ ਹਿੰਦੂਤਵ ਬਰਗੇਡ ਝੂਠ ਦਾ ਸਹਾਰਾ ਲੈ ਰਿਹਾ ਹੈ। ਆਰ.ਐੱਸ.ਐੱਸ. ਨੇ ਵੀ ਆਪਣਾ ਸਮੁੱਚਾ ਤੰਤਰ ਨਾਗਰਿਕਤਾ ਸੋਧ ਐਕਟ ਨੂੰ ਸਹੀ ਠਹਿਰਾਉਣ ਅਤੇ ਘਰ-ਘਰ ਜਾ ਕੇ ਇਸ ਦੀ ਵਿਆਖਿਆ ਕਰਨ ਉੱਪਰ ਲਗਾ ਦਿੱਤਾ ਹੈ। ਉਹਨਾਂ ਦਾ ਹਿਟਲਰੀ ਤਰੀਕਿਆਂ ਨਾਲ ਅਵਾਮ ਦੀ ਜ਼ੁਬਾਨਬੰਦੀ ਦਾ ਫਾਸ਼ੀਵਾਦੀ ਭਰੋਸਾ ਇਕ ਵਾਰ ਤਾਂ ਹਿੱਲ ਗਿਆ ਜਾਪਦਾ ਹੈ। ਜਾਗੇ ਅਵਾਮ ਦੀ ਤਾਕਤ ਅੱਗੇ ਬ੍ਰਾਹਮਣਵਾਦੀ ਚਾਣਕੀਆ ਚਲਾਕੀ ਬੇਵੱਸ ਮਹਿਸੂਸ ਕਰ ਰਹੀ ਹੈ। 'ਘੁਸਪੈਠੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਣ' ਦੇ ਘੁਮੰਡੀ ਬਿਆਨ ਦੇਣ ਵਾਲਾ ਗ੍ਰਹਿ ਮੰਤਰੀ ਅਤੇ ਹੋਰ ਮੁੱਖ ਭਾਜਪਾ ਆਗੂ ਹੁਣ ਵਾਰ-ਵਾਰ ਸਫ਼ਾਈਆਂ ਦੇ ਰਹੇ ਹਨ ਕਿ ਨਾਗਰਿਕਤਾ ਸੋਧ ਐਕਟ ਦਾ ਐੱਨ.ਆਰ.ਸੀ. (ਨੈਸ਼ਨਲ ਰਜਿਸਟਰ ਆਫ ਸਿਟੀਜ਼ਨ) ਜਾਂ ਐੱਨ.ਪੀ.ਆਰ. (ਨੈਸ਼ਨਲ ਪਾਪੂਲੇਸ਼ਨ ਰਜਿਸਟਰ) ਦਾ ਐੱਨ.ਆਰ.ਸੀ. ਨਾਲ ਕੋਈ ਸੰਬੰਧ ਨਹੀਂ ਹੈ ਅਤੇ ਮੁਸਲਮਾਨਾਂ ਨੂੰ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ ਹੈ। ਪ੍ਰਧਾਨ ਮੰਤਰੀ ਅਤੇ ਉਸ ਦੇ ਹੋਰ ਵਜ਼ੀਰ ਹਿਟਲਰ-ਗੋਇਬਲਜ਼ ਦੀ ਤਰ੍ਹਾਂ ਸ਼ਰੇਆਮ ਝੂਠ ਬੋਲ ਕੇ ਦੇਸ਼-ਦੁਨੀਆ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਤਾਂ ਜੁ ਉਹ ਬਣਾਏ ਜਾ ਰਹੇ ਨਜ਼ਰਬੰਦੀ ਕੈਂਪਾਂ ਦੇ ਭਿਆਨਕ ਖ਼ਤਰੇ ਤੋਂ ਅਵੇਸਲੇ ਹੋ ਜਾਣ। ਇਸ ਦੌਰਾਨ ਕੇਂਦਰੀ ਕੈਬਨਿਟ ਵੱਲੋਂ ਐੱਨ.ਪੀ.ਆਰ. ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਜਿਸ ਨੂੰ ਅਪ੍ਰੈਲ 2020 ਤੋਂ ਸ਼ੁਰੂ ਕੀਤਾ ਜਾਵੇਗਾ। ਕਹਿਣ ਨੂੰ ਇਹ ਮਰਦਮਸ਼ੁਮਾਰੀ ਹੈ ਲੇਕਿਨ ਰਾਜਨੀਤਕ ਵਿਸ਼ਲੇਸ਼ਕ ਅਤੇ ਹੋਰ ਜਾਗਰੂਕ ਲੋਕ ਜਾਣਦੇ ਹਨ ਕਿ ਇਹ ਅਸਾਮ ਦੀ ਤਰਜ਼ 'ਤੇ ਭਾਰਤ ਪੱਧਰ ਦੇ ਕੌਮੀ ਰਜਿਸਟਰ ਦਾ ਪਹਿਲਾ ਕਦਮ ਹੈ। ਆਰ.ਐੱਸ.ਐੱਸ.-ਭਾਜਪਾ ਦੇ ਖ਼ਤਰਨਾਕ ਇਰਾਦੇ ਦਿਨੋ-ਦਿਨ ਸਪਸ਼ਟ ਹੋ ਰਹੇ ਹਨ।

ਮੋਦੀ ਸਰਕਾਰ ਨਜ਼ਰਬੰਦੀ ਕੈਂਪਾਂ ਤੋਂ ਮੁੱਕਰ ਰਹੀ ਹੈ। ਜਦਕਿ ਅਸਾਮ ਵਿਚ ਨਜ਼ਰਬੰਦੀ ਕੈਂਪਾਂ ਵਿਚ ਬੰਦ ਲੋਕਾਂ ਦੀ ਖ਼ੌਫ਼ਨਾਕ ਹਾਲਤ ਦੇ ਖ਼ੁਲਾਸਿਆਂ ਤੋਂ ਜਾਗਰੂਕ ਹਿੱਸੇ ਭਲੀਭਾਂਤ ਜਾਣੂੰ ਹਨ। 27 ਨਵੰਬਰ 2019 ਨੂੰ ਮੋਦੀ ਸਰਕਾਰ ਵੱਲੋਂ ਰਾਜ ਸਭਾ ਵਿਚ ਬਾਕਾਇਦਾ ਲਿਖਤੀ ਜਾਣਕਾਰੀ ਦਿੱਤੀ ਗਈ ਸੀ ਕਿ ਅਸਾਮ ਵਿਚ ਇਸ ਵਕਤ ਨਜ਼ਰਬੰਦੀ ਕੈਂਪਾਂ ਵਿਚ 988 'ਬਦੇਸ਼ੀ' ਕੈਦ ਹਨ ਅਤੇ ਕੈਂਪਾਂ ਵਿਚ ਅਣਮਨੁੱਖੀ ਹਾਲਾਤਾਂ ਕਾਰਨ 28 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਐੱਨ.ਸੀ.ਆਰ. ਲਾਗੂ ਕੀਤੇ ਜਾਣ ਦੇ ਨਤੀਜੇ ਵਜੋਂ ਹੁਣ ਤਕ ਅਸਾਮ ਵਿਚ ਸੌ ਤੋਂ ਉੱਪਰ ਲੋਕਾਂ ਦੀ ਜਾਨ ਜਾ ਚੁੱਕੀ ਹੈ। ਖ਼ੁਦਕੁਸ਼ੀਆਂ ਅਤੇ ਤਣਾਓ ਇਸ ਦਾ ਮੁੱਖ ਕਾਰਨ ਹਨ। ਹਾਲ ਹੀ ਵਿਚ ਮਨੁੱਖੀ ਹੱਕਾਂ ਦੀਆਂ ਦੋ ਦਰਜਨ ਜਥੇਬੰਦੀਆਂ ਦੇ ਤਾਲਮੇਲ ਕੇਂਦਰ, ਸੀ.ਡੀ.ਆਰ.ਓ., ਨੇ ਅਸਾਮ ਦਾ ਦੌਰਾ ਕਰਕੇ ਆਪਣੀ ਤੱਥ ਖੋਜ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਅਨੁਸਾਰ ਇਸ ਵਕਤ ਅਸਾਮ ਵਿਚ ਛੇ ਨਜ਼ਰਬੰਦੀ ਕੈਂਪ ਚੱਲ ਰਹੇ ਹਨ ਅਤੇ ਗੋਆਲਪਾੜਾ ਜ਼ਿਲ੍ਹੇ ਦੇ ਪਿੰਡ ਮਟੀਆ ਵਿਚ 46 ਕਰੋੜ ਰੁਪਏ ਦੀ ਲਾਗਤ ਨਾਲ ਇਕ ਹੋਰ ਕੈਂਪ ਬਣਾਇਆ ਜਾ ਰਿਹਾ ਹੈ ਜੋ ਏਸ਼ੀਆ ਦਾ ਸਭ ਤੋਂ ਵੱਡਾ ਨਜ਼ਰਬੰਦੀ ਕੇਂਦਰ ਹੋਵੇਗਾ। ਆਈ.ਜੀ. (ਜੇਲ੍ਹ) ਬੀਬੀ ਬਰਨਾਲੀ ਸ਼ਰਮਾ ਦੇ ਹਵਾਲੇ ਨਾਲ ਸੀ.ਡੀ.ਆਰ.ਓ. ਦੀ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਅਸਾਮ ਦੇ ਨਜ਼ਰਬੰਦੀ ਕੈਂਪਾਂ ਵਿਚ 1145 ਵਿਅਕਤੀ ਬੰਦ ਹਨ ਜਿਹਨਾਂ ਵਿੱਚੋਂ 1005 ਨੂੰ ਬਦੇਸ਼ੀ ਐਲਾਨਿਆ ਜਾ ਚੁੱਕਾ ਹੈ।

ਹੁਣ ਨਰਿੰਦਰ ਮੋਦੀ ਇੱਥੋਂ ਤਕ ਝੂਠ ਬੋਲ ਰਿਹਾ ਹੈ ਕਿ ਉਸ ਦੀ ਸਰਕਾਰ ਨੇ ਤਾਂ ਕਦੇ ਨਜ਼ਰਬੰਦੀ ਕੈਂਪ ਬਣਾਉਣ ਬਾਰੇ ਕੋਈ ਚਰਚਾ ਹੀ ਨਹੀਂ ਕੀਤੀ। ਜਦਕਿ 2019 ਦੀ ਚੋਣ ਮੁਹਿੰਮ ਦੌਰਾਨ ਮੋਦੀ-ਅਮਿਤ ਸ਼ਾਹ ਵੱਲੋਂ ਪੂਰੇ ਮੁਲਕ ਵਿਚ ਐੱਨ.ਸੀ.ਆਰ. ਲਾਗੂ ਕਰਨ ਅਤੇ 'ਘੁਸਪੈਠੀਆਂ ਨੂੰ ਮੁਲਕ ਨੂੰ ਚਿੰਬੜੀ 'ਸਿਉਂਕ' ਕਰਾਰ ਦੇ ਕੇ ਉਹਨਾਂ ਨੂੰ ਚੁਣ-ਚੁਣ ਕੇ ਬਾਹਰ ਕੱਢਣ ਦੇ ਬਿਆਨ ਦਿੱਤੇ ਗਏ। ਇਸ ਦੀਆਂ ਬਾਕਾਇਦਾ ਵੀਡੀਓ ਰਿਕਾਰਡਿੰਗ ਮੌਜੂਦ ਹਨ। ਸਰਕਾਰ ਵੱਲੋਂ ਸਾਰੇ ਸੂਬਿਆਂ ਨੂੰ ਨਜ਼ਰਬੰਦੀ ਕੈਂਪ ਦਾ ਬਾਕਾਇਦਾ ਮੈਨੂਅਲ ਭੇਜਿਆ ਗਿਆ। ਸਾਰੇ ਸੂਬਿਆਂ ਨੂੰ ਤਰਜ਼ੀਹੀ ਅਧਾਰ 'ਤੇ 'ਘੁਸਪੈਠੀਆਂ' ਦੀਆਂ ਸੂਚੀਆਂ ਤਿਆਰ ਕਰਨ ਲਈ ਕਿਹਾ ਗਿਆ। ਵੱਖ-ਵੱਖ ਰਾਜ ਸਰਕਾਰਾਂ ਬਿਆਨ ਦੇ ਰਹੀਆਂ ਹਨ ਕਿ ਕਿੱਥੇ ਕਿੱਥੇ ਨਜ਼ਰਬੰਦੀ ਕੈਂਪ ਬਣਾਏ ਜਾ ਰਹੇ ਹਨ ਜਿੱਥੇ ਗ਼ੈਰਕਾਨੂੰਨੀ ਕਰਾਰ ਦਿੱਤੇ ਲੋਕਾਂ ਨੂੰ ਗ਼ੈਰਨਾਗਰਿਕ ਹੈਸੀਅਤ ਵਿਚ ਬੰਦ ਰੱਖਿਆ ਜਾਵੇਗਾ। ਮੋਦੀ ਵਜ਼ਾਰਤ ਝੂਠੇ ਬਿਆਨ ਦੇ ਕੇ ਇਸ ਸਾਜ਼ਿਸ਼ ਨੂੰ ਛੁਪਾਉਣਾ ਚਾਹੁੰਦੀ ਹੈ।

ਨਾਗਰਿਕਤਾ ਦਾ ਮਾਮਲਾ ਜਿਸ ਕਦਰ ਗੰਭੀਰ ਹੈ ਅਤੇ ਮੁਲਕ ਵਿਚ ਜਿੰਨਾ ਵਿਆਪਕ ਪੈਮਾਨੇ 'ਤੇ ਵਿਰੋਧ ਹੋ ਰਿਹਾ ਹੈ, ਉਸ ਨੂੰ ਖ਼ੋਰਾ ਲਾਉਣ ਲਈ ਹਿੰਦੂਤਵ ਆਗੂ ਝੂਠ ਬੋਲਣ ਦੇ ਨਾਲ-ਨਾਲ ਦੋ ਹੋਰ ਤਰੀਕਿਆਂ ਨਾਲ ਅਵਾਮ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਕ, ਮੁਸਲਮਾਨਾਂ ਅਤੇ ਸੜਕਾਂ 'ਤੇ ਉੱਤਰੇ ਹੋਰ ਹਿੱਸਿਆਂ ਵਿਰੁੱਧ ਅਫ਼ਵਾਹਾਂ ਫੈਲਾ ਕੇ ਅਤੇ ਹਿੰਦੂ ਰਾਸ਼ਟਰਵਾਦ ਦੇ ਡੰਗੇ ਹਜੂਮਾਂ ਦੇ ਸਮਾਂਤਰ 'ਮੁਜ਼ਾਹਰਿਆਂ' ਰਾਹੀਂ ਫ਼ਸਾਦ ਕਰਵਾਕੇ। ਦੂਜਾ, ਪਾਕਿਸਤਾਨ ਵਿਰੁੱਧ ਜੰਗਬਾਜ਼ ਬਿਆਨਬਾਜ਼ੀ ਨਾਲ ਜੰਗੀ ਜਨੂੰਨ ਦਾ ਮਾਹੌਲ ਬਣਾ ਕੇ ਦੇਸ਼-ਦੁਨੀਆ ਦਾ ਧਿਆਨ ਮੁਲਕ ਅੰਦਰਲੇ ਵਿਰੋਧ ਤੋਂ ਭਟਕਾ ਕੇ। ਫ਼ੌਜ ਦੇ ਮੁਖੀ ਸ੍ਰੀ ਬਿਪਨ ਰਾਵਤ ਦਾ, ਜੋ ਕਿ ਅਕਸਰ ਹੀ ਆਪਣੀ ਸਿਆਸੀ ਬਿਆਨਬਾਜ਼ੀ ਨਾਲ ਵਿਵਾਦਾਂ ਵਿਚ ਘਿਰੇ ਰਹਿੰਦੇ ਹਨ, ਲਾਈਨ ਆਫ਼ ਕੰਟਰੋਲ ਉੱਪਰਲੇ ਹਾਲਾਤ ਕਦੇ ਵੀ ਵਿਗੜਣ ਦਾ ਹਾਲੀਆ ਬਿਆਨ ਅਤੇ ਮੁੱਖ ਖ਼ੁਫ਼ੀਆ ਏਜੰਸੀ ਵੱਲੋਂ ਰੋਸ ਮੁਜ਼ਾਹਰਿਆਂ ਵਿਚ ਇਸਲਾਮੀ ਦਹਿਸ਼ਤੀ ਗੁੱਟਾਂ ਦੀ ਕਥਿਤ ਘੁਸਪੈਠ ਦੇ 'ਚੌਕਸੀ-ਬਿਆਨ' ਇਸ ਪਾਸੇ ਇਸ਼ਾਰਾ ਕਰਦੇ ਹਨ।

ਸੱਤਾ ਦੇ ਹਮਲਿਆਂ ਦਾ ਟਾਕਰਾ ਕਰ ਰਹੇ ਭਾਰਤ ਦੇ ਅਵਾਮ ਨੂੰ ਇਸ ਖ਼ਤਰਨਾਕ ਸਾਜ਼ਿਸ਼ ਤੋਂ ਬਹੁਤ ਹੀ ਚੁਕੰਨੇ ਰਹਿ ਕੇ ਵਿਰੋਧ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿਚ ਆਰ.ਐੱਸ.ਐੱਸ.-ਭਾਜਪਾ ਦਾ ਇਹ ਫਾਸ਼ੀਵਾਦੀ ਹਮਲਾ ਹੋਰ ਵੀ ਤਿੱਖਾ ਹੋਵੇਗਾ। ਲੇਕਿਨ ਜੇ.ਐੱਨ.ਯੂ. ਤੋਂ ਬਾਦ ਜਾਮੀਆ ਮਿਲੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੈਂਪਸਾਂ ਦੀ ਵਿਸ਼ਾਲ ਲਾਮਬੰਦੀ ਅਤੇ ਸੜਕਾਂ ਉੱਪਰ ਅਵਾਮ ਦੇ ਵਿਸ਼ਾਲ ਸਮੁੰਦਰ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਅਵਾਮੀ ਇਕਜੁੱਟਤਾ ਨਾਲ ਹਿੰਦੂ ਰਾਸ਼ਟਰ ਦੇ ਰੱਥ ਨੂੰ ਪਿੱਛੇ ਧੱਕਿਆ ਜਾ ਸਕਦਾ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ



ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ (ਸੱਤ ਅਤੇ ਨੌਂ ਸਾਲ) ਬਾਰੇ ਸਾਨੂੰ ਬੱਸ ਪੁਆਇੰਟ ਤੋਂ ਪੁਆਇੰਟ ਹੀ ਪਤਾ ਹੈ ਕੇ ਓਹਨਾਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ ਪਰ ਕੀ ਕਿਸੇ ਨੂੰ ਪਤਾ ਹੈ ਹੈ ਕੇ ਓਸ ਤੋਂ ਪਹਿਲਾਂ ਓਹਨਾਂ ਨਾਲ ਕੀ ਬੀਤੀ ਓਹਨਾਂ ਨੂੰ ਡਰਾਉਣ ਲਈ ਤੇ ਇਸਲਾਮ ਕਬੂਲ ਕਰਨ ਲਈ ਕਿੰਨੇ ਤਸੀਹੇ ਦਿੱਤੇ ਗਏ....ਓਹਨਾਂ ਨਾਲ ਸ਼ਹਾਦਤ ਤੋਂ ਪਹਿਲਾਂ ਕੀ ਕੀ ਵਾਪਰਿਆ ....?

1) ਮਾਤਾ ਗੁਜਰੀ ਜੀ ਦੇ ਨਾਲ ਵਿਛੜੇ ਸਿੱਖ ਭਾਈ ਦੋਨਾ ਸਿੰਘ ਹੰਡੂਰੀਆ ਦੀ ਬ੍ਰਿਜ ਭਾਸ਼ਾ ਵਿਚ ਲਿਖੀ ਕਿਤਾਬ "ਕਥਾ ਗੁਰੂ ਸੁਤਨ ਜੀ ਕੀ" ਅਨੁਸਾਰ ਛੋਟੇ ਸਾਹਿਜਾਦਿਆਂ ਨੂੰ ਹੱਥ ਘੜੀਆਂ ਲਗਾ ਕੇ ਤੋਰ ਕੇ ਮੋਰਿੰਡੇ ਲਿਆਂਦਾ ਗਿਆ।

2) 9 ਪੋਹ ਦੀ ਰਾਤ ਨੂੰ ਮਾਤਾ ਜੀ ਅਤੇ ਛੋਟੇ ਸਹਿਬਜ਼ਾਦਿਆਂ ਨੂੰ ਮੋਰਿੰਡਾ ਵਿਖੇ ਕਾਲ ਕੋਠੜੀ ਚ ਭੁੱਖੇ ਰੱਖਿਆ ਗਿਆ ਅਤੇ ਕੋਈ ਵੀ ਕੱਪੜਾ ਨਹੀਂ ਦਿੱਤਾ ਗਿਆ ਠੰਡ ਵਿੱਚ ਸਾਰੀ ਰਾਤ ਓਸ ਕਾਲ ਕੋਠੜੀ ਵਿੱਚ ਕੱਟੀ ਠੰਡੀ ਜ਼ਮੀਨ ਉੱਪਰ

3) 10 ਪੋਹ ਨੂੰ ਸਰਹੰਦ ਲਿਆਂਦਾ ਗਿਆ ਜਿਥੇ ਵਜੀਰ ਖਾਨ ਗੁਰੂ ਜੀ ਨੂੰ ਏਨੇ ਲੰਬਾ ਸਮਾਂ ਘੇਰਾ ਪਾ ਕੇ ਵੀ ਨਾ ਫੜ ਸਕਣ ਕਾਰਨ ਮਾਯੂਸ ਪਰਤਿਆ ਸੀ ਤੇ ਜਦੋਂ ਓਸ ਨੂੰ ਮਾਤਾ ਜੀ ਅਤੇ ਛੋਟੇ ਸਾਹਿਜਾਦਿਆਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਓਸ ਨੇ ਸੋਚਿਆ ਕਿ ਮਾਂ ਤੇ ਪੁੱਤਰਾ ਦਾ ਮੋਹ ਓਸ ਨੂੰ ਮੇਰੇ ਕੋਲ ਖਿੱਚ ਲਿਆਵੇਗਾ ਤੇ ਮੇਰੇ ਅੱਗੇ ਝੁਕਣ ਲਈ ਮਜਬੂਰ ਹੋ ਜਾਵੇਗਾ

4) ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ.. ਓਸ ਸਮੇਂ ਠੰਡੇ ਬੁਰਜ ਦੇ ਥੱਲਿਓ ਪਾਣੀ ਵਗਦਾ ਸੀ ਜਿਸ ਨਾਲ ਹਵਾ ਟਕਰਾਅ ਕੇ ਉੱਪਰ ਵੱਲ ਆਉਂਦੀ ਸੀ ਤਾਂ ਅੱਤ ਦੀ ਗਰਮੀ ਵਿਚ ਵੀ ਕੰਬਣੀ ਛੇੜ ਦਿੰਦੀ ਸੀ ਅੱਤ ਦੀ ਸਰਦੀ ਵਿੱਚ ਕੀ ਹਾਲ ਹੁੰਦਾ ਹੋਵੇਗਾ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ (ਇਹ ਬੁਰਜ ਹੁਣ ਢਾਹ ਕੇ ਨਵਾਂ ਬਣਾ ਦਿੱਤਾ ਗਿਆ ਹੈ ਪੰਥ ਦੋਖੀਆਂ ਵਲੋਂ)

5) ਮਾਤਾ ਜੀ ਤੇ ਬੱਚੇ ਠੰਡੇ ਫਰਸ਼ ਉੱਪਰ ਬੈਠ ਗਏ ਤੇ ਮਾਤਾ ਜੀ ਕੋਲ ਸਿਰਫ ਬੱਚਿਆ ਦੇ ਥੋਡੇ ਜਿਹੇ ਕੱਪੜੇ ਸਨ। ਓਸ ਰਾਤ ਵੀ ਓਹਨਾ ਨੂੰ ਖਾਣ ਲਈ ਕੁਝ ਨਾ ਦਿੱਤਾ ਗਿਆ।

6) ਦੋ ਦਿਨਾਂ ਬਾਅਦ ਓਹਨਾਂ ਨੂੰ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਡਾ. ਗੰਡਾ ਸਿੰਘ ਜੀ ਅਨੁਸਾਰ ਸਾਹਿਬਜ਼ਾਦਿਆਂ ਦੀਆਂ ਨੱਕ ਦੀਆਂ ਟੋਡਰੀਆ ਲਾਲ ਹੋ ਗਈਆਂ ਸਨ ਬੁੱਲ ਨੀਲੇ ਤੇ ਹੱਥ ਠੰਡ ਨਾਲ ਬੇਹਾਲ ਹੋਏ ਪਏ ਸਨ

7) ਸਾਹਿਬਜ਼ਾਦੇ ਜਦੋਂ ਨਾ ਮੰਨੇ ਤਾਂ ਇਹਨਾ ਨੂੰ ਤਸੀਹੇ ਦਿੱਤੇ ਗਏ

੧) ਇੱਕ ਖਮਚੀ (ਤੂਤ ਦੀ ਪਤਲੀ ਛਟੀ) ਲੈ ਕੇ ਸਾਹਿਬਜ਼ਿਆਂ ਨੂੰ ਕੁੱਟਿਆ ਗਿਆ ਤਾਂ ਜੋ ਸੱਟ ਲੱਗਣ ਤੇ ਡਰ ਕੇ ਇਸਲਾਮ ਕਬੂਲ ਲੈਣਗੇ। ਇਸ ਨਾਲ ਓਹਨਾਂ ਦਾ ਮਾਸ ਉੱਭਰ ਗਿਆ ਤੇ ਕੋਮਲ ਸਰੀਰ ਉੱਪਰ ਨਿਸ਼ਾਨ ਪੈ ਗਏ। ਇਸ ਸਜ਼ਾ ਤੋਂ ਬਾਅਦ ਓਹਨਾਂ ਨੂੰ ਵਾਪਸ ਮਾਤਾ ਜੀ ਕੋਲ ਭੇਜ ਦਿੱਤਾ ਗਿਆ।

੨) ਅਗਲੇ ਦਿਨ ਦੋਨਾ ਸਾਹਿਬਜ਼ਾਦਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਗੁਲੇਲੇ ਮਾਰੇ ਗਏ (ਵਿਚੋਂ ਕਥਾ ਗੁਰੂ ਸੁਤਨ ਜੀ ਕੀ)

੩) ਸਾਹਿਬਜ਼ਾਦਿਆਂ ਦੀਆ ਉਂਗਲਾਂ ਵਿਚ ਪੁਲੀਤੇ ਰੱਖ ਕੇ ਅੱਗ ਲਗਾਈ ਗਈ ਕੇ ਚਮੜੀ ਸੜਨ ਨਾਲ ਸਾਹਿਬਜ਼ਾਦੇ ਡੋਲ ਜਾਣ (ਡਾਕਟਰ ਗੰਡਾ ਸਿੰਘ ਜੀ ਅਨੁਸਾਰ)

8) ਅਖੀਰ 12 ਪੋਹ ਨੂੰ ਜਦੋਂ ਆਖਰੀ ਕਚਹਿਰੀ ਲੱਗੀ ਜਦੋਂ ਕਾਜ਼ੀ ਨੂੰ ਫਤਵਾ ਦੇਣ ਲਈ ਕਿਹਾ ਤਾਂ ਸਾਹਿਬਜ਼ਾਦਿਆਂ ਦਾ ਕਸੂਰ ਕੋਈ ਨਾ ਮਿਲਿਆ ਇਸ ਵਕਤ ਇੱਕ ਵਾਰ ਫੇਰ ਸੁੱਚਾ ਨੰਦ ਨੇ ਰੋਲ ਨਿਭਾਇਆ ਤੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਤੁਸੀਂ ਕੀ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਪਿਤਾ ਗੁਰੂ ਗੋਬਿੰਦ ਸਿੰਘ ਕੋਲ ਜਾਵਾਂਗੇ ਤੇ ਸਿੰਘ ਇਕੱਠੇ ਕਰਾਂਗੇ ਤੇ ਇਸ ਸੂਬਾ ਸਰਹਿੰਦ ਦਾ ਸਿਰ ਲਵਾਂਗੇ।

ਸੁੱਚਾ ਨੰਦ ਨੇ ਕਿਹਾ ਹੈ ਫੇਰ ਫੜੇ ਗਏ ਫਿਰ ਕੀ ਕਰੋਂਗੇ? ਓਹਨਾਂ ਫੇਰ ਕਿਹਾ ਏਸ ਸੂਬੇ ਦਾ ਸਿਰ ਲਹਾਂਗੇ? ਸੁੱਚਾ ਨੰਦ ਨੇ ਕਿਹਾ ਜੇ ਫੇਰ ਫੜੇ ਗਏ?

ਤਾਂ ਅਖੀਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ ਕਿ ਐ ਸੁੱਚਾ ਨੰਦ ਜਿੰਨਾ ਚਿਰ ਇਸ ਰਾਜ ਦੀ ਜੜ੍ਹ ਨਹੀਂ ਪੱਟੀ ਜਾਂਦੀ ਤੇ ਅਸੀਂ ਸਹੀਦ ਨਹੀਂ ਹੋ ਜਾਂਦੇ ਅਸੀਂ ਲੜਦੇ ਰਹਾਂਗੇ ਚਾਰੇ ਪਾਸਿਓਂ ਆਵਾਜ਼ ਆਈ "ਬਾਗੀ ....ਬਾਗੀ.... ਹਕੂਮਤ ਦੇ ਬਾਗੀ"...ਕਾਜ਼ੀ ਨੇ ਕਿਹਾ ਕਿ ਇਹਨਾਂ ਹਕੂਮਤ ਦੇ ਬਾਗੀਆਂ ਨੂੰ ਨੀਂਹਾਂ ਵਿੱਚ ਚਿਣ ਦਿੱਤਾ ਜਾਏ....

ਫੈਸਲਾ ਸੁਣਾ ਦਿੱਤਾ ਗਿਆ ਤੇ ਮਾਤਾ ਜੀ ਨੂੰ ਜਾ ਸਾਰੀ ਗੱਲ ਦੱਸੀ ਕਿ ਕੱਲ ਸਾਨੂੰ ਨੀਂਹਾਂ ਵਿੱਚ ਚਣਵਾ ਦਿੱਤਾ ਜਾਵੇਗਾ। ਮਾਤਾ ਜੀ ਨੇ ਆਪਣੀ ਸਾਰੀ ਉਮਰ ਦੀ ਸੇਵਾ ਭਾਵਨਾ ਤੇ ਰੱਬੀ ਕਮਾਈ ਓਸ ਰਾਤ ਆਪਣੇ ਪੋਤਿਆਂ 'ਤੇ ਲਾ ਦਿੱਤੀ ....

ਇਤਿਹਾਸ ਦੱਸਦਾ ਹੈ ਕਿ ਸ਼ਹਾਦਤ ਤੇ ਜਾਣ ਤੋਂ ਪਹਿਲਾਂ ਮਾਤਾ ਜੀ ਨੇ ਗੱਠੜੀ ਵਿਚੋਂ ਨੀਲੇ ਚੋਲੇ ਛੋਟੇ ਸਾਹਬਜ਼ਾਦਿਆਂ ਦੇ ਪਾਏ ਦਸਤਾਰਾਂ ਸਜਾਈਆਂ ਅਤੇ ਦੋਹਾਂ ਦਾ ਮੱਥਾ ਚੁੰਮ ਕੇ ਵਿਦਾ ਕੀਤਾ

ਸੋਹਣ ਸਿੰਘ ਸੀਤਲ ਅਨੁਸਾਰ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਥੋੜਾ ਅੱਗੇ ਜਾ ਕੇ ਪਿੱਛੇ ਮਾਤਾ ਜੀ ਵੱਲ ਵੇਖਦੇ ਹਨ ਤੇ ਕਹਿੰਦੇ ਹਨ ਕਿ ਦਾਦੀ ਜੀ ਮਾਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਤੂੰ ਸੀ ਸਾਨੂੰ ਕਦੇ ਇਕੱਲਿਆਂ ਨਹੀਂ ਛੱਡਿਆ ਹੁਣ ਵੀ ਸਾਡੇ ਪਿੱਛੇ ਪਿੱਛੇ ਆ ਜਾਣਾ।

ਦੋਹਾਂ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਦਿੱਤਾ ਗਿਆ ਕੰਧ ਗਿਰ ਗਈ ਤੇ ਬੇਹੋਸ਼ ਹੋਣ ਤੇ ਹੋਸ਼ ਵਿੱਚ ਆਉਣ ਤੇ ਖ਼ੰਜਰ ਤਿੱਖੇ ਕਰ ਰਹੇ ਜ਼ਲਾਦਾਂ ਨੇ ਦੁਬਾਰਾ ਫੇਰ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰੋ ਅਜੇ ਵੀ ਮੌਕਾ ਹੈ ਓਸ ਵਕਤ ਆਵਾਜ਼ ਆਈ ਕਿ

"ਸੱਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ
ਡਰਤਾ ਨਹੀਂ ਹੈ ਅਕਾਲ ਕਿਸੀ ਸਹਿਨਸ਼ਾਹ ਕੀ ਸ਼ਾਨ ਸੇ
ਉਪਦੇਸ਼ ਅਪਣਾ ਸੁਣ ਲਓ ਜ਼ਰਾ ਦਿਲ ਕੇ ਕਾਨ ਸੇ
ਕਹਿ ਰਹੇ ਹੈ ਹੁਮ ਤੁਮ੍ਹੇ ਖ਼ੁਦਾ ਕੀ ਜ਼ੁਬਾਨ ਸੇ"

ਦੋਹਾਂ ਸਾਹਿਜ਼ਾਦਿਆਂ ਨੂੰ ਸ਼ਾਸਨ ਬੇਗ ਤੇ ਵਾਸ਼ਨਾ ਬੇਗ ਜਲਾਦ ਨੇ ਆਪਣੇ ਗੋਡਿਆਂ ਦੇ ਥੱਲੇ ਲਿਆ। ਪੌਣੇ ਗਿਆਰਾਂ ਤੋਂ ਸਾਡੇ ਗਿਆਰਾਂ (10:45 ਤੋਂ 11:30) ਦੇ ਸਮੇਂ ਵਿੱਚ ਸਾਹ ਦੀ ਨਲੀ ਕੱਟ ਕੇ ਸ਼ਹੀਦ ਕੀਤਾ ਗਿਆ।

ਇਤਿਹਾਸਕ ਗ੍ਰੰਥ ਬੰਸਾਵਲੀ ਨਾਮੇ ਵਿਚ ਲਿਖਿਆ ਹੈ ਕੇ

ਬਾਬਾ ਜ਼ੋਰਾਵਰ ਸਿੰਘ ਦੋ ਤੋਂ ਢਾਈ ਮਿੰਟ ਵਿੱਚ ਸ਼ਹੀਦ ਹੋ ਗਏ ਤੇ ਬਾਬਾ ਫਤਹਿ ਸਿੰਘ ਲਗਭਗ ਅੱਧੀ ਘੜੀ (ਬਾਰਾ ਮਿੰਟ) ਚਰਨ ਮਾਰਦੇ ਰਹੇ ਤੇ ਖ਼ੂਨ ਨਿਕਲਦਾ ਰਿਹਾ ਤੇ ਹੌਲੀ ਹੌਲੀ ਚਰਨ ਹਿਲਣੇ ਬੰਦ ਹੋ ਗਏ...

"ਬਾਬਾ ਨਾਨਕ ਰੰਗ ਮੰਚ ਉਤਸਵ ਮਨਾਇਆ ਗਿਆ"

ਹਰਕੇਸ਼ ਚੌਧਰੀ ਮੁੱਲਾਂਪੁਰ

ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਵਲੋਂ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ ਗੁਰਸ਼ਰਨ ਕਲਾ ਭਵਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਨੂੰ ਸਮਰਪਿਤ 'ਬਾਬਾ ਨਾਨਕ ਰੰਗ ਮੰਚ ਉਤਸਵ' ਮਨਾਇਆ ਗਿਆ। ਇਸ ਉਤਸਵ ਵਿਚ ਪੰਜਾਬ ਦੀਆਂ ਨਾਮਵਰ ਨਾਟਕ ਟੀਮਾਂ ਨੇ ਭਾਗ ਲਿਆ ਅਤੇ ਦਰਸ਼ਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਜੋੜਨ ਦਾ ਵਿਸ਼ੇਸ਼ ਤੌਰ 'ਤੇ ਉਪਰਾਲਾ ਕੀਤਾ ਗਿਆ। ਪਹਿਲੇ ਦਿਨ ਦੇ ਸਮਾਗਮ ਵਿਚ ਉਦਘਾਟਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸ੍ਰ.ਅਵਤਾਰ ਗਿੱਲ, ਮਨਜੀਤ ਸਿੰਘ ਗਿੱਲ ਕੈਲਗਰੀ, ਸ੍ਰੀਮਤੀ ਗੁਰਚਰਨ ਕੌਰ ਥਿੰਦ, ਡਾ. ਐਸ. ਐਸ. ਥਿੰਦ, ਅਮਰ ਸਿੰਘ ਕਿੰਗਰਾ ਅਤੇ ਹਰਕੇਸ਼ ਚੌਧਰੀ ਨੇ ਸਾਂਝੇ ਰੂਪ ਵਿਚ ਮੇਲੇ ਦਾ ਉਦਘਾਟਨ ਕੀਤਾ। ਇਸ ਉਪਰੰਤ ਅਦਾਕਾਰ ਮੰਚ ਮੋਹਾਲੀ ਦੀ ਟੀਮ ਵਲੋਂ 'ਦਵਿੰਦਰ ਦਮਨ' ਦੀ ਰਚਨਾ ਨਾਟਕ 'ਸਾਖੀ' ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾਂ ਹੇਠ ਖੇਡਿਆ ਗਿਆ। ਨਾਟਕ ਨੇ ਸਪਸ਼ਟ ਸੰਦੇਸ਼ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਗਲਤ ਨਿਜਾਮ ਨਾਲ ਟੱਕਰ ਲਈ ਸੀ ਜਿਹੜੇ ਗੁਰੂ ਦੇ ਵਾਰਿਸ ਹਨ ਉਹ ਅੱਜ ਵੀ ਜਾਤਾਂ ਪਾਤਾਂ ਤੋਂ ਉਪਰ ਉਠ ਕੇ ਸੰਘਰਸ਼ ਦੇ ਰਾਹ ਪਏ ਹੋਏ ਹਨ। ਇਸ ਮੌਕੇ 'ਤੇ ਮਨਜੀਤ ਸਿੰਘ ਗਿੱਲ ਹੋਰਾਂ ਵਲੋਂ ਲੋਕ ਕਲਾ ਮੰਚ ਦੀ 25000 ਰੁਪਏ ਨਾਲ ਮਦਦ ਕੀਤੀ ਗਈ। ਲੋਕ ਕਲਾ ਮੰਚ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਬਹੁਤ ਸ਼ਲਾਘਾ ਕੀਤੀ ਗਈ, ਦੂਜੇ ਦਿਨ ਦੇ ਸਮਾਗਮ ਦੀ ਸ਼ੁਰੂਆਤ ਸ੍ਰ. ਜਸਵੰਤ ਸਿੰਘ ਸੇਖੋਂ ਕੈਲਗਰੀ ਨਿਵਾਸੀ ਦੇ ਕਵੀਸ਼ਰੀ ਜਥੇ ਵਲੋਂ ਦੋ ਕਵੀਸ਼ਰੀਆਂ ਨਾਲ ਕੀਤੀ ਗਈ, ਇਸ ਮੌਕੇ 'ਤੇ ਉਦਘਾਟਨ ਦੀ ਰਸਮ ਮੰਚ ਦੀ ਸਾਬਕਾ ਅਦਾਕਾਰਾ ਸੀਮਾ, ਪਵਨ ਕੁਮਾਰ, ਡਾ. ਏਜਿੰਦਰ ਸਿੰਘ, ਸ੍ਰ. ਇਕਬਾਲ ਸਿੰਘ, ਉਘੇ ਲੇਖਕ ਅਮਰੀਕ ਤਲਵੰਡੀ, ਸੁਖਦੀਪ ਸਿੰਘ ਆਦਿ ਨੇ ਅਦਾ ਕੀਤੀ। ਇਸ ਮੌਕੇ 'ਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਡਾ. ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਪ੍ਰਸਿੱਧ ਨਾਟਕ 'ਇਹ ਲਹੂ ਕਿਸਦਾ ਹੈ' ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਨਾਟਕ ਰਾਹੀਂ ਸਪਸ਼ਟ ਸੰਦੇਸ਼ ਦਰਸਕਾਂ ਨੇ ਕਬੂਲ ਕੀਤਾ ਕਿ 'ਕਿਰਤ ਕਰਨੀ ਅਤੇ ਕਿਰਤ ਦੀ ਰਾਖੀ ਕਰਨੀ ਬਹੁਤ ਜ਼ਰੂਰੀ ਹੈ। ਜੇਕਰ ਅਸੀਂ ਅਜਿਹਾ ਨਾ ਕੀਤਾ ਤਾਂ ਸਾਡੀ ਮਿਹਨਤ ਤੇ ਵਿਹਲੜ ਜਮਾਤ ਪਲਦੀ ਰਹੇਗੀ। ਇਸ ਮੌਕੇ 'ਤੇ ਪਵਨ ਸਮੀਾ ਨੇ, ਅਵਤਾਰ ਗਿੱਲ ਵੈਨਕੂਵਰ, ਗੁਰਚਰਨ ਕੌਰ ਥਿੰਦ ਜੀ ਨੇ ਮੰਚ ਦੀ ਪੰਜ ਪੰਜ ਹਜ਼ਾਰ ਰੁਪਏ ਨਾਲ ਮਦਦ ਕੀਤੀ। ਤੀਜੇ ਦਿਨ ਦੇ ਸਮਾਗਮ ਵਿਚ ਲੋਕਾਂ ਨਾਲ ਖਚਾਖਚ ਪਰੇ ਹਾਲ ਵਿਚ ਨਾਟਕ ਪੇਸ਼ ਹੋਣਾ ਸੀ 'ਜਿੰਨ ਸਚਿ ਪੈਲਿ ਹੋਇ' ਡਾ. ਗੁਰਦਿਆਲ ਸਿੰਘ ਫੁੱਲ ਦਾ ਲਿਖਿਆ ਨਾਟਕ ਪੇਸ਼ ਹੋਇਆ। ਤੀਜੇ ਦਿਨ ਦੇ ਸਮਾਗਮ ਦਾ ਉਦਘਾਟਨ ਪੰਜਾਬ ਲੋਕ ਸਭਿਆਚਾਰ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸਕੱਤਰ ਪ੍ਰੀਤਮ ਰੁਪਾਲ, ਮਾ. ਭਪਿੰਦਰ ਸਿੰਘ, ਮੁੱਖ ਅਧਿਆਪਕ ਨਿਰਮਲ ਸਿੰਘ, ਰਾਜੀਵ ਸ਼ਰਮਾ, ਸੁਰਿੰਦਰ ਸ਼ਰਮਾ, ਮਾ. ਦੀਪਕ ਰਾਏ, ਕਮਲਜੀਤ ਮੋਹੀ, ਬਲਦੇਵ ਸਿੰਘ ਮੋਹੀ, ਅੰਜੂ ਚੌਧਰੀ ਨੇ ਸਾਂਝੇ ਰੂਪ ਨਿਭਾਈ, ਇਸ ਉਪਰੰਤ ਬਲਦੇਵ ਮੋਹੀ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀਆਂ ਪੇਸ਼ ਕੀਤੀਆਂ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਟੀਮ ਵਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾਂ ਹੇਠ ਨਾਟਕ ਪੇਸ਼ ਹੋਇਆ, 'ਜਿੰਨ ਸਚਿ ਪੈਇ ਹੋਇ" ਨਾਟਕ ਨੇ ਸਪਸ਼ਟ ਸੰਦੇਸ਼ ਦਿੱਤਾ ਕਿ ਜਿਹੜੇ ਲੋਕ ਸੱਚ ਦੇ ਰਾਹ 'ਤੇ ਤੁਰ ਪੈਂਦੇ ਹਨ ਉਨ੍ਹਾਂ ਨੂੰ ਕੋਈ ਡਰ ਪੈਅ ਡਰਾ ਨਹੀਂ ਸਕਦਾ। ਇਸ ਮੌਕੇ 'ਤੇ ਪ੍ਰੀਤਮ ਰੁਪਾਲ ਜੀ ਨੇ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਸ੍ਰੀ ਕੇਵਲ ਧਾਲੀਵਾਲ ਦਾ ਸੰਦੇਸ਼ ਸਾਂਝਾ ਕਰਦਿਆਂ ਕਿਹਾ ਕਿ ਲੋਕ ਕਲਾ ਮੰਚ ਜਦੋਂ ਵੀ ਅਜਿਹੇ ਸਮਾਗਮ ਭਵਿੱਖ ਵਿਚ ਉਲੀਕੇਗਾ ਤਾਂ ਪੰਜਾਬ ਸੰਗੀਤ ਨਾਟਕ ਅਕਾਦਮੀ ਸਹਿਯੋਗ ਕਰੇਗੀ। ਇਸ ਮੌਕੇ 'ਤੇ ਕੰਵਲਜੀਤ ਖੰਨਾ ਨੇ ਦਰਸ਼ਕਾਂ ਨੂੰ ਸੱਚ ਦੇ ਰਾਹ ਤੁਰਨ ਦਾ, ਬਾਬੇ ਦੇ ਰਾਹ ਤੁਰਨ ਦਾ ਹੋਕਾ ਦਿੱਤਾ। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਨੇ ਯੋਗਦਾਨ ਪਾਇਆ, ਜਿਨ੍ਹਾਂ ਵਿਚ ਹਰਕੇਸ਼ ਚੌਧਰੀ, ਦੀਪਕ ਰਾਏ, ਕਮਲਜੀਤ ਮੋਹੀ, ਬਲਦੇਵ ਮੋਹੀ, ਰਾਜਵੀਰ ਪੰਡੋਰੀ, ਸਾਹਿਲ ਜਗਰਾਓਂ, ਸੁਰਿੰਦਰ ਸ਼ਰਮਾ, ਸਿਦਕ ਚੌਧਰੀ, ਅੰਜੂ ਚੌਧਰੀ, ਕਿਰਨਦੀਪ ਕੌਰ, ਮਨਪ੍ਰੀਤ ਕੌਰ, ਅਰਸ਼ਦੀਪ ਕੌਰ, ਅਨਿਲ ਸੇਠੀ, ਪਰਦੀਪ ਕੌਰ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਹਰਕੇਸ਼ ਚੌਧਰੀ ਨੇ ਨਿਭਾਈ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਉਲੀਕਿਆ ਇਹ ਤਿੰਨ ਰੋਜ਼ਾ ਸਮਾਗਮ ਹਰ ਪੱਖ ਤੋਂ ਸਫ਼ਲ ਰਿਹਾ।

ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਬਾਰੇ ਬੋਲਦੇ .ਗਦਰੀ ਬਾਬਾ ਸੋਹਨ ਸਿੰਘ ਭਕਨਾ ਦੀ ਡਾਇਰੀ ਦੇ ਪੰਨੇ

-ਅਮੋਲਕ ਸਿੰਘ



ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ ਡਾਇਰੀ ਦੇ ਪੰਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦੇ ਸੰਗਰਾਮੀ ਜੀਵਨ ਬਾਰੇ ਬੋਲਦੇ ਹਨ। ਗ਼ਦਰੀ ਬਾਬੇ ਦੀਆਂ ਅੱਖਾਂ ਸਾਹਮਣੇ 16 ਨਵੰਬਰ 1915 ਦਾ ਦਿਹਾੜਾ ਹਰ ਪਲ ਆਜ਼ਾਦੀ ਦੀ ਜੋਤ ਜਗਾਈ ਰੱਖਦਾ ਜਿਸ ਦਿਨ ਉਸਦੇ ਸੱਤ ਸਾਥੀਆਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫ਼ਾਂਸੀ ਦੇ ਤਖ਼ਤੇ 'ਤੇ ਲਟਕਾਇਆ ਗਿਆ।

ਬਾਬਾ ਸੋਹਨ ਸਿੰਘ ਭਕਨਾ ਦੇ ਕੰਨਾਂ 'ਚ ਉਹ ਬੋਲ 98 ਵਰ੍ਹਿਆਂ ਦੇ ਸੰਗਰਾਮੀ ਜੀਵਨ ਦੇ ਆਖ਼ਰੀ ਦਮ ਤੱਕ ਗੂੰਜਦੇ ਰਹੇ ਜਿਹੜੇ ਕਰਤਾਰ ਸਿੰਘ ਸਰਾਭਾ, ਭਾਈ ਬਖ਼ਸ਼ੀਸ਼ ਸਿੰਘ ਗਿੱਲ ਵਾਲੀ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ ਨੇ ਫ਼ਾਂਸੀ ਦੇ ਤਖ਼ਤੇ ਤੋਂ ਗਰਜਵੀਂ ਆਵਾਜ਼ 'ਚ ਕਹੇ :

"ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਨਹੀਂ ਤੋੜ ਸਕੇ। ਸਾਡਾ ਹਰ ਇੱਕ ਸਾਥੀ ਇਹ ਜ਼ੰਜ਼ੀਰਾਂ ਤੋੜਨ ਲਈ ਆਖ਼ਰੀ ਦਮ ਤੱਕ ਜੂਝਦਾ ਰਹੇਗਾ। ਮਾਂ ਭੂਮੀ, ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗੁਲਾਮੀ, ਕੀ ਆਰਥਿਕ, ਕੀ ਰਾਜਨੀਤਕ ਅਤੇ ਕੀ ਸਮਾਜਿਕ ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"

ਬਾਬਾ ਸੋਹਨ ਸਿੰਘ ਭਕਨਾ ਦੀ ਡਾਇਰੀ ਦੇ ਪੰਨੇ ਅੱਖੀਂ ਡਿੱਠਾ ਹਾਲ ਬੋਲਦੇ ਹਨ ਕਿ ਅਜਿਹੇ ਸਦਾ ਅਮਰ ਰਹਿਣ ਵਾਲੇ ਬੋਲ, ਪੌਣਾਂ 'ਚ ਉਕਰਨ ਵਾਲੇ ਸੂਰਮੇ ਸ਼ਹੀਦਾਂ ਦਾ ਮੁਕੱਦਮਾ ਕੇਂਦਰੀ ਜੇਲ੍ਹ ਲਾਹੌਰ ਅੰਦਰ 16 ਨੰਬਰ ਪਾਰਕ ਵਿੱਚ 1915 'ਚ ਹੋਇਆ। ਵਿਸ਼ੇਸ਼ ਅਦਾਲਤ ਅੱਗੇ ਇਸ ਮੁਕੱਦਮੇ ਦੇ ਚੱਲੇ ਨਾਟਕ ਦੀ ਨਾ ਕੋਈ ਅਪੀਲ ਸੀ ਨਾ ਦਲੀਲ।

ਜਦੋਂ ਜੇਲ੍ਹ ਸੁਪਰਇਨਟੈਂਡੈਂਟ ਨੇ ਫ਼ਾਂਸੀ ਤੇ ਚੜ੍ਹਨ ਵਾਲੇ ਇਹਨਾਂ ਇਨਕਲਾਬੀਆਂ ਨੂੰ ਜੇਲ੍ਹ ਨਿਯਮਾਂ ਦੀ ਫਰਜ਼ੀ ਰਸਮ ਅਦਾ ਕਰਦਿਆਂ ਕਿਹਾ ਕਿ, "ਤੁਹਾਨੂੰ ਪਤੈ ਕਿ ਵਿਸ਼ੇਸ਼ ਅਦਾਲਤ ਦਾ ਫੈਸਲਾ ਆਖ਼ਰੀ ਹੁੰਦੈ?" ਉਸ ਵੇਲੇ ਕਰਤਾਰ ਸਿੰਘ ਸਰਾਭਾ ਨੇ ਮਖ਼ੌਲੀਆਂ ਅੰਦਾਜ਼ ਵਿੱਚ ਕਿਹਾ, "ਦੇਰ ਕਾਹਦੀ ਹੈ, ਜਿੰਨੀ ਜਲਦੀ ਹੋ ਸਕਦਾ ਫ਼ਾਂਸੀ ਦਿਓ। ਮੇਰੀ ਇਹੋ ਅਪੀਲ ਹੈ।"

ਬਾਬਾ ਸੋਹਨ ਸਿੰਘ ਭਕਨਾ ਹੋਰੀਂ ਪਾਰਕ ਨੰਬਰ 12 ਅਤੇ 24 ਕੋਠੀਆਂ ਦੀ ਕਤਾਰ ਵਿੱਚ ਬੰਦ ਸੀ। ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਛੱਡਿਆ ਜਾਂਦਾ ਸੀ। ਬਾਬਾ ਜੀ ਆਪਣੀਆਂ ਯਾਦਾਂ ਦੇ ਝਰੋਖ਼ੇ ਉਪਰ ਮੁੜ ਝਾਤ ਮਾਰਦਿਆਂ ਲਿਖਦੇ ਹਨ:

ਇੱਕ ਦਿਨ ਜਦੋਂ ਮੌਕਾ ਲੱਗਾ ਮੈਂ ਕਰਤਾਰ ਸਿੰਘ ਸਰਾਭਾ ਦੀ ਕੋਠੀ ਵਿੱਚ ਝਾਤ ਮਾਰੀ। ਉਹਨੇ ਕੰਧ ਉਪਰ ਕੋਲੇ ਨਾਲ ਮੋਟੇ ਅੱਖਰਾਂ ਵਿੱਚ ਲਿਖਿਆ ਸੀ:

"ਸ਼ਹੀਦੋਂ ਕਾ ਖ਼ੂਨ ਕਭੀ ਅਜ਼ਾਈਂ ਨਹੀਂ ਜਾਤਾ"

ਇਹ ਸਤਰਾਂ ਪੜ੍ਹਕੇ ਮੈਂ ਕਿਹਾ, 'ਕਰਤਾਰ ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿੱਚ ਹੀ ਸਾੜ ਦਿੱਤੀਆਂ ਜਾਂਦੀਆਂ ਨੇ ਤਾਂ ਜੋ ਬਾਹਰ ਕਿਸੇ ਨੂੰ ਪਤਾ ਨਾ ਲੱਗੇ। ਤੂੰ ਲਿਖਿਐ ਕਿ, "ਸ਼ਹੀਦੋਂ ਕਾ ਖ਼ੂਨ ਕਭੀ ਅਜ਼ਾਈਂ ਨਹੀਂ ਜਾਤਾ।" ਸਰਾਭੇ ਦਾ ਬਹੁਤ ਹੀ ਮਾਣ ਅਤੇ ਵਿਸ਼ਵਾਸ਼ ਨਾਲ ਜਵਾਬ ਸੀ, 'ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ'

ਬਾਬਾ ਜੀ ਦੀ ਕਲਮ ਗਵਾਹੀ ਭਰਦੀ ਹੈ ਕਿ ਬੌਧਿਕ ਖੇਤਰ ਵਿੱਚੋਂ ਗ਼ਦਰ ਪਾਰਟੀ ਵਾਲੇ ਪਾਸੇ ਲਾਲਾ ਹਰਦਿਆਲ ਨੂੰ ਇਨਕਲਾਬੀ ਮਾਰਗ 'ਤੇ ਲਿਆਉਣ ਵਾਲਾ ਵੀ ਕਰਤਾਰ ਸਿੰਘ ਸਰਾਭਾ ਹੀ ਸੀ। 'ਗ਼ਦਰ' ਅਖ਼ਬਾਰ ਦਾ ਪਹਿਲਾਂ ਪਰਚਾ ਉਰਦੂ 'ਚ ਕੱਢਿਆ ਤਾਂ ਉਸਦਾ ਪੰਜਾਬੀ ਤਰਜ਼ਮਾ ਵੀ ਕਰਤਾਰ ਸਿੰਘ ਸਰਾਭਾ ਨੇ ਹੀ ਕੀਤਾ ਸੀ। ਮੁੱਢਲੇ ਦੌਰ 'ਚ ਅਮਰੀਕਾ ਵਿੱਚ ਸਨਫਰਾਂਸਿਸਕੋ ਵਿਖੇ ਬਣੇ ਯੁਗਾਂਤਰ ਆਸ਼ਰਮ ਵਿੱਚ ਬਹੁਤੇ ਕੰਮ ਦਾ ਬੋਝ ਸਰਾਭੇ ਦੇ ਸਿਰ ਹੀ ਰਿਹਾ। ਬਾਬਾ ਭਕਨਾ ਲਿਖਦੇ ਨੇ ਕਿ, "ਉਹ ਦੋਸਤਾਂ ਦਾ ਦੋਸਤ ਸੀ। ਖ਼ਤਰਿਆਂ ਭਰੇ ਕੰਮ 'ਚ ਸਭ ਤੋਂ ਅੱਗੇ ਹੋਕੇ ਕੰਮ ਕਰਨ ਵਾਲਾ ਸੀ।"

ਉਰਦੂ, ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਦਾ ਮਾਹਰ, ਬੇਹੱਦ ਫੁਰਤੀਲਾ ਅਤੇ 18-19 ਵਰ੍ਹਿਆਂ ਦੀ ਉਮਰੇ ਹੀ ਲਾਸਾਨੀ ਕੁਰਬਾਨੀ ਕਰਨ ਵਾਲਾ ਸਰਾਭਾ, ਅੱਜ ਦੀ ਅਤੇ ਆਉਣ ਵਾਲੇ ਕੱਲ੍ਹ ਦੀ ਜੁਆਨੀ ਦਾ ਮਾਰਗ-ਦਰਸ਼ਕ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ 1915 ਦੇ ਸਾਲ 'ਚ ਬਾਬਾ ਅਮੁੱਲੀਆਂ ਬਾਤਾਂ ਕਰਦਾ ਹੈ। ਕੋਈ 15-16 ਸਾਲ ਬਾਅਦ ਬਾਬਾ ਭਕਨਾ, ਭਗਤ ਸਿੰਘ ਨੂੰ ਆਪਣੀ ਬੁੱਕਲ ਦਾ ਨਿੱਘਾ ਦਿੰਦਾ ਹੈ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦਾ ਮੁਕੱਦਮਾ ਵੀ 1930 ਦੇ ਦੌਰ 'ਚ ਕੇਂਦਰੀ ਜੇਲ੍ਹ ਲਾਹੌਰ ਦੇ ਏਸੇ 16 ਨੰਬਰ ਪਾਰਕ ਵਿੱਚ ਹੋਇਆ। ਭਗਤ ਸਿੰਘ ਆਖਦਾ ਹੁੰਦਾ ਸੀ :

"ਸਰਾਭਾ, ਮੇਰਾ ਗੁਰੂ
ਸਰਾਭਾ, ਮੇਰਾ ਭਰਾ
ਸਰਾਭਾ, ਮੇਰਾ ਸਾਥੀ"

ਆਜ਼ਾਦੀ ਅਤੇ ਇਨਕਲਾਬ ਦੇ ਅੰਬਰ 'ਤੇ ਟਹਿਕਦੇ ਸੂਹੇ ਤਾਰੇ ਭਗਤ ਸਿੰਘ ਬਾਰੇ ਬਾਬਾ ਆਪਣੀ ਡਾਇਰੀ 'ਚ ਲਿਖਦਾ ਹੈ :

ਜਿਹੜੀ ਕੇਂਦਰੀ ਜੇਲ੍ਹ ਲਾਹੌਰ ਵਿੱਚ ਭਗਤ ਸਿੰਘ ਨੂੰ ਲਿਆਂਦਾ ਗਿਆ ਉਸ ਜੇਲ੍ਹ ਵਿੱਚ ਮੈਂ ਅਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਹਿਲਾਂ ਹੀ ਸੀ। ਦੋ ਤਿੰਨ ਦਿਨ ਬਾਦ ਕਿਸੇ ਨਾ ਕਿਸੇ ਤਰ੍ਹਾਂ ਮੈਂ ਅਤੇ ਭਗਤ ਸਿੰਘ ਜ਼ਰੂਰ ਮਿਲਦੇ ਅਤੇ ਗੰਭੀਰ ਵਿਚਾਰ-ਵਟਾਂਦਰਾ ਕਰਦੇ। ਇੱਕ ਦਿਨ ਮੈਂ ਮਖ਼ੌਲ ਨਾਲ ਭਗਤ ਸਿੰਘ ਨੂੰ ਪੁੱਛਿਆ :

"ਤੂੰ ਅਜੇ ਨੌਜਵਾਨ ਸੀ। ਪੜ੍ਹਿਆ ਲਿਖਿਆ ਵੀ ਸੀ। ਤੇਰੀ ਉਮਰ ਅਜੇ ਖਾਣ-ਪੀਣ ਅਤੇ ਐਸ਼ ਕਰਨ ਦੀ ਸੀ। ਤੂੰ ਇਧਰ ਕਿਵੇਂ ਫਸ ਗਿਆ?"

ਭਗਤ ਸਿੰਘ ਨੇ ਹੱਸਕੇ ਜਵਾਬ ਦਿੱਤਾ:

"ਇਹ ਮੇਰਾ ਕਸੂਰ ਨਹੀਂ ਤੁਹਾਡਾ ਅਤੇ ਤੁਹਾਡੇ ਸਾਥੀਆਂ ਦਾ ਹੈ।" ਮੈਂ ਕਿਹਾ, "ਸਾਡਾ ਕਿਸ ਤਰ੍ਹਾਂ ਹੈ?" ਭਗਤ ਸਿੰਘ ਦਾ ਜਵਾਬ ਸੀ : "ਜੇ ਕਰਤਾਰ ਸਿੰਘ ਸਰਾਭਾ ਉਹਦੇ ਸਾਥੀ ਹੱਸਕੇ ਫ਼ਾਂਸੀ ਨਾ ਚੜ੍ਹੇ ਹੁੰਦੇ, ਤੁਹਾਡੇ ਵਰਗੇ ਅੰਡੇਮਾਨ ਦੀ ਕੁੰਭੀ ਨਰਕ ਵਿੱਚੋਂ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਇਧਰ ਨਾ ਆਉਂਦਾ।"

ਬਾਬਾ ਜੀ ਦੀ ਇੱਕ ਸਤਰ ਹੀ ਭਗਤ ਸਿੰਘ ਦੇ ਸਿਆਸੀ ਜੀਵਨ ਦੀ ਕਹਾਣੀ ਸੁਣਾ ਜਾਂਦੀ ਹੈ। ਉਹ ਲਿਖਦੇ ਨੇ ਕਿ, "ਭਗਤ ਸਿੰਘ ਆਪਣੇ ਮੁਲਕ ਦੀ ਆਜ਼ਾਦੀ ਲਈ ਹੀ ਜੂਝਣ ਵਾਲਾ ਇਨਕਲਾਬੀ ਨਹੀਂ ਸੀ ਉਸਦੇ ਖਿਆਲਾਂ ਦੀ ਬਿਜਲੀ 'ਚ ਦੁਨੀਆਂ ਭਰ ਦੇ ਕਿਰਤੀਆਂ ਦੀ ਆਜ਼ਾਦੀ ਅਤੇ ਮੁਕਤੀ ਦੀ ਰੌਸ਼ਨੀ ਸੀ। ਭਗਤ ਸਿੰਘ 6 ਫੁੱਟ ਲੰਮਾ ਖ਼ੂਬਸੂਰਤ ਮੁੱਛ ਫੁੱਟ ਗੱਭਰੂ ਸੀ ਜਿਸਦੇ ਖ਼ਿਆਲ ਉਸਦੇ ਤੁਰ ਜਾਣ ਤੋਂ ਬਾਅਦ ਵੀ ਸਦਾ ਜੁਆਨ ਰਹਿਣਗੇ।"

"ਮੈਂ ਜਦ ਵੀ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇਜ ਲੱਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ ਪਰ ਉਹਨਾਂ ਦੇ ਗੁਣ ਅਤੇ ਕੰਮ ਇੱਕੋ ਹੀ ਹਨ। "ਏਕ ਜੋਤ ਦੋਏ ਮੂਰਤਿ" ਵਾਲੀ ਮਿਸ਼ਾਲ ਇਹਨਾਂ 'ਤੇ ਢੁੱਕਦੀ ਹੈ।"

ਬਾਬਾ ਜੀ ਲਿਖਦੇ ਨੇ ਕਿ ਇੱਕ ਦਿਨ ਮੈਂ ਭਗਤ ਸਿੰਘ ਨੂੰ ਇਹ ਵੀ ਪੁੱਛਿਆ ਕਿ, "ਤੁਸੀਂ ਜੋ ਸਾਂਡਰਸ ਨੂੰ ਮਾਰਿਆ ਕੀ ਉਹ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਮਾਰਿਆ?"

ਭਗਤ ਸਿੰਘ ਦਾ ਜਵਾਬ ਸੀ : "ਸਾਡੀ ਪਾਰਟੀ ਦਾ ਉਦੇਸ਼ ਦਹਿਸ਼ਤਗਰਦੀ ਨਹੀਂ। ਅਸੀਂ ਤਾਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਹਾਂ। ਜਿਵੇਂ 1914-15 ਦੇ ਗ਼ਦਰ ਪਾਰਟੀ ਦੇ ਇਨਕਲਾਬੀ ਆਜ਼ਾਦੀ, ਜਮਹੂਰੀਅਤ ਅਤੇ ਬਰਾਬਰੀ ਲਈ ਗ਼ਦਰ ਪਾਰਟੀ ਦਾ ਝੰਡਾ ਲੈ ਕੇ ਮੈਦਾਨ 'ਚ ਨਿੱਤਰੇ ਉਸੇ ਤਰ੍ਹਾਂ ਪਾਰਲੀਮੈਂਟ ਵਿੱਚ ਧਮਾਕਾ ਕਰਕੇ ਅਸੀਂ ਦੁਸ਼ਮਣਾਂ ਨੂੰ ਇਹ ਸੁਣਾਉਣੀ ਕਰਨਾ ਚਾਹੁੰਦੇ ਸੀ ਕਿ 'ਹਿੰਦੋਸਤਾਨ ਦੇ ਨੌਜਵਾਨ ਹੁਣ ਤੁਹਾਡੀ ਗੁਲਾਮੀ ਬਰਦਾਸ਼ਤ ਨਹੀਂ ਕਰਨਗੇ।"

ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਜੇਲ੍ਹ ਵਿੱਚ ਭੁੱਖ ਹੜਤਾਲ ਕਰਕੇ ਮੰਗ ਕੀਤੀ ਕਿ ਕੈਦੀਆਂ ਨਾਲ ਵਿਤਕਰਾ ਬੰਦ ਕੀਤਾ ਜਾਵੇ। ਜਦੋਂ ਬਾਬਾ ਸੋਹਨ ਸਿੰਘ ਭਕਨਾ ਨੂੰ ਪਤਾ ਲੱਗਾ ਤਾਂ ਉਹਨਾਂ ਵੀ ਭੁੱਖ ਹੜਤਾਲ ਕਰ ਦਿੱਤੀ। ਭਗਤ ਸਿੰਘ ਨੇ ਬਾਬਾ ਜੀ ਨੂੰ ਕਿਹਾ, "ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਝੱਲ ਚੁੱਕੇ ਹੋ। ਤੁਸੀਂ ਭੁੱਖ ਹੜਤਾਲ ਨਾ ਕਰੋ। ਬਾਬਾ ਜੀ ਦਾ ਮਾਣ ਮੱਤਾ ਜਵਾਬ ਸੀ; ਜਦ ਮੇਰੇ ਜੁਆਨ ਪੁੱਤ ਭੁੱਖ ਹੜਤਾਲ ਤੇ ਨੇ ਮੈਂ ਉਹਨਾਂ ਨਾਲ ਸ਼ਾਮਲ ਕਿਵੇਂ ਨਹੀਂ ਹੋਵਾਂਗਾ।

ਆਜ਼ਾਦੀ ਤਵਾਰੀਖ਼ 'ਚ ਵਿਲੱਖਣ ਇਨਕਲਾਬੀ ਮੁਕਾਮ ਸਿਰਜਣ ਵਾਲੀ ਗ਼ਦਰ ਪਾਰਟੀ ਦੀ ਆਧਾਰਸ਼ਿਲਾ ਅਮਰੀਕਾ 'ਚ ਰੱਖੀ ਗਈ। ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਅਤੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇ ਗੰਢ (1870-2020) ਰਵਾਇਤੀ ਨਾ ਹੋ ਕੇ, ਮਹਾਨ ਦੇਸ਼ ਭਗਤਾਂ ਦੇ ਉਦੇਸ਼ਾਂ ਨੂੰ ਪ੍ਰਨਾਈ ਵਿਚਾਰਧਾਰਾ, ਰਾਜਨੀਤੀ ਅਤੇ ਸਾਹਿਤ ਦੀ ਮਹੱਤਤਾ ਅਤੇ ਅਜੋਕੇ ਸਮੇਂ ਪ੍ਰਸੰਗਕਤਾ ਸਮਝਣਾ ਜ਼ਰੂਰੀ ਹੈ।

ਭਾਵੇਂ ਬਾਬਾ ਸੋਹਨ ਸਿੰਘ ਭਕਨਾ 98 ਵਰ੍ਹੇ 'ਚ ਜਾ ਕੇ 20 ਦਸੰਬਰ 1968 ਨੂੰ ਜਿਸਮਾਨੀ ਤੌਰ ਤੇ ਸਦੀਵੀਂ ਵਿਛੋੜਾ ਦੇ ਗਏ ਪਰ ਉਹਨਾਂ ਦੇ ਇਹ ਬੋਲ ਜਿਹੜੇ ਉਹ ਆਪਣੇ ਪਿੰਡ ਭਕਨਾ ਵਿਖੇ ਬਣਾਈ ਗ਼ਦਰੀ ਦੇਸ਼ ਭਗਤਾਂ ਦੀ ਯਾਦਗਾਰ ਦੇ ਸਿਲਾਲੇਖ ਤੇ ਉਕਰਕੇ ਗਏ ਉਹਨਾਂ ਨੂੰ ਮਨੀ ਵਸਾਕੇ ਅਮਲੀ ਜਾਮਾ ਪਹਿਨਾਉਣ ਲਈ ਗੰਭੀਰ ਯਤਨ ਕਰਨ ਦੀ ਤੀਬਰ ਲੋੜ ਆਵਾਜ਼ਾਂ ਮਾਰ ਰਹੀ ਹੈ :

ਨੌਜਵਾਨੋ! ਉੱਠੋ!!
ਯੁੱਗ ਪਲਟ ਰਿਹਾ ਹੈ
ਆਪਣੇ ਕਰਤੱਵ ਨੂੰ ਪੂਰਾ ਕਰੋ
ਹਰ ਪ੍ਰਕਾਰ ਦੀ ਦਾਸਤਾ ਕੀ ਆਰਥਿਕ, ਕੀ ਰਾਜਨੀਤਿਕ ਤੇ ਕੀ ਸਮਾਜਿਕ ਜੜ੍ਹ ਤੋਂ ਉਖਾੜ ਸੁੱਟੋ
ਮਨੁੱਖਤਾ ਹੀ ਸੱਚਾ ਧਰਮ ਹੈ
ਜੈ ਜਨਤਾ!

-94170-76735

ਸੀ ਏ ਬੀ ਤੇ ਐਨ ਆਰ ਸੀ ਦਾ ਭਿਆਨਕ ਚਿਹਰਾ..

ਦੀਪ ਦੁਨੀਆਂ

ਦੋਸਤੋ ...ਦਿਮਾਗ ਤੇ ਲੱਗੇ ਜਾਲੇ ਉਤਾਰ ਲਉ...ਅੱਖਾਂ ਮੂਹਰੇ ਪਸਰੀ ਧੁੰਦ ਸਾਫ ਕਰ ਲਉ...ਕੰਨਾਂ ਨੂੰ ਖੜੇ ਕਰ ਲਉ...

ਇਕ ਵਾਰ ਫੇਰ ਦੇਸ਼ ਨੂੰ ਨੋਟਬੰਦੀ ਨਾਲੋਂ ਵੀ ਭੈੜੇ ਹਾਲਾਤਾਂ ਵੱਲ ਧੱਕਿਆ ਜਾ ਰਿਹਾ ਹੈ...

ਐਨ ਆਰ ਸੀ (National Register of Citizens) ਉਹ ਕਾਲਾ ਕਨੂੰਨ ਹੈ ਜਿਸ ਦੇ ਚੱਕਰ ਵਿਚ ਸਾਰਾ ਦੇਸ਼ ਫਸਣ ਜਾ ਰਿਹਾ ਹੈ। ਮਤਲਬ ਇਸ ਕਨੂੰਨ ਦੇ ਮੁਤਾਬਕ ਹੁਣ ਹਰ ਬੰਦੇ ਨੂੰ ਇਹ ਸਿੱਧ ਕਰਨਾ ਪੈਣਾ ਹੈ ਕਿ ਉਹ ਹਿੰਦੁਸਤਾਨ ਦਾ ਨਾਗਰਿਕ ਹੈ। ਇਸ ਭੁਲੇਖੇ ਵਿਚ ਨਾ ਰਹਿਣਾ ਕਿ ਮਰਦਮਸ਼ੁਮਾਰੀ ਵਾਂਗੂ ਕਰਮਚਾਰੀ ਤੁਹਾਡੇ ਘਰ ਆਉਣਗੇ ਤੇ ਨਾਂ ਲਿਖ ਕੇ ਲੈ ਜਾਣਗੇ। ਨੋਟਬੰਦੀ ਵਾਂਗੂ ਲਾਈਨਾਂ ਵਿਚ ਲੱਗ ਕੇ ਸਬੂਤ ਦੇਣੇ ਪੈਣਗੇ...ਸਬੂਤ ਵੀ ਅਧਾਰ ਕਾਰਡ ਨਹੀਂ..ਬਲਕਿ ਅੱਜ ਤੋਂ ਤੀਹ ਚਾਲੀ ਜਾਂ ਪੰਜਾਹ ਸਾਲ ਪਹਿਲਾਂ ਦੀ ਮਲਕੀਅਤ ਦੇ ਕਾਗਜ਼ ਦਿਖਾਉਣਗੇ ਪੈਣਗੇ। ਜੇ ਨਹੀਂ ਤਾਂ ਫੇਰ ਪਹਿਲਾਂ ਪਟਵਾਰੀਆਂ ਕੋਲ ਜਾਓ...ਫਰਦਾਂ ਲਓ ..ਫੇਰ ਲਾਈਨਾਂ ਵਿਚ ਲੱਗੋ..ਤੇ ਸਿੱਧ ਕਰੋ...ਇਹ ਵੀ ਨਹੀਂ ਕਿ ਜੇ ਪਤੀ ਦੀ ਮਲਕੀਅਤ ਸਿੱਧ ਹੋ ਗਈ ਤਾਂ ਪਤਨੀ ਜਾਂ ਮਾਂ ਬਾਪ ਦੀ ਵੀ ਹੋ ਜਾਣੀ ਐ..ਉਹਨਾਂ ਨੂੰ ਵੱਖਰੇ ਤੌਰ ਤੇ ਮਲਕੀਅਤ ਦੇ ਕਾਗਜ਼ ਦਿਖਾਉਣੇ ਪੈਣਗੇ...ਅਸਮਾ ਵਿਚ ਇੰਝ ਹੀ ਹੋਇਆ ਹੈ....1600 ਕਰੋੜ ਰੁਪਏ ਸਰਕਾਰ ਦੇ ਖਰਚ ਆਏ ਹਨ ਤੇ ਅੱਠ ਹਜ਼ਾਰ ਕਰੋੜ ਰੁਪਏ ਲੋਕਾਂ ਦੇ ਖਰਚ ਆਏ ਹਨ..ਇਸ ਡਰ ਵਿੱਚੋਂ ਕਿ ਅਗਰ ਨਗਾਰਿਕਤਾ ਸਿੱਧ ਨਾ ਹੋਈ ਤਾਂ ਕੀ ਬਣੇਗਾ...ਕਿੰਨੇ ਹੀ ਲੋਕ ਖੁਦਕੁਸ਼ੀ ਕਰ ਗਏ ਹਨ ਅਤੇ ਕਿੰਨਿਆਂ ਨੂੰ ਹਰਟ ਅਟੈਕ ਹੋ ਗਏ ਹਨ..ਕਿਉਂਕਿ ਜਿਹੜਾ ਬੰਦਾ ਆਪਣੀ ਨਾਗਰਿਕਤਾ ਦਾ ਸਬੂਤ ਨਹੀਂ ਦੇ ਸਕਿਆ, ਉਸ ਨੂੰ ਘੁਸਪੈਠੀਆ ਮੰਨ ਲਿਆ ਜਾਏਗਾ ਤੇ ਉਸ ਨੂੰ ਡਿਟੈਂਸ਼ਨ ਕੈਂਪਾਂ ਵਿਚ ਜਾਣਾ ਪਏਗਾ। ਡਿਟੈਂਸ਼ਨ ਕੈਂਪ ਇਕ ਵੱਡੀ ਜੇਲ ਹੁੰਦੀ ਹੈ ਜਿਸ ਵਿਚ ਸੈਂਕੜੇ ਦੇ ਕਰੀਬ ਉਹ ਲੋਕ ਤਾੜੇ ਜਾਂਦੇ ਹਨ, ਜਿੰਨ੍ਹਾਂ ਤੇ ਇਹ ਸ਼ੱਕ ਹੁੰਦਾ ਹੈ ਕਿ ਉਹ ਦੇਸ਼ ਦੇ ਨਾਗਰਿਕ ਨਹੀਂ ਹਨ। ਸੋ ਮਰਨ, ਮਰਾਉਣ ਤੇ ਉੱਜੜਨ ਲਈ ਤਿਆਰ ਹੋ ਜਾਓ..

ਸੀ ਏ ਬੀ (Citizenship Amendment Bill) ਦੀ ਕਾਢ ਇਸ ਤੋਂ ਵੱਧ ਸ਼ਾਤਿਰਾਨਾ ਹੈ। ਹਰ ਦੇਸ਼ ਵਿਚ ਦੂਜੇ ਮੁਲਕਾਂ ਤੋਂ ਕਿਸੇ ਵੀ ਰੂਪ ਵਿਚ ਸਤਾਏ ਲੋਕ ਆਉਂਦੇ ਹਨ ਤੇ ਦੇਸ਼ ਉਹਨਾਂ ਨੂੰ ਸ਼ਰਨ ਦੇ ਦਿੰਦਾ ਹੈ। ਹਿੰਦੁਸਤਾਨ ਵਿਚ ਤਿੱਬਤ, ਬੰਗਲਾਦੇਸ਼, ਅਫਗਾਨਿਸਤਾਨ. ਪਾਕਿਸਤਾਨ, ਬੰਗਲਾਦੇਸ਼, ਸ਼੍ਰੀ ਲੰਕਾ, ਬਰਮਾ ਆਦਿ ਮੁਲਕਾਂ ਤੋਂ ਕਾਫੀ ਲੋਕ ਸਮੇਂ ਸਮੇਂ ਰਿਫਿਊਜੀ ਬਣ ਕੇ ਸਾਡੇ ਮੁਲਕ ਚ ਆਏ ਤੇ ਇਥੇ ਵੱਸ ਗਏ ਅਤੇ ਹੌਲੀ ਹੌਲੀ ਇੱਥੋਂ ਦੇ ਨਾਗਰਿਕ ਬਣ ਗਏ। ਇਹ ਨਾਰਮਲ ਵਰਤਾਰਾ ਹੈ ਜੋ ਹਰ ਦੇਸ਼ ਵਿਚ ਚਲਦਾ ਹੈ। ਸੀਏਬੀ ਬਿਲ ਇਕ ਕਿਸਮ ਦੀ ਇਸ ਕਨੂੰਨ ਵਿਚ ਕੀਤੀ ਸੋਧ ਹੈ. ਜੋ ਲੋਕਾਂ ਨੂੰ ਦੇਸ਼ ਵਿਚ ਸ਼ਰਨ ਦੇਣ ਲਈ ਨਹੀਂ ਬਣਾਇਆ ਜਾ ਰਿਹਾ, ਬਲਕਿ ਕੁਝ ਲੋਕਾਂ ਨੂੰ ਸ਼ਰਨ ਦੇਣ ਤੋਂ ਰੋਕਣ ਲਈ ਬਣਾਇਆ ਜਾ ਰਿਹਾ ਹੈ। ਇਸ ਦੇ ਤਹਿਤ ਇਕ ਤਾਂ ਇਸਲਾਮ ਧਰਮ ਦੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ, ਦੂਜਾ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਮੁਲਕਾਂ ਨੂੰ ਛੱਡ ਕੇ ਹੋਰ ਸਾਰੇ ਮੁਲਕਾਂ ਨੂੰ ਇਸ ਵਿੱਚੋਂ ਬਾਹਰ ਛੱਡ ਦਿੱਤਾ ਗਿਆ।

ਮਸਲਾ ਬਹੁਤ ਹੀ ਗੰਭੀਰ ਹੈ। ਇਸ ਦਾ ਸਿੱਧਾ ਸਬੰਧ ਐਨ ਆਰ ਸੀ ਨਾਲ ਜੁੜਦਾ ਹੈ। ਮੁਸਲਮਾਨਾਂ ਨੂੰ ਛੱਡਕੇ ਜਿਹੜੇ ਲੋਕ ਐਨ ਆਰ ਸੀ ਤੋਂ ਬਾਹਰ ਰਹਿ ਜਾਣਗੇ, ਉਹਨਾਂ ਨੂੰ ਬੰਗਲਾਦੇਸ਼, ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਆਏ ਸ਼ਰਨਾਰਥੀ ਮੰਨ ਕੇ ਸੀ ਏ ਬੀ ਦੇ ਤਹਿਤ ਭਾਰਤ ਦੀ ਨਾਗਰਿਕਤਾ ਦੇ ਦਿੱਤੀ ਜਾਏਗੀ ਤੇ ਮੁਸਲਮਾਨਾਂ ਨੂੰ ਇਸ ਤੋਂ ਬਾਹਰ ਰੱਖਿਆ ਜਾਵੇਗਾ ਜੋ ਕਿ ਭਾਰਤ ਦੇ ਸੰਵਿਧਾਨ ਦੇ ਮੁਤਾਬਕ ਬਿਲਕੁਲ ਹੀ ਗ਼ਲਤ ਗੱਲ ਹੈ ਕਿਉਂਕਿ ਹਿੰਦੁਸਤਾਨ ਦਾ ਸੰਵਿਧਾਨ ਧਰਮ ਦੇ ਆਧਾਰ ਤੇ ਕਿਸੇ ਨਾਲ ਵੀ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ ਹੈ।

ਅਸਾਮ ਵਿਚ ਲਗਭਗ 19 ਲੱਖ ਲੋਕ ਆਪਣੀ ਨਾਗਰਿਕਤਾ ਦਾ ਸਬੂਤ ਨਹੀਂ ਦੇ ਸਕੇ ਹਨ, ਜਿੰਨਾਂ ਵਿੱਚੋਂ 15 ਲੱਖ ਲੋਕ ਹਿੰਦੂ ਹਨ ਤੇ 4 ਲੱਖ ਮੁਸਲਮਾਨ ਹਨ। ਇਹਨਾਂ 15 ਲੱਖ ਲੋਕਾਂ ਨੂੰ ਹਿੰਦੂ ਘੱਟ ਗਿਣਤੀ ਪ੍ਰਤਾੜਿਤ ਵਿਦੇਸ਼ੀ ਮੰਨ ਕੇ ਸੀ ਏ ਬੀ ਰਾਹੀਂ ਨਾਗਰਿਕਤਾ ਦੇ ਦਿੱਤੀ ਜਾਵੇਗੀ ਪਰ ਮੁਸਲਮਾਨ ਸਾਰੇ ਬਾਹਰ ਰਹਿ ਜਾਣਗੇ ਤੇ ਉਹਨਾਂ ਨੂੰ ਡਿਟੈਂਸ਼ਨ ਕੈਂਪਾਂ ਵਿਚ ਭੇਜ ਦਿੱਤਾ ਜਾਵੇਗਾ। ਇਹ ਪ੍ਰਕਿਰਿਆ ਪੂਰੇ ਦੇਸ਼ ਵਿਚ ਐਨ ਆਰ ਸੀ ਲਾਗੂ ਕਰਨ ਦੇ ਬਾਅਦ ਦੁਹਰਾਈ ਜਾਵੇਗੀ।

ਇਸ ਸਾਰੀ ਕਾਰਸ਼ਤਾਨੀ ਦੇ ਦੋ ਵੱਡੇ ਮਕਸਦ ਹਨ ਬੀ ਜੇ ਪੀ ਦੇ..ਪਹਿਲਾ ਮਕਸਦ ਹੈ ਭਾਰਤ ਨੂੰ ਧਰਮ ਨਿਰਪੱਖ ਦੇਸ਼ ਤੋਂ ਹਿੰਦੂ ਦੇਸ਼ ਬਣਾਉਣਾ। ਇਸ ਦੇ ਤਹਿਤ ਹੀ ਧਾਰਾ 370 ਨੂੰ ਮਨਸੂਖ ਕੀਤਾ ਗਿਆ, ਰਾਮ ਮੰਦਿਰ ਦਾ ਫੈਸਲਾ ਕਰਾਇਆ ਗਿਆ, ਮੌਬ ਲਿੰਚਿੰਗ, ਗਊ ਪਰੋਟੈਕਸ਼ਨ ਆਦਿ ਏਜੰਡੇ ਲਾਗੂ ਕੀਤੇ ਗਏ ਤੇ ਹੁਣ ਐਨ ਆਰ ਸੀ ਅਤੇ ਸੀ ਏ ਬੀ ਨੂੰ ਲਾਗੂ ਕੀਤਾ ਜਾ ਰਿਹਾ ਹੈ।

ਦੂਜਾ ਵੱਡਾ ਮਕਸਦ ਆਰਥਿਕ ਫਰੰਟ ਤੇ ਸਰਕਾਰ ਦੀ ਅਸਫਲਤਾ, ਜੀ ਡੀ ਪੀ ਦਾ ਡਿੱਗਣਾ, ਰੁਜ਼ਗਾਰ ਦੇ ਸੰਕਟ, ਕਿਸਾਨ ਖੁਦਕੁਸ਼ੀਆਂ, ਸਿੱਖਿਆ ਅਤੇ ਸਿਹਤ ਦੀ ਬਦਤਰ ਹਾਲਤ ਦੇ ਮਸਲਿਆਂ ਤੋਂ ਦੇਸ਼ ਦਾ ਧਿਆਨ ਭਟਕਾਉਣਾ ਹੈ।

ਤੀਜਾ ਮਕਸਦ ਤਤਕਾਲ ਦਾ ਹੈ। ਜਲਦੀ ਪੱਛਮੀ ਬੰਗਾਲ ਸਮੇਤ ਕਈ ਸੂਬਿਆਂ ਦੀਆਂ ਚੋਣਾਂ ਸਿਰ ਤੇ ਹਨ। ਇਹਨਾਂ ਬਿਲਾਂ ਰਾਹੀਂ ਵੱਡੇ ਪੱਧਰ ਤੇ ਹਿੰਦੂ ਬਹੁਗਿਣਤੀ ਨੂੰ ਭਰਮਾਇਆ ਜਾਵੇਗਾ ਤੇ ਬੰਗਾਲ ਸਰ ਕਰਨ ਦਾ ਏਜੰਡਾ ਮਿੱਥਿਆ ਜਾਵੇਗਾ।

ਟੂ ਨੇਸ਼ਨ ਥਿਊਰੀ ਦਾ ਸੰਕਲਪ ਪਹਿਲਾਂ ਸਾਵਰਕਰ ਵਰਗਿਆਂ ਨੇ ਲਿਆਂਦਾ, ਫਿਰ ਜਿੰਨਾਹ ਵਰਗਿਆਂ ਨੇ ਲਿਆਂਦਾ। ਸਾਡੀ ਵਿਰਾਸਤ ਮੁਆਫੀ ਮੰਗ ਕੇ ਜੇਲ੍ਹ ਚੋਂ ਬਾਹਰ ਆਉਣ ਵਾਲੇ ਸਾਵਰਕਰ ਦੀ ਨਹੀਂ, ਬਲਕਿ ਰਾਮ ਪ੍ਰਸਾਦ ਬਿਸਮਿਲ ਤੇ ਅਸ਼ਫਾਕ ਉੱਲਾ ਅਤੇ ਸੈਫੂਦੀਨ ਕਿਚਲੂ ਤੇ ਸੱਤਪਾਲ ਦੀ ਹੈ। ਦੀ ਕੁਰਬਾਨੀ ਨਾਲ ਭਰੀ ਹੋਈ ਸਾਂਝੀ ਵਿਰਾਸਤ ਹੈ।

ਅੱਜ ਇਸ ਵਿਰਾਸਤ ਨੂੰ ਵੱਡੇ ਖਤਰੇ ਹਨ। ਅਜਿਹੇ ਬਿਲ ਭਾਰਤ ਨੂੰ ਸਾਂਝੀ ਵਿਰਾਸਤ ਵਾਲੇ ਸਰੂਪ ਤੋਂ ਤੋੜ ਕੇ ਹਿੰਦੂ ਰਾਸ਼ਟਰ ਬਣਾਉਣ ਵੱਲ ਦੀ ਸਰਗਰਮੀ ਦਾ ਹਿੱਸਾ ਹਨ। ਇਸ ਧਾਰਨਾ ਦੇ ਮੁਆਮਲੇ ਵਿਚ ਉਹਨਾਂ ਨੂੰ ਲਗਦਾ ਹੈ ਕਿ ਮੁਸਲਮਾਨ ਹੀ ਸਭ ਤੋਂ ਵੱਡਾ ਅੜਿੱਕਾ ਹਨ। ਕਿਉਂਕਿ ਸਿੱਖਾਂ ਨੂੰ ਤਾਂ ਉਹ ਰਾਸ਼ਟਰੀ ਸਿੱਖ ਸੰਗਠਨਾਂ ਦੇ ਰੂਪ ਵਿਚ ਪਹਿਲਾਂ ਹੀ ਹਿੰਦੂ ਧਰਮ ਦਾ ਹੀ ਇਕ ਹਿੱਸਾ ਮੰਨ ਰਹੇ ਹਨ। ਇਸ ਲਈ ਉਹ ਕਿਸੇ ਵੀ ਤਰੀਕੇ ਨਾਲ ਮੁਸਲਿਮਾਂ ਨੂੰ ਦਬਾ ਕੇ, ਭਜਾ ਕੇ ਧਰਮ ਦੇ ਅਧਾਰ ਤੇ ਹਿੰਦੂ ਰਾਸ਼ਟਰ ਬਣਾਉਣ ਦੀ ਕਵਾਇਦ ਵਿਚ ਰੁੱਝੇ ਹੋਏ ਹਨ।

ਲੋੜ ਇਸ ਗੱਲ ਦੀ ਹੈ ਕਿ ਇਸ ਦਾ ਡਟ ਕੇ ਵਿਰੋਧ ਕੀਤਾ ਜਾਏ। ਜੇ ਅੱਜ ਅਜਿਹੇ ਹਮਲਿਆਂ ਦਾ ਵਿਰੋਧ ਨਾ ਕੀਤਾ ਗਿਆ ਤਾਂ ਇਹਨਾਂ ਤਾਕਤਾਂ ਨੇ ਸਾਰਾ ਸੰਵਿਧਾਨ ਹੀ ਬਦਲ ਦੇਣਾ ਹੈ। ਸਾਰੀਆਂ ਘੱਟ ਗਿਣਤੀਆਂ ਨੂੰ ਇਕ ਇਕ ਕਰਕੇ ਆਪਣੇ ਗੁਲਾਮ ਬਣਾਉਣ ਦਾ ਯਤਨ ਕਰਨਾ ਹੈ। ਦੇਸ਼ ਦੀ ਸਾਂਝੀ ਵਿਰਾਸਤ ਨੂੰ ਤਹਿਸ ਨਹਿਸ ਕਰਨਾ ਹੈ। ਅੱਜ ਅਸਾਮ, ਬੰਗਾਲ, ਮੇਘਾਲਿਆ, ਤ੍ਰਿਪੁਰਾ ਸੜਕਾਂ ਤੇ ਹੈ...ਆਓ ਇਹਨਾਂ ਦਾ ਸਾਥ ਦੇਈਏ..ਨਹੀਂ ਤਾਂ ਇਹ ਵਿਪਤਾ ਕੱਲ੍ਹ ਸਾਡੇ ਸਾਰਿਆਂ ਤੇ ਆਉਣ ਵਾਲੀ ਹੈ... ਫੋਟੋ ਵਿਚ ਅਸਾਮ ਵਿਚ ਬਣਨ ਜਾ ਰਿਹਾ ਡਿਟੈਂਸ਼ਨ ਸੈਂਟਰ ਦਿਖਾਈ ਦੇ ਰਿਹਾ ਹੈ...

ਸਮਾਜਵਾਦ ਦਾ ਰਾਹੀ, ਬੋਲੀਵੀਆ !

ਸੀ.ਆਈ.ਏ. ਦਾ ਸ਼ਿਕਾਰ

ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਦੱਖਣੀ ਅਮਰੀਕਾ (ਲਾਤੀਨੀ ਅਮਰੀਕਾ) ਦੇ ਦੇਸ਼ਾਂ ਅੰਦਰ, 'ਪੁਰਾਣੀ ਯੂਰਪੀ ਬਸਤੀਵਾਦੀ ਗੁਲਾਮੀ ਅਤੇ ਰਹਿੰਦ-ਖੂੰਹਦ ਵਿਰੁੱਧ ਕਈ ਸਦੀਆਂ ਤੋਂ ਆਜਾਦੀ ਲਈ ਲੋਕਾਂ ਦਾ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿੱਚ ਰੂਪ ਮਾਨ ਹੁੰਦਾ ਆ ਰਿਹਾ ਹੈ! ਯੂਰਪ ਦੇ ਬਹੁਤ ਸਾਰੇ ਸਾਮਰਾਜੀ ਬਸਤੀਵਾਦੀ ਦੇਸ਼ਾਂ ਸਪੇਨ, ਗਰੀਸ, ਪੁਰਤਗਾਲ, ਫਰਾਂਸ, ਇੰਗਲੈਂਡ ਆਦਿ ਵਿਰੁੱਧ ਲਾਤੀਨੀ ਦੇਸ਼ਾਂ ਦੇ ਲੋਕਾਂ ਦੇ ਲਹੂ-ਵੀਟਵੀਆਂ ਲੜਾਈਆਂ ਲੜ ਕੇ ਮੁਕਤੀਆਂ ਪ੍ਰਾਪਤ ਕੀਤੀਆਂ ਸਨ। ਪਿਛਲੀ ਪੂਰੀ ਸਦੀ ਤੋਂ ਵੱਧ ਲਾਤੀਨੀ ਦੇਸ਼ਾਂ ਦੇ ਲੋਕਾਂ ਨੂੰ ਸੰਘਰਸ਼ਾਂ ਬਾਦ ਮਿਲੀ ਆਜਾਦੀ ਨੂੰ ਦੁਨੀਆਂ ਦਾ ਸਾਮਰਾਜੀ ਦੇਸ਼ ਅਮਰੀਕਾ ਅਤੇ ਉਸ ਦੇ ਜੁੰਡੀਦਾਰ ਕਿਸੇ ਨਾ ਕਿਸੇ ਰੂਪ ਵਿੱਚ ਜਮਹੂਰੀ ਢੰਗਾਂ ਨਾਲ ਚੁਣੀਆਂ ਸਰਕਾਰਾਂ ਦੇ ਤਖਤੇ ਉਲਟਾਉਣ ਦੇ ਮਨਸੂਬਿਆਂ ਵਿੱਚ ਸਰਗਰਮ ਰਹੇ ਹਨ। ਲਾਤੀਨੀ ਅਮਰੀਕਾ ਅੰਦਰ ਲੋਕਾਂ ਅਤੇ ਅਮਰੀਕੀ ਸਾਮਰਾਜਵਾਦ ਵਿਚਕਾਰ, 'ਇਨ੍ਹਾਂ ਦੇਸ਼ਾਂ ਵਿੱਚ ਅਮਰੀਕੀ ਰਾਜਸੀ, ਆਰਥਿਕ ਅਤੇ ਫੌਜੀ ਦਖਲ-ਅੰਦਾਜ਼ੀ ਵਿਚਕਾਰ ਤਿੱਖੀ ਵਿਰੋਧਤਾ ਹੋਣ ਨਾਲ ਗੰਭੀਰ ਟਕਰਾਅ ਹੋਰ ਜਾਇਦਾ ਤਿੱਖੇ ਹੋ ਰਹੇ ਹਨ। 20-ਵੀਂ ਸਦੀ ਦੇ ਛੇਵੇਂ ਦਹਾਕੇ ਕਿਊਬਾ ਸੰਕਟ, ਚਿਲੀ ਦੇ ਰਾਸ਼ਟਰਪਤੀ "ਅਲਾਂਡੇ" ਦਾ ਕਤਲ ਅਤੇ ਪਿਛਲੇ ਹਫਤੇ ਬੋਲੀਵੀਆ ਦੇ ਮੂਲਵਾਸੀ ਏਵੋ ਮੋਰੇਲਜ਼ ਰਾਸ਼ਟਰਪਤੀ ਦਾ ਉਲਟ-ਇਨਕਲਾਬੀਆਂ ਵੱਲੋਂ ਤਖਤਾ ਪਲਟ ਦੇਣਾ, 'ਇੱਕ ਨਹੀਂ ਸੈਂਕੜੇ ਸਾਮਰਾਜੀ ਮਨਸੂਬੇ ਸਾਹਮਣੇ ਆ ਚੁੱਕੇ ਹਨ।

ਦੁਨੀਆਂ ਦੇ ਪਹਿਲੇ ਸਮਾਜਵਾਦੀ ਰਾਜ ਸਤਾ ਵਾਲੇ ਦੇਸ਼ ਸੋਵੀਅਤ ਰੂਸ ਦੇ 1991 ਨੂੰ ਖੇਰੂ-ਖੇਰੂ ਹੋਣ ਬਾਦ 'ਸਾਮਰਾਜ ਦੇ ਬਰਾਬਰ ਆਰਥਿਕ, ਸਮਾਜਕ ਅਤੇ ਗਰੀਬ ਤੇ ਪੱਛੜੇ ਦੇਸ਼ਾਂ ਨੂੰ ਅੱਗੇ ਵੱਧਣ ਲਈ ਟੋਹੀ ਤੇ ਹੱਥ ਫੜਨ ਵਾਲੀ ਧਿਰ ਦਾ ਨਾਂ ਰਹਿਣਾ ਹੈ? ਇਨ੍ਹਾਂ ਗਰੀਬ ਦੇਸ਼ਾਂ ਅੰਦਰ ਸਾਮਰਾਜ, ਪੱਛਮੀ ਦੇਸ਼ ਅਤੇ ਨਾਟੋ ਉੱਥੋਂ ਦੇ ਕੁਦਰਤੀ ਸੋਮਿਆਂ ਦੀ ਲੁੱਟ ਕਰਨ ਲਈ ਜਮਹੂਰੀ ਢੰਗਾਂ ਨਾਲ ਚੁਣੀਆਂ ਸਰਕਾਰਾਂ ਦੇ ਤਖਤੇ ਪਲਟਾਉਣ ਲਈ ਉਥੋਂ ਦੇ ਸਾਮਰਾਜੀ ਪਿੱਠੂਆਂ, ਫੌਜੀ ਅਫਸਰਾਂ ਤੇ ਸੀ.ਆਈ.ਏ. ਦੀ ਮਦਦ ਨਾਲ ਸਦਾ ਸਰਗਰਮ ਹੀ ਰਿਹਾ ਹੈ। ਲਾਤੀਨੀ ਅਮਰੀਕਾ ਦੇ ਕਿਊਬਾ ਨੂੰ ਛੱਡ ਕੇ ਕੋਈ ਅਜਿਹਾ ਦੇਸ਼ ਨਹੀਂ ਹੋਵੇਗਾ, "ਜਿੱਥੇ ਸੀ.ਆਈ.ਏ. ਨੇ ਅਜਿਹੇ ਘਿਣੌਨੇ ਕਾਰੇ ਨਾ ਕੀਤੇ ਹੋਣ, ਜਿੱਥੇ ਜਮਹੂਰੀ ਢੰਗ ਨਾਲ ਚੁਣੀਆਂ ਸਰਕਾਰਾਂ ਦੇ ਤਖਤੇ ਨਾ ਪਲਟਾਏ ਹੋਣ? ਲਾਤੀਨੀ ਦੇਸ਼ ਚੀਲ, ਇਕਵਾਰਡੋਰ, ਹੋਂਡਾਰੂਸ, ਨਿਕਾਰਾਗੁਆ, ਪਾਨਾਮਾ, ਬਰਾਜ਼ੀਲ, ਅਰਜਨਟਾਈਨਾ, ਕੋਲੰਬੀਆਂ, ਮੈਕਸੀਕੋ, ਵੈਨਜਵੇਲਾ, ਕਿਊਬਾ ਆਦਿ ਦੇਸ਼ ਸਦਾ ਹੀ ਅਤੇ ਹੁਣੇ ਪਿਛਲੇ ਹਫਤੇ ਹੀ ਬੋਲੀਵੀਆਂ ਵੀ ਸਾਮਰਾਜੀ ਸਾਜ਼ਸ਼ਾਂ ਦਾ ਤਾਜਾ ਸ਼ਿਕਾਰ ਬਣਿਆ ਹੈ। ਇਨ੍ਹਾਂ ਦੇਸ਼ਾਂ ਅੰਦਰ ਖੱਬੇ ਪੱਖੀ ਉਭਾਰ ਨੂੰ ਰੋਕਣ ਲਈ, ਤਾਂ ਕਿ ਸਾਮਰਾਜੀ ਅਮਰੀਕਾ ਆਪਣੀ ਆਰਥਿਕ ਲੁੱਟ ਅਤੇ ਰਾਜਨੀਤਕ ਪ੍ਰਭਾਵ ਜੋ ਪਹਿਲਾ ਸੀ, ਨੂੰ ਮੁੜ ਬਹਾਲ ਕਰ ਸੱਕੇ ਲਈ ਦਖਲ ਅੰਦਾਜੀ ਕਰ ਰਿਹਾ ਹੈ !

ਲਾਤੀਨੀ ਅਮਰੀਕਾ ਦੇ ਦੇਸ਼ ਬੋਲੀਵੀਆ, 'ਜਿੱਥੇ ਸਾਲ 2006 ਤੋਂ ਲੈ ਕੇ ਨਵੰਬਰ, 2019 ਤੱਕ ਏਵੋਂ ਮੋਰੇਲਜ਼ ਜੋ ਸਮਾਜਵਾਦੀ ਧਾਰਨਾ ਦਾ ਪੈਰੋਕਾਰ ਸੀ, 'ਨੇ ਇਸ ਉਥਲ ਪੁਥਲ ਵਾਲੇ ਦੇਸ਼ ਅੰਦਰ 13 ਸਾਲ ਲੋਕ ਪੱਖੀ ਨੀਤੀਆਂ ਲਾਗੂ ਕਰਕੇ ਲੋਕਾਂ ਨੂੰ ਵੱਧੀਆਂ ਟਿਕਾਊ ਰਾਜ ਪ੍ਰਬੰਧ ਪ੍ਰਦਾਨ ਕੀਤਾ। ਰਾਸ਼ਟਰਪਤੀ ਜਿਹੜਾ ਕੇ ਸੋਸ਼ਲਿਸਟ ਪਾਰਟੀ ਦਾ ਆਗੂ ਸੀ, 'ਪਿਛਲੇ ਮਹੀਨੇ ਦੇਸ਼ ਅੰਦਰ ਹੋਈਆਂ ਰਾਸ਼ਟਰਪਤੀ ਚੋਣਾਂ ਦੌਰਾਨ 20 ਅਕਤੂਬਰ 2019 ਨੂੰ ਉਸ ਨੂੰ ਜੇਤੂ ਕਰਾਰ ਦਿੱਤਾ ਗਿਆ ਸੀ। ਪਰ ਦੇਸ਼ ਅੰਦਰ ਪੁਲਿਸ ਅਤੇ ਫੌਜੀ ਜੁੰਡਲੀ ਨੇ ਜਿਨ੍ਹਾਂ ਪਿਛੇ ਸੀ.ਆਈ.ਏ. ਕੰਮ ਕਰਦੀ ਸੀ। ਦੇਸ਼ ਅੰਦਰਲੇ ਉਲਟ-ਇਨਕਲਾਬੀ ਅਨਸਰਾਂ ਨਾਲ ਮਿਲ ਕੇ ਪਹਿਲਾ ਹੀ ਰਚੀ ਸਾਜ਼ਸ਼ ਅਧੀਨ ਸਮਾਜਵਾਦੀ ਰਾਸ਼ਟਰਪਤੀ ਮੋਰੇਲਜ਼ ਵਿਰੁੱਧ ਦੇਸ਼ ਅੰਦਰ ਅਰਾਜਕਤਾ ਪੈਦਾ ਕਰ ਦਿੱਤੀ। ਇਸ ਸ਼ਾਜਸ਼ ਦੀ ਅਗਵਾਨੀ ਪੁਲਿਸ, ਫੌਜ ਅਤੇ ਵਿਰੋਧੀ ਧਿਰ ਦੀ ਆਗੂ ਏਨੇਜ਼ ਨੇ ਕੀਤੀ। ਜਿਨ੍ਹਾਂ ਨੂੰ ਸਾਮਰਾਜੀ ਅਮਰੀਕਾ ਸ਼ਹਿ ਦੇ ਰਿਹਾ ਸੀ। ਚੌਥੀ ਵਾਰ ਰਾਸ਼ਟਰਪਤੀ ਦੀ ਚੋਣ ਬਹੁਭਾਰੀ ਗਿਣਤੀ ਨਾਲ ਜੇਤੂ ਰਹੇ ਜਿਸ ਨੂੰ 20 ਅਕਤੂਬਰ 2019 ਐਲਾਨਿਆ ਵੀ ਗਿਆ, ਜਿੱਤਣ ਬਾਦ ਮੋਰੇਲਜ਼ ਦਾ ਤਖਤਾ ਪਲਟਾ ਕੇ, 'ਦਬਾਅ ਅਧੀਨ ਸਾਰੇ ਜੇਤੂਆਂ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕਰ ਦਿੱਤਾ।

ਦੱਖਣੀ ਅਮਰੀਕਾ ਅੰਦਰ ਬੋਲੀਵੀਆਂ ਹੀ ਅਜਿਹਾ ਇੱਕ ਦੇਸ਼ ਸੀ, 'ਜਿੱਥੇ 2006 ਤੋਂ 2019 ਤੱਕ ਇੱਕ ਸਥਿਰ ਸਰਕਾਰ ਕੰਮ ਕਰ ਰਹੀ ਸੀ। ਸਮਾਜਵਾਦੀ ਪਾਰਟੀ ਦੀ ਅਗਵਾਈ ਅਧੀਨ ਏਵੋ ਮੋਰੇਲਜ਼ ਜਿਹੜਾ ਖੁਦ ਇੱਕ ਕਿਸਾਨ ਸੀ ਅਤੇ ਕਿਸਾਨੀ ਮੰਗਾਂ ਲਈ ਉਨ੍ਹਾਂ ਨੂੰ ਲਾਮਬੰਦ ਕਰਕੇ ਇੱਕ ਟਰੇਡ ਯੂਨੀਨਿਸਟ ਬਣਿਆ। ਉਸ ਨੇ ਮੂਲਵਾਸੀ ਬੋਲੀਵੀਆ ਲੋਕਾਂ ਨੂੰ ਇੱਕ ਲੜੀ ਵਿੱਚ ਪਰੋਇਆ ਅਤੇ ਖੱਬੀ ਸੋਚ ਵਾਲੀ ਸ਼ਕਤੀਸ਼ਾਲੀ ਲਹਿਰ ਰਾਹੀਂ ਮਈ 2006 ਨੂੰ ਉਹ ਬੋਲੀਵੀਆ ਦਾ ਰਾਸ਼ਟਰਪਤੀ ਬਣਿਆ। ਇਸ ਆਹੁਦੇ 'ਤੇ ਉਲਟਾ-ਇਨਕਲਾਬੀਆਂ ਵੱਲੋਂ, ਉਸ ਦੀ ਚੌਥੀ ਵਾਰ ਜਿੱਤ, 'ਜਿਸ ਵਿੱਚ ਉਸਨੇ 64.22 ਫੀਸਦ ਵੋਟ ਪ੍ਰਾਪਤ ਕੀਤੀ, '10-ਨਵੰਬਰ 2019 ਨੂੰ ਉਸ ਦੀ ਸਰਕਾਰ ਦਾ ਤਖਤਾ ਪਲਟ ਦਿੱਤਾ ! ਬੋਲੀਵੀਆ ਜਿਹੇ ਗਰੀਬ ਤੇ ਪੱਛੜੇ ਦੇਸ਼ ਅੰਦਰ ਜੋ ਪਹਿਲਾ ਸਪੇਨੀ ਸਾਮਰਾਜੀ ਬਸਤੀਵਾਦੀਆਂ ਦਾ ਗੁਲਾਮ ਰਿਹਾ। ਫਿਰ ਬਸਤੀਵਾਦੀ ਰਹਿੰਦ-ਖੂੰਹਦ ਤੇ ਸਾਮਰਾਜੀ ਪਿਠੂਆਂ ਦੇ ਬੂਟਾਂ ਹੇਠ ਦਰੜਿਆ ਜਾਂਦਾ ਰਿਹਾ। ਮਈ 2006 ਨੂੰ ਸਮਾਜਵਾਦੀ ਪਾਰਟੀ ਦੀ ਅਗਵਾਈ ਹੇਠ ਇੱਕ ਮੂਲਵਾਸੀ, ਕਿਸਾਨ ਅਤੇ ਟਰੇਡ ਯੂਨੀਨਿਸਟ ਆਗੂ ਨੇ ਬੋਲੀਵੀਆਈ ਲੋਕਾਂ ਦੇ ਸਹਿਯੋਗ ਨਾਲ ਦੇਸ਼ ਵਾਸੀਆਂ ਨੂੰ ਪੂਰਾ ਪੂਰਾ ਸਤਿਕਾਰ ਦਿੱਤਾ। ਪਰ ਲੋਕਾਂ ਦੇ ਰਾਮਦੂਰ ਕਰਨ ਵਾਲਾ ਤੇ ਗਰੀਬੀ ਨੂੰ ਖਤਮ ਕਰਨ ਵਾਲਾ ਸਾਮਰਾਜੀਆਂ ਨੂੰ ਚੰਗਾ ਨਹੀਂ ਲੱਗਾ?

ਬੋਲੀਵੀਆਂ ਅੰਦਰ ਜਦੋਂ ਜਮਹੂਰੀ ਲਹਿਰਾਂ 2006 ਨੂੰ ਮਜਬੂਤ ਹੋਈਆਂ, 'ਜਿਸ ਨੂੰ ਸਾਮਰਾਜੀ ਅਮਰੀਕਾ ਨੇ ਕੁਚਲਨਾਂ ਚਾਹਿਆ ਸੀ। ਪਰ ਮੋਰੇਲਜ਼ ਦੀ ਸਮਾਜਵਾਦੀ ਪਾਰਟੀ ਨੇ "ਗੁਲਾਬੀ ਲਹਿਰ" ਰਾਹੀਂ ਲੋਕਾਂ ਨੂੰ ਆਰਥਿਕ ਖੁਸ਼ਹਾਲੀ ਬਰਾਬਰਤਾ, ਸਿਹਤ, ਸਿੱਖਿਆ ਤੇ ਰੁਜ਼ਗਾਰ ਦੇਣ ਵਾਲੇ ਰਾਹ ਤੇ ਦੇਸ਼ ਨੂੰ ਤੋਰਿਆ। ਹੇਠਲਾ ਵਰਗ ਮੋਰੇਲਜ਼ ਨਾਲ ਲਾਮਬੰਦ ਹੋ ਗਿਆ। ਉਸ ਨੇ ਦੇਸ਼ ਅੰਦਰ ਗਰੀਬੀ ਜੋ 33-ਫੀਸਦ ਸੀ ਦਾ ਖਾਤਮਾ ਕਰਕੇ ਸਾਲ 2006 ਤੋਂ ਇਸ ਨੂੰ ਸਾਲ 2018 ਤੱਕ 15 ਫੀਸਦ ਹੇਠਾਂ ਤੱਕ ਲੈ ਆਂਦਾ। ਦੇਸ਼ ਅੰਦਰ ਸਕੂਲਾਂ ਅਤੇ ਸਿਹਤ ਕਲਿਨਕਾਂ ਦੀ ਇੱਕ ਲਹਿਰ ਚਲਾ ਦਿੱਤੀ। ਉਸ ਨੇ ਦੇਸ਼ ਅੰਦਰ ਇੱਕ ਸਮਾਜਵਾਦੀ ਲਹਿਰ ਵਿੱਢ ਕੇ 21-ਵੀਂ ਸਦੀ ਦੇ ਬੂਹਾਂ ਤੱਕ ਜਨਤਕ ਤਰਜੀਹਾਂ ਨੂੰ ਮਜਬੂਤ ਕੀਤਾ। ਦੇਸ਼ ਅੰਦਰ ਵੱਡੇ ਵੱਡੇ ਫਾਰਮ, ਖੇਤੀ, ਖਾਨਾਂ ਅਤੇ ਹੋਰ ਅਦਾਰੇ ਜੋ ਕਾਰਪੋਰੇਟ ਘਰਾਣਿਆ ਦੇ ਕਬਜਿਆਂ ਵਿੱਚ ਸਨ, 'ਨੂੰ ਨਿੱਜੀ ਖੇਤਰ 'ਚ ਕੱਢ ਕੇ ਉਨ੍ਹਾਂ ਦਾ ਕੌਮੀਕਰਨ ਕਰ ਦਿੱਤਾ। ਅਜਿਹੇ ਕਦਮ ਜਿਨ੍ਹਾਂ ਦੀ ਸਿੱਧੀ ਸੱਟ ਕਾਰਪੋਰੇਟ ਘਰਾਣਿਆ ਦੇ ਹਿੱਤਾਂ ਨੂੰ ਲੱਗਦੀ ਹੋਵੇ, 'ਫਿਰ ਸਾਮਰਾਜੀ ਸ਼ਕਤੀਆਂ ਕਿਵੇਂ ਸ਼ਾਤ ਰਹਿ ਸਕਦੀਆਂ ਹਨ? ਆਖਰ ਬੋਲੀਵੀਆਂ ਦੇ ਮੂਲਵਾਸੀ ਕਿਰਤੀ ਆਗੂ, 'ਜਿਸ ਨੇ ਢੇਰ ਸਾਰੀਆਂ ਲੋਕ ਹਿਤੂ ਬੁਨਿਆਦੀ ਤਬਦੀਲੀਆਂ ਕੀਤੀਆਂ ਸਨ, 'ਸਾਮਰਾਜੀ ਉਸ ਨੂੰ ਕਦ ਤੱਕ ਬਰਦਾਸ਼ਤ ਕਰ ਸਕਦੇ ਸਨ?

ਬੋਲੀਵੀਆਂ ਅੰਦਰ ਰਾਸ਼ਟਰਪਤੀ ਦੀ ਚੋਣ ਵਿੱਚ 20 ਅਕਤੂਬਰ 2019 ਨੂੰ ਮੋਰੇਲਜ਼ ਨੇ 64.22-ਫੀਸਦ ਵੋਟ ਪ੍ਰਾਪਤ ਕੀਤੇ ਸਨ। ਦੋਹਾਂ ਸਦਨਾਂ ਵਿੱਚ ਉਸ ਦੀ ਪਾਰਟੀ ਦਾ ਬਹੁਮਤ ਸੀ। ਪਰ ਉਸ ਵਲੋਂ 10 ਨਵੰਬਰ ਨੂੰ ਅਸਤੀਫਾ ਪੇਸ਼ ਕਰਨਾ ਜੱਚਦਾ ਨਹੀਂ? ਇਹ ਪੁਲਿਸ, ਫੌਜ ਅਤੇ ਸਾਜਸ਼ੀ ਇੱਕ ਚਾਲ ਹੈ। ਜੋ ਸੀ.ਆਈ.ਏ. ਨੇ ਪਹਿਲਾ ਤਿਆਰ ਕੀਤੀ ਹੋਈ ਸੀ। ਦੇਸ਼ ਅੰਦਰ, ਅਰਾਜਕਤਾ ਪੈਦਾ ਕਰਨੀ, ਟਰੰਪ ਵੱਲੋਂ ਕਹਿਣਾ ਕਿ ਮੋਰੇਲਜ਼ ਵੱਲੋਂ ਗੈਰ ਕਾਨੂੰਨੀ ਸਰਕਾਰ ਤੋਂ ਅਸਤੀਫਾ ਦੇਣਾ, ਬਾਦ ਵਿੱਚ ਅਮਰੀਕਾ ਤੇ ਯੂ.ਕੇ. ਵੱਲੋਂ ਕਾਰਜਵਾਹਕ ਸਰਕਾਰ ਨੂੰ ਪ੍ਰਵਾਨਗੀ ਦੇਣੀ, 'ਇਹ ਸਭ ਕੁਝ ਪਹਿਲਾ ਗਿਣਮਿਥ ਕੇ ਕੀਤੀ, ਕਿ ਇੱਕ ਸਾਜ਼ਸ਼ ਸੀ। ਮੋਰੇਲਜ਼ ਦੀ ਦੋਨੋਂ ਸਦਨਾਂ ਵਿੱਚ ਬਹੁਸੰਮਤੀ ਸੀ, 'ਫਿਰ ਅਸਤੀਫਾ ਉਹ ਕਿਉਂ ਦੇਵੇ? ਇਹ ਵੀ ਸਪਸ਼ਟ ਹੋ ਗਿਆ ਹੈ, 'ਕਿ ਦੇਸ਼ ਅੰਦਰ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਤੇ ਪੁਲਿਸ ਵੱਲੋਂ ਤੇ ਫਿਰ ਬਾਦ ਵਿੱਚ ਫੌਜ ਦੀ ਮਿਲੀ ਭੁਗਤ ਨਾਲ ਦੰਗੇ, ਸਾੜ-ਫੂਕ ਅਤੇ ਗੋਲੀਬਾਰੀ ਲਈ ਸਾਜਸ਼ ਨੂੰ ਅੰਜਾਮ ਦਿੱਤਾ ਗਿਆ ਲੱਗਦਾ ਹੈ ਜੋ ਦੇਰ-ਸਵੇਰ ਬਾਹਰ ਆ ਜਾਵੇਗਾ ?

ਬੋਲੀਵੀਆ ਅੰਦਰ ਫੈਲਾਈ ਅਰਾਜਕਤਾ ਲੁੱਟਮਾਰ ਅਤੇ ਪੁਲਿਸ ਤੇ ਫੌਜ ਦੀ ਸ਼ਹਿ ਤੇ ਪੈਦਾ ਕੀਤੇ ਹਾਲਾਤਾਂ ਕਾਰਨ ਮੋਰੇਲਜ਼ ਨੂੰ ਦੇਸ਼ ਛੱਡਣ ਲਈ ਮਜ਼ਬੂਰ ਹੋਣਾ ਪਿਆ। 12-ਨਵੰਬਰ ਨੂੰ ਉਹ ਮੈਕਸੀਕੋ ਪੁੱਜ ਗਿਆ। ਜਿੱਥੇ ਉਥੋਂ ਦੀ ਸਰਕਾਰ ਨੇ ਸਿਆਸੀ ਪਨਾਹ ਦੇ ਦਿੱਤੀ। ਇੱਕ ਪ੍ਰੈਸ ਨੋਟ ਵਿੱਚ ਮੋਰੇਲਜ਼ ਨੇ ਕਿਹਾ, 'ਕਿ ਉਹ ਬੋਲੀਵੀਆ ਦੇ ਲੋਕਾਂ ਲਈ ਲੜਦਾ ਰਹੇਗਾ! ਉਹ ਛੇਤੀ ਦੇਸ਼ ਪਰਤੇਗਾ ਤੇ ਪੂਰੀ ਸ਼ਕਤੀ ਤੇ ਸਮਰੱਥਾ ਨਾਲ ਦੇਸ਼ ਜਾਵੇਗਾ। ਬੋਲੀਵੀਆ ਦਾ ਮੂਲਵਾਸੀ ਜੋ ਕਦੀ "ਅਲਾਮਾ-ਆਜੜੀ" ਜਿਸ ਨੇ ਕੋਕਾ ਉਗਾਉਣ ਵਾਲੇ ਕਿਸਾਨਾਂ ਨੂੰ ਜੱਥੇਬੰਦ ਕੀਤਾ ਤੇ ਦੇਸ਼ ਦਾ 14 ਸਾਲ ਤੱਕ ਰਾਸ਼ਟਰਪਤੀ ਰਿਹਾ। ਗਰੀਬਾਂ ਤੇ ਲੋਕਾਂ ਦਾ ਹਰਮਨ ਪਿਆਰਾ ਆਗੂ ਅੱਜ ਵੀ ਬੋਲੀਵੀਆ ਵਿੱਚ ਲੋਕਾਂ ਨੂੰ ਪ੍ਰਣਾਇਆ ਹੋਇਆ ਹੈ। ਉਸ ਦੇ ਹੱਕ ਵਿੱਚ ਲੱਖਾਂ ਲੋਕ ਸੜਕਾਂ ਤੇ ਉਤਰੇ ਜਿਨ੍ਹਾਂ ਦਾ ਟਾਕਰਾ ਪੁਲਿਸ ਅਤੇ ਫੌਜ ਨਾਲ ਹੋਇਆ। ਲੋਕ ਲਾ-ਪਾਜ ਅਤੇ ਏਲ-ਅਲਟੋ ਵੱਡੇ ਸ਼ਹਿਰਾਂ ਵੱਲ ਵੱਧੇ ਜੋ ਮੋਰੇਲਜ਼ ਦੇ ਸਮਰਥਕ ਹਨ ਅਤੇ ਨਾਹਰੇ ਲਾ ਰਹੇ ਹਨ। ਕਿਉਂਕਿ ਉਹ ਲੱਖਾਂ ਲੋਕਾਂ ਦਾ ਚੁਹੇਤਾ ਸੀ, ਜਿਨ੍ਹਾਂ ਨੂੰ ਉਸ ਨੇ ਗਰੀਬੀ ਤੋਂ ਨਿਜ਼ਾਤ ਦਿਵਾਈ ਸੀ। ਇਨ੍ਹਾਂ 14-ਸਾਲਾਂ ਅੰਦਰ ਇਹ ਪਹਿਲਾ ਮੌਕਾ ਹੈ, 'ਜਦੋਂ ਪੁਲਿਸ ਤੇ ਫੌਜ ਸੜਕਾਂ ਤੇ ਆਈ। ਇੱਕ ਪਾਸੇ ਅਮਰੀਕਨ ਰਾਜਾਂ ਦੀ ਸੰਸਥਾ ਨੇ ਦੁਆਰਾ ਚੋਣਾਂ ਕਰਵਾਉਣ ਲਈ ਕਿਹਾ। ਦੂਸਰੇ ਪਾਸੇ ਇਹ ਵੀ ਚਰਚਾ ਸੀ, 'ਕਿ ਜੇਕਰ ਦੁਆਰਾ ਚੋਣਾਂ ਹੋਈਆਂ ਤਾਂ ਉਹ ਸਾਂਝੇ ਵਿਰੋਧੀ ਉਮੀਦਵਾਰ ਤੋਂ ਹਾਰ ਜਾਵੇਗਾ, ਇਸ ਲਈ ਅਸਤੀਫਾ ਦਿੱਤਾ ਹੈ।

ਪਰ ਦੇਸ਼ ਦੇ ਮੀਡੀਆਂ ਤੇ ਲੋਕ ਚਰਚਾ ਇਹ ਦੱਸ ਰਹੀ ਹੈ, 'ਕਿ ਦੇਸ਼ ਦੇ ਫੌਜੀ ਜਰਨੈਲ ਵਿਲੀਅਮਜ਼ ਕਾਲੀਮਾਨ ਤੇ ਪੁਲਿਸ ਦੇ ਸਾਂਝੇ ਦਬਾਅ ਨੇ ਮੋਰੇਲਜ਼ ਨੂੰ ਅਜਿਹਾ ਕਦਮ ਪੁੱਟਣ ਲਈ ਮਜ਼ਬੂਰ ਕੀਤਾ। ਇਹ ਇੱਕ ਰਾਜ ਪਲਟਾ ਹੈ, 'ਅਸਤੀਫਾ ਨਹੀਂ ਹੈ! ਇਹ ਇੱਕ ਫੌਜੀ ਰਾਜਪਲਟਾ ਹੈ ਅਕਾਡਮਿਕ, ਪ੍ਰੈਸ ਅਤੇ ਰਾਜਨੀਤੀ ਵਿਗਿਆਨਕਾਂ ਨੇ ਫਲੋਰੀਡਾ ਕੌਮਾਂਤਰੀ ਯੂਨੀਵਰਸਿਟੀ ਤੋਂ ਕਿਹਾ। ਭਾਵੇਂ ਕੁਝ ਵੀ ਕਿਹਾ ਜਾਵੇ, ਇਹ ਸਪਸ਼ਟ ਹੈ, 'ਕਿ ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਉਬਾਮਾ ਤੇ ਮੌਜੂਦਾ ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਅੰਦਰ ਬੋਲੀਵੀਆਂ ਨੂੰ ਅਸਥਿਰ ਕਰਨ ਲਈ ਲਗਾਤਾਰ ਦਬਾਅ ਵੱਧ ਰਿਹਾ ਸੀ? ਖੱਬੇਪੱਖੀ ਪ੍ਰਗਤੀਸ਼ੀਲ ਸਰਕਾਰਾਂ ਨੂੰ ਡਾਵਾਂਡੋਰ ਕਰਨ, ਅੰਦਰੂਨੀ ਸੁਰੱਖਿਆ ਨੂੰ ਕਮਜ਼ੋਰ ਕਰਨ, ਵਿਦੇਸ਼ੀ ਦਖਲ ਅੰਦਾਜ਼ੀ ਤੇਜ਼ ਕਰਨ ਦੀਆਂ ਸਾਜ਼ਸਾਂ ਲਗਾਤਾਰ ਤੇਜ਼ ਹੁੰਦੀਆਂ ਜਾ ਰਹੀਆਂ ਸਨ। ਇਸ ਲਈ ਸਾਮਰਾਜੀ ਅਮਰੀਕਾ ਇਨ੍ਹਾਂ ਦੇਸ਼ਾਂ ਅੰਦਰ ਆਪਣੇ ਭਾੜੇ ਦੇ ਟੱਟੂਆਂ ਨੂੰ ਹਰ ਤਰ੍ਹਾਂ ਦੀ ਮਦਦ ਤੇ ਸਹਾਇਤਾ ਦੇ ਕੇ ਸਰਗਰਮ ਰੱਖਦਾ ਰਹਿੰਦਾ ਹੈ। ਲਾਤੀਨੀ ਅਮਰੀਕਾ ਦੇ ਦੇਸ਼ਾਂ ਅੰਦਰ ਖੇਤਰੀ ਮੰਚਾਂ ਤੇ ਕੰਮ ਕਰਦੀਆਂ ਸੰਸਥਾਵਾਂ ਨੂੰ ਕਮਜੋਰ ਕਰਨ ਅਤੇ ਆਪਣੇ ਸੱਜ-ਪਿਛਾਖੜੀ ਸਹਿਯੋਗੀਆਂ ਰਾਹੀਂ ਉਥੋਂ ਦੀਆਂ ਚੁਣੀਆਂ ਸਰਕਾਰਾਂ ਨੂੰ ਅਸਥਿਰ ਕਰਨ ਲਈ ਰਾਜ-ਪਲਟੇ ਕਰਨ ਦੀ ਇੱਕ ਲੰਬੀ ਲਿਸਟ ਹੈ। ਜਿਸ ਲਈ ਸਾਮਰਾਜੀ ਅਮਰੀਕਾ ਤੇ ਉਸ ਦੇ ਪਿੱਠੂ ਜਿੰਮੇਵਾਰ ਹੀ ਪਾਏ ਗਏ ਹਨ ਤੇ ਉਹ ਕਦੀ ਵੀ ਬਰੀ ਨਹੀਂ ਹੋ ਸਕਦੇ ਹਨ?

ਇਹ ਵੀ ਖਬਰਾਂ ਆਈਆਂ ਹਨ, 'ਕਿ ਉਲਟ ਇਨਕਲਾਬੀ ਅਤੇ ਵਿਰੋਧੀ ਸ਼ਕਤੀਆਂ ਜਿਨ੍ਹਾਂ ਨੂੰ ਪੁਲਿਸ ਤੇ ਫੌਜ ਦੀ ਪੁਸ਼ਤ-ਪਨਾਹੀ ਪ੍ਰਾਪਤ ਹੈ ਦੇ ਦਬਾਅ, ਧਮਕੀਆਂ ਅਤੇ ਬਲ-ਪੂਰਵਕ ਮੋਰੇਲਜ਼ ਦੀ ਸਰਕਾਰ ਤੇ ਉਪ-ਰਾਸ਼ਟਰਪਤੀ ਅਲਵਾਰੋ ਗਾਰਸੀਆ ਲਿਨੇਰਾ, ਵਿਦੇਸ਼ ਮੰਤਰੀ ਜਰੋਗੇ ਫੌਗੀ, ਸੈਨੇਟ ਦੇ ਪ੍ਰਧਾਨ ਅਡਰੀਆਨਾ ਸਾਲਵਾ ਏਇਰਾ, ਚੈਂਬਰ ਦੇ ਆਗੂ ਵਿਕਟਰ ਬੋਰਡਾ, ਸੈਨੇਟ ਦਾ ਪਹਿਲਾ ਉਪ-ਪ੍ਰਧਾਨ ਮੇਡੀਨਾ ਸੇਲੀ ਸਭ ਨੇ ਅਸਤੀਫੇ ਦੇ ਦਿੱਤੇ। ਇਨ੍ਹਾਂ ਸਭ ਨੇ ਮੈਕਸੀਕੋ ਅੰਦਰ ਸਿਆਸੀ ਪਨਾਹ ਵੀ ਲੈ ਲਈ ਹੈ। ਬੋਲੀਵੀਆ ਦੇ ਸੰਵਿਧਾਨ ਦੀ ਧਾਰਾ-169 ਅਧੀਨ ਸੈਨੇਟ ਕੰਮ-ਚਲਾਊ ਰਾਸ਼ਟਰਪਤੀ ਦੀ ਆਗਿਆ ਨਹੀਂ ਦਿੰਦਾ ਹੈ। ਪਰ ਫੌਜੀ ਜੁੰਡਲੀ ਨੇ 10 ਨਵੰਬਰ ਨੂੰ ਸ਼੍ਰੀਮਤੀ ਏਨੇਜ਼ (ਉਪ-ਰਾਸ਼ਟਰਪਤੀ) ਨੂੰ ਲਾ-ਪਾਜ ਏਲ ਅਲਟੋ ਲਿਆਂਦਾ ਗਿਆ ਤੇ ਉਸ ਨੂੰ ਬਿਨਾ ਕੋਰਮ ਪੂਰਾ ਹੋਏ, "12-ਨਵੰਬਰ ਨੂੰ ਰਾਸ਼ਟਰਪਤੀ ਦੀ ਸੌਂਹ ਚੁੱਕਾ ਦਿੱਤੀ। ਸਾਰੇ ਦੇਸ਼ ਵਿੱਚ ਅਨਿਸਚਿਤਤਾ ਦੀ ਹਾਲਤ ਬਣੀ ਹੋਈ ਹੈ। ਬਹੁਤ ਸਾਰੇ ਇਲਾਕਿਆ ਅੰਦਰ ਲੋਕ ਮੋਰੇਲਜ਼ ਦੇ ਹੱਕ ਵਿੱਚ ਆਵਾਜ਼ ਉਠਾ ਰਹੇ ਹਨ! ਪੁਲਿਸ ਤੇ ਫੌਜ ਨਾਲ ਹੋਈਆਂ ਝੜਪਾਂ ਦੌਰਾਨ ਦੋ-ਦਰਜਨ ਤੋਂ ਵੱਧ ਲੋਕ ਗੋਲੀਆਂ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਦੇਸ਼ ਸਿਵਲ ਵਾਰ ਵੱਲ ਵੱਧ ਰਿਹਾ, ਪ੍ਰਤੀਤ ਲੱਗ ਰਿਹਾ ਹੈ।

ਦੱਖਣੀ ਅਮਰੀਕਾ ਦਾ ਇਹ ਦੇਸ਼, ਬੋਲੀਵੀਆ ਭੂਗੋਲਿਕ ਤੌਰ 'ਤੇ ਪੱਛਮ ਵੱਲ ਏਜ਼ਡੇਜ਼ ਪਹਾੜੀਆਂ, ਪੂਰਬ ਵੱਲ ਢਲਾਨ ਜੋ ਅਮਾਜੋਨ ਤੇ ਬੇਸਿਨ ਤੱਕ, ਉਤਰ ਤੇ ਪੂਰਬ ਬ੍ਰਾਜ਼ੀਲ, ਦੱਖਣ ਵੱਲ ਪਾਰਾਗੁਏ ਤੇ ਅਰਨਟਾਈਨਾ, ਦੱਖਣ-ਪੱਛਮ ਵੱਲ ਚੀਲ, ਉਤਰ-ਪੂਰਬ ਵੱਲ ਪੀਰੂ ਆਦਿ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਇਸਦਾ ਤੀਸਰਾ ਹਿੱਸਾ ਏਜਡੇਜ਼ ਪਹਾੜੀ ਇਲਾਕਾ ਹੈ। ਬੋਲੀਵੀਆਂ ਦਾ ਕੁੱਲ ਰਕਬਾ 10,98,581 ਵਰਗ ਕਿਲੋਮੀਟਰ ਅਤੇ ਆਬਾਦੀ 1,14,28,245 ਜੋ ਬਹੁ-ਫਿਰਕਿਆ ਅਮੇਰੀਨਡੀਅਨਜ਼, ਮੇਸਟੀਜੋਸ਼, ਯੂਰਪੀਅਨ, ਏਸ਼ੀਅਨ, ਅਫਰੀਕਰਨ ਲੋਕਾਂ ਦੇ ਬਹੁਲਤਾਵਾਦੀ ਸਮੂਹ ਵਾਲਾ ਦੇਸ਼ ਹੈ। ਸਪੇਨੀ ਸਾਮਰਾਜੀ ਬਸਤੀਵਾਦੀ ਰਿਹਾ ਇਹ ਦੇਸ਼, 'ਜਿੱਥੇ ਸਪੈਨਿਸ਼ ਭਾਸ਼ਾ ਤੋਂ ਬਿਨਾਂ 36-ਮੂਲਵਾਸੀ ਲੋਕਾਂ ਦੀਆਂ ਭਾਸ਼ਾਵਾ ਹਨ। ਮੂਲਵਾਸੀ ਲੋਕਾਂ ਦੀ ਭਾਸ਼ਾ ਗੁਰਾਨੀ, ਈਮਾਰਾ ਅਤੇ ਕੁਏਜੁਆ ਏਡੀਅਨ ਖਿੱਤੇ ਅੰਦਰ ਜੋ ਕਦੀ ਇਨਕਾ ਸਲਤਨਤ ਸੀ, ਬੋਲੀਆਂ ਜਾਂਦੀਆਂ ਸਨ। ਇਸ ਦੇਸ਼ ਦੀ ਮੁੱਖ ਆਰਥਿਕਤਾ ਖੇਤੀ, ਜੰਗਲਾਤ, ਮੱਛੀ ਪਾਲਣ, ਖਾਨਾ (ਚਾਂਦੀ), ਸਨਅਤੀ ਪੈਦਾਵਾਰ, ਟੈਕਸਟਾਈਲ, ਕੱਪੜਾ, ਮੁਹੀਨ-ਧਾਤਾਂ, ਵੱਧੀਆਂ ਕਿਸਮ ਦਾ ਪੈਟਰੋਲੀਅਮ, ਚਾਂਦੀ, ਲੀਥੀਅਮ ਧਾਂਤਾਂ ਤੇ ਨਿਰਭਰ ਹੈ। ਕੋਕਾ ਦੀ ਖੇਤੀ ਜਿਸ ਦੇ ਕਿਸਾਨਾਂ ਨੂੰ ਲਾਮਬੰਦ ਕਰਕੇ ਮੋਰੇਲਜ਼ ਜੋ ਇਕ ਕਿਸਾਨ ਸੀ, ਰਾਸ਼ਟਰਪਤੀ ਪਦ ਤੱਕ ਪੁੱਜਿਆ।

ਬੋਲੀਵੀਆਂ ਦੀ ਸਭਿਅਤਾ ਦਾ 2500 ਸਾਲ ਪੁਰਾਣਾ ਇਤਿਹਾਸ ਹੈ। ਇਮਾਰਾ (AYMARA) ਲੋਕ (ਨਸਲ) ਪਹਿਲਾ ਇਸ ਖਿਤੇ 'ਚ ਦਖਲ ਹੋਏ। ਇਸ ਤੋਂ ਪਹਿਲਾ ਇੱਥੇ ਟਿਵੇਕੂ ਸੱਭਿਅਤਾ ਹੁੰਦੀ ਸੀ। 14ਵੀਂ ਸਦੀ ਤੱਕ "ਇਨਕਾ-ਸਾਮਰਾਜ" ਇੱਥੇ ਕਾਇਮ ਰਿਹਾ। 1438-1524 ਬੋਲੀਵੀਆ ਅੰਦਰ ਸਪੇਨੀ ਧਾੜਵੀ ਦਾਖਲ ਹੋਏ ਅਤੇ ਸਪੇਨੀਆਂ ਨੇ ਏਨਡੀਏ-ਖਿਤੇ ਅੰਦਰ ਜਿੱਥੇ ਇਨਕਾ ਸਤਲਨਤ ਸੀ ਨੂੰ ਖਿਦੇੜਕੇ ਇਸ ਇਲਾਕੇ ਤੇ ਕਬਜਾ ਕਰ ਲਿਆ। ਇਹ ਖੇਤਰ ਚਾਂਦੀ-ਧਾਂਤ ਲਈ ਮਸ਼ਹੂਰ ਸੀ ਜਿਸ ਤੇ ਸਪੇਨੀ ਬਸਤੀਵਾਦੀ ਸਾਮਰਾਜੀਆਂ ਨੇ ਕਬਜਾ ਕੀਤਾ। "ਔਡੀਏਨਸ਼ੀਆ ਆਫ ਚਾਰਕਾਸ ਰਾਜਾਸ਼ਾਹੀ" ਜੋ ਇਆਮਾ (IIAMA) ਆਜੜੀ ਕਬੀਲਾ ਸੀ, ਦੇ ਖਾਤਮੇ ਬਾਅਦ ਇਸ ਸਾਰੇ ਇਲਾਕੇ ਅੰਦਰ ਸਪੇਨੀਆ ਦਾ ਕਬਜਾ ਹੋ ਗਿਆ। 16ਵੀਂ ਸਦੀ ਤੋਂ ਲੈ ਕੇ 1809 ਤੱਕ ਸਪੇਨੀਆ ਨੇ ਇੱਥੋਂ ਦੇ ਲੋਕਾਂ ਤੇ ਅਥਾਹ ਜੁਲਮ ਢਾਹੇ। 1809 ਤੋਂ 1820 ਤੱਕ 11 ਸਾਲ ਲੋਕਾਂ ਨੇ ਸਪੇਨੀਆਂ ਵਿਰੁੱਧ ਜੰਗਜੂ-ਸੰਘਰਸ਼ ਕੀਤਾ। ਇਸ ਮੁਕਤੀ ਅੰਦੋਲਨ ਨੂੰ "ਸਾਈਮਨ ਕਮਿਸ਼ਨ ਬੋਲੀਵਾਰ" ਕਿਹਾ ਜਾਂਦਾ ਹੈ, "ਜਿਸ ਨੇ ਲੋਕਾਂ ਨੂੰ ਆਪਣੀ ਸਰਕਾਰ (REPUBLIC) ਨੂੰ ਜਨਮ ਦਿੱਤਾ। ਪਰ ਲੋਕਾਂ ਨੂੰ ਸੰਪੂਰਨ ਆਜ਼ਾਦੀ ਲਈ 7 ਜੂਨ 1842 ਨੂੰ ਪੂਨੋ ਸਮਝੌਤਾ, 1879-1883 ਦੀ ਵਾਰ ਆਫ ਪੈਸੀਫਿਕ, 20ਵੀਂ ਸਦੀ ਦੌਰਾਨ 1920-64 ਤੱਕ ਚਾਕੋ ਯੁੱਧ, 1964-82 ਫੌਜੀ ਜੁੰਡਲੀ ਤੇ ਸੀ.ਆਈ.ਏ ਚੀ ਗੁਵੇਰਾ ਦਾ ਕਤਲ 1967 ਵਿਰੁੱਧ ਸੰਘਰਸ਼ਾਂ ਬਾਅਦ ਹੀ, ਜਮਹੂਰੀ ਪ੍ਰਕਿਰਿਆ ਦੀ ਪ੍ਰਾਪਤੀ ਲਈ ਜੂਨ 2002 ਕੌਮੀ ਚੋਣਾਂ ਤੱਕ ਕੁਰਬਾਨੀਆਂ ਕਰਨੀਆਂ ਪਈਆਂ। ਰਾਸ਼ਟਰਪਤੀ ਕਾਰਲੋਕ ਮੇਸਾਂ ਦੇ ਅਸਤੀਫੇ ਬਾਅਦ, 'ਇਕ ਮਈ 2006 ਨੂੰ ਲੋਕਾਂ ਦੇ ਫਤਵੇਂ ਬਾਅਦ ਹੋਈਆਂ ਚੋਣਾਂ ਅੰਦਰ ਏਵੋ ਮੋਰੇਲਜ਼ ਨੂੰ ਦੇਸ਼ ਦਾ ਰਾਸ਼ਟਰਪਤੀ ਚੁਣਿਆ ਗਿਆ। ਹੁਣ ਚੌਥੀ ਵਾਰ 20-ਅਕਤੂਬਰ 2019 ਨੂੰ ਮੁੜ ਲੋਕਾਂ ਨੇ ਉਸਨੂੰ ਰਾਸ਼ਟਰਪਤੀ ਚੁਣਿਆ। ਪਰ ਉਲਟ ਇਨਕਲਾਬੀ ਅਤੇ ਪੁਲਿਸ ਫੌਜੀ ਜੁੰਡਲੀ ਨੇ ਜਬਰੀ ਅਸਤੀਫਾ ਦੇਣ ਲਈ ਮਜਬੂਰ ਕੀਤਾ!

ਬੋਲੀਵੀਆ ਦੇ 68-ਫੀਸਦ ਮੇਸਟੀਜ਼ੋ, 20-ਫੀਸਦ ਬੋਲੀਵੀਆਈ, 5 ਪ੍ਰਤੀਸ਼ਤ ਗੋਰੇ, 1 ਪ੍ਰਤੀਸ਼ਤ ਸਿਆਹ, 4.00 ਫੀਸਦ ਦੂਸਰੇ ਲੋਕ ਜਿਹੜੇ ਸਦਾ ਹੀ ਮਿਲ ਕੇ ਜਮਹੂਰੀਅਤ ਲਈ ਸਪੇਨੀ ਬਸਤੀਵਾਦੀ, ਤਾਨਾਸ਼ਾਹੀ, ਫੌਜੀ ਜੁੰਡਲੀਆਂ, ਲੋਕ ਵਿਰੋਧੀ ਤੇ ਸੀ.ਆਈ.ਏ. ਦੇ ਪਾਲੇ ਪਿਛਾਖੜੀ ਅਨਸਰਾਂ ਵਿਰੁੱਧ ਸਦਾ ਲੜਦੇ ਰਹੇ ਹਨ। ਅੱਜ ਵੀ ਤੇ ਕੱਲ ਨੂੰ ਵੀ ਉਹ ਲੋਕ ਉਠਣਗੇ, ਜਮਹੂਰੀਅਤ ਤੇ ਸਮਾਜਵਾਦ ਦੀ ਅਗਵਾਈ ਕਰਨ ਵਾਲੇ ਆਗੂਆਂ ਦਾ ਸਾਥ ਦੇਣਗੇ?

ਸਿੱਖਾਂ ਲਈ ਭਗਵਾ ਹਮਦਰਦੀ ਦੇ ਮਾਇਨੇ

ਸ਼ਿਵ ਇੰਦਰ ਸਿੰਘ

ਆਪਣੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਕਮਜ਼ੋਰ ਹਾਲਤ, ਆਮ ਆਦਮੀ ਪਾਰਟੀ ਦੀ ਟੁੱਟ-ਭੱਜ ਕਾਰਨ ਪੰਜਾਬ ਵਿਚ ਤਕੜੀ ਵਿਰੋਧੀ ਧਿਰ ਦੀ ਅਣਹੋਂਦ ਵਾਲੇ ਹਾਲਾਤ ਦਾ ਫਾਇਦਾ ਲੈਣ ਲਈ ਭਾਜਪਾ ਅੰਦਰਖਾਤੇ ਆਪਣੇ ਦਮ ਉੱਤੇ 2022 ਦੀ ਵਿਧਾਨ ਸਭਾ ਚੋਣ ਲੜਨ ਦੀ ਤਿਆਰੀ ਵਿਚ ਹੈ? ਇਸ ਗੱਲ ਦਾ ਜ਼ਿਕਰ ਪੰਜਾਬ ਭਾਜਪਾ ਦੇ ਪ੍ਰਧਾਨ ਕਰ ਚੁੱਕੇ ਹਨ? ਭਾਜਪਾ ਦੇ ਸੀਨੀਅਰ ਨੇਤਾ ਮਦਨ ਮੋਹਨ ਮਿੱਤਲ ਵੀ ਅਕਾਲੀ ਦਲ ਨੂੰ ਮਿਹਣਾ ਮਾਰ ਚੁੱਕੇ ਹਨ ਕਿ ਉਹ ਹੁਣ ਛੋਟੇ ਭਰਾ ਨਹੀਂ, ਅਗਲੀ ਵਾਰ ਘੱਟ ਸੀਟਾਂ ਨਹੀਂ ਲੈਣੀਆਂ?

ਪਿੰਡਾਂ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਭਾਜਪਾ ਨੇ ਜਿਥੇ ਸਿੱਖ ਚਿਹਰਿਆਂ (ਖਾਸ ਕਰ ਜੱਟ ਸਿੱਖਾਂ) ਨੂੰ ਪਾਰਟੀ ਵਿਚ ਸ਼ਾਮਿਲ ਕਰਨਾ ਸ਼ੁਰੂ ਕੀਤਾ ਹੈ, ਉਥੇ ਸੰਘ ਪਰਿਵਾਰ ਵੱਲੋਂ ਵੀ ਇਤਿਹਾਸਕ ਸਿੱਖ ਸ਼ਖ਼ਸੀਅਤਾਂ ਦੇ ਨਾਮ ਤੇ ਸਮਾਜ ਭਲਾਈ ਸੰਸਥਾਵਾਂ ਬਣਾ ਕੇ ਕੰਮ ਕੀਤਾ ਜਾ ਰਿਹਾ ਹੈ। ਇਹ ਓਪਰੀ ਨਜ਼ਰੇ ਤਾਂ ਸਮਾਜ ਭਲਾਈ ਸੰਸਥਾਵਾਂ ਨਜ਼ਰ ਆਉਣਗੀਆਂ ਪਰ ਪੜਤਾਲ ਕਰਨ ਤੇ ਇਨ੍ਹਾਂ ਦਾ ਏਜੰਡਾ ਸਾਹਮਣੇ ਆ ਜਾਵੇਗਾ? 2016 ਵਿਚ ਆਰਐੱਸਐੱਸ ਦੁਆਰਾ ਆਦਿਵਾਸੀ ਬੱਚੀਆਂ ਦੀ ਤਸਕਰੀ ਬਾਰੇ 'ਆਊਟਲੁੱਕ' ਵਿਚ ਛਪੀ ਨੇਹਾ ਦੀਕਸ਼ਤ ਦੀ ਲਿਖਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ? ਇਸ ਵਿਚ ਪਟਿਆਲਾ ਵਿਚ ਬਣੀ ਅਜਿਹੀ ਸੰਸਥਾ ਦਾ ਜ਼ਿਕਰ ਹੈ?

ਸਿੱਖ ਹਲਕਿਆਂ ਵਿਚ ਆਪਣਾ ਆਧਾਰ ਬਣਾਉਣ ਲਈ ਭਾਜਪਾ ਦੀ ਅੱਖ ਅਕਾਲੀ ਦਲ ਨਾਲੋਂ ਨਾਰਾਜ਼ ਹੋਏ ਲੀਡਰਾਂ ਉੱਤੇ ਹੈ? ਭਾਜਪਾ ਪਰਵਾਸੀ ਸਿੱਖਾਂ ਨੂੰ ਖ਼ੁਸ਼ ਕਰਨ ਲਈ ਵੀ ਹਰ ਹੀਲਾ ਵਰਤ ਰਹੀ ਹੈ? ਭਾਜਪਾ ਨੇਤਾਵਾਂ ਨੇ ਸਿੱਖ ਭਾਈਚਾਰੇ ਨੂੰ ਆਪਣੇ ਵੱਲ ਖਿੱਚਣ ਵਾਲੇ ਬਿਆਨ ਅਤੇ ਐਲਾਨ ਦਾਗੇ ਹਨ? ਲੋਕ ਸਭਾ ਚੋਣਾਂ ਦੌਰਾਨ ਨਰਿੰਦਰ ਮੋਦੀ ਨੇ ਆਪਣੇ ਇੱਕ ਚੁਣਾਵੀ ਭਾਸ਼ਣ ਵਿਚ ਸਿੱਖਾਂ ਨੂੰ 1984 ਦੇ ਕਤਲੇਆਮ ਦਾ ਇਨਸਾਫ ਦਿਵਾਉਣ ਦੀ ਗੱਲ ਕੀਤੀ? ਕੇਂਦਰ ਸਰਕਾਰ ਨੇ ਵਿਦੇਸ਼ਾਂ ਵਿਚ ਵਸਦੇ 312 ਸਿੱਖਾਂ ਦੇ ਨਾਮ 'ਕਾਲੀ ਸੂਚੀ' ਵਿਚੋਂ ਖ਼ਤਮ ਕਰਨ ਦਾ ਐਲਾਨ ਕੀਤਾ ਹੈ, ਹਾਲਾਂਕਿ ਪਰਵਾਸੀ ਸਿੱਖ ਇਸ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੇ ਹਨ?

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਵੱਖ ਵੱਖ ਜੇਲ੍ਹਾਂ ਵਿਚ ਬੰਦ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਗਿਆ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦਾ ਐਲਾਨ ਹੋਇਆ ਹਾਲਾਂਕਿ ਗ੍ਰਹਿ ਮੰਤਰੀ ਨੇ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿਚ ਆਖਿਆ ਕਿ ਰਾਜੋਆਣਾ ਦੀ ਸਜ਼ਾ ਮੁਆਫ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ ਕੈਨੇਡਾ ਦੇ ਕਰੋੜਪਤੀ ਸਿੱਖ ਰਿਪੁਦਮਨ ਸਿੰਘ ਮਲਿਕ ਨੂੰ ਵੀਜ਼ਾ ਦੇਣ ਦਾ ਮਸਲਾ ਹੈ। ਮਲਿਕ 1985 ਵਿਚ ਹੋਏ ਏਅਰ ਇੰਡੀਆ ਕਨਿਸ਼ਕ ਕਾਂਡ ਦਾ ਸ਼ੱਕੀ ਮੰਨਿਆ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਉਸ ਨੂੰ ਬਰੀ ਕਰ ਦਿੱਤਾ ਸੀ? ਉਂਜ, ਜੱਜ ਨੇ ਸਾਫ ਕਿਹਾ ਸੀ ਕਿ ਉਸ ਨੂੰ ਸਬੂਤ ਨਾ ਮਿਲਣ ਕਾਰਨ ਛੱਡਿਆ ਜਾ ਰਿਹਾ ਹੈ; ਇਸ ਦਾ ਮਤਲਬ ਇਹ ਨਹੀਂ ਕਿ ਮਲਿਕ ਬੇਗੁਨਾਹ ਹੈ? ਯਾਦ ਰਹੇ ਕਿ ਰਿਪੁਦਮਨ ਸਿੰਘ ਮਲਿਕ ਦੇ ਗਰਮਖਿਆਲੀ ਜਥੇਬੰਦੀਆਂ ਨਾਲ ਸਬੰਧ ਮੰਨੇ ਜਾਂਦੇ ਰਹੇ ਹਨ, ਭਾਵੇਂ ਗਰਮਖਿਆਲੀ ਜਥੇਬੰਦੀਆਂ ਉਸ ਨੂੰ ਭਾਰਤੀ ਏਜੰਸੀਆਂ ਦਾ ਜਾਸੂਸ ਆਖਣ ਤੱਕ ਜਾਂਦੀਆਂ ਹਨ?

ਹੁਣ ਸਵਾਲ ਹੈ: ਕੀ ਭਾਜਪਾ ਅਤੇ ਮੋਦੀ ਸਰਕਾਰ ਦੁਆਰਾ ਸਿੱਖਾਂ ਲਈ ਜਤਾਇਆ ਜਾ ਰਿਹਾ ਹੇਜ ਬੇੜੀ ਪਾਰ ਲਾ ਦੇਵੇਗਾ? ਕੀ ਸੰਘ ਤੇ ਭਾਜਪਾ ਦਾ ਪੰਜਾਬ ਤੇ ਸਿੱਖ ਵਿਰੋਧੀ ਅਤੀਤ ਪਿੱਛਾ ਛੱਡੇਗਾ? ਭਾਜਪਾ ਅਤੇ ਆਰਐੱਸਐੱਸ ਜੋ ਪੂਰੇ ਭਾਰਤ ਨੂੰ ਇਕ ਰੰਗ, ਵਿਚਾਰ ਤੇ ਸੱਭਿਆਚਾਰ ਵਿਚ ਰੰਗਿਆ ਦੇਖਣਾ ਚਾਹੁੰਦੇ ਹਨ, ਦੇ ਛੋਟੇ-ਵੱਡੇ ਨੇਤਾ ਘੱਟਗਿਣਤੀਆਂ ਖ਼ਿਲਾਫ਼ ਨਫ਼ਰਤੀ ਤਕਰੀਰਾਂ ਕਰਦੇ ਰਹਿੰਦੇ ਹਨ, ਕੀ ਉਹ ਸੱਚਮੁੱਚ ਸਿੱਖ ਹਿਤੈਸ਼ੀ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਲੋੜ ਵੀ ਹੈ ਕਿ ਜਦੋਂ ਪੰਜਾਬ ਬਲ਼ ਰਿਹਾ ਸੀ ਅਤੇ 1984 ਦੇ ਕਤਲੇਆਮ ਸਮੇਂ ਭਾਜਪਾ ਅਤੇ ਸੰਘ ਦੀ ਕੀ ਪੁਜ਼ੀਸ਼ਨ ਸੀ?

ਜਦੋਂ ਪੰਜਾਬੀ ਸੂਬਾ ਅੰਦੋਲਨ ਚੱਲ ਰਿਹਾ ਸੀ ਤਾਂ ਭਾਜਪਾ ਦਾ ਪਹਿਲਾ ਰੂਪ ਜਨ ਸੰਘ ਮਹਾਂ-ਪੰਜਾਬ ਲਹਿਰ ਚਲਾ ਕੇ ਪੰਜਾਬ ਦੇ ਦੋ ਵੱਡੇ ਭਾਈਚਾਰਿਆਂ ਨੂੰ ਆਪਸ 'ਚ ਲੜਾ ਰਹੀ ਸੀ। ਪੰਜਾਬੀ ਹਿੰਦੂਆਂ ਨੂੰ ਮਾਤ-ਭਾਸ਼ਾ ਹਿੰਦੀ ਲਿਖਵਾਉਣ ਲਈ ਪ੍ਰੇਰਿਆ ਜਾ ਰਿਹਾ ਸੀ। ਅੰਮ੍ਰਿਤਸਰ 'ਚ ਦਰਬਾਰ ਸਾਹਿਬ ਨੇੜੇ ਬੀੜੀ, ਗੁਟਖਾ ਤੇ ਤੰਬਾਕੂ ਦੀਆਂ ਦੁਕਾਨਾਂ ਲਗਵਾਉਣ ਦੀ ਮੰਗ ਕਰਨ ਵਾਲਿਆਂ ਨੂੰ ਵੀ ਇਨ੍ਹਾਂ ਸੰਗਠਨਾਂ ਦੀ ਹਮਾਇਤ ਪ੍ਰਾਪਤ ਸੀ। ਦਰਬਾਰ ਸਾਹਿਬ ਦਾ ਮਾਡਲ ਤੋੜਨ ਵਾਲਾ ਹਰਬੰਸ ਲਾਲ ਖੰਨਾ ਭਾਜਪਾ ਦਾ ਸੂਬਾ ਪੱਧਰੀ ਲੀਡਰ ਸੀ।

ਅਪਰੇਸ਼ਨ ਬਲਿਊ ਸਟਾਰ ਲਈ ਤਤਕਾਲੀਨ ਸਰਕਾਰ ਤੇ ਜ਼ੋਰ ਪਾਉਣ ਵਾਲਿਆਂ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਮੋਹਰੀ ਸਨ। ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਦਿਨ ਪਹਿਲਾਂ ਤੱਕ ਲਾਲ ਕ੍ਰਿਸ਼ਨ ਅਡਵਾਨੀ ਅਤੇ ਅਟਲ ਬਿਹਾਰੀ ਵਾਜਪਾਈ ਧਰਨੇ ਤੇ ਬੈਠੇ ਸਨ ਕਿ ਦਰਬਾਰ ਸਾਹਿਬ ਫ਼ੌਜ ਭੇਜੀ ਜਾਵੇ। ਅਡਵਾਨੀ ਆਪਣੀ ਸਵੈ-ਜੀਵਨੀ 'ਮਾਈ ਕੰਟਰੀ ਮਾਈ ਲਾਈਫ' ਵਿਚ ਇਹ ਗੱਲ ਸਵੀਕਾਰਦਾ ਹੈ ਅਤੇ ਫ਼ੌਜੀ ਕਾਰਵਾਈ ਦੀ ਤਾਰੀਫ਼ ਵੀ ਕਰਦਾ ਹੈ। ਫ਼ੌਜੀ ਕਾਰਵਾਈ ਤੋਂ ਬਾਅਦ ਆਰਐੱਸਐੱਸ ਵੱਲੋਂ ਲੱਡੂ ਵੰਡਣ ਦੀਆਂ ਖਬਰਾਂ ਵੀ ਆਈਆਂ ਸਨ।

ਮੋਦੀ ਸਰਕਾਰ ਨੇ ਜਿਸ ਨਾਨਾਜੀ ਦੇਸ਼ਮੁਖ ਨੂੰ ਭਾਰਤ ਰਤਨ ਨਾਲ ਸਨਮਾਨਿਆ ਹੈ, ਉਸ ਨੇ ਆਪਣੇ ਲੇਖ 'ਮੋਮੈਂਟ ਆਫ਼ ਸੋਲ ਸਰਚਿੰਗ' ਵਿਚ ਦਰਬਾਰ ਸਾਹਿਬ ਤੇ ਕੀਤੀ ਫ਼ੌਜੀ ਕਾਰਵਾਈ ਲਈ ਇੰਦਰਾ ਗਾਂਧੀ ਦੀ ਸਿਫਤ ਕੀਤੀ ਸੀ ਅਤੇ 1984 ਦੇ ਸਿੱਖ ਕਤਲੇਆਮ ਨੂੰ ਇਹ ਕਹਿ ਕੇ ਸਹੀ ਠਹਿਰਾਇਆ ਕਿ ਇਹ ਸਿੱਖ ਨੇਤਾਵਾਂ ਦੀਆਂ ਗਲਤੀਆਂ ਦਾ ਹੀ ਸਿੱਟਾ ਹੈ। ਅੱਜਕੱਲ੍ਹ ਭਾਜਪਾ ਨਾਲ ਰੁੱਸਿਆ ਅਤੇ ਵਾਜਪਾਈ ਸਰਕਾਰ ਵਿਚ ਮੰਤਰੀ ਰਹਿ ਚੁੱਕਾ ਅਰੁਣ ਸ਼ੋਰੀ ਵੀ ਆਪਣੇ ਲੇਖ 'ਲੈਸਨਜ਼ ਫਰੌਮ ਦਿ ਪੰਜਾਬ' ਵਿਚ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ।

1984 ਦੇ ਸਿੱਖ ਕਤਲੇਆਮ ਵਿਚ ਭਾਜਪਾ ਤੇ ਆਰਐੱਸਐੱਸ ਨੇਤਾਵਾਂ ਦੀ ਸ਼ਮੂਲੀਅਤ ਦੀ ਵੀ ਚਰਚਾ ਰਹੀ ਹੈ। ਦਿੱਲੀ ਸਿਟੀ ਪੁਲੀਸ ਕੋਲ ਦਰਜ 14 ਐਫਆਈਆਰਜ਼ ਵਿਚ ਭਾਜਪਾ ਅਤੇ ਸੰਘ ਨਾਲ ਸਬੰਧਤ 49 ਸ਼ਖ਼ਸਾਂ ਦੇ ਨਾਮ ਹਨ। ਸ੍ਰੀਨਿਵਾਸਪੁਰ ਪੁਲੀਸ ਸਟੇਸ਼ਨ (ਦੱਖਣੀ ਦਿੱਲੀ) ਵਿਚ ਵੱਧ ਮਾਮਲੇ ਦਰਜ ਹਨ। ਐਫਆਈਆਰਜ਼ ਤੋਂ ਪਤਾ ਲਗਦਾ ਹੈ ਕਿ ਹਰੀ ਨਗਰ, ਆਸ਼ਰਮ, ਭਗਵਾਨ ਨਗਰ, ਸਨਲਾਈਟ ਕਲੋਨੀ ਵਿਚ ਭਾਜਪਾ ਤੇ ਆਰਐੱਸਐੱਸ ਨੇਤਾਵਾਂ ਨੇ ਹੱਤਿਆ, ਅੱਗਜ਼ਨੀ, ਲੁੱਟ-ਖੋਹ ਦੇ ਮਾਮਲਿਆਂ ਨੂੰ ਅੰਜਾਮ ਦਿੱਤਾ। ਇਨ੍ਹਾਂ ਵਿਚ ਇਕ ਨਾਂ ਰਾਮ ਕੁਮਾਰ ਜੈਨ ਦਾ ਹੈ ਜੋ 1980 ਦੀ ਲੋਕ ਸਭਾ ਚੋਣ ਵਿਚ ਅਟਲ ਬਿਹਾਰੀ ਵਾਜਪਾਈ ਦਾ ਚੋਣ ਏਜੰਟ ਸੀ। ਉਘੇ ਵਿਦਵਾਨ ਸ਼ਮਸ-ਉਲ ਇਸਲਾਮ ਦਾ ਕਹਿਣਾ ਹੈ- ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਨੇ ਰਾਸ਼ਟਰਵਾਦ ਦੇ ਨਾਮ ਤੇ ਜਿਸ ਢੰਗ ਨਾਲ ਬਹੁਗਿਣਤੀ ਦੀਆਂ ਭਾਵਨਾਵਾਂ ਭੜਕਾ ਕੇ ਚੋਣ ਜਿੱਤੀ, ਉਸ ਤੋਂ ਇਹ ਗੱਲ ਸਾਫ ਹੈ ਕਿ ਕੱਟੜਵਾਦੀ ਹਿੰਦੂ ਸੰਗਠਨ ਪੂਰੀ ਤਰ੍ਹਾਂ ਕਾਂਗਰਸ ਨਾਲ ਸਨ।

1991 ਵਿਚ ਪੀਲੀਭੀਤ (ਯੂਪੀ) ਵਿਚ ਭਾਜਪਾ ਦੀ ਕਲਿਆਣ ਸਿੰਘ ਸਰਕਾਰ ਵੇਲੇ 10 ਸਿੱਖ ਸ਼ਰਧਾਲੂਆਂ ਨੂੰ ਅਤਿਵਾਦੀ ਆਖ ਕੇ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਕੱਛ ਅਤੇ ਭੁੱਜ ਇਲਾਕੇ ਵਿਚ ਵਸਦੇ ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵਾਲਾ ਬਿੱਲ ਲਿਆਂਦਾ? ਜਦੋਂ ਸਰਕਾਰ ਹਾਈ ਕੋਰਟ ਵਿਚ ਹਾਰ ਗਈ ਤਾਂ ਮਾਮਲਾ ਸੁਪਰੀਮ ਕੋਰਟ ਲਿਜਾਇਆ ਗਿਆ। ਗੁਜਰਾਤ ਵਿਚ ਭਾਜਪਾ ਦੇ ਸਥਾਨਕ ਲੀਡਰ ਹੁਣ ਵੀ ਪੰਜਾਬੀ ਕਿਸਾਨਾਂ ਨਾਲ ਵਿਤਕਰਾ ਕਰਦੇ ਹਨ।

ਅਨੇਕ ਸਿੱਖ ਬੁਧੀਜੀਵੀ ਅਤੇ ਲੀਡਰ ਮੰਨਦੇ ਹਨ ਕਿ ਆਰਐੱਸਐੱਸ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਨਾ ਚਾਹੁੰਦੀ ਹੈ। ਸਮੇਂ ਸਮੇਂ ਇਸ ਦੀਆਂ ਮਿਸਾਲਾਂ ਵੀ ਮਿਲੀਆਂ ਹਨ। ਆਰਐੱਸਐੱਸ ਦੇ ਪ੍ਰਕਾਸ਼ਨਾਂ ਜਾਂ ਉਸ ਦੀ ਸੋਚ ਵਾਲੇ ਪ੍ਰਕਾਸ਼ਨਾਂ ਦੁਆਰਾ ਸਿੱਖ ਇਤਿਹਾਸ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਸਿੱਖ ਗੁਰੂਆਂ ਦੀਆਂ ਮਨੁੱਖਤਾ ਲਈ ਲੜੀਆਂ ਲੜਾਈਆਂ ਨੂੰ ਮੁਸਲਿਮ ਵਿਰੋਧ ਵਜੋਂ ਦਿਖਾਇਆ ਗਿਆ ਹੈ। ਕਈ ਕਿਤਾਬਾਂ ਵਿਚ ਸਿੱਖ ਗੁਰੂਆਂ ਦੀ ਕਿਰਦਾਰਕੁਸ਼ੀ ਵੀ ਕੀਤੀ ਗਈ ਹੈ।

ਮਈ 2019 ਦੇ 'ਕਾਰਵਾਂ' ਮੈਗਜ਼ੀਨ ਵਿਚ ਨਿਕਿਤਾ ਸਕਸੈਨਾ ਦੀ ਖੋਜ ਰਿਪੋਰਟ ਦੱਸਦੀ ਹੈ ਕਿ ਸਰਕਾਰੀ ਦਸਤਾਵੇਜ਼ਾਂ ਵਿਚ ਮੋਦੀ ਸਰਕਾਰ ਅੱਜ ਵੀ 'ਸਿੱਖ ਅਤਿਵਾਦ' ਸ਼ਬਦ ਵਰਤਦੀ ਹੈ? ਰਿਪੋਰਟ ਅਨੁਸਾਰ- 'ਅਤਿਵਾਦ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਉੱਤੇ ਸਥਾਈ ਫੋਕਸ ਸਮੂਹ (ਜੋ ਗ੍ਰਹਿ ਮੰਤਰਾਲੇ ਅਧੀਨ ਆਉਂਦੇ ਖੁਫ਼ੀਆ ਵਿਭਾਗ ਅਧੀਨ ਕੰਮ ਕਰਦਾ ਹੈ, ਦੇ ਪੱਤਰ ਵਿਚ ਸਿੱਖ ਅਤਿਵਾਦ ਸ਼ਬਦ ਲਿਖਿਆ ਗਿਆ ਹੈ) ਦਾ ਉਦੇਸ਼ ਇਸਲਾਮੀ ਅਤੇ ਸਿੱਖ ਅਤਿਵਾਦ 'ਤੇ ਕੰਮ ਕਰਨਾ ਹੈ?'

ਭਾਜਪਾ ਦੁਆਰਾ ਸਿੱਖਾਂ ਪ੍ਰਤੀ ਜਤਾਏ ਜਾ ਰਹੇ ਹੇਜ ਬਾਰੇ ਬਹੁਤੇ ਸਿੱਖ ਵਿਦਵਾਨ ਮੌਜੂਦਾ ਸਿਆਸੀ ਮਾਹੌਲ ਨਾਲ ਵੀ ਜੋੜ ਕੇ ਦੇਖਦੇ ਹਨ? ਉਨ੍ਹਾਂ ਦਾ ਮੰਨਣਾ ਹੈ ਕਿ ਇਕ ਪਾਸੇ ਕੇਂਦਰ ਸਰਕਾਰ ਕਸ਼ਮੀਰੀਆਂ ਨੂੰ ਦਬਾਉਣਾ ਚਾਹੁੰਦੀ ਹੈ, ਦੂਜੇ ਪਾਸੇ ਸਿੱਖਾਂ ਤੇ ਪੰਜਾਬ ਨੂੰ ਖ਼ੁਸ਼ ਰੱਖਣਾ ਚਾਹੁੰਦੀ ਹੈ? ਅਸਲ ਵਿਚ ਪੰਜਾਬੀਆਂ ਅਤੇ ਕਸ਼ਮੀਰੀਆਂ ਦਰਮਿਆਨ ਨੇੜਤਾ ਸਰਕਾਰ ਨੂੰ ਤੰਗ ਕਰ ਰਹੀ ਹੈ ਕਿਉਂਕਿ ਪੂਰੇ ਮੁਲਕ ਵਿਚ ਪੰਜਾਬ ਵਿਚੋਂ ਹੀ ਕਸ਼ਮੀਰੀਆਂ ਦੇ ਹੱਕ ਵੱਡੇ ਪੱਧਰ ਤੇ ਆਵਾਜ਼ ਬੁਲੰਦ ਹੋਈ ਹੈ? ਵਿਦੇਸ਼ਾਂ ਵਿਚ ਵੀ ਪੰਜਾਬੀਆਂ ਤੇ ਸਿੱਖਾਂ ਨੇ ਮੋਦੀ ਦੀਆਂ ਵਿਦੇਸ਼ ਫੇਰੀਆਂ ਦਾ ਵਿਰੋਧ ਕੀਤਾ ਅਤੇ ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ? ਸਿੱਖ ਵਿਦਵਾਨਾਂ ਅਨੁਸਾਰ, ਭਾਜਪਾ ਦੁਆਰਾ ਸਿੱਖਾਂ ਲਈ ਜਤਾਏ ਜਾ ਰਹੇ ਹੇਜ ਦਾ ਮੰਤਵ ਸਿੱਖਾਂ ਨੂੰ ਆਪਸ ਵਿਚ ਵੰਡਣਾ ਹੈ? ਯਾਦ ਰਹੇ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਰਐੱਸਐੱਸ ਨੂੰ ਘੱਟਗਿਣਤੀਆਂ ਵਿਰੋਧੀ ਸੰਸਥਾ ਦੱਸ ਕੇ ਇਸ ਤੇ ਰੋਕ ਲਾਉਣ ਦੀ ਮੰਗ ਕਰ ਚੁੱਕੇ ਹਨ?

ਇਸ ਨੂੰ ਭਾਰਤੀ ਲੋਕਤੰਤਰ ਦੀ ਤ੍ਰਾਸਦੀ ਹੀ ਮੰਨ ਸਕਦੇ ਹਾਂ ਕਿ 1984 ਵਿਚ ਇਕ ਸ਼ਖ਼ਸ ਘੱਟਗਿਣਤੀ ਦੇ ਕਤਲਾਂ ਦੀ ਤੁਲਨਾ 'ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ' ਨਾਲ ਕਰ ਬਹੁਗਿਣਤੀ ਦੀਆਂ ਭਾਵਨਾਵਾਂ ਰਾਸ਼ਟਰਵਾਦ ਦੇ ਰੰਗ ਵਿਚ ਰੰਗ ਕੇ ਪ੍ਰਧਾਨ ਮੰਤਰੀ ਬਣ ਜਾਂਦਾ ਹੈ; ਪੂਰੇ 30 ਸਾਲ ਬਾਅਦ ਇਕ ਹੋਰ ਸ਼ਖ਼ਸ ਪ੍ਰਧਾਨ ਮੰਤਰੀ ਬਣਦਾ ਹੈ ਜੋ ਦੂਜੀ ਘੱਟਗਿਣਤੀ ਦੇ ਕਤਲਾਂ ਦੀ ਤੁਲਨਾ 'ਨਿਊਟਨ ਦੇ ਤੀਜੇ ਗਤੀ ਨਿਯਮ' ਨਾਲ ਕਰਦਾ ਹੈ। ਫਿਰ ਉਹ ਆਪਣੇ ਪੰਜਾਂ ਸਾਲਾਂ ਦੇ ਰਾਜ ਵਿਚ ਅਜਿਹਾ ਮਾਹੌਲ ਤਿਆਰ ਕਰ ਦਿੰਦਾ ਹੈ ਜਿਥੇ ਘੱਟਗਿਣਤੀ ਦੇ ਕਤਲ, ਮਾਰ-ਕੁਟਾਈ ਆਮ ਵਰਤਾਰਾ ਬਣ ਜਾਂਦਾ ਹੈ। ਕਾਤਲਾਂ ਨੂੰ ਸਲਾਮੀਆਂ ਦਿੱਤੀਆਂ ਜਾਂਦੀਆਂ ਹਨ। ਹਜੂਮੀ ਹਿੰਸਾ 'ਲੋਕਾਂ ਦੁਆਰਾ ਕੀਤਾ ਇਨਸਾਫ' ਹੋ ਜਾਂਦਾ ਹੈ। ਇਸ ਨੁਕਤਾ-ਨਿਗ੍ਹਾ ਤੋਂ ਮੋਦੀ ਦਾ ਸਿੱਖ ਹੇਜ ਅਜਿਹਾ ਸਿਆਸੀ ਜੁਮਲਾ ਹੈ ਜਿਸ ਦੇ ਥੱਲੇ ਭਾਜਪਾ ਅਤੇ ਸੰਘ ਦੇ ਸਿੱਖ ਵਿਰੋਧੀ ਇਤਿਹਾਸ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ?

"ਅੰਮ੍ਰਿਤਸਰ 'ਚ ਜੰਮਿਆ ਹਿੰਦੂ ਤੇ ਬਨਾਰਸ 'ਚ ਜੰਮਿਆ ਸਿੱਖ"

-ਮੋਨਿਕਾ ਕੁਮਾਰ

ਮੈਂ ਜਦੋਂ ਨਕੋਦਰ ਵਿਚ ਵੱਡੀ ਹੁੰਦੀ ਪਈ ਸੀ ਤੇ ਆਲੇ ਦੁਆਲੇ ਦੇ ਮਾਹੌਲ ਨੂੰ ਸਮਝਣ ਲੱਗੀ ਤਾਂ ਮੈਨੂੰ ਇਹ ਲੱਗਾ ਕਿ ਪੰਜਾਬ ਵਿਚ ਸਿੱਖ ਹੋਣਾ ਹਿੰਦੂ ਹੋਣ ਨਾਲੋਂ ਜ਼ਿਆਦਾ ਤਾਕਤਵਰ ਹੋਣਾ ਹੈ। ਭਾਵੇਂ ਇਸ ਸ਼ਹਿਰ ਵਿਚ ਹਿੰਦੂਆਂ ਦੀ ਕਾਫੀ ਗਿਣਤੀ ਹੈ, ਹਿੰਦੂ ਧਰਮ ਨਾਲ ਜੁੜੇ ਮੰਦਰ ਤੇ ਆਸ਼ਰਮ ਵੀ ਥਾਈਂ ਥਾਈਂ ਬਣੇ ਹੋਏ ਹਨ ਪਰ demography ਤੇ social reality ਵਿਚ ਇਸ ਵੱਡੇ ਫਰਕ ਨੂੰ ਬੜੀ ਆਸਾਨੀ ਨਾਲ ਪੰਜਾਬ ਵਿਚ ਵੇਖਿਆ ਜਾ ਸਕਦਾ ਹੈ। ਚਾਹੇ ਕਿ ਸਿੱਖ ਸਾਰੀ ਦੁਨੀਆ ਵਿਚ ਫੈਲੇ ਹੋਏ ਨੇ ਪਰ ਫੇਰ ਵੀ ਸਭ ਤੋਂ ਵਧ ਸਿਖ ਅੱਜ ਵੀ ਪੰਜਾਬ 'ਚ ਹੀ ਰਹਿੰਦੇ ਨੇ। ਇਥੇ ਹੀ ਸਿੱਖ ਧਰਮ ਨਾਲ ਜੁੜੀਆਂ ਇਤਿਹਾਸਕ ਥਾਵਾਂ ਨੇ, ਸਿਖ ਗੁਰੂਆਂ ਦੇ ਜੀਵਨ ਨਾਲ ਜੁੜੇ ਅਸਥਾਨ ਵੀ ਇਥੇ ਨੇ, ਇਥੇ ਹੀ ਹਰਿਮੰਦਿਰ ਸਾਹਿਬ ਹੈ।

ਮੈਂ ਬਚਪਨ ਵਿਚ ਇਹ ਮਹਿਸੂਸ ਕੀਤਾ ਕਿ ਪੰਜਾਬ ਵਿਚ ਇਹ ਗੱਲ ਲਿਖੀ ਹੋਵੇ ਨਾ ਹੋਵੇ ਪਰ ਹਵਾ ਵਿਚ ਹੈ ਕਿ ਪੰਜਾਬ ਵਿਚ ਸਿੱਖ ਪਰਿਵਾਰ ਵਿਚ ਜਨਮ ਹੋਣ ਦਾ ਮਤਲਬ ਕਿ ਤੁਸੀਂ ਆਪਣੇ ਦੇਸ ਪੈਦਾ ਹੋਏ ਹੋ, ਇਸਦੀ ਨਾਗਰਿਕਤਾ ਨੂੰ ਧਾਰਮਿਕ ਤੌਰ ਤੇ ਖ਼ਾਸ ਮਾਣਤਾ ਹਾਸਲ ਹੈ। ਜ਼ਾਹਿਰ ਹੈ ਕਿ ਕਿਸੇ ਪ੍ਰਾਂਤ ਦੀ ਰਾਜਨੀਤੀ ਤੇ ਕੁਲ ਸਭਿਆਚਾਰ ਧਾਰਮਿਕ ਮਾਹੌਲ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਨੈਸ਼ਨਲ ਪਾਰਟੀਆਂ ਵੀ ਪ੍ਰਾਂਤ ਦੀ ਧਾਰਮਿਕ ਸਥਿਤੀ ਦੇਖ ਕੇ ਇਹੋ ਜਿਹੇ ਉਮੀਦਵਾਰ ਖੜ੍ਹੇ ਕਰਦੀਆਂ ਜੋ ਉਥੋਂ ਦੇ ਮੁੱਖ dominant ਤੱਥਾਂ ਨੂੰ ਚੁਣੌਤੀ ਦੇਣ ਵਾਲੇ ਨਹੀਂ ਸਗੋਂ ਉਸ ਦਾ ਹੁੰਗਾਰਾ ਭਰਨ ਵਾਲੇ ਹੋਣ, ਖੇਤਰੀ ਪਾਰਟੀਆਂ ਤਾਂ ਬਣਦੀਆਂ ਹੀ ਪ੍ਰਾਂਤ ਦੇ ਤਤਕਾਲ ਨੂੰ ਕੇਂਦਰ ਵਿਚ ਰੱਖ ਕੇ। ਮੈਂ ਵੇਖਿਆ ਕਿ ਪ੍ਰਸ਼ਾਸਨ ਚਲਾਉਣ ਵਾਲੀ ਮਸ਼ੀਨਰੀ ਵਿਚ ਛੋਟੀਆਂ ਸੰਸਥਾਵਾਂ ਤੋਂ ਲੈ ਕੇ ਵੱਡੇ ਰਾਜਨੀਤਿਕ ਪੱਧਰ ਤੱਕ ਪੰਜਾਬ ਵਿਚ ਸਿੱਖ ਲੀਡਰਾਂ ਦੀ ਚੜ੍ਹਤ ਹੈ। ਚਾਹੇ ਹਿੰਦੂ ਤੇ ਹੋਰ ਧਰਮ ਦੇ ਲੋਕਾਂ ਨੂੰ ਆਪਣੇ ਮਨ ਦੀ ਕਰਨ ਦੀ ਕੋਈ ਮਨਾਹੀ ਨਹੀਂ ਹੈ ਪਰ ਫੇਰ ਵੀ ਕਿਸੇ ਪ੍ਰਾਂਤ ਵਿਚ ਧਾਰਮਿਕ ਬਹੁਗਿਣਤੀ ਦਾ ਇਕ ਖ਼ਾਸ ਅਸਰ ਹੁੰਦਾ ਹੈ। ਕੁਝ ਕੁ ਇਲਾਕੇ ਹੋ ਸਕਦੇ ਨੇ ਜਿਹਨਾਂ ਵਿਚ ਹਿੰਦੂ ਬਹੁਗਿਣਤੀ ਅੰਦਾਜ਼ ਨਾਲ ਲੋਕ ਰਹਿੰਦੇ ਹੋਣ ਪਰ ਜ਼ਿਆਦਾਤਰ ਇਲਾਕਿਆਂ ਵਿਚ ਇਹ ਦਬਦਬਾ ਜ਼ਰੂਰ ਮਹਿਸੂਸ ਹੁੰਦਾ ਹੈ। ਪੱਗ ਬੰਨ੍ਹਿਆ ਆਦਮੀ ਨੰਗੇ ਸਿਰ ਵਾਲੇ ਤੋਂ ਜ਼ਿਆਦਾ ਤਾਕਤਵਰ ਦਿਸਦਾ ਹੈ ਪਰ ਕਿਉਂ?

ਜਦੋਂ ਮੈਂ ਸਰਕਾਰੀ ਸਕੂਲ ਵਿਚ ਪੜ੍ਹਨ ਗਈ ਤਾਂ ਮੈਨੂੰ ਪੰਜਾਬ ਦੀ ਤੇ ਨਕੋਦਰ ਦੀ ਇਹ ਸਚਾਈ ਜ਼ਿਆਦਾ ਸਮਝ ਆਉਣੀ ਸ਼ੁਰੂ ਹੋਈ ਕਿਉਂਕਿ ਉਸ ਸਕੂਲ ਵਿਚ ਪੰਜਾਬੀ ਭਾਸ਼ਾ ਸਾਰੇ ਕਾਰਜ ਤੇ ਵਾਦ ਸੰਵਾਦ ਨੂੰ ਜੋੜਨ ਵਾਲੀ ਭਾਸ਼ਾ ਸੀ. ਦਿਨਾਂ ਵਿਚ ਹੀ ਮੇਰੀ ਪੰਜਾਬੀ ਨਿਖਰਨ ਲੱਗੀ. ਮੈਨੂੰ ਲੱਗਾ ਕਿ ਇਹ ਕਿੰਨੀ ਜਾਨਦਾਰ ਜ਼ੁਬਾਨ ਹੈ, ਮੈਂ ਇਸਨੂੰ ਬਹੁਤ ਪੜ੍ਹਨਾ ਹੈ ਤੇ ਸਿੱਖਣਾ ਹੈ। ਮੈਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੇ ਪਾਠਕ੍ਰਮ 'ਚ ਲੱਗੀ ਪੰਜਾਬੀ ਦੀ ਪੁਸਤਕ ਨਾਲ ਪਿਆਰ ਹੋ ਗਿਆ, ਗੁਰਬਾਣੀ ਮੈਨੂੰ ਫਟਾਫਟ ਯਾਦ ਹੋ ਜਾਂਦੀ ਸੀ, ਅਰਥਾਂ ਦਾ ਅਨੁਮਾਨ ਵੀ ਹੋ ਜਾਂਦਾ ਸੀ। ਉਥੇ ਹੀ ਜਾ ਕੇ ਮੈਨੂੰ ਪੰਜਾਬ ਦੀ ਜ਼ਾਤ ਵਿਵਸਥਾ ਪਤਾ ਲੱਗੀ ਤੇ ਹੁਣ ਤੱਕ ਤਾਂ ਮੈਨੂੰ ਇਹੋ ਲਗਦਾ ਸੀ ਮੈਂ ਸਿੱਖ ਕਿਉਂ ਨਹੀਂ ਹਾਂ, ਹੁਣ ਇਹ ਹੇਰਵਾ ਵੀ ਹੋਣ ਲੱਗਾ ਕਿ ਜੱਟ ਕਿਉਂ ਨਹੀਂ ਹਾਂ ਕਿਉਂਕਿ ਸਰਕਾਰੀ ਸਕੂਲ ਵਿਚ ਜੱਟ ਸਿੱਖ ਹੋਣਾ ਹੋਰ ਕੁਝ ਹੋਣ ਨਾਲੋਂ ਬੜਾ ਤਾਕਤਵਰ ਸੀ, ਉਥੇ ਤਾਂ ਮੈਨੂੰ ਇਹੋ ਜਿਹੀਆਂ ਸਹੇਲੀਆਂ ਵੀ ਟੱਕਰੀਆਂ ਜਿਹਨਾਂ ਨੂੰ ਹਿੰਦੂਆਂ ਵਿਚੋਂ ਸਿਰਫ ਬ੍ਰਾਹਮਣ ਪਸੰਦ ਸੀ ਕਿਉਂਕਿ ਉਥੇ ਬਰਾਬਰ ਦੀ ਸ਼੍ਰੇਸ਼ਟਤਾ ਦਾ ਮਾਮਲਾ ਸੇਟ ਹੁੰਦਾ ਸੀ। ਮੇਰੀ confusion ਵਧਦੀ ਜਾਂਦੀ ਸੀ। ਮੈਂ ਸਿੱਖ ਸਹੇਲੀਆਂ ਦੇ ਪ੍ਰਭਾਵ ਵਿਚ ਆ ਕੇ ਅੰਦਰੋਂ ਸਿਖ ਬਣਨ ਦੀ ਤਿਆਰੀ ਕਰ ਲਈ, 'ਨਿਤਨੇਮ' ਦਾ ਗੁਟਕਾ ਬਾਅਦਬ ਘਰ ਰੱਖਿਆ, ਸਹੇਲੀਆਂ ਕੋਲੋਂ ਸੁਣਦੀ ਸੀ ਕਿ ਸੁਖਮਨੀ ਦਾ ਪਾਠ ਕਰਨਾ ਬੜਾ ਸ਼ੁਭ ਹੁੰਦਾ ਸੋ ਉਹ ਕਰਦੀ ਰਹਿੰਦੀ ਸੀ। ਉਧਰੋਂ ਸ਼ਿਵ ਭਕਤੀ ਦੀ ਵੀ ਨਕੋਦਰ ਬੜੀ ਲਹਿਰ ਸੀ। ਕਰਦਿਆਂ ਕਰਦਿਆਂ ਮੈਂ ਦੋਵੇਂ ਪਾਸੇ ਲੱਗੀ ਰਹੀ, ਏਧਰੋਂ ਤਾਈ ਨਾਲ ਮੰਦਰ ਜਾ ਕੇ ਆਰਤੀਆਂ ਯਾਦ ਹੋ ਗਈਆਂ, ਉਧਰੋਂ ਮੈਨੂੰ ਅਰਦਾਸ ਵੀ ਮੂੰਹ ਜ਼ੁਬਾਨੀ ਯਾਦ ਹੋ ਗਈ।

ਇੱਕ ਵਾਰ ਸਹੇਲੀਆਂ ਦੇ ਮਗਰ ਮੈਂ ਨਾਨਕ ਦੇ ਗੁਰਪੁਰਬ ਤੇ ਸ਼ੋਭਾ ਯਾਤਰਾ ਵਿਚ ਵੀ ਚਲੀ ਗਈ, ਸਾਰਾ ਸ਼ਹਿਰ ਘੁੰਮਿਆ, ਸ਼ਬਦ ਗਾਏ, ਲੰਗਰ ਮਾਣੇ ਤੇ ਸ਼ਾਮ ਨੂੰ ਹਲਕੀ ਜਿਹੀ ਠੰਡ 'ਚ ਜਦੋਂ ਸਿੰਘ ਸਭਾ ਗੁਰਦਵਾਰੇ ਸ਼ੋਭਾ ਯਾਤਰਾ ਖਤਮ ਹੋਈ ਤਾਂ ਟਰਾਲੀ 'ਚੋਂ ਛਾਲ ਮਾਰ ਕੇ ਉਤਰਦਿਆਂ ਲੱਗਾ ਕਿ ਸਾਰਾ ਦਿਨ ਇਹਨਾਂ ਦੇ ਨਾਲ ਰਹਿਣ ਦੇ ਬਾਵਜੂਦ ਵੀ ਮੈਨੂੰ ਬੇਗਾਨਗੀ outsider ਤਰ੍ਹਾਂ ਕਿਉਂ ਲਗਦੀ ਰਹੀ, ਜਿਵੇਂ ਕਿ ਸਿੱਖ ਦੇ ਤੌਰ 'ਤੇ ਮੈਨੂੰ ਪੂਰੀ acceptance ਇਨ੍ਹਾਂ ਵਿਚ ਕਦੇ ਨਹੀਂ ਮਿਲ ਸਕਦੀ ਚਾਹੇ ਮੈਂ ਖਾਲਿਸ ਤੌਰ 'ਤੇ ਸਿੱਖ ਵਿਚਾਰ 'ਚ ਪੂਰੀ ਆਸਥਾ ਕਿਉਂ ਨਾ ਰੱਖਣ ਲੱਗਾਂ। ਘਰ ਪਰਤਦਿਆਂ ਮੇਰੇ ਮਨ 'ਚ ਇਹ ਉਦਾਸੀ ਸੀ ਤੇ ਇਸੇ ਕਰਕੇ ਸ਼ਾਇਦ ਠੰਡ ਵੀ ਜ਼ਿਆਦਾ ਲੱਗਣ ਲੱਗੀ।

ਕਿਉਂਕਿ ਸਾਡੇ ਘਰ ਵਿਚ ਧਾਰਮਿਕ ਤੌਰ 'ਤੇ ਕੱਟੜ ਮਹੌਲ ਨਹੀਂ ਸੀ ਸੋ ਮੈਂ ਜੋ ਕੁਝ ਕਰਦੀ ਰਹੀ, ਉਹਦਾ ਕੋਈ ਵਿਰੋਧ ਨਹੀਂ ਹੋਇਆ। ਉਦੋਂ ਤੱਕ ਮੈਂ ਉਹਨਾਂ ਲੋਕਾਂ ਦੇ ਸੰਪਰਕ ਵਿਚ ਨਹੀਂ ਸੀ ਆਈ ਜਿਹੜੇ ਹਿੰਦੂਆਂ ਦੇ ਗੌਰਵਸ਼ਾਲੀ ਇਤਿਹਾਸ ਦੀਆਂ ਸੋਹਾਂ ਖਾਂਦੇ ਹੋਣ। ਹੌਲੀ-ਹੌਲੀ ਉਹਦੀ ਭਣਕ ਲੱਗਣ ਲੱਗੀ। ਸਕੂਲ ਤੋਂ ਬਾਅਦ college ਵਾਲਿਆਂ DAV ਰੰਗ ਵਿਚ ਰੰਗ ਦਿੱਤਾ। ਉਸ ਪ੍ਰਭਾਵ ਵਿਚ ਮੈਂ ਘਰ ਹਵਨ ਕੁੰਡ ਮੰਗਾਇਆ ਤੇ ਕੱਚੇ ਪੱਕੇ ਢੰਗ ਨਾਲ ਹਵਨ ਕਰਨ ਲੱਗੀ, ਜੋ ਜੋ ਆਰੀਆ ਸਮਾਜੀ ਸੰਸਕਾਰਾਂ ਵਿਚ ਦੇਖਿਆ, ਉਹਨਾਂ ਦੀ ਰੀਸ ਨਾਲ ਕਰਦੀ ਰਹੀ। ਇਸ ਗੱਲ ਵਿਚ ਮੈਂ ਆਪਣੇ ਪਿਤਾ ਜੀ ਦਾ ਖ਼ਾਸ ਧੰਨਵਾਦ ਕਰਦੀ ਜਿਹਨਾਂ ਮੇਰੇ ਸਾਰੇ ਫਿਤੂਰ ਏਨੇ ਗੰਭੀਰਤਾ ਨਾਲ ਨਿਬਾਹੇ, ਜਿਹਨਾਂ ਮੈਨੂੰ ਹਵਨ ਕੁੰਡ ਵਿਚ ਅੰਬ ਦੀਆਂ ਲਕੜਾਂ ਤਕ ਦਾ ਪ੍ਰਬੰਧ ਕਰਕੇ ਦਿੱਤਾ, ਉਨ੍ਹਾਂ ਤੋਂ ਬਾਅਦ ਕਿਸੇ ਨੇ ਮੇਰੀ ਗੱਲ ਨੂੰ ਏਨੀ seriously ਨਹੀਂ ਲਿਆ। ਬੀ ਏ ਕਰਨ ਬਾਅਦ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਗਈ ਤਾਂ ਫੇਰ ਸਿੱਖੀ ਦੀ ਲਿਵ ਲੱਗ ਗਈ। ਸਿਫਤੀ ਦੇ ਘਰ ਜਾ ਕੇ ਫੇਰ ਮੇਰੇ ਅਰਮਾਨ ਜਾਗ ਗਏ ਕਿ ਜੇ ਬੰਦਾ ਸਿੱਖ ਨਹੀਂ ਤਾਂ ਫੇਰ ਕੀ. ਫੇਰ ਜੱਟ ਸਿੱਖ ਸਹੇਲੀਆਂ ਦਾ ਦਬਦਬਾ, ਇਕ ਖ਼ਾਸ ਪਾਵਰ ਜਿਸਨੂੰ ਸ਼ਬਦਾਂ ਵਿਚ ਦੱਸਣਾ ਸੰਭਵ ਨਹੀਂ।

ਪਰ ਨਾਲ ਨਾਲ ਹੀ ਕ੍ਰਿਟੀਕਲ ਥਿਓਰੀ ਵੀ ਪੜ੍ਹਨੀ ਸ਼ੁਰੂ ਕੀਤੀ, ਉਹਦੇ ਨਾਲ ਦਿਮਾਗ ਚ ਹੋਰ ਖਲਬਲੀ ਮਚ ਗਈ। ਮੈਨੂੰ ਅੰਦਰੋਂ ਬਹੁਤ ਬੇਚੈਨੀ ਰਹਿੰਦੀ ਸੀ ਮੈਂ ਸਹਿਜ ਕਿਉਂ ਨਹੀਂ ਹਾਂ, ਮੈਂ ਕੌਣ ਹਾਂ, ਮੈਨੂੰ ਕੋਈ ਠੌਰ ਕਿਉਂ ਨਹੀਂ ਮਿਲਦੀ। ਕ੍ਰਿਟੀਕਲ ਥਿੰਕਿੰਗ ਕਰਨ ਦੇ ਅਭਿਆਸ ਨਾਲ ਥੋੜ੍ਹਾ ਫਰਕ? ਪੈਣਾ ਸ਼ੁਰੂ ਹੋਇਆ ਪਰ ਅਜੇ ਵੀ ਗੱਲ ਨਹੀਂ ਬਣੀ ਸੀ। ਉਹ ਜਾ ਕੇ ਕਈ ਸਾਲਾਂ ਬਾਅਦ ਬਣੀ।

ਅੱਜ ਦੀ ਤਰੀਕ? ਮੈਂ ਇਹ ਕਹਿੰਦੀ ਕਿ ਪਛਾਣ ਦੇ ਚੱਕਰ ਬੜੇ ਕਸੂਤੇ ਨੇ। ਜੀਵਨ ਦੇ ਸਹਿਜ ਪ੍ਰਵਾਹ ਕਿ ਜਿਵੇਂ ਅਸੀਂ ਦੁਨੀਆ ਤੇ ਆਏ, ਪ੍ਰਕ੍ਰਿਤੀ ਨਾਲ ਨਿਬੰਧ ਹੋਤੇ ਤੇ ਕਿਵੇਂ ਫੇਰ ਟੋਟਾ ਟੋਟਾ ਧਰਮ ਜ਼ਾਤ ਪਰਿਵਾਰ ਤੇ ਉਸਦੇ ਜਾਲ ਵਿਚ ਖੁਭਦੇ ਰਹੇ ਤੇ ਫੇਰ ਭੁੱਲ ਹੀ ਗਏ ਕਿ ਮਨੁੱਖ ਹੋਣ ਦੀ ਮੌਲਿਕਤਾ ਕੀ ਹੈ। ਜਿਉਂਦੇ ਜੀ ਇਕ ਵਾਰ ਆਪਣੇ ਆਪ ਨੂੰ ਇਸ ਜਾਲ ਚੋਂ ਕਢ ਕੇ ਵੇਖਣਾ ਜ਼ਰੂਰ ਚਾਹੀਦਾ ਕਿ ਇਹ ਸਾਰੇ ਪਛਾਣ ਚਿਨ੍ਹਾਂ ਤੋਂ ਬਗੈਰ ਵੀ ਮੈਂ ਕੋਈ ਹਾਂ। ਕਿਧਰੇ ਇਹ ਤਾਂ ਨਹੀਂ ਕਿ ਪਛਾਣ ਵੀ ਸਾਪੇਖ ਮਾਮਲਾ ਹੈ ਕੋਈ ਪਰਕੇਵਲ ਸਚ ਨਹੀਂ. ਜਦੋਂ ਸੋਚਿਆ ਬਨਾਰਸ ਵਿਚ ਪੈਦਾ ਹੋਇਆ ਸਿਖ ਕੀ ਸੋਚਦਾ ਹੋਵੇਗਾ ਤਾਂ ਬਹੁਤ ਗੰਢਾ ਖੁੱਲਣ ਲੱਗੀਆਂ।

(ਪੰਜਾਬ 'ਚ ਜੀਉਣ ਦੇ ਅਨੁਭਵ)

ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-15

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਚੀਨ ਦਾ ਇਕ ਨਾਵਲ॥
ਟੁੱਟੇ ਛਿੱਤਰ ਤਾਂ ਵਗਾਹ ਮਾਰਦੇ,
ਵਿਧਵਾ ਹੋਈ ਔਰਤ ਮੁੜਦੀ ਮਾਪਿਆਂ ਦੇ॥

ਮੋਰ ਉੱਡਦਾ ਦੱਖਣ ਪੂਰਬ ਨੂੰ, ਪਰ ਪੰਜਾਂ ਕੋਹਾਂ ਤੋਂ ਪਿਛੇ ਭਾਉਂ ਆਉਂਦਾ। ਪਹਿਰ ਰਾਤ ਉੱਠਕੇ ਮੈਂ ਚਰਖਾ ਕੱਤਣੀਆਂ ਰਾਤਾਂ ਨੂੰ ਉਠ ਉਠ ਤੇਰਾ ਰਾਹ ਤੱਕਣੀਆਂ। ਤਿੰਨ ਦਿਨਾਂ ਵਿਚ ਮੈਂ ਪੰਜ ਅੱਡੇ ਖੱਦਰ ਬੁਣ ਦਿੱਤਾ। ਪਰ ਸੱਸੜੀ ਆਖਦੀਆਂ ਮੈਂ ਸੁਸਤ ਆਂ। ਤੇਰੇ ਘਰ ਵਿਚ ਬਹੂ ਹੋਣਾ ਬੜਾ ਔਖ ਮਿਹਰਬਾਨੀ ਕਰ, ਘਰ ਦਿਆਂ ਨੂੰ ਆਖ ਮੈਨੂੰ ਪੇਕੀਂ ਮੋੜ ਦੇਣ 11-ਹੁਣ ਖਾਨਦਾਨ ਦਾ ਲੋਕ ਕਿੱਸਾ।

ਲਸਟਰਸ਼ ਜੇਡ ਨਾਲ ਆਂਢ ਗੁਆਂਢ ਵਿਚੋਂ ਪੜ੍ਹ ਕੇ ਆਉਂਦੀ ਜਾਂਦੀ ਸਪਰਿੰਗ ਮੂਨ ਨੂੰ ਕੁੜੀ ਬਾਰੇ ਬੜੇ ਨਿਹੋਰੇ ਸੁਣਨੇ ਪੈਂਦੇ ਸਨ। ਹੁਣ ਤਾਂ ਘਰ ਵਿਚੋਂ ਵੀ ਮੇਹਣ ਵੱਜਦੇ ਸਨ।

ਪੈਰ ਵੱਡੇ ਗਵਾਰਾਂ ਦੇ,
ਪੈਰ ਵੱਡੇ, ਪੈਰ ਵੱਡੇ
ਸਾਰੀ ਵੀਹੀ ਘੇਰ ਦੇ।

ਸਪਰਿੰਗ ਮੂਨ ਨੂੰ ਪਤਾ ਸੀ ਕਿ ਜੇ ਪਤੀ ਜਿਉਂਦਾ ਹੁੰਦਾ ਤਾਂ ਰਿਵਾਜ ਅਨੁਸਾਰ ਬੱਚੇ ਦੇ ਪੈਰ ਬੰਨ੍ਹਣ ਨਾ ਸੀ ਦੇਣੇ। ਇਸੇ ਕਰਕੇ ਉਸ ਨੇ ਸੱਸ ਨੂੰ ਰੋਕ ਦਿੱਤਾ। ਮਰੇ ਪੁੱਤ ਦੀ ਇੱਛਾ ਅਨੁਸਾਰ ਉਹ ਵੀ ਮੰਨ ਗਈ ਸੀ। ਪਰ ਮੇਹਣੇ ਸੁਣਦੀ ਸਪਰਿੰਗ ਮੂਨ ਦੁਖੀ ਹੁੰਦੀ ਸੀ। ਫਾਸਟੋ ਦੇ ਨਿਹੋਰੇ ਤਾਂ ਤੀਰਾਂ ਵਾਂਗ ਕਾਲਜਾ ਵਿੰਨਦੇ ਸਨ। "ਇਹ ਤਾਂ ਗਲੀਆਂ ਵਿਚ ਮੁੰਡਿਆਂ ਵਾਂਗ ਭੱਜਦੀਆਂ।" ਪਰ ਲੱਸਟਰੱਸ ਜੇਡ ਪਰਵਾਹ ਨਹੀਂ ਸੀ ਕਰਦੀ। ਮੋੜਵੇਂ ਜਵਾਬ ਦਿੰਦੀ। "ਨਿੱਕੀ ਪੈਰ, ਨਿੱਕੇ ਪੈਰ, ਠੰਢ ਵਿਚ ਠਰਦੇ ਨੇ, ਗਰਮੀ ਵਿਚ ਮੁਸ਼ਕ ਮਾਰਦੇ ਨੇ।

ਦੁਖੀ ਹੋਈ ਸਪਰਿੰਗ ਮੂਨ ਕਮਰੇ ਵਿਚ ਜਾ ਵੜੀ ਅਤੇ ਬਾਰ ਬੰਧ ਕਰ ਲਿਆ।

ਜਦੋਂ ਦੇ ਨਵੇਂ ਸਾਲ ਦੇ ਵਿਹਾਰ ਖਤਮ ਹੋਏ ਸਨ। ਸੱਸ ਲੋਟੱਸ ਡੀਲਾਈਟ ਹਰ ਰੋਜ਼ ਵਿਚੋਲਣੀਆਂ ਨੂੰ ਘਰ ਸੱਦਣ ਲੱਗੀ। ਬਜ਼ਾਰੋਂ ਫਾਸਟੋ ਹੱਥ ਖਾਣ ਵਾਸਤੇ ਜ਼ਰੂਰ ਕੁਝ ਮੰਗਵਾਉਂਦੀ, ਸਮੋਸੇ, ਚਾਟ ਅਤੇ ਕੇਕ ਆਦਿ। ਪਰ ਸ਼ਾਮ ਖਾਣੇ ਵੇਲੇ ਸਪਰਿੰਗ ਮੂਨ ਅਤੇ ਕੁੜੀ ਦੀਆਂ ਬੁਰਕੀਆਂ ਗਿਣਤੀ ਰਹਿੰਦੀ। ਇਕ ਦਿਨ ਫਾਸਟੋ ਨੇ ਦੱਸ ਦਿੱਤਾ ਕਿ ਗੋਦ ਲਏ ਨਵੇਂ ਗਲੈਂਡ ਪਰਾਮਿਜ਼ ਵਾਸਤੇ ਰਿਸ਼ਤਾ ਪੱਕਾ ਹੋ ਗਿਆ ਹੈ ਅਤੇ ਦਾਜ ਵੀ ਤਹਿ ਹੋ ਗਿਆ ਹੈ।

ਉਸੇ ਘੜੀ ਤੋਂ ਸੱਸ ਦੇ ਇਸ਼ਾਰੇ ਆਉਣੇ ਸ਼ੁਰੂ ਹੋ ਗਏ॥

"ਤੁਹਾਡੇ ਉਥੇ ਪੇਕਿਆਂ ਦੇ ਘਰ ਤਾਂ ਬੜੇ ਵੱਡੇ ਵੱਡੇ ਨੇ। ਕਈ ਘਰ ਖਾਲੀ ਵੀ ਪਏ ਹੋਣੇ ਨੇ" ਪਹਿਲਾਂ ਤਾਂ ਸਪਰਿੰਗ ਮੂਨ ਨੇ ਗੱਲ ਗੌਲੀ ਨਾ। ਉਹ ਸੋਚਦੀ ਸਿਰਫ਼ ਬਦਕਾਰ ਵਿਧਵਾ ਹੀ ਪੇਕੀਂ ਮੋੜਦੀਆਂ। ਪਰ ਹਫ਼ੇ ਬਾਅਦ ਸੱਸ ਨੇ ਉਸ ਨੂੰ ਫਿਊਸ਼ਨ ਪੜ੍ਹਾਉਣੋ ਮਨਾ ਕਰ ਦਿੱਤਾ। "ਮੈਂ ਨੀ ਚਾਹੁੰਦੀ ਤੂੰ, ਗੁਆਂਢ ਵਿਚ ਆਵੇਂ ਜਾਵੇਂ, ਨੌਕਰਨੀ ਅਖਵਾਂਵੇ।" ਬਾਰ ਖੋਲ੍ਹਕੇ ਸੱਸ ਅਚਾਨਕ ਨਮੋਸ਼ੀ ਆ, ਉਤੋਂ ਇਹ ਤੇਰੀ ਕੁੜੀ, ਵੀਹੀਂ ਦੇ ਗਵਾਰ ਜੁਆਕਾਂ ਨਾਲ ਖੇਡਦੀ ਫਿਰਦੀ ਆ। ਅੱਜ ਤੋਂ ਇਹ ਬਾਹਰ ਨੀ ਜਾ ਸਕਦੀ।"

ਨੂੰਹ ਸੱਸ ਆਹਮਣੇ ਸਾਹਮਣੇ ਚਾਹ ਦੇ ਮੇਜ਼ 'ਤੇ ਬੈਠੀਆਂ ਸਨ। ਪ੍ਰੰਪਰਾ ਦਾ ਇਕ ਨਾਟਕ ਹੋਣ ਵਾਲਾ ਸੀ। ਚਾਹ ਦਾ ਕੱਪ ਸੱਸ ਨੂੰ ਫੜਾ ਕੇ ਸਪਰਿੰਗ ਮੂਨ ਬੋਲੀ "ਮਾਤਾ ਜੀ, ਜੇ ਤੁਸੀਂ ਮੈਨੂੰ ਆਪਣੀ ਖਿਦਮਤ ਤੋਂ ਛੁੱਟੀ ਦੇ ਦਿਉਂ ਤਾਂ ਮੈਂ ਪੇਕੀਂ ਮੁੜ ਜਾਵਾਂ।" "ਇਹ ਗੱਲ ਹੈ ਤਾਂ ਬੜੀ ਅਣਹੋਣੀ, ਪਰ ਦੇਖ ਮੁੰਡੇ ਦਾ ਵਿਆਹ ਵੀ ਆ ਰਿਹਾ। ਦੂਜੇ ਵਿਆਹ ਤੋਂ ਬਿਨਾ ਖਾਨਦਾਨ ਦਾ ਨਾਉਂ ਵੀ ਅੱਗੇ ਕਿਵੇਂ ਤੁਰੂ!। ਤਾਂ ਹੀ ਤਾਂ ਅੱਜ ਅਸੀਂ ਕੱਠੀਆਂ ਬੈਠੀਆਂ ਬਈ ਸੋਚੀਏ। ਗੱਲ ਤਾਂ ਬੜੀ ਔਖੀ ਆ ਪਰ ਮੈਨੂੰ, ਤੇਰੀ ਕੀਤੀ ਬੇਨਤੀ ਮੰਨਣ ਤੋਂ ਇਲਾਵਾ ਹੋਰ ਕੋਈ ਹੱਲ ਵੀ ਨੀ ਦਿੱਸਦਾ। ਹੈ ਕੋਈ ਰਾਹ।" "ਠੀਕ ਆਖਿਆ ਮਾਂ ਜੀ" "ਤਾਂ ਫਿਰ ਬੜੇ ਭਰੇ ਮਨ ਨਾਲ ਮੈਂ ਤੇਰੀ ਸੱਸ, ਤੈਨੂੰ ਆਗਿਆ ਦਿੰਦੀ ਆਂ ਬਈ ਪੇਕਿਆਂ ਦੇ ਮੁੜ ਜਾ।" ਸਪਰਿੰਗ ਮੂਨ ਨੇ ਦੂਜੀ ਬੇਨਤੀ ਕੀਤੀ। "ਮਾਤਾ ਜੀ ਖਿਮਾ ਚਾਹੁੰਦੀ ਆਂ ਕੀ ਮੈਂ ਤੇਰੀ ਪੋਤੀ ਨੂੰ ਵੀ ਨਾਲ ਲਿਜਾ ਸਕਦੀ ਆਂ ਹਾਲਾਂਕਿ ਇਸ ਦਾ ਹੱਕ ਤਾਂ ਬਾਪ ਦੇ ਘਰ ਰਹਿਣ ਦਾ ਈ ਆ" ਸਪਰਿੰਗ ਨੇ ਅੱਖਾਂ ਬੰਦ ਕਰਕੇ ਦੁਆ ਕੀਤੀ ਕਿ ਸੱਸ ਮੰਨ ਜਾਵੇ। ਸੱਸ ਜਦੋਂ ਆਖਰਕਾਰ ਬੋਲੀ ਤਾਂ ਸਪਰਿੰਗ ਮੂਨ ਨੂੰ ਇਉਂ ਲੱਗਿਆ ਜਿਵੇਂ ਸੱਸ ਦੇ ਬੋਲ ਬੜੇ ਮਿੱਠੇ ਹੋਣ ਜਿਹੜੇ ਉਸ ਨੇ ਅੱਜ ਤੱਕ ਸੱਸ ਦੇ ਮੂੰਹੋਂ ਸੁਣੇ ਨਹੀਂ ਸਨ।

"ਇਕ ਵਾਰ ਮੈਂ ਤੈਨੂੰ ਆਖਿਆ ਸੀ ਨਾ ਸੋਹਣੀ ਸੂਰਤ ਦਾ ਕੋਈ ਮੁੱਲ ਨੀ ਪੈਂਦਾ। ਮੇਰੇ ਦਿਲ ਦੇ ਦਰਦ ਨੂੰ ਭੁਲਾ ਸੁਹਣੀ ਸ਼ਕਲ ਕਿਵੇਂ ਘੱਟ ਕਰੂ। ਜਾਹ ਮੈਂ ਤੇਰੀ ਦੂਜੀ ਬੇਨਤੀ ਵੀ ਮੰਨੀ। ਮੈਂ ਤੇਰੇ ਪਤੀ ਦੀ ਮਾਂ, ਤੈਨੂੰ ਆਗਿਆ ਦਿੰਦੀ ਆਂ ਮੇਰੀ ਪੋਤੀ ਨੂੰ ਵੀ ਨਾਲ ਲੈ ਜਾ।" ਹਫ਼ਤੇ ਦੇ ਵਿਚ ਵਿਚ ਸਪਰਿੰਗ ਮੂਨ, ਲੱਸਟਰੱਸ ਜੇਡ ਅਤੇ ਫਾਸਟੋ ਸੂ ਕੂ ਨੂੰ ਵਾਪਸ ਜਾਣ ਵਾਸਤੇ ਤਿਆਰ ਹੋ ਗਈਆਂ। ਗੇਟ ਤੇ ਗੱਡੇ ਵਿਚ ਬੈਠੀਆਂ ਤੋਂ, ਸੱਸ ਆਖ ਰਹੀ ਸੀ। "ਪੋਤੀਏ ਸੁਣ, ਗੱਲ ਕਿੰਨੀ ਬਦਲੀ ਹੁੰਦੀ। ਬੱਸ ਜੇ ਤੂੰ ਪਤਾ ਹੁੰਦੀ। ਨਾਨਕਿੰਗ ਐਕਸਪ੍ਰੈਸ ਗੱਡੀ ਦੀ ਫੱਟੇ ਵਾਲੀ ਸੀਟ 'ਤੇ ਬੈਠੀ ਪਹਿਲੀ ਵਾਰ ਸਪਰਿੰਗ ਮੂਨ ਪੇਕਿਆਂ ਦਾ ਇਲਾਕਾ ਦੇਖ ਰਹੀ ਸੀ। ਜਾਂਦੀ ਵਾਰੀ ਤਾਂ ਉਹ ਵਿਆਂਹਦੜ ਡੋਲੀ ਵਿਚ ਗਈ ਸੀ। ਚਾਰ ਚੁਫ਼ੇਰੇ ਧਾਨ ਦੇ ਖੇਤਰ ਸਨ। ਸਬਜ਼ੀਆਂ ਅਤੇ ਫਲਾਂ ਦੇ ਬਾਗ ਸਨ। ਉਤਰ ਦੇ ਧੂੜ ਭਰੇ ਭੂਰੇ ਮੈਦਾਨਾਂ ਨਾਲੋਂ ਵੱਖਰਾ ਸਰ ਸਬਾਜ਼ ਦ੍ਰਿਸ਼ ਸੀ। ਰੇਲਵੇ ਲਾਈਨ ਦੇ ਪਾਸੀਂ ਕਿਸਾਨਾਂ ਦੀਆਂ ਛੋਟੀਆਂ ਛੋਟੀਆਂ ਬਸਤੀਆਂ ਵਿਚ ਉਨ੍ਹਾਂ ਦੇ ਕੱਚੇ ਘਰ ਸਨ। ਜ਼ਮੀਨ ਦਾ ਚੱਪਾ ਚੱਪਾ ਵਾਹੀ ਹੇਠ ਸੀ। ਤਕੜਿਆਂ ਜੁਸਿਆਂ ਵਾਲੇ ਤਾਂਬੇ ਰੰਗੇ ਕਿਸਾਨ ਹਲ ਜੋਤ ਰਹੇ ਸਨ। ਕੁਝ ਵਹਿੰਗੀਆਂ 'ਤੇ ਘਰ ਦਾ ਕੂੜਾ ਅਤੇ ਰਾਤ ਦਾ ਮਲ ਖੇਤਾਂ ਵਿਚ ਖਾਂਦ, ਵਾਸਤੇ, ਢੋ ਰਹੇ ਸਨ। ਖੇਤਾਂ ਨੂੰ ਚੀਰਦੀ ਗੱਡੀ ਸੂ ਕੂ ਵੱਲ ਦੌੜ ਰਹੀ ਸੀ।

"ਅਜੇ ਹੋਰ ਕਿੱਡੀ ਕੁ ਦੂਰ ਆ, ਕਿੱਡੀ ਕੁ ਦੂਰ ਆ ਮਾਂ" ਕੁੜੀ ਚੀਕੀ। ਸਪਰਿੰਗ ਮੂਨ ਉਸ ਵੱਲ ਦੇਖ ਕੇ ਮੁਸਕਰਾ ਪਈ ਪਰ ਬੋਲੀ ਕੁਛ ਨਾ। ਕੁਡੀ ਨੇ ਸੁੱਤੀ ਫਾਸਟੋ ਨੂੰ ਹਲੂਣ ਕੇ ਜਗਾ ਲਿਆ। "ਮੈਨੂੰ ਦਸ ਅਜੇ ਸਾਡਾ ਕਿੰਨਾ ਸਫ਼ਰ ਬਾਕੀ ਆ" "ਮੋਈਏ ਆਫ਼ਤੇ ਤੈਂ ਲੱਫੜ ਖਾਣੇ ਆ ਮੈਨੂੰ ਟਿਕਣ ਨੀ ਦਿੰਦੀ। ਤੈਨੂੰ ਪਵੇ ਮੌਤ।" "ਪਰ ਦੱਸ ਤਾਂ ਸਈ ਅਜੇ ਕਿੱਡੀ ਦੂਰ ਆ। "ਜੇ ਡਾਕੂ ਲੁਟੇਰੇ ਲਾ ਪਏ, ਜੇ ਆਤਮ ਹੱਤਿਆਵਾਂ ਨਾ ਹੋਈਆਂ ਅਤੇ ਜੇ ਲਾਈਨਾਂ ਤੇ ਕੁਲੀ ਨਾ ਸੁੱਤੇ ਹੋਏ ਤਾਂ ਘੰਟੇ ਭਰ ਵਿਚ ਪਹੁੰਚ ਜਾਵਾਂਗੇ।" "ਅਜੇ ਘੰਟਾ ਹੋਰ, ਮਾਂ। ਸਫ਼ਰ ਬੜਾ ਲੰਬਾ। ਪਰ ਮਾਂ ਇਹ ਤਾਂ ਦੱਸ, ਅੰਮਾਂ ਨੇ ਜੋ ਆਖਿਆ ਆਤਮ ਹੱਤਿਆ। ਗੱਡੀ ਤੇ ਲੋਕ ਆਪਣੇ ਆਪ ਨੂੰ ਮਾਰਦੇ ਕਿਉਂ ਨੇ।" "ਗੱਡੀ ਵਿਚ ਨੀ, ਗੱਡੀ ਥੱਲੇ ਆ ਕੇ। ਤੈਨੂੰ ਪਤਾ ਸਾਲ ਦਾ ਅਖੀਰ ਆ ਲੋਕਾਂ ਨੂੰ ਲਏ ਕਰਜ਼ੇ, ਮੋੜਨੇ ਪੈਣੇ ਨੇ। ਕਈ ਨਹੀਂ ਮੋੜ ਸਕਦੇ ਉਹ ਸ਼ਰਮ ਤੋਂ ਬਚਣ ਵਾਸਤੇ ਗੱਡੀ ਥੱਲੇ ਆ ਕੇ ਮੌਤ ਸਹੇੜ ਦੇ ਨੇ। ਉਨ੍ਹਾਂ ਨੂੰ ਪਤਾ ਹੁੰਦਾ ਕਿ ਘਰ ਵਾਲੇ ਸਸਕਾਰ ਕਰਨ ਦਾ ਖਰਚਾ ਨਹੀਂ ਕਰ ਸਕਦੇ। ਗੱਡੀ ਥੱਲੇ ਆ ਕੇ ਮਰੇ ਦਾ, ਸਸਕਾਰ ਗੱਡੀ ਵਾਲੀ ਕੰਪਨੀ ਕਰ ਦਿੰਦੀ ਆ। ਉਨ੍ਹਾਂ ਦੀ ਲਾਸ਼ ਕਾਂ ਕੁੱਤੇ ਨੀ ਖਾਂਦੇ।" ਕੁੜੀ ਫਿਰ, ਝਿਜਕਦੀ ਬੋਲੀ, "ਮਾਂ ਜੇ ਰੇਲਵੇ ਕੰਪਨੀਆਂ ਸਸਕਾਰ ਤੇ ਖਰਚਾ ਕਰਦੀਆਂ ਤਾਂ ਉਹ ਲੋਕਾਂ ਨੂੰ ਪੈਸੇ ਕਿਉਂ ਨੀ ਦੇ ਦਿੰਦੀਆਂ ਤਾਂ ਕਿ ਉਹ ਆਪਣੇ ਕਰਜ਼ੇ ਮੋੜ ਦੇਣ ਅਤੇ ਉਨ੍ਹਾਂ ਨੂੰ ਆਤਮ ਹੱਤਿਆਵਾਂ ਨਾ ਕਰਨੀਆਂ ਪੈਣ। "ਧੀਏ ਗੱਲ ਐਡੀ, ਸੌਖੀ ਨੀ।" "ਮਾਂ ਤੂੰ ਹਰ ਵਾਰ ਇਉਂ ਹੀ ਕਹਿ ਦਿੰਨੀਆਂ। "ਹਾਂ ਇਉਂ ਤਾਂ ਹੈਗਾ" "ਪਰ ਮਾਂ ਕਿਉਂ" "ਦੇਖ ਨਿੱਕੀਏ ਧਰਤੀ 'ਤੇ ਜਦੋਂ ਤੋਂ ਮਨੁੱਖ ਵੱਸਿਆ ਕਈਆਂ ਕੋਲ ਤਾਂ ਸੱਭੋ ਕੁਝ ਟਾ ਪਰ ਕਈਆਂ ਕੋਲ ਕੁਝ ਵੀ ਨਹੀਂ। ਕਈ ਕਰਜ਼ ਲੈਂਦੇ ਆ। ਕਈ ਧੰਨਵਾਦ ਕਰਜ਼ੇ ਦਿੰਦੇ ਆਂ। ਜੁਗਾਂ ਜੁਗਾਂਤਰਾਂ ਤੋਂ ਇਉਂ ਈ ਚਲਦਾ ਆਇਆ। ਤਾਂ ਈ ਤਾਂ ਮਹਾਂਪੁਰਸ਼ਾਂ ਆਖਿਆ, ਪਹਾੜ ਹਿਲਾਉਣੇ ਸੌਖੇ ਨੇ, ਪਰ ਇਨਸਾਨੀ ਮਨ ਬਦਲਣਾ ਬੜਾ ਔਖਾ। ਕੁੜੀ ਕੁਝ ਦੇਰ ਸੋਚਦੀ ਰਹੀ ਫਿਰ ਖੜੋ ਕੇ ਬੜੀ ਗੰਪੀਰਤਾ ਨਾਲ ਉਸ ਨੇ ਐਲਾਨ ਕੀਤਾ, "ਮਾਂ ਸੁਣ ਭਾਵੇਂ ਇਹ ਦੋਵੇਂ ਕੰਮ ਔਖੇ ਨੇ ਪਰ ਮੈਂ ਦੋਵੇਂ,



ਕਰ ਕੇ ਦਿਖਾਊਂ" ਕਹਿ ਕੇ ਕੁੜੀ ਵਾਪਸ ਖਿੜਕੀ ਲਾਗੇ ਬੈਠ ਕੇ ਬਾਹਰ ਵੱਲ ਦੇਖਣ ਲੱਗੀ। ਸਪਰਿੰਗ ਮੂਨ ਨੇ ਹੌਂਕਾ ਲਿਆ ਅਤੇ ਸੋਚੀਂ ਪੈ ਗਈ। ਕੁੜੀ ਨੂੰ ਜੋ ਮੈਂ ਸਮਝਾਉਂਦੀ ਆਂ ਸਮਝ ਕਿਉਂ ਨੀ ਆਉਂਦਾ। ਅੱਜ ਪਹਿਲੀ ਵਾਰ ਨੀ ਸੀ ਕਿ ਕੁੜੀ ਨੇ ਇਸ ਤਰ੍ਹਾਂ ਦੀ ਸਹੁੰ ਚੁੱਕੀ ਹੋਵੇ। ਉਹ ਸੋਚਦੀ ਕੁੜੀ ਵਿਚ ਕਈ ਰੂਹਾਂ ਨੇ। ਉਸ ਨੇ ਜ਼ਿੰਦਗੀ ਭਰ ਕਿਸੇ ਅੱਗੇ ਝੁਕਣਾ ਨੀ। ਉਸਨੇ ਕੁੜੀ ਦੀ ਸਲਾਮਤੀ ਦੀ ਅਰਦਾਸ ਕੀਤੀ।

ਕੁਝ ਸਮੇਂ ਬਾਅਦ ਗੱਡੀ ਹੌਲੀ ਹੋ ਗਈ। ਕੁੜੀ ਫਿਰ ਚਿਲਾਈ "ਮਾਂ ਦੇਖ ਆਪਣਾ ਗਰਾਂ ਸੂ ਕੂ ਆ ਗਿਆ ਮਾਂ। ਆ ਗਿਆ ਨਾ ਮਾਂ" ਸਪਰਿੰਗ ਮੂਨ ਨੇ ਵੀ ਖੁਸ਼ੀ ਨਾਲ ਬਾਹਰ ਤੱਕਿਆ। ਐਨੀ ਛੇਤੀ ਐਨੀ ਜਲਦੀ ਆ ਗਏ ਪੇਕੇ। ਭਲਾ ਉਹ ਕੀ ਆਖੇ। ਉਸ ਨੇ ਕਿਹੜਾ ਕਦੇ ਪਹਿਲਾਂ ਦੇਖਿਆ ਸੀ। ਉਹ ਚੁੱਪ ਹੀ ਰਹੀ। ਇਕ ਉਚ ਵਿਸਲ ਨਾਲ ਗੱਡੀ ਰੁਕ ਗਈ। ਬੈਠੀਆਂ ਸਵਾਰੀਆਂ ਅੱਗੇ ਨੂੰ ਡੋਲ ਗਈਆਂ। ਝਅਕੇ ਨਾਲ ਫਾਸਟੋ ਵੀ ਉਠ ਬੈਠੀ। ਸਾਹਮਣੇ ਬੈਠੀ ਬੁੱਢੀ ਚੀਕ ਪਈ, "ਡਾਕੂ ਡਾਕੂ ਪੈ ਗਏ ਨੇ।" ਲਸਟਰਸ ਜੇਡ ਵੀ ਚਿਲਾਈ, "ਡਾਕੂ ਕਿਥੇ ਨੇ ਡਾਕੂ" ਚੁੱਪ ਕਰ ਬਛੇਰੀਏ ਚੁੱਕ ਕੇ ਲੈ ਜਾਣ ਪਰਾਂ ਤੈਨੂੰ। ਤਾਂ ਮੈਂ ਅਰਾਮ ਕਰ ਸਕੂੰ। ਮੈਂ, ਮੈਂ, ਨੀ ਡਰਦੀ ਡਾਕੂਆਂ ਤੋਂ, ਮਾਂ ਕਿਥੇ ਨੇ ਡਾਕੂ, ਮੈਂ ਆਪ ਮੂੰਦੀ ਨਿਗਲ ਜਾਂ" ਕਿਤੇ ਨੀ ਡਾਕੂ, ਗੱਡੀ ਦੀ ਲਾਈਨ ਲੋਕਾਂ ਦੀ ਭੀੜ ਨੇ ਰੋਕੀ ਹੋਈ ਆ।" ਪਿਛੇ ਬੈਠਾ ਗੱਡੀ ਦਾ ਗਾਰਡ ਬੋਲਿਆ। "ਇਹ ਤਾਂ ਕੋਈ ਗੱਲ ਨਾ ਹੋਈ" ਕੁੜੀ ਨੇ ਉਦਾਸੀ ਨਾਲ ਆਖਿਆ ਕਿਉਂਕਿ ਉਹ ਕਹਾਣੀ ਵਿਚ ਪੜ੍ਹੀ ਕੁੜੀ ਮੂਲਾਨ ਨੂੰ ਯਾਦ ਕਰ ਰਹੀ ਸੀ ਜਿਹੜੀ ਆਪਣੇ ਪਿਓ ਦੀ ਜੰਗ ਦੇ ਮੈਦਾਨ ਵਿਚ ਮੌਤ ਤੋਂ ਬਾਅਦ ਆਪ ਉਸ ਦੀ ਥਾਂ ਮੋਰਚੇ 'ਤੇ ਜਾ ਪਹੁੰਚੀ ਸੀ। "ਮੈਂ ਤਾਂ ਡਾਕੂਆਂ ਦੀਆਂ ਅੱਖਾਂ ਕੱਢ ਦਿੰਦੀ।" ਇਕਦਮ ਸਪਰਿੰਗ ਮੂਨ ਉੱਠ ਖੜ੍ਹੀ ਹੋਈ। ਪੇਕਿਆਂ ਦਾ ਦ੍ਰਿਸ਼ ਦੇਖਣ ਨੂੰ ਉਹ ਉਤਾਵਲੀ ਸੀ। ਉਸਦੇ ਬਚਪਨ ਦਾ ਗਰਾਂ ਜਿਥੇ 28 ਸਾਲ ਪਹਿਲਾਂ ਉਸ ਨੇ ਪਹਿਲੀ ਭਿਲਕਾ ਮਾਰੀ ਸੀ। ਆਪਣਾ ਪਹਿਲਾ ਸਾਹ ਲਿਆ ਸੀ। ਖਿੜਕੀ ਖੋਲ੍ਹ ਕੇ ਤਿੰਨੋਂ ਬਾਹਰ ਵੱਲ ਵੇਖਣ ਲੱਗੀਆਂ। ਅਜੇ ਸ਼ਹਿਰ ਤਾਂ ਨੀ ਸੀ ਦਿਸਦਾ, ਪਰ ਸਟੇਸ਼ਨ ਜ਼ਰੂਰ ਦਿੱਸਦਾ ਸੀ। ਲੋਕਾਂ ਦੀ ਵੱਡੀ ਭੀੜ ਨੇ ਰੇਲਵੇ ਲਾਈਨ ਰੋਕੀ ਹੋਈ ਸੀ। ਪੀੜ ਨੇ ਕਿਸਾਨਾਂ ਵਾਲੇ ਪਹਿਰਾਵੇ ਪਾਏ ਹੋਏ ਸਨ। ਇਕ ਜਣਾ ਵੱਖਰਾ ਖੜ੍ਹਾ ਭੀੜ ਦਾ ਆਗੂ ਜਾਪਦਾ ਸੀ। ਸਪਰਿੰਗ ਮੂਨ ਨੂੰ ਲੱਗਿਆ ਕਿ ਉਹ ਉਸਨੂੰ ਜਾਣਦੀ ਹੈ। ਉਸ ਦਾ ਸਿਰਫ਼ ਪਹਿਰਾਵਾ ਹੀ ਵੱਖਰਾ ਨਹੀਂ ਸੀ ਉਸਦੀ ਸ਼ਖਸੀਅਤ ਵੀ ਵੱਖਰੀ ਸੀ। ਭੀੜ ਨਾਅਰੇ ਲਾ ਰਹੀ ਸੀ ਪਰ ਉਹ ਅਡੋਲ ਖੜ੍ਹਾ ਸੀ। ਹੱਥ ਪਿਛੇ, ਵਿਦਵਾਨਾਂ ਵਾਂਗ ਲੱਗਦਾ ਸੀ। ਉਹ ਬੋਲਡ ਟੇਲੈਂਟ ਸੀ। "ਮਾਂ ਉਹ ਬੰਦੇ ਕੌਣ ਨੇ।" "ਬਾਕੀਆਂ ਨੂੰ ਤਾਂ ਮੈਂ ਜਾਣਦੀ ਨੀ, ਪਰ ਔਹ ਬੰਦਾ ਤੇਰਾ ਵੱਡਾ ਨਾਨਾ" "ਮੇਰਾ ਵੱਡਾ ਨਾਨਾ, ਜਿਹੜਾ ਪਿਤਾ ਨੂੰ ਅਮਰੀਕਾ ਤੋਂ ਜਾਣਦਾ ਸੀ।" "ਹਾਂ ਉਹੀ ਆ!" "ਉਹ ਉਥੇ ਖੜ੍ਹਾ ਕੀ ਕਰਦਾ, ਕੀ ਅਸੀਂ ਉਸਦੇ ਕੋਲ ਜਾ ਸਕਦੇ ਆਂ" ਨਹੀਂ ਅਸੀਂ ਜਾਂ ਤਾਂ ਨੀ ਸਕਦੇ ਪਰ ਮੈਂ ਉਸ ਨੂੰਰੁੱਕਾ ਭੇਜ ਦਿੰਨੀਆਂ" ਸਪਰਿੰਗ ਮੂਨ ਨੇ ਦੋ ਹਰਫ਼ੀ ਰੁੱਕਾ ਲਿਖਿਆ ਅਤੇ ਕੁਝ ਪੈਸੇ ਦੇ ਕੇ ਇਕ ਕੁੱਲੀ ਨੂੰ ਦੇਣ ਵਾਸਤੇ ਭੇਜ ਦਿੱਤਾ। ਪਰ ਫਿਰ ਪਛਤਾਈ ਉਸ ਨੇ ਸੋਚਿਆ ਨੀ ਸੀ, ਕਿ ਇਉਂ ਪਹਿਲਾਂ ਤਾਏ ਨਾਲ ਈ ਮੁਲਾਕਾਤ ਹੋਊ। ਕੀ ਦੱਸੂ ਉਹ ਸਾਰੀ ਦੁਨੀਆਂ ਸਾਹਮਣੇ, ਵਾਪਸੀ, ਬਾਰੇ। ਖ਼ੈਰ ਹੁਣ ਰੁੱਕਾ ਤਾਂ ਜਾ ਚੁੱਕਾ ਸੀ। ਸਵਾਰੀਆਂ ਕੁਲੀਆਂ ਨੂੰ ਸੱਦ ਹੱਥ ਰਿਕਸ਼ਿਆਂ ਵਿਚ ਬੈਠ, ਜਾ ਰਹੀਆਂ ਸਨ। ਫਾਸਟੋ ਸਮਾਨ ਸੰਭਾਲ ਰਹੀ ਸੀ। ਸਪਰਿੰਗ ਮੂਨ ਸੀਟ 'ਤੇ ਬੈਠ ਗਈ ਤਾਂ ਕਿ ਸੰਭਲ ਸਕੇ। ਕੁੜੀ ਰੁੱਕੇ ਵਾਲੇ ਕੁਲੀ ਨੂੰ ਦੇਖ ਰਹੀ ਸੀ ਅਤੇ ਉਸ ਬਾਰੇ ਮਾਂ ਨੂੰ ਦੱਸ ਰਹੀ ਸੀ। ਅੱਖ ਦੇ ਫੋਰ ਵਿਚ ਉਹ ਡੱਬੇ ਵਿਚ ਆ ਚੜ੍ਹਿਆ। ਸੰਭਲ ਕੇ ਸਪਰਿੰਗ ਮੂਨ ਉੱਠ ਖੜ੍ਹੀ। ਫਾਸਟੋ ਅਤੇ ਕੁੜੀ ਵੀ ਸਤਿਕਾਰ ਵਜੋਂ ਖੜ੍ਹੀਆਂ ਹੋ ਗਈਆਂ। "ਆ ਗਈ ਮੇਰੀ ਭਤੀਜੀ ਆ ਗਈ ਆਂ"। ਸਪਰਿੰਗ ਮੂਨ ਨੂੰ ਜੀ ਆਇਆਂ ਆਖ ਉਹ ਫਾਸਟੋ ਵੱਲ ਝਾਕਿਆ ਅਤੇ ਖੁਸ਼ਆਮਦੀਦ ਆਖੀ ਫਿਰ ਕੁੜੀ ਵੱਲ ਵੇਖ ਬੋਲਿਆ "ਕੀ ਇਹੀ ਆ ਮੇਰੇ ਮਿੱਤਰ ਦੀ ਬੇਟੀ" "ਹਾਂ ਵੱਡੇ ਨਾਨੇ ਮੈਂ ਆਂ ਲੱਸਟਰੱਸ ਜੇਡ" "ਤੂੰ ਤਾਂ ਹੂਬਹੂ ਉਸਦੀ ਸ਼ਕਲ ਆਂ, ਤੂੰ ਮਾਂ ਤੇ ਨੀ ਗਈ। ਅੱਛਾ ਤੁਸੀਂ ਚਿੱਠੀ ਕਿਉਂ ਨਾ ਪਾਈ ਆਉਣ ਬਾਰੇ।" ਆਖ ਉਸ ਨੇ ਸਪਰਿੰਗ ਮੂਨ ਵੱਲ ਵੇਖਿਆ। "ਤਾਇਆ ਜੀ ਗੱਲ ਇਉਂ ਆ ਕਿ ਮੈਂ ਹਰ ਥਾਂ ਮੁਸ਼ਕਲ ਅਤੇ ਆਫ਼ਤ ਈ ਆਂ। ਜਿਵੇਂ ਪਹਿਲਾਂ ਹੁੰਦੀ ਸੀ ਅਸੀਂ ਸਾਰੀਆਂ ਈ ਇਉਂ ਆਂ।

"ਆਫ਼ਤ ਅਤੇ ਬਿਪਤਾ, ਮਾਂ ਨਿੱਕੀ ਹੁੰਦੀ ਤੂੰ ਆਫ਼ਤ ਸੀ" "ਤੇਰੀ ਮਾਂ ਬੜੀ ਚੰਗੀ ਸੀ, ਬੜੀ ਸਿਆਣੀ ਸੀ" ਆਖਦਾ ਬੋਲਡ ਟੇਲੈਂਟ ਸਪਰਿੰਗ ਮੂਨ ਵੱਲ ਝਾਕਿਆ। ਕੁੜੀ ਦੋਵਾਂ ਵੱਲ ਦੇਖ ਕੇ ਹੱਸ ਪਈ। ਬਾਹਰ ਲੱਗਦੇ ਨਾਅਰਿਆਂ ਦਾ ਸ਼ੋਰ ਉੱਚਾ ਹੋ ਰਿਹਾ ਸੀ। "ਵਧੀਆ ਗੱਲ ਆ ਕਿ ਤੁਸੀਂ ਕੁਲੀ ਕਰਕੇ ਘਰ ਪਹੁੰਚ ਜਾਉ ਇਥੇ ਆਸ ਤੋਂ ਜ਼ਿਆਦਾ ਗੜਬੜ ਹੋ ਸਕਦੀ ਹੈ। "ਵੱਡੇ ਨਾਨਾ ਜੀ ਕਾਹਦੀ ਗੜਬੜ। ਰੌਲਾ ਕਿਸ ਗੱਲ ਦਾ।"

"ਗੱਲ ਇਉਂ ਆ ਕਿ ਸਾਡੇ ਕਿਸਾਨਾਂ ਨੇ ਗੱਡੀ ਵਿਚ ਮੰਡੀ ਵਾਸਤੇ ਸੂਰ ਲੱਦੇ ਸੀ ਪਰ ਸਟੇਸ਼ਨ ਮਾਸਟਰ ਨੇ ਰਿਸ਼ਵਤ ਲੈ ਕੇ ਪਹਿਲਾਂ ਹੋਰ ਸਮਾਨ ਦੀ ਗੱਡੀ ਤੋਰ ਦਿੱਤੀ ਤੇ ਕਿਸਾਨਾਂ ਦੇ ਸੂਰ ਗੱਡੀ ਵਿਚ ਤੂੜੇ ਚੁੱਪੇ ਖੜ੍ਹੇ ਸਾਰੇ ਮਰ ਗਏ। ਹੁਣ ਕਿਸਾਨ ਉਸਦਾ ਹਰਜ਼ਾਨਾ ਮੰਗ ਰਹੇ ਹਨ। "ਨਾਨਾ ਜੀ ਮੈਂ ਦੱਸਦੀ ਆ। ਤੁਸੀਂ ਸਟੇਸ਼ਨ ਮਾਸਟਰ ਨੂੰ ਸੂਰਾਂ ਵਾਲੇ ਡੱਬੇ ਵਿਚ ਨੂੜ ਦਿਉ। ਫਿਰ ਉਹਨੂੰ ਨਾਨੀ ਚੇਤੇ ਆਊ" ਫਾਸਟੋ ਕੁੜੀ ਤੇ ਝਪਟੀ "ਤੂੰ ਬਹੁਤ ਬੋਲਦੀਏਂ ਚੁੱਪ ਕਰ ਜਾ"। "ਮੈਨੂੰ ਲੱਗਦਾ ਇਸ ਤਰ੍ਹਾਂ ਦਾ ਸਖ਼ਤ ਕਦਮ ਸਾਨੂੰ ਨਾ ਚੁੱਕਣਾ ਪਵੇ। ਅਸੀਂ ਗੱਲਬਾਤ ਕਰ ਰਹੇ ਆਂ। ਸਟੇਸ਼ਨ ਮਾਸਟਰ ਦੀ ਸਾਨੂੰ ਫੇਰ ਵੀ ਲੋੜ ਆ। ਕਿਸਾਨ ਚੰਗਾ ਮੁਆਵਜ਼ਾ ਲੈਣਾ ਮੰਨ ਜਾਣਗੇ।" ਕੁੜੀ ਨੇ ਹੋਰ ਬੋਲਣ ਵਾਸਤੇ ਮੂੰਹ ਖੋਲ੍ਹਿਆ ਪਰ ਸਪਰਿੰਗ ਮੂਨ ਨੇ ਰੋਕ ਦਿੱਤੀ ਅਤੇ ਤਾਏ ਤੋਂ ਬੜਬੋਲੀ ਕੁੜੀ ਵਾਸਤੇ ਮੁਆਫ਼ੀ ਮੰਗੀ। "ਪਰ ਮੈਨੂੰ ਕੁੜੀ ਦੀ ਦਲੇਰੀ ਚੰਗੀ ਲੱਗਦੀ ਆ। ਇਹਦੇ ਵਿਚੋਂ ਮੈਨੂੰ ਤੇਰੀ ਝਲਕ ਦਿੱਸਦੀ ਆ।

ਫਾਸਟੋ ਤੇ ਕੁੜੀ ਪਹਿਲੀ ਹੱਥ ਰਿਕਸ਼ਾ ਵਿਚ ਬੈਠ ਗਈਆਂ। ਦੂਜੀ ਵਿਚ ਸਮਾਨ ਲੱਦਿਆ ਗਿਆ। ਤੀਜੀ ਵਿਚ ਸਪਰਿੰਗ ਮੂਨ ਬੈਠਦੀ ਨੂੰ ਬੋਲਡ ਟੇਲੈਂਟ ਨੇ ਇਕ ਵਾਰ ਫਿਰ ਖੁਸ਼ਆਮਦੀਦ ਆਖੀ। "ਪੇਕੀਂ ਆ ਕੇ ਬੜਾ ਚੰਗਾ ਲੱਗਿਆ ਤਾਇਆ ਜੀ।"

ਅਜੇ ਹੁਣੇ ਸਪਰਿੰਗ ਮੂਨ ਨੂੰ ਪੇਕਿਆਂ ਦੀ ਜੂਹ ਦੇਖਣ ਦਾ ਬੜਾ ਚਾਅ ਸੀ, ਉਤਸ਼ਾਹ ਸੀ। ਪਰ ਕੁਰਸੀ ਡੋਲੀ ਵਿਚ ਬੈਠਿਆਂ ਉਸਨੇ ਪਰਦੇ ਖਿੱਚ ਦਿੱਤੇ। ਉਸ ਵਾਸਤੇ ਸ਼ਹਿਰ ਦਾ ਕੋਈ ਮਹੱਤਵ ਨਹੀਂ ਸੀ। ਮਹਾਨ ਵਿਦਵਾਨ ਲੂ ਜੂ ਨੇ ਠੀਕ ਹੀ ਤਾਂ ਆਖਿਆ। ਜਿੰਨਾ ਦੁਰਾਡੇ ਦਾ ਸਫ਼ਰ ਕੋਈ ਕਰਦਾ ਉਸਦੀ ਜਾਣਕਾਰੀ ਉਨੀ ਹੀ ਘੱਟ ਜਾਂਦੀ ਆ। ਤਾਏ ਬੋਲਡ ਟੇਲੈਂਟ ਨੂੰ ਮਿਲ ਕੇ ਉਸ ਨੂੰ ਇਉਂ ਹੀ ਤਾਂ ਲੱਗਿਆ ਸੀ। ਕੀ ਖਾਨਦਾਨ ਦੀਆਂ ਔਰਤਾਂ ਵੀ ਉਸ ਨੂੰ ਮਿਲ ਉਸ ਜਿੰਨੀਆਂ ਹੀ ਖੁਸ਼ ਹੋਣਗੀਆਂ। ਜਿਵੇਂ ਉਹ ਵਾਪਸ ਆਈ ਹੈ ਇਸ ਤਰ੍ਹਾਂ ਪਹਿਲਾਂ ਕੋਈ ਨਹੀਂ ਸੀ ਆਈ। ਦਾਸੀਆਂ ਨੂੰ ਵੀ ਇਉਂ ਵਿਧਵਾ ਹੋਣ 'ਤੇ ਪੇਕੀਂ ਨਹੀਂ ਸੀ ਮੋੜਿਆ ਜਾਂਦਾ ਉਹ, ਉਸਦੇ ਤਾਂ ਇਕ ਬੱਚੀ ਵੀ ਸੀ।

ਕੁਰਸੀ ਡੋਲੀ ਰੁੱਕ ਗਈ ਮਹਿਲ ਆ ਗਏ ਸਨ। ਪਰਦਾ ਹਟਾ ਕੇ ਉਸ ਨੇ ਪੇਕਿਆਂ ਦਾ ਬੂਹਾ ਤੱਕਿਆ। ਸੇਕਾਂ ਦੀਆਂ ਵੱਡੀਆਂ ਮੂਰਤੀਆਂ ਬਣੀਆਂ ਸਨ। ਡੋਲੀ ਕੁਰਸੀ ਪਰਦਾ ਲੰਘ ਕੇ ਸਵਾਗਤ ਕਮਰੇ ਵਿਚ ਪਹੁੰਚ ਗਈ। ਪਹਿਲਾਂ ਤੋਂ ਬਣਾਈ ਸਕੀਮ ਅਨੁਸਾਰ ਫਾਸਟੋ ਨੇ ਕੁਹਾਰਾਂ ਨੂੰ ਕਰਾਇਆ ਦੇ ਕੇ ਤੋਰ ਦਿੱਤਾ ਅਤੇ ਅੰਦਰਲਿਆਂ ਨੂੰ ਦੱਸਣ ਵਾਸਤੇ ਚਲੀ ਗਈ। ਸਪਰਿੰਗ ਮੂਨ ਅਤੇ ਬੇਟੀ ਵੂਥੇ ਹੀ ਉਡੀਕਣ ਲੱਗੀਆਂ। ਦਰਬਾਨ ਨੇ ਉਸ ਵੱਲ ਦੇਖਦਿਆਂ ਝੁਕ ਕੇ ਦੋਹਰੀ ਸਲਾਮ ਆਖੀ। ਵੱਡੇ ਵਿਹੜੇ ਦੇ ਮੁੱਢ ਵਿਚ ਸਟੂਲ 'ਤੇ ਬੈਠਾ ਇਕ ਬੁੱਢਾ ਉਂਘ ਰਿਹਾ ਸੀ। ਉਸ ਦੀਆਂ ਬਾਹਵਾਂ ਇਕ ਪੰਛੀ ਦੇ ਪਿੰਜਰੇ ਨੂੰ ਵਲੀਆਂ ਹੋਈਆਂ ਸਨ। ਬੇਟੀ ਦਾ ਹੱਥ ਫੜੀ ਸਪਰਿੰਗ ਉਸ ਵੱਲ ਵਧੀ। ਹੈਰਾਨ ਹੋਈ ਕਿ ਪੁਰਾਣਾ ਮਾਲੀ ਅਜੇ ਜਿਊਂਦਾ। ਲਸਟਰੱਸ ਜੇਡ ਨੇ ਉਚੀ ਪੁੱਛਿਆ "ਕੀ ਤੇਰਾ ਪੰਛੀ ਗਾਉਂਦਾ।" ਬੁੱਢਾ ਥੋੜ੍ਹਾ ਹਿੱਲਿਆ ਪਰ ਉਸ ਨੇ ਸਿਰ ਨਾ ਚੁੱਕਿਆ। ਬੱਚੀ ਨੇ ਪਿੰਜਰੇ 'ਤੇ ਹੱਥ ਮਾਰਦੇ ਨੇ ਆਖਿਆ "ਗਉਂ ਪੰਛੀਆਂ ਗਉਂ ਕੋਈ ਗੀਤ ਗਉਂ" ਹੁਣ ਸਪਰਿੰਗ ਮੂਨ ਵੀ ਬੋਲ ਪਈ "ਪਿਆਰੇ ਬੁੱਢੇ ਮਾਲੀ ਮੈਂ ਆਂ ਰਾਜ ਪਿਤਾਮਾ ਦੇ ਵੱਡੇ ਤੋਂ ਛੋਟੇ ਮੁੰਡੇ ਦੀ ਧੀ ਸਪਰਿੰਗ ਮੂਨ।" ਇਸ 'ਤੇ ਬੁੱਢੇ ਨੇ ਉਤਾਂਹ ਦੇਖਿਆ ਅਤੇ ਕੁੱਬ ਸਿੱਧਾ ਕਰਦਾ ਉੱਠ ਖੜ੍ਹਾ ਹੋਇਆ। ਅੱਖਾਂ ਝਮਕ ਦੇ ਨੇ ਜਦੋਂ ਲੱਸਟਰੱਸ ਜੇਡ ਨੂੰ ਦੇਖਿਆ ਤਾਂ ਬੋਲਿਆ "ਜਵਾਨ ਮਾਲਕਣ ਕਿਥੇ ਗਈ ਸੀ ਤੂੰ ਐਨਾ ਚਿਰ ਦੀ ਤੇਰੀ ਦਾਸੀ ਪਲੱਮ ਬਲਾਜਮ ਤੈਨੂੰ ਵਾਜਾਂ ਮਾਰ ਮਾਰ ਲੱਭਦੀ ਫਿਰਦੀ ਰਹੀ ਆ" ਲੱਸਟਰੱਸ ਜੇਡ ਨੇ ਉਂਗਲਾਂ ਨੇੜੇ ਕਰਕੇ ਦੇਖਿਆ ਕਿ ਕੀ ਬੁੱਢੇ ਨੂੰ ਦਿੱਸਦਾ ਵੀ ਆ ਕਿ ਨਹੀਂ ਅਤੇ ਬੋਲੀ "ਕੀ ਪੁੱਛਿਆ ਤੂੰ, ਮੈਂ ਲੱਸਟਰੱਸ ਜੇਡ ਆਂ ਮੈਂ ਇਥੇ ਪਹਿਲਾਂ ਕਦੇ ਨੀ ਆਈ ਅਤੇ ਨਾ ਹੀ ਮੇਰੀ ਕੋਈ ਦਾਸੀ ਹੈ।" ਹਾਂ ਮੈਨੂੰ ਪਤਾ, ਮੈਨੂੰ ਪਤਾ" ਕਹਿੰਦਾ ਉਹ ਸਪਰਿੰਗ ਮੂਨ ਵੱਲ ਝਾਕਿਆ "ਮੈਂ ਇਸ ਮਹਾਨ ਖਾਨਦਾਨ ਦੀਆਂ ਪੰਜ ਪੀੜ੍ਹੀਆਂ ਨੂੰ ਗੋਦੀ ਖਿਡਾਇਆ।" ਸਪਰਿੰਗ ਮੂਨ ਨੇ ਸੋਚਿਆ ਕਿ ਉਹ ਬੁੱਢਾ ਨਹੀਂ ਸਗੋਂ ਬੱਚਾ ਲੱਗਦਾ ਉਸ ਨੇ ਉਸ ਵੱਲ ਝੁਕ ਕੇ ਆਖਿਆ "ਪਿਆਰੇ ਦਾਦਾ, ਮਾਲੀਆ ਤੈਨੂੰ ਮਿਲ ਕੇ ਮੈਂ ਬੜੀ ਖੁਸ਼ ਆ" "ਤਾਂ ਤੂੰ ਕੀ ਸੋਚਦੀ ਸੀ ਬਈ ਮਰ ਖੱਪ ਗਿਆ ਹੋਊ। ਅਜੇ ਜਿਊਂਦਾ ਮੈਂ, ਅਜੇ ਜਿਊਂਦਾ ਮੈਂ" ਹੋਰ ਸਿੱਧਾ ਹੋਇਆ ਅਤੇ ਪਿੰਜਰਾ ਪਾਸੇ ਰੱਖ ਕੇ ਨਿਉਂ ਕੇ ਬੋਲਿਆ, "ਘਰ ਆਉਣ 'ਤੇ ਜੀ ਆਇਆਂ ਨੂੰ", "ਸ਼ੁਕਰੀਆ ਦਾਦਾ, ਵਾਪਸ ਆ ਕੇ ਬੜਾ ਚੰਗਾ ਲੱਗਿਆ।"

ਹੋਰ ਰੁਕਣ ਦਾ ਸਮਾਂ ਨੀ ਸੀ। ਅੰਦਰੋਂ ਬਾਹਰ ਆ ਕੇ ਫਾਸਟੋ ਨੇ ਆਉਣ ਵਾਸਤੇ ਅਵਾਜ਼ ਮਾਰੀ। ਜਦੋਂ ਸਪਰਿੰਗ ਮੂਨ ਉਸ ਕੋਲ ਪਹੁੰਚੀ, ਫਾਸਟੋ ਨੇ ਨੇੜੇ ਹੋ ਕੇ ਕੰਨ ਵਿਚ ਆਖਿਆ ਕਿ, ਉਹਨਾਂ ਦੀ ਵਾਪਸੀ ਦੀ ਸਾਰੀ ਕਹਾਣੀ ਉਸ ਨੇ ਸਾਰਿਆਂ ਨੂੰ ਸੁਣਾ ਦਿੱਤੀ ਹੈ ਅਤੇ ਸਾਰੇ ਮੈਂਬਰ ਉਸ ਨੂੰ ਉਡੀਕ ਰਹੇ ਹਨ। ਬੱਚੀ ਦਾ ਹੱਥ ਫੜ ਕੇ ਫਾਸਟੋ ਮੂਹਰੇ ਤੁਰ ਪਈ ਕਿਉਂਕਿ ਸਪਰਿੰਗ ਮੂਨ ਨੂੰ ਸਾਰੇ ਰਸਤਿਆਂ ਦੇ ਭੇਤ ਨਹੀਂ ਸੀ। ਅੱਗੇ ਜਾ ਕੇ ਸਪਰਿੰਗ ਰੁਕ ਗਈ। ਸਾਈਪਰੱਸ ਬਾਗ਼ ਪਹਿਲਾਂ ਵਰਗਾ ਹੀ ਸੋਹਣਾ ਸੀ। ਇਥੇ ਉਸ ਦਾ ਕੁਆਰੀ ਦਾ ਭੋਜ ਹੋਇਆ ਸੀ। ਫੁੱਲ ਪਹਿਲਾਂ ਨਾਲੋਂ ਵੀ ਵੱਧ ਪਿਆਰੇ ਲੱਗਦੇ ਸਨ। ਅਨਾਰਾਂ ਦੇ ਬੂਟੇ ਪਹਿਲਾਂ ਨਾਲੋਂ ਵੱਧ ਫੈਲਰੇ ਸਨ। ਬਾਂਸ ਦੀਆਂ ਝਾੜੀਆਂ ਜ਼ਿਆਦਾ ਹਰੀਆਂ ਸਨ। ਉਸ ਨੇ ਜਿਹੜੀ ਪਹਿਲੀ ਕਵਿਤਾ ਲਿਖ ਕੇ ਤਾਏ ਨੂੰ ਸੁਣਾਈ ਸੀ ਯਾਦ ਆ ਗਈ।

"ਮੇਰੀ ਬੜੀ ਖੁਵਾਇਸ਼ ਹੈ, ਇਕ ਕਿਸ਼ਤੀ ਬਣਾਵਾਂ,
ਜਿਹੜੀ ਪੰਛੀਆਂ ਦੀ ਫੁਰਤੀ ਹਾਰ
ਪਾਣੀ ਦੀਆਂ ਛੱਲਾਂ 'ਤੇ ਤੱਰਦੀ ਰਵੇ।
ਪਰ ਕਦੇ ਵੀ ਮਿੱਤਰ ਪਿਆਰਿਆਂ ਨੂੰ
ਦੂਰ ਨਾ ਲਿਜਾਵੇ, ਸਗੋਂ ਘਰ ਨੂੰ
ਮੋੜ ਲਿਆਵੇ।"

ਜਦੋਂ ਉਹ ਅੱਗੇ ਵੱਧ ਕੇ, ਪੁਲ ਟੱਪ ਕੇ ਜਨਾਨਖਾਨੇ ਵੱਲ ਜਾਣ ਲੱਗੇ ਤਾਂ ਫਿਰ ਰੁਕ ਗਈ। ਰੱਬ ਖੈਰ ਕਰੇ। ਮੇਰਾ ਘਰ ਮੈਨੂੰ ਲੱਭ ਜਾਵੇ। ਫਾਸਟੋ ਨੇ ਫਿਰ ਧੀਮੀ ਅਵਾਜ਼ ਵਿਚ ਦੁਹਰਾਇਆ। "ਸਭ ਠੀਕ ਹੈ। ਸਾਰੇ ਉਡੀਕ ਕਰ ਰਹੇ ਹਨ। ਖਾਨਦਾਨ ਦੀਆਂ ਸਾਰੀਆਂ ਔਰਤਾਂ ਜਨਾਨਖਾਨੇ ਵਿਚ ਇਕੱਠੀਆਂ

ਹੋਈਆਂ ਉਡੀਕ ਰਹੀਆਂ ਸਨ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰੇ। ਪਹਿਲਾਂ ਕਦੇ ਵੀ ਕੋਈ ਵਿਧਵਾ ਘਰ ਨਹੀਂ ਸੀ ਮੁੜੀ। ਔਰਤਾਂ ਦੇ ਚਿਹਰਿਆਂ ਤੋਂ ਕੁਝ ਵੀ ਪੜ੍ਹਿਆ ਨਹੀਂ ਸੀ ਜਾ ਸਕਦਾ। ਉਸ ਨੇ ਇਕੱਲੀ ਇਕੱਲੀ ਵੱਲ ਨੀਜ਼ ਨਾਲ ਦੇਖਿਆ। ਦਾਦੀਆਂ, ਚਾਚੀਆਂ ਤਾਈਆਂ ਅਤੇ ਨੌਕਰਾਣੀਆਂ। ਚਚੇਰੀਆਂ ਮਸੇਰੀਆਂ ਕੁੜੀਆਂ ਵਿਆਹ ਹੋ ਕੇ ਜਾ ਚੁੱਕੀਆਂ ਸਨ। ਉਨ੍ਹਾਂ ਦੀ ਜਗ੍ਹਾ ਚਚੇਰੇ ਭਰਾਵਾਂ ਦੀਆਂ ਵਹੁਟੀਆਂ ਆ ਚੁੱਕੀਆਂ ਸਨ। ਨੇੜੇ ਹੀ ਕਮਰੇ ਦੇ ਵਿਚਕਾਰ ਉਸਦੀ ਹਮ ਉਮਰ ਗੋਲਡਨ ਵਰਚੂ ਖੜ੍ਹੀ ਸੀ ਬੋਲਡ ਟੇਲੈਂਟ ਦੇ ਘਰਵਾਲੀ ਜਿਸਨੂੰ ਉਹ ਪਹਿਲੀ ਵਾਰ ਮਿਲ ਰਹੀ ਸੀ ਅਤੇ ਪਿਤਾਮਾ ਦੀ ਤੀਜੀ ਪਤਨੀ ਸਿਲਕਨ ਡਾਨ ਵੀ ਨਾਲ ਹੀ ਸੀ ਅਤੇ ਫਰੈਗਰੈਂਟ ਸਨੋ ਪਿਤਾਮਾ ਦੇ ਦੂਜੇ ਮੁੰਡੇ ਦੀ ਵਿਧਵਾ-ਉਸਦੀ ਮਾਂ। ਉਸ ਦੀ ਨਜ਼ਰ ਅਲੱਗ ਕੁਰਸੀ 'ਤੇ ਬੈਠੀ ਰਾਜਮਾਤਾ 'ਤੇ ਗਏ। ਕੁਰਸੀ ਪਹਿਲਾਂ ਨਾਲੋਂ ਵੀ ਸ਼ਾਨਦਾਰ ਲੱਗ ਰਹੀ ਸੀ। ਆਹਿਸਤਾ ਆਹਿਸਤਾ ਉਹ ਅੱਗੇ ਵਧੀ ਫਿਰ ਅੱਖਾਂ ਝੁਕਾ ਕੇ ਰੁਕ ਗਈ। ਆਪਣੇ ਦਿਲ ਦੀ ਧੜਕਣ ਉਹ ਸੁਣ ਰਹੀ ਸੀ। "ਆ ਮੇਰੀਏ ਪੋਤੀਏ, ਮੇਰੇ ਜਿਗਰ ਦੇ ਟੁਕੜਿਆ ਆ ਗਲੇ ਲੱਗ ਤੂੰ ਘਰ ਆ ਗਈ ਏਂ।" ਸਪਰਿੰਗ ਨੇ ਜਦੋਂ ਸਿਰ ਉਠਾ ਕੇ ਦੇਖਿਆ ਤਾਂ ਦਾਦੀ ਖੁਸ਼ੀ ਨਾਲ ਦੇਖਣ ਲੱਗੀ। ਸਪਰਿੰਗ ਮੂਨ ਦਾਦੀ ਦੇ ਚਰਨੀਂ ਜਾ ਪਈ। "ਮੇਰੇ ਦਿਲ ਦੀਏ ਆਂਦਰੇ ਆ ਮੈਂ ਤੈਨੂੰ ਜੱਫੀ ਵਿਚ ਸਮੋ ਲਵਾਂ।" ਇਹ ਬੋਲ ਮਾਂ ਦੇ ਸਨ ਉਸ ਨੇ ਸਪਰਿੰਗ ਮੂਨ ਨੂੰ ਕਲਾਵੇ ਵਿਚ ਲੈ ਲਿਆ। ਦੋਵਾਂ ਦੀਆਂ ਅੱਖੀਆਂ ਨੀਰ ਬਰਸਾ ਰਹੀਆਂ ਸਨ। ਸਾਰੇ ਰਿਸ਼ਤੇਦਾਰ ਅਤੇ ਨੌਕਰ ਡੁਸਕ ਰਹੇ ਸਨ ਅਤੇ ਖੁਸ਼ਆਮਦੀਦ ਆਖ ਰਹੇ ਸਨ। ਜਦੋਂ ਇਹ ਵਰਤਾਰਾ ਰੁਕ ਗਿਆ ਤਾਂ ਦਾਦੀ ਨੇ ਆ ਕੇ ਸਪਰਿੰਗ ਮੂਨ ਦਾ ਹੱਕ ਫੜ ਕੇ ਆਖਿਆ "ਆ ਮੈਂ ਤੈਨੂੰ ਤੇਰੀ ਤਾਈ ਨਾਲ ਮਿਲਾਵਾਂ। ਗੋਲਡਨ ਵਰਚੂ, ਸ਼ਾਂਤੀ ਦੀ ਮੂਰਤ ਜਾਪਦੀ ਅਲੱਗ ਖੜ੍ਹੀ ਸੀ। ਸਪਰਿੰਗ ਮੂਨ ਉਸ ਨੇ ਪੈਰੀਂ ਜਾ ਪਈ। ਪਰ ਉਸ ਨੇ ਉਠਾ ਕੇ ਉਸ ਨੂੰ ਸੀਨੇ ਨਾਲ ਲਾ ਲਿਆ। ਨਹੀਂ ਨਹੀਂ ਤੂੰ ਤਾਂ ਮੇਰੀ ਹਮ ਉਮਰ ਆ ਮੇਰੇ ਸਿਰ ਇਹ ਭਾਰ ਨਾ ਪਾ। ਫਾਸਟੋ ਨੇ ਉੱਚੀ ਨੱਕ ਦਾ ਸੜ੍ਹਾਕਾ ਮਾਰਿਆ ਤਾਂ ਸਾਰੇ ਜ਼ੋਰ ਨਾਲ ਹੱਸ ਪਏ। ਸਪਰਿੰਗ ਮੂਨ ਨੂੰ ਲੱਗਿਆ ਕਿ ਉਹ ਘਰ ਪਹੁੰਚ ਗਈ ਹੈ।

ਚਾਹ ਤੋਂ ਬਾਅਦ ਲੱਸਟਰੱਸ ਜੇਡ ਦਾ ਤੁਆਰਫ਼ ਸਾਰੇ ਬੱਚਿਆਂ ਨਾਲ ਕਰਵਾਇਆ ਗਿਆ। ਦਾਦੀ ਬੋਲੀ "ਆਪਣਾ ਸਕੂਲ ਸੂਕੂ ਵਿਚੋਂ ਸਭ ਤੋਂ ਅਵੱਲ ਮੰਨਿਆ ਜਾਂਦਾ ਹੈ। ਹਰ ਰੋਜ਼ ਦਾਖ਼ਲ ਹੋਣ ਵਾਲੇ ਕਈ ਬੱਚੇ ਮੈਨੂੰ ਮੋੜਨੇ ਪੈਂਦੇ ਹਨ।" "ਬੱਚੇ, ਤਾਂ ਕੀ ਸਾਡਾ ਸਕੂਲ ਸਾਂਝੀ ਸਿੱਖਿਆ ਦਾ ਸਕੂਲ ਹੈ?" "ਹਾਂ ਹਾਂ ਕਿਉਂ ਨਾ ਹੋਵੇ ਸਾਡਾ ਖਾਨਦਾਨ ਅਗਾਂਹਵਧੂ ਖਾਨਦਾਨ ਮੰਨਿਆ ਜਾਂਦਾ ਹੈ।" ਸਪਰਿੰਗ ਮੂਨ ਦਿਲੋਂ ਖੁਸ਼ ਹੋਈ। ਉਸ ਨੇ ਸੋਚਿਆ ਤਾਇਆ ਠੀਕ ਹੀ ਆਖਦਾ ਸੀ। ਸਮਾਂ ਆਉਣ 'ਤੇ ਬਦਲਾਅ ਆ ਹੀ ਜਾਂਦਾ ਹੈ।

ਸਕੂਲ ਦੇ ਸਾਰੇ ਬੱਚੇ ਅਧਿਆਪਕ ਸਮੇਤ ਜਾਣ ਪਛਾਣ ਵਾਸਤੇ ਖੜ੍ਹੇ ਹੋ ਗਏ। ਪਹਿਲਾਂ ਐਨਕਾਂ ਲੱਗੀਆਂ ਵਾਲਾ ਅਧਿਆਪਕ, ਫਿਰ ਦੂਜੇ ਬੱਚੇ ਹਰ, ਝੁਕ ਕੇ ਸਲਾਮ ਆਖ ਰਿਹਾ ਸੀ। ਹੁਣ ਦੇ ਪਿਤਾਮਾ ਬੋਲਡ ਟੇਲੈਂਟ ਦੇ ਦੋ ਮੁੰਡੇ, ਦਾਦੇ ਦੇ ਭਰਾਵਾਂ ਦੇ ਪੋਤੇ ਪੜਪੋਤੇ ਅਤੇ ਇਕ ਯਤੀਮ ਮੁੰਡਾ ਆਗਸਤ ਵਿੰਡਜ਼, ਦੂਰ ਦੀ ਰਿਸ਼ਤੇਦਾਰੀ ਵਿਚੋਂ, ਉਹੀ ਸਾਰਿਆਂ ਵਿਚੋਂ ਕੱਦਾਵਰ ਲੱਗਦਾ ਸੀ ਅਤੇ ਕੁਝ ਖਾ ਰਿਹਾ ਸੀ। ਦਾਦੀ ਉਸ ਵੱਲ ਵੇਖ ਰਹੀ ਸੀ ਪਰ ਉਹ ਜੇਡ ਦੇ ਵੱਡੇ ਪੈਰਾਂ ਵੱਲ ਝਾਕ ਰਿਹਾ ਸੀ। ਜੇਡ ਨੇ ਵੀ ਪਜਾਮਾ ਉਚਾ ਕਰਕੇ ਆਪਣੀ ਵੱਡੀ ਜੁੱਤਾ ਦਿਖਾ ਦਿੱਤੀ, ਤਾਂ ਸਾਰੇ ਹੱਸ ਪਏ। ਜਦੋਂ ਦਾਦੀ ਨੇ ਹਲਕਾ ਖੰਘੂਰਾ ਮਾਰਿਆ ਤਾਂ ਚੁੱਪ ਪਸਰ ਗਈ ਅਤੇ ਕੁੜੀਆਂ ਅੰਦਰ ਜਾ ਵੜੀਆਂ। ਜੇਡ ਜਦੋਂ ਮੁੰਡਿਆਂ ਮਗਰ ਜਾਣ ਲੱਗੀ ਤਾਂ ਸਪਰਿੰਗ ਮੂਨ ਨੇ ਰੋਕ ਲਈ। "ਬੇਟੀ ਧਿਆਨ ਨਾਲ ਮੇਰੀ ਗੱਲ ਸੁਣ ਤੈਨੂੰ ਇਥੇ ਆ ਕੇ ਕਈ ਨਵੀਆਂ ਗੱਲਾਂ ਸਿੱਖਣੀਆਂ ਪੈਣਗੀਆਂ। ਜਿਥੇ ਤੇਰੇ ਜਾਣ ਦੀ ਮਨਾਹੀ ਹੈ ਉਥੇ ਤੂੰ ਜਾ ਨੀ ਸਕਦੀ। ਬਾਹਰਲੇ ਵਿਹੜਿਆਂ ਵਿਚ ਮਨਾਹੀ ਹੈ। ਤੂੰ ਇਥੇ ਔਰਤਾਂ ਵਾਲੇ ਪਾਸੇ ਹੀ ਰਹਿਣਾ। "ਪਰ ਮਾਂ ਕਿਉਂ" "ਇਹ ਰਿਵਾਜ ਹੈ" "ਪਰ ਮੈਂ ਰਿਵਾਜ ਪਸੰਦ ਨੀ ਕਰਦੀ" "ਇਹ ਗੱਲ ਮੂੰਹੋਂ ਦੁਬਾਰਾ ਨਾ ਆਖੀ"

ਸਪਰਿੰਗ ਮੂਨ ਦੇ ਵਾਪਸ ਆਉਣ ਤੋਂ ਥੋੜ੍ਹੇ ਦਿਨਾਂ ਬਾਅਦ ਬੋਲਡ ਟੇਲੈਂਟ ਆਪਣੇ ਦਫ਼ਤਰ ਵਿਚ ਬੈਠਾ ਹਿਸਾਬ ਕਿਤਾਬ ਲਿਖ ਰਿਹਾ ਸੀ। ਸਾਲ ਪੁੱਗਣ ਵਾਲਾ ਹੈ। ਮੁਖੀ ਹੋਣ ਨਾਤੇ ਉਸ ਨੂੰ ਖਾਨਦਾਨੀ ਆਮਦਨ ਖਰਚੇ ਦਾ ਹਿਸਾਬ ਦੇਣਾ ਪੈਣਾ ਸੀ। ਸਾਲ ਦੀ ਅੰਤਲੀ ਮੀਟਿੰਗ ਛੇਤੀ ਹੋਣ ਵਾਲੀ ਸੀ। ਖਜ਼ਾਨੇ ਵਿਚ ਪੈ ਰਹੇ ਘਾਟੇ ਨੂੰ ਉਹ ਲੁਕਾ ਨਹੀਂ ਸੀ ਸਕਦਾ। ਵੱਡੀ ਆਮਦਨ ਤਾਂ ਇਕੋ ਵਾਰ ਹੋਈ ਸੀ ਜਦੋਂ ਉਸ ਨੇ ਘਰਵਾਲੀ ਦੀਆਂ ਟੂੰਮਾਂ ਵੇਚ ਕੇ ਪੈਸੇ ਖਜ਼ਾਨੇ ਵਿਚ ਪਾਏ ਸਨ। ਪਰ ਖਰਚ ਚੌਥੇ ਹੋ ਰਹੇ ਸਨ। ਸਾਲ ਦਾ ਵੱਡਾ ਖਰਚਾ ਤਾਂ ਨੋਬਲ ਟੇਲੈਂਟ ਵਲੋਂ ਹੁੰਦਾ ਸੀ। ਪਰ ਦੱਸਿਆ ਇਹ ਜਾਂਦਾ ਸੀ ਕਿ ਪੈਸਾ ਵਪਾਰ ਵਿਚ ਪਾਇਆ ਹੈ ਅਤੇ ਸਾਰੇ ਚੀਨ ਵਾਂਗ ਵਪਾਰ ਅਤੇ ਫੈਕਟਰੀਆਂ ਫਾਉਂਡਰੀਆਂ ਜਿਹੜੀਆਂ ਚੀਨ ਦੇ ਵਿਕਾਸ ਵਾਸਤੇ ਸ਼ੁਰੂ ਕੀਤੀਆਂ ਹਨ ਉਹ ਘਾਟੇ ਵਿਚ ਜਾ ਰਹੀਆਂ ਹਨ। ਇਨਕਲਾਬੀ ਭਰਾ ਨੂੰ ਮੋਰਚੇ ਉਤੇ ਪੈਸੇ ਦੀ ਸਖ਼ਤ ਲੋੜ ਸੀ। ਜੇਡਾਵੇਜ਼ਰ ਮੌਕਾ ਰਹਿੰਦਾ ਸੰਭਲ ਜਾਂਦੀ ਅਤੇ ਕੱਸੇ ਮੁੱਕਿਆਂ ਨੂੰ ਹੱਲਾਸ਼ੇਰੀ ਨਾ ਦਿੰਦੀ। ਚੀਨ ਬਚ ਸਕਦਾ ਸੀ। ਉਨ੍ਹਾਂ ਨੇ ਚੀਨ ਦਾ ਬੇੜਾ ਗਰਕ ਕੀਤਾ ਸੀ।

ਨਵੇਂ ਪ੍ਰਬੰਧ ਬਾਰੇ ਵੀ ਨੋਬਲ ਟੇਲੈਂਟ ਆਖਦਾ ਸੀ ਕਿ ਇਹ ਪਹਿਲਾਂ ਤੋਂ ਵੀ ਮਾੜਾ ਪ੍ਰਬੰਧ ਹੈ। ਨਵੇਂ ਪ੍ਰਬੰਧਕ ਸਾਰੇ ਚੀਨੀਆਂ ਨੂੰ ਹਟਾ ਕੇ ਮੰਚੂ ਭਰਤੀ ਕਰ ਰਹੇ ਹਨ। ਅੱਜ ਚਾਲੀ ਲੱਖ ਮੰਚੂ, ਚਾਲੀ ਕਰੋੜ ਚੀਨੀਆਂ 'ਤੇ ਰਾਜ ਕਰ ਰਹੇ ਹਨ। ਉਹ ਆਖਦਾ ਸੀ ਵੱਡੇ ਭਰਾ ਤੈਨੂੰ ਸੋਲਾਂ ਸਾਲ ਹੋ ਗਏ ਨੇ ਸੁਧਾਰਾਂ ਨੂੰ ਉਡੀਕਦੇ ਨੂੰ ਪਰ ਦੱਸ ਕੀ ਸੁਧਾਰ ਹੋਇਆ। ਤੈਨੂੰ ਸਾਡੇ ਨਾਲ ਇਨਕਲਾਬ ਵਿਚ ਆ ਰਲਣਾ ਚਾਹੀਦਾ। ਇਸ ਤੋਂ ਬਿਨਾਂ ਦਾ ਕੋਈ ਹੱਲ ਨਹੀਂ।

ਉਹ ਇਸ ਦਲੀਲ ਨਾਲ ਸਹਿਮਤ ਵੀ ਹੁੰਦਾ ਸੀ। ਉਸ ਨੇ ਪੇਪਰ ਇਕ ਪਾਸੇ ਕਰ ਦਿੱਤੇ ਅਤੇ ਉਠ ਖੜ੍ਹਾ ਹੋਇਆ। ਇਨਕਲਾਬ ਕਿਹੜਾ ਅਜੇ ਤੱਕ ਕੀਤਾ ਜਾ ਸਕਿਆ। ਭਰਾ ਨੂੰ ਮੋਰਚੇ 'ਤੇ ਕਿੰਨਾ ਖਰਚਾ ਉਹ ਭੇਜ ਚੁੱਕਿਆ। ਇਨਕਲਾਬ ਦੀਆਂ ਗੱਲਾਂ ਬੜੀਆਂ ਹੁੰਦੀਆਂ ਪਰ ਸਭ ਜਿਉਂ ਦਾ ਤਿਉਂ ਚੱਲ ਰਿਹਾ। ਦੱਖਣ ਵੱਲ ਮਾਲੀਆ ਉਗਰਾਹੁਣ ਜਾਂਦਾ ਇਕੱਲਾ ਭਾਗ ਮੰਚੂ ਅਫ਼ਸਰ ਭਾਵੇਂ ਮਾਰਿਆ ਜਾਵੇ। ਉਸ ਦੀਆਂ ਬਦਲ ਸਰਕਾਰ ਵਲੋਂ ਗ੍ਰਿਫ਼ਤਾਰੀਆਂ ਸਜ਼ਾਵਾਂ ਦਾ ਸਿਲਸਿਲਾ ਚੱਲਦਾ। ਕਰਫਿਊ ਅਤੇ ਸੈਂਸਰਸ਼ਿਪ ਉਗਰਾਹਿਆ ਜਾਂਦਾ। ਵੱਡੀ ਕ੍ਰਾਂਤੀ ਅਤੇ ਲੋਕ ਜਾਗਰਤ ਤੋਂ ਬਿਨਾਂ ਇਨਕਲਾਬ ਅਸੰਭਵ ਹੈ ਉਹ ਸੋਚਦਾ।

ਉਸ ਸ਼ਾਮ ਉਹ ਕਿਸੇ ਅੰਤਮ ਸਿੱਟੇ ਤਾਂ ਨਾ ਪਹੁੰਚ ਸਕਿਆ। ਰਾਜ ਪਿਤਾਮਾ ਦੇ ਮਹਿਲ ਵਿਚੋਂ ਹੁੰਦਾ ਹੋਇਆ ਉਹ ਆਪਣੀ ਪਤਨੀ ਦੇ ਕਮਰੇ ਵਿਚ ਜਾ ਪਹੁੰਚਿਆ ਜਦੋਂ ਦੀ ਸਪਰਿੰਗ ਮੂਨ ਮੁੜ ਕੇ ਆਈ ਸੀ ਉਹ ਮਿਲਣਾ ਚਾਹੁੰਦਾ ਹੋਇਆ ਵੀ ਉਸ ਨੂੰ ਮਿਲ ਨਹੀਂ ਸੀ ਸਕਿਆ।

"ਅੱਜ ਵਾਪਸ ਜਲਦੀ ਆ ਗਏ"

"ਮੈਂ ਬਹੁਤ ਥੱਕ ਗਿਆ ਅਰਾਮ ਚਾਹੁੰਨਾਂ। ਕੀ ਤੂੰ ਮਹਿਮਾਨ ਕਮਰੇ ਵਿਚ ਮੇਰੇ ਨਾਲ ਚਾਹ ਪੀ ਸਕਦੀ ਏਂ।" ਉਸ ਨੇ ਹਾਂ ਵਿਚ ਸਿਰ ਹਿਲਾਇਆ ਅਤੇ ਸਿਲਾਈ ਵਾਲੇ ਕੱਪੜੇ ਪਰਾਂ ਰੱਖ ਦਿੱਤੇ।

"ਹਾਂ ਸਪਰਿੰਗ ਮੂਨ ਨੂੰ ਵੀ ਆਖੀਂ ਸਾਡੇ ਨਾਲ ਆ ਕੇ ਚਾਹ ਪੀਵੇ।"

ਲੇਖਕ ਵਲੋਂ : ਪਾਠਕਾਂ ਨੂੰ ਬੇਨਤੀ ਹੈ ਕਿ ਉਸ ਵੇਲੇ (1902) ਚੀਨ ਦੇ ਕਰਜ਼ਈ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਬਾਰੇ ਸੋਚਣ ਕੀ ਅੱਜ ਪੰਜਾਬ ਦਾ ਕਿਸਾਨ ਵੀ ਆਰਥਿਕ ਸੰਕਟ ਦੇ ਬੋਝ ਹੇਠ ਨਪੀੜਿਆ ਜਾ ਰਿਹਾ ਹੈ? ਸਾਨੂੰ ਯਾਦ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਵੇਲਿਆਂ ਵਿਚ ਪੰਜਾਬ ਵਿਚ ਵੀ "ਪੱਗੜੀ ਸੰਭਾਲ ਜੱਟਾ" ਲਹਿਰ ਨੇ ਜਨਮ ਲਿਆ ਸੀ। ਹਜ਼ਾਰਾਂ ਨੂੰ ਫਾਂਸੀਆਂ, ਕੁਰਕੀਆਂ ਅਤੇ ਕਾਲੇ ਪਾਣੀਆਂ ਦੀਆਂ ਸਖ਼ਤ ਸਜ਼ਾਵਾਂ ਵਿਚ, ਹੱਡ ਗਾਲਣੇ ਪਏ ਸਨ। ਜਿੰਨਾਂ ਬਰਾਬਰੋਂ, ਅੱਜ ਰਾਜ ਕਰਨ ਵਾਲਿਆਂ ਦੇ ਵੱਡਿਆਂ ਮੁਆਫ਼ੀਨਾਮੇ ਲਿਖ, ਅੰਗਰੇਜ਼ਾਂ ਦੇ ਪੈਰੀਂ ਆ ਪਏ ਸਨ।

ਕੌਮੀ ਨਾਗਰਿਕਤਾ ਰਜਿਸਟਰ ਤੇ ਕੌਮੀ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਿਉਂ?

ਕੌਮੀ ਨਾਗਰਿਕਤਾ ਰਜਿਸਟਰ (NRC) ਕੀ ਹੈ? :ਕੌਮੀ ਨਾਗਰਿਕਤਾ ਰਜਿਸਟਰ (NRC) ਵਿਚ ਆਉਣ ਲਈ ਭਾਰਤ ਦੇ ਕਿਸੇ ਵੀ ਬਸ਼ਿੰਦੇ ਨੂੰ 1951 ਤੋਂ ਪਹਿਲਾਂ ਦੇ ਰਿਹਾਇਸ਼ੀ ਸਬੂਤ ਦੇ ਕੇ ਖੁਦ ਨੂੰ ਭਾਰਤ ਦਾ ਵਸਨੀਕ ਸਾਬਤ ਕਰਨਾ ਪਵੇਗਾ। ਬਹੁਤ ਸਾਰੇ ਗਰੀਬਾਂ, ਬੇਜ਼ਮੀਨਿਆਂ, ਮੰਗਤਿਆਂ, ਕਬਾਇਲੀਆਂ, ਮੂਲ ਜਗ੍ਹਾ ਤੋਂ ਦੇਸ਼ ਦੇ ਹੋਰ ਹਿਸੇ 'ਚ ਰਹਿਣ ਚਲੇ ਗਏ ਲੋਕਾਂ ਤੇ ਹੋਰ ਕਰੋੜਾਂ ਲੋਕਾਂ ਪਾਸ ਅਜਿਹੇ ਦਸਤਾਵੇਜ ਨਹੀਂ ਹਨ। ਜੇ ਕੋਈ ਨਾਗਰਿਕ ਇਹ ਦਸਤਾਵੇਜ ਸਾਬਤ ਨਹੀਂ ਕਰ ਸਕਦਾ ਤਾਂ ਉਸਦਾ ਨਾਂ ਕੌਮੀ ਨਾਗਰਿਕਤਾ ਰਜਿਸਟਰ 'ਚ ਦਰਜ ਨਹੀਂ ਹੋਵੇਗਾ ਤੇ ਉਸਦੀ ਨਾਗਰਿਕਤਾ ਖੁਸ ਜਾਵੇਗੀ।

ਕੌਮੀ ਨਾਗਰਿਕਤਾ ਰਜਿਸਟਰ 'ਚ ਨਾਂ ਦਰਜ ਨਾ ਹੋਣ ਦੇ ਕੀ ਅਸਰ ਹੋਣਗੇ?: ਅਗਰ ਕੋਈ ਮੁਸਲਮਾਨ ਵਿਅਕਤੀ ਦਾ ਨਾਂ ਇਸ ਰਜਿਸਟਰ 'ਚ ਦਰਜ ਨਹੀਂ ਹੁੰਦਾ ਤਾਂ ਉਸ ਨੂੰ ਬੰਦੀਗ੍ਰਹਿ (Detention Center) 'ਚ ਜਾਣਾ ਹੋਵੇਗਾ। ਪਰ ਜੇ ਗੈਰ-ਮੁਸਲਿਮ ਹਨ ਉਹਨਾਂ ਨੂੰ ਨਾਗਰਿਕਤਾ ਸੋਧ ਕਾਨੂੰਨ (CAA) ਤਹਿਤ ਸ਼ਰਨਾਰਥੀ ਮੰਨ ਕੇ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਸਾਡੇ ਦੇਸ਼ 'ਚ ਯੁੱਗਾਂ ਯੁਗਾਂ ਤੋਂ ਰਹਿ ਰਹੇ ਸਭ ਧਰਮਾਂ ਦੇ ਲੋਕ ਇਸਦੇ ਨਾਗਰਿਕ ਹਨ। ਉਹਨਾਂ ਨੂੰ ਆਪਣੀ ਨਾਗਰਿਕਤਾ ਸਾਬਤ ਕਰਨ ਦੀ ਕੋਈ ਜ਼ਰੂਰਤ ਨਹੀਂ। ਅਗਰ ਸਰਕਾਰ ਨੂੰ ਕਿਸੇ ਨਾਗਰਿਕ ਦੇ ਗੈਰ ਕਾਨੂੰਨੀ ਬਦੇਸ਼ੀ ਹੋਣ ਦਾ ਸ਼ੱਕ ਹੈ ਤਾਂ ਉਹ ਉਸ ਤੇ ਮੌਜੂਦ ਕਾਨੂੰਨਾਂ ਅਨੁਸਾਰ ਸਬੂਤ ਪੇਸ਼ ਕਰਕੇ ਨਿਆਂਇਕ ਅਦਾਲਤ 'ਚ ਕਾਰਵਾਈ ਕਰ ਸਕਦੀ ਹੈ ਪਰ ਸਵਾ ਸੌ ਕਰੋੜ ਲੋਕਾਂ ਨੂੰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕਹਿਣਾ ਅਨਿਆਂਈ ਕਾਰਵਾਈ ਹੈ। ਕਿਸੇ ਫਿਰਕੇ ਨੂੰ ਅਲਗ ਥਲੱਗ ਕਰਕੇ ਟਾਰਗੇਟ ਕਰਨਾ ਗੈਰਕਾਨੂੰਨੀ ਤੇ ਮੁਜਰਮਾਨਾ ਕਾਰਵਾਈ ਹੈ।

ਸ਼ਰਨ ਦੇਣ ਦੇ ਮਾਮਲੇ 'ਚ ਵੀ ਸਰਕਾਰ ਫਿਰਕੂ ਨੀਤੀ ਅਪਣਾ ਰਹੀ ਹੈ। ਸਿਰਫ ਫਿਰਕੂ ਅਧਾਰ 'ਤੇ ਸਾਡੇ ਆਲੇ ਦੁਆਲੇ ਦੇ ਸਿਰਫ ਮੁਸਲਿਮ ਦੇਸ਼ਾਂ ਦੀਆਂ ਘੱਟ ਗਿਣਤੀਆਂ ਨੂੰ ਸ਼ਰਣ ਤੇ ਨਾਗਰਿਕਤਾ ਖੋਹਲੀ ਜਾ ਰਹੀ ਹੈ। ਅਫਗਾਨਿਸਤਾਨ, ਪਾਕਿਸਤਾਨ ਤੇ ਬੰਗਲਾਦੇਸ਼ ਵਿਚੋਂ ਅਫਗਾਨਿਸਤਾਨ ਤਾ ਸਾਡਾ ਗੁਆਂਢੀ ਵੀ ਨਹੀਂ ਹੈ। ਜਦੋਂ ਕਿ ਸ਼੍ਰੀ ਲੰਕਾ ਵਿਚ ਸਿਨਹਲਾ ਬਹੁ ਗਿਣਤੀ ਨੇ ਤਾਮਿਲ ਘੱਟ ਗਿਣਤੀ (ਜੋ ਕਿ ਹਿੰਦੂ ਧਰਮ ਨਾਲ ਸਬੰਧਤ ਹੈ) ਤੇ ਬਹੁਤ ਜੁਲਮ ਕੀਤੇ ਹਨ ਤੇ ਲਖਾਂ ਲੋਕਾਂ ਦਾ ਘਾਣ ਹੋਇਆ ਹੈ। ਇਸੇ ਤਰ੍ਹਾਂ ਬਰਮਾ ਦੀ ਬੋਧ ਬਹੁਗਿਣਤੀ ਨੇ ਉਥੋਂ ਦੇ ਰੋਹਿੰਗੀਆ ਮੁਸਲਮਾਨ ਘੱਟ ਗਿਣਤੀ ਨਾਲ ਬਹੁਤ ਵਧੀਕੀ ਕੀਤੀ ਹੈ। ਜੇਕਰ ਸਰਕਾਰ ਨੇ ਸ਼ਰਨਾਰਥੀਆਂ ਲਈ ਦੇਸ਼ ਦੇ ਦਰ ਖੋਹਲਣੇ ਹਨ ਤਾਂ ਫਿਰਕੂ ਵਿਤਕਰੇਬਾਜ਼ੀ ਬੰਦ ਕਰਕੇ ਸਾਰੇ ਗੁਆਂਢੀ ਮੁਲਕਾਂ ਦੀ ਪੀੜਤ ਘੱਟ ਗਿਣਤੀਆਂ ਨੂੰ ਇਸ 'ਚ ਸ਼ਾਮਲ ਕਰਦੀ। ਮੁਸਲਿਮ ਮੁਲਕਾਂ ਅੰਦਰ ਵੀ ਸ਼ੀਆ ਤੇ ਅਹਿਮਦੀ ਮੁਸਲਿਮ ਭਾਈਚਾਰਾ ਵਧੀਕੀਆਂ ਦਾ ਸ਼ਿਕਾਰ ਹੈ, ਉਹਨਾਂ ਨੂੰ ਵੀ ਫਿਰਕੂ ਅਧਾਰ ਤੇ ਛੱਡ ਦਿੱਤਾ ਗਿਆ ਹੈ। ਇਸਤੋਂ ਜਾਹਰ ਹੈ ਕਿ ਇਸ ਕਾਨੂੰਨ ਦਾ ਅਧਾਰ ਫਿਰਕੂ ਵਿਤਕਰਾ ਹੈ ਜਿਸਦਾ ਮਕਸਦ ਸਾਡੇ ਦੇਸ਼ ਅੰਦਰ ਫਿਰਕੂ ਤਣਾਅ ਦਾ ਵਾਧਾ ਕਰਨਾ ਹੈ।

ਸਵਾ ਸੌ ਕਰੋੜ ਅਬਾਦੀ ਦੀ ਨਾਗਰਿਕਤਾ ਸਾਬਤ ਕਰਨ ਦੇ ਅਮਲ ਅੰਦਰ ਲੱਖਾਂ ਕਰੋੜਾਂ ਰੁਪਏ, ਲੋਕਾਂ ਦਾ ਵਕਤ ਤੇ ਧਨ ਬਰਬਾਦ ਹੋਵੇਗਾ। ਭਾਰਤ ਅੰਦਰ ਲੋਕਾਂ ਦੀ ਅਜਿਹੀ ਕੋਈ ਮੰਗ ਨਹੀਂ ਸੀ ਤਾਂ ਆਖਰ ਸਰਕਾਰ ਅਜਿਹਾ ਕਾਨੂੰਨ ਕਿਉਂ ਥੋਪ ਰਹੀ ਹੈ ਜਿਸਦੀ ਨਾ ਕੋਈ ਜ਼ਰੂਰਤ ਹੈ ਅਤੇ ਜੋ ਸਾਡੇ ਦੇਸ਼ ਅੰਦਰ ਏਨਾ ਤਣਾਅ ਪੈਦਾ ਕਰ ਰਿਹਾ ਹੈ।

ਸਾਡੀ ਆਰਥਕਤਾ ਦਾ ਬੁਰਾ ਹਾਲ ਹੈ। ਸਰਕਾਰੀ ਅਦਾਰੇ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਵੱਡੇ ਵੱਡੇ ਕਾਰਪੋਰੇਟ ਬੈਂਕਾਂ 'ਚ ਪਿਆ ਪਬਲਿਕ ਦਾ ਪੈਸਾ ਡਕਾਰ ਕੇ ਵਿਦੇਸ਼ ਭੱਜ ਗਏ ਹਨ। ਲੋਕਾਂ ਤੇ ਤਰ੍ਹਾਂ ਤਰ੍ਹਾਂ ਦੇ ਟੈਕਸ ਮੜ੍ਹੇ ਜਾ ਰਹੇ ਹਨ ਤੇ ਕਾਰਪੋਰੇਟਾਂ ਨੂੰ ਲੱਖਾਂ ਕਰੋੜਾਂ ਦੀ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਨੌਕਰੀਆਂ ਖੁੱਸ ਰਹੀਆਂ ਹਨ, ਤਨਖਾਹਾਂ ਘਟਾਈਆਂ ਜਾ ਰਹੀਆਂ ਹਨ, ਵਪਾਰ ਡੁੱਬ ਰਹੇ ਹਨ, ਫੈਕਟਰੀਆਂ ਬੰਦ ਹੋ ਰਹੀਆਂ ਹਨ, ਜਮਾਂਖੋਰੀ ਕਾਰਣ ਖਾਣ ਪੀਣ ਦੀਆਂ ਵਸਤਾਂ ਬੇਹੱਦ ਮਹਿੰਗੀਆਂ ਹਨ ਤੇ ਲੋਕਾਂ ਦਾ ਜੀਣਾ ਦੁਭਰ ਹੋਇਆ ਪਿਆ ਹੈ। ਲੋਕਾਂ ਦਾ ਧਿਆਨ ਇਹਨਾਂ ਮਸਲਿਆਂ ਤੋਂ ਪਾਸੇ ਭਟਕਾਉਣ ਲਈ ਸਰਕਾਰ ਨੇ NRC ਤੇ CAA ਦਾ ਬੇਲੋੜਾ ਤੇ ਅਨਿਆਂਈ ਮਸਲਾ ਖੜ੍ਹਾ ਕਰ ਦਿੱਤਾ ਹੈ।

ਭਾਰਤ ਦੇ ਸਾਰੇ ਵਾਸੀਆਂ ਦਾ ਮੁੱਖ ਮਸਲਾ ਸਾਡਾ ਰੁਜ਼ਗਾਰ, ਵਸੀਲੇ, ਤਰੱਕੀ, ਖੁਸ਼ਹਾਲੀ ਤੇ ਸਮਾਨਤਾ ਹੈ। ਅਸੀਂ ਫਿਰਕਾਪ੍ਰਸਤੀ ਦੀ ਸਿਆਸਤ ਰੱਦ ਕਰਦੇ ਹਾਂ। ਭਾਰਤ ਬਹੁ ਧਰਮੀ, ਬਹੁ ਭਾਸ਼ਾਈ, ਬਹੁ ਨਸਲੀ ਤੇ ਵਿਭਿੰਨਤਾਵਾਂ ਭਰਿਆ ਮੁਲਕ ਹੈ। ਦੇਸ਼ ਦੀ ਵੰਡ ਸਮੇਂ ਭਾਰਤ 'ਚ ਰਹਿੰਦੇ ਮੁਸਲਮਾਨਾਂ ਸਮੇਤ ਸਭ ਲੋਕਾਂ ਨੇ ਕਿਸੇ ਇਕ ਧਰਮ ਦੇ ਬੋਲਬਾਲੇ ਵਾਲੇ ਦੇਸ਼ ਦੀ ਧਾਰਨਾ ਨੂੰ ਰੱਦ ਕਰਕੇ ਵੰਨ-ਸੁਵੰਨਤਾ, ਭਾਈਚਾਰੇ ਤੇ ਏਕਤਾ ਦੀ ਚੋਣ ਕੀਤੀ। ਇਕ ਧਰਮ ਨੂੰ ਥੋਪ ਕੇ ਬਣਾਏ ਦੇਸ ਦੇ ਦੋ ਟੋਟੇ ਹੋ ਗਏ। ਅਸੀਂ ਵੀ ਬਹੁਤ ਸਾਰੀਆਂ ਫਿਰਕੂ ਚੁਣੌਤੀਆਂ ਦਾ ਸਾਹਮਣਾ ਕੀਤਾ। ਕਦੇ 1984, 2002, ਤੇ ਕਦੇ ਪੰਜਾਬ ਅੰਦਰ ਫਿਰਕਾਪ੍ਰਸਤੀ ਦਾ ਦਰਦ ਹੰਢਾਇਆ। ਕਾਲੇ ਕਾਨੂੰਨਾਂ ਦੇ ਓਹਲੇ ਥਲੇ ਵੀ ਭਾਰਤ ਭਰ ਅੰਦਰ ਲੋਕਾਂ ਨਾਲ ਬਹੁਤ ਵਧੀਕੀਆਂ ਹੋਈਆਂ। ਪਰ ਸਾਡੀ ਜੰਗੇ ਅਜ਼ਾਦੀ ਦੀ ਵਿਰਾਸਤ ਤੇ ਪਹਿਰਾ ਦਿੰਦਿਆਂ ਅਸੀਂ ਫਿਰਕਾਪ੍ਰਸਤ ਤਾਕਤਾਂ ਨੂੰ ਹਾਰ ਦੇ ਕੇ ਆਪਣੀ ਵੰਨਸੁਵੰਨਤਾ ਤੇ ਭਾਈਚਾਰੇ ਦੀ ਰਾਖੀ ਕਰਦੇ ਆ ਰਹੇ ਹਾਂ। ਹੁਣ ਵੀ ਅਸੀਂ ਭਾਰਤ ਨੂੰ ਕਿਸੇ ਇਕ ਧਰਮ ਦੇ ਬੋਲਬਾਲੇ ਵਾਲੇ ਦੇਸ਼ ਬਣਾਉਣ ਦੇ ਨਾਂ ਥੱਲੇ ਭਾਰਤ ਦੇ ਇਤਿਹਾਸਕ ਚਰਿਤਰ ਤੇ ਹਮਲਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਆਪਣੀ ਸਾਂਝੀ ਤਾਕਤ ਰਾਹੀਂ ਹਰਾ ਦੇਵਾਂਗੇ। ਅਸੀਂ ਸਭ ਸਮਾਨ ਹਾਂ ਤੇ ਧਰਮ ਦੇ ਨਾਂ ਤੇ ਅਸੀਂ ਸਾਡੇ 'ਚੋਂ ਕਿਸੇ ਵੀ ਭਾਈਚਾਰੇ ਨੂੰ ਅਲੱਗ ਥਲੱਗ ਕਰਨ ਤੇ ਉਸ ਨਾਲ ਕੋਈ ਵੀ ਵਿਤਕਰਾ ਕਰਨ ਦੀਆਂ ਸਾਜਿਸ਼ਾਂ ਨੂੰ ਨਾਕਾਮ ਕਰ ਦੇਵਾਂਗੇ।

ਚੋਟੀ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਦੇ ਸਾਡੇ ਰੌਸ਼ਨ ਦਿਮਾਗ ਵਿਦਿਆਰਥੀਆਂ ਨੇ ਜਿਵੇਂ ਧਰਮਾਂ ਦੇ ਅਧਾਰ ਤੇ ਖੜ੍ਹੀਆਂ ਕੀਤੀਆਂ ਨਕਲੀ ਵੰਡੀਆਂ ਤੋਂ ਉਪਰ ਉਠਕੇ ਇਸ ਕਾਨੂੰਨ ਦਾ ਵਿਰੋਧ ਕੀਤਾ ਹੈ, ਉਹ ਭਾਰਤ ਦੀ ਕੌਮੀ ਜੰਗੇ ਅਜ਼ਾਦੀ ਦੀ ਯਾਦ ਦਿਵਾਉਂਦਾ ਹੈ। ਅੱਜ ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ ਖਾਨ ਤੇ ਰੌਸ਼ਨ ਸਿੰਘ ਦੀ ਸ਼ਹਾਦਤ ਦਿਵਸ ਦੇ ਮੌਕੇ ਤੇ ਸਾਡੇ ਨੌਜਵਾਨ ਫਿਰਕਾਪ੍ਰਸਤੀ ਖਿਲਾਫ ਲੋਕ ਏਕਤਾ ਦੀ ਰਾਖੀ ਲਈ ਉੱਠ ਖੜ੍ਹੇ ਹੋਏ ਹਨ। ਆਓ, ਸ਼ਹੀਦਾ ਦੀ ਵਿਰਾਸਤ ਤੇ ਪਹਿਰਾ ਦੇਈਏ। ਸਰਕਾਰ ਵਲੋਂ ਵਿਦਿਆਰਥੀਆਂ ਨਾਲ ਕੀਤੇ ਜਾ ਰਹੇ ਅਣਮਨੁਖੀ ਸਲੂਕ ਖਿਲਾਫ ਅਵਾਜ਼ ਉਠਾਈਏ ਤੇ ਇਸ ਕਾਨੂੰਨ ਦੇ ਰੱਦ ਹੋਣ ਤੱਕ ਅੰਦੋਲਨ ਦੀ ਮਿਸ਼ਾਲ ਜਗਦੀ ਰੱਖੀਏ।

- ਸੁਦੀਪ ਸਿੰਘ

ਜਮਹੂਰੀ ਅਧਿਕਾਰ ਸਭਾ ਪੰਜਾਬ, ਇਕਾਈ ਬਠਿੰਡਾ।

ਪ੍ਰਕਾਸ਼ਕ: ਬੱਗਾ ਸਿੰਘ (ਪ੍ਰਧਾਨ), ਪ੍ਰਿਤਪਾਲ ਸਿੰਘ (ਸਕੱਤਰ),

ਸੰਪਰਕ: 9888986469, 9876060280

(ਅੱਜ ਦੇ ਪ੍ਰਦਰਸਨਾਂ ਮੌਕੇ ਸਭਾ ਵਲੋਂ ਜਾਰੀ ਹੱਥ-ਪਰਚਾ)

ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)

ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ

ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ। ਪਾਰਕਿੰਗ ਦੀ ਕੋਈ ਸਮੱਸਿਆ ਨਹੀਂ। ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ। ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।

ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।

 # 126, 7536-130 ਸਟਰੀਟ ਸਰ੍ਹੀ ਬੀ.ਸੀ.

ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

ਰਾਣਾ ਅਯੂਬ ਵਲੋਂ ਕਸ਼ਮੀਰ ਜਾ ਕੇ ਜ਼ਮੀਨੀ ਹਾਲਾਤ ਦਾ ਜਾਇਜ਼ਾ

ਦੱਖਣੀ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਨੂੰ ਜਾਂਦੇ ਰਾਹ ਉੱਤੇ ਦੁਪਹਿਰ ਵੇਲੇ ਵੀ ਸੰਨਾਟਾ ਪਸਰਿਆ ਹੋਇਆ ਸੀ ਤੇ ਅਵਾਰਾ ਡੰਗਰਾਂ ਤੇ ਕੁੱਤਿਆਂ ਤੋਂ ਬਿਨਾ ਹੋਰ ਕੋਈ ਵੀ ਨਜ਼ਰੀਂ ਨਹੀਂ ਸੀ ਪੈਂਦਾ। ਪਰ ਅਚਾਨਕ ਹੀ ਨੀਮ-ਫੌਜ ਦੇ ਉੱਚ ਅਫਸਰਾਂ ਨੂੰ ਆਪਣੀ ਰਾਖੀ ਵਿੱਚ ਲਿਜਾਣ ਵਾਲੇ ਦਸਤਿਆਂ ਦੀਆਂ ਗੱਡੀਆਂ ਦੇ ਰੌਲੇ ਨੇ ਇਸ ਡੂੰਘੀ ਚੁੱਪ ਨੂੰ ਤੋੜ ਦਿੱਤਾ।

17 ਅਕਤੂਬਰ ਨੂੰ ਜਦੋਂ ਅਸੀਂ ਸੋਪੀਆਂ ਪੁੱਜੇ ਤਾਂ ਸੇਬਾਂ ਦੇ ਬਾਗਾਂ ਵਾਲੇ ਇਸ ਜਰਖੇਜ਼ ਇਲਾਕੇ ਦਾ ਇੱਕ ਬਾਸ਼ਿੰਦਾ ਸਾਨੂੰ ਫਿਰਦੌਸ ਜਾਨ ਦੇ ਘਰ ਲੈ ਗਿਆ, ਜਿਸ ਦੇ ਦੋ ਪੋਤੇ-ਜੁਨੈਦ (13 ਸਾਲ) ਅਤੇ ਅਹਿਮਦ (22 ਸਾਲ) ਨੂੰ 14 ਅਕਤੂਬਰ ਨੂੰ ਨੀਮ ਫੌਜੀ ਦਸਤਿਆਂ ਨੇ ਚੁੱਕ ਲਿਆ ਸੀ। 5 ਅਗਸਤ ਨੂੰ ਭਾਰਤ ਸਰਕਾਰ ਵਲੋਂ ਕਸ਼ਮੀਰ ਦੇ ਖਾਸ ਸਿਆਸੀ ਰੁਤਬੇ ਨੂੰ ਰੱਦ ਕਰ ਦੇਣ ਤੋਂ ਬਾਅਦ ਕਸ਼ਮੀਰ ਵਿੱਚ ਲੋਹੜੇ ਦੀ ਸਖਤੀ ਵਰਤਦਿਆਂ ਹਜ਼ਾਰਾਂ ਜਵਾਨ ਅਤੇ ਨਾਬਾਲਗ ਬੱਚੇ ਇੰਝ ਹੀ ਚੁੱਕ ਕੇ ਸੀਖਾਂ ਪਿੱਛੇ ਡੱਕੇ ਗਏ ਹਨ।

92 ਸਾਲਾਂ ਦੀ ਬਜ਼ੁਰਗ ਫਿਰਦੌਸ ਜਾਨ ਦੇ ਘਰ ਜਦੋਂ 20 ਨੀਮ ਫੌਜੀਆਂ ਨੇ ਧਾਵਾ ਬੋਲਿਆ ਸੀ ਤਾਂ ਉਸਨੇ ਆਪਣੇ ਪੋਤੇ ਜੁਨੈਦ ਨੂੰ ਉਨ੍ਹਾਂ ਕੋਲੋਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਉਹ ਫੌਜੀਆਂ ਨੂੰ ਆਪਣੇ ਪੋਤੇ ਨੂੰ ਨਹੀਂ ਸੀ ਲਿਜਾਣ ਦੇ ਰਹੀ ਪਰ ਇੱਕ ਫੌਜੀ ਅਫਸਰ ਵਲੋਂ ਉਹਦੇ ਡਾਂਗ ਮਾਰਨ ਤੋਂ ਬਾਅਦ ਫੌਜੀਆਂ ਉਹਦੇ ਪੋਤੇ ਨੂੰ ਕਾਬੂ ਕਰ ਲਿਆ। ਬੀਬੀ ਜਾਨ ਦਾ ਕਹਿਣਾ ਹੈ ਕਿ ਸੈਂਕੜੇ ਨੀਮ-ਫੌਜੀਆਂ ਨੇ ਪਿੰਡ ਉੱਤੇ ਧਾਵਾ ਬੋਲ ਕੇ ਨੌਜਵਾਨਾਂ ਤੇ ਬੱਚਿਆਂ ਨੂੰ ਕਾਬੂ ਲਿਆ ਤੇ ਫਿਰ ਪਿੰਡ ਦੇ ਵੱਡੇ ਵਸਨੀਕਾਂ ਨਾਲ ਉਨ੍ਹਾਂ ਦੀ ਮਾਰ-ਕੁੱਟ ਸ਼ੁਰੂ ਕਰ ਦਿੱਤੀ। ਫੌਜੀ ਉਨ੍ਹਾਂ ਕੋਲੋਂ ਉਹਨਾਂ ਖਾੜਕੂਆਂ ਦਾ ਪਤਾ-ਟਿਕਾਣਾ ਪੁੱਛ ਰਹੇ ਸਨ, ਜਿਨ੍ਹਾਂ ਨੇ ਪਰਵਾਸੀ ਮਜ਼ਦੂਰਾਂ ਦੇ ਸੇਬਾਂ ਵਾਲੇ ਟਰੱਕ ਸਾੜੇ ਸਨ।

ਪਰ ਅਸਲ ਵਿੱਚ ਇਹ ਕੋਝੀ ਹਰਕਤ ਕਸ਼ਮੀਰੀ ਖਾੜਕੂਆਂ ਨੇ ਨਹੀਂ ਭਾਰਤੀ ਏਜੰਸੀਆਂ ਨੇ ਖਾੜਕੂਆਂ ਦੇ ਭੇਸ ਵਿੱਚ ਕੀਤੀ ਸੀ ਤਾਂ ਜੋ ਕਸ਼ਮੀਰ ਦੀ ਆਜ਼ਾਦੀ ਦੀ ਤਹਿਰੀਕ ਨੂੰ ਬਦਨਾਮ ਕੀਤਾ ਜਾ ਸਕੇ।

ਬੀਬੀ ਜਾਨ ਦਾ ਗਵਾਂਢੀ ਮਹਿਮੂਦ ਯੂਸਫ ਬੱਟ, ਜਿਹਦੇ ਸੇਬਾਂ ਦੇ ਬਾਗ ਹਨ, ਢੇਰੀ ਢਾਹੀ ਬੈਠਾ ਸੀ ਤੇ ਉਹ ਜ਼ਿੰਦਗੀ ਤੋਂ ਹੀ ਨਿਰਾਸ਼ ਹੋ ਚੁੱਕਾ ਏ। ਉਸੇ ਰਾਤ ਉਸ ਦਾ ਪੁੱਤਰ ਸ਼ਕੀਰ ਅਹਿਮਦ ਬੱਟ (ਉਮਰ 30 ਸਾਲ) ਸਾੜੇ ਗਏ ਸੇਬਾਂ ਦੇ ਟਰੱਕਾਂ ਬਾਰੇ ਪਤਾ ਕਰਨ ਲਈ ਠਾਣੇ ਗਿਆ ਸੀ ਪਰ ਪੁਲਿਸ ਨੇ ਉਸਨੂੰ ਮਾਰੂ ਕਾਨੂੰਨ 'ਪਬਲਿਕ ਸੇਫਟੀ ਐਕਟ' ਲਾ ਕੇ ਗ੍ਰਿਫਤਾਰ ਕਰ ਲਿਆ। ਇਸ ਕਾਨੂੰਨ ਤਹਿਤ ਸਰਕਾਰ ਬਿਨਾ ਮੁਕੱਦਮਾ ਚਲਾਏ ਕਿਸੇ ਨੂੰ ਵੀ 2 ਸਾਲ ਤੱਕ ਨਜ਼ਰਬੰਦ ਰੱਖ ਸਕਦੀ ਹੈ। "ਉਹ ਮੇਰੇ ਇਕਲੌਤੇ ਪੁੱਤ ਨੂੰ ਲੈ ਗਏ ਨੇ, ਸਾਡੇ ਸੇਬ ਖੇਤਾਂ ਵਿੱਚ ਸੜ੍ਹਦੇ ਪਏ ਨੇ, ਤੇ ਉਹ ਸਾਡੇ ਉੱਤੇ ਹੀ ਖਾੜਕੂਆਂ ਨੂੰ ਲੁਕਾਉਣ ਦਾ ਦੋਸ਼ ਲਾ ਰਹੇ ਹਨ" ਮੁਹੰਮਦ ਨੇ ਮੇਰੇ ਨਾਲ ਗੱਲਬਾਤ ਦੌਰਾਨ ਦੱਸਿਆ। "ਪਹਿਲਾਂ ਉਹਨਾਂ ਸਾਡੇ ਹੱਕ ਖੋਹੇ ਸਨ, ਤੇ ਹੁਣ ਉਹ ਸਾਨੂੰ ਖਾੜਕੂਆਂ ਨੂੰ ਲੁਕਾਉਣ ਦਾ ਦੋਸ਼ੀ ਠਹਿਰਾਅ ਰਹੇ ਨੇ"।

ਜਿਨ੍ਹਾਂ ਬਾਸ਼ਿੰਦਿਆਂ ਨਾਲ ਮੈਂ ਗੱਲਬਾਤ ਕੀਤੀ ਉਹਨਾਂ ਦੱਸਿਆਂ ਕਿ ਸ਼ੋਪੀਆਂ ਵਿੱਚੋਂ 14 ਅਕਤੂਬਰ ਨੂੰ 300 ਨਾਬਾਲਗਾਂ ਨੂੰ ਫੌਜ ਨੇ ਚੁੱਕਿਆ ਹੈ।

ਪੰਜਾਹ ਸਾਲਾਂ ਦੀ ਗੁਲਸ਼ਨ ਸ਼ੋਪੀਆਂ ਠਾਣੇ ਦੇ ਗੇੜੇ ਕੱਢ ਰਹੀ ਏ, ਜਿੱਥੇ ਕਿ ਉਸ ਦਾ ਪਤੀ ਆਪਣੇ ਦੋ ਪੁੱਤਰਾਂ, ਰਈਸ ਅਹਿਮਦ (11 ਸਾਲ) ਅਤੇ ਲਿਆਕਤ ਅਹਿਮਦ (14 ਸਾਲ) ਦੀ ਰਿਹਾਈ ਲਈ ਤਰਲੇ ਪਾ ਰਿਹਾ ਸੀ। ਉਹ ਦੋਵੇਂ ਸ਼੍ਰੀਨਗਰ ਵਿੱਚ ਪੜ੍ਹਦੇ ਸਨ ਪਰ ਸੇਬਾਂ ਦੇ ਬਾਗਾਂ ਵਿੱਚ ਆਪਣੇ ਘਰਦਿਆਂ ਦਾ ਕੰਮ 'ਚ ਹੱਥ ਵਟਾਉਣ ਲਈ ਪਿੰਡ ਆਏ ਹੋਏ ਸਨ। "ਅਸੀਂ ਆਪਣੇ ਜਵਾਕਾਂ ਨੂੰ ਬਾਗ ਵਿੱਚ ਭੇਜਣ ਤੋਂ ਡਰਦੇ ਹਾਂ ਕਿਉਂਕਿ ਓਥੇ ਸੀ.ਆਰ.ਪੀ.ਐਫ. ਵਾਲੇ ਡੇਰਾ ਲਾਈ ਬੈਠੇ ਹਨ ਤੇ ਉਹ ਸਾਡੇ ਬਾਲਾਂ ਨੂੰ ਵੇਖਦਿਆਂ ਹੀ ਫੜ੍ਹ ਲੈਂਦੇ ਹਨ" ਗੁਲਸ਼ਨ ਨੇ ਕਿਹਾ। ਉਸ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਸ ਕੋਲੋਂ ਡਰਨਾ ਚਾਹੀਦਾ ਹੈ: ਖਾੜਕੂਆਂ ਤੋਂ ਜਾਂ ਫੌਜੀਆਂ ਤੋਂ।

ਜਦੋਂ ਉਕਤ ਦਾਅਵਿਆਂ ਦੀ ਤਸਦੀਕ ਲਈ ਮੈਂ ਸ਼ੋਪੀਆਂ ਠਾਣੇ ਵਿੱਚ ਗਈ ਤਾਂ ਛੋਟੇ ਠਾਣੇਦਾਰ ਨਜ਼ੀਰ ਅਹਿਮਦ ਨੇ ਕਿਹਾ ਕਿ ਉਸ ਨੂੰ ਇਨ੍ਹਾਂ ਗ੍ਰਿਫਤਾਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿਉਂਕਿ ਉਸ ਦਾ ਫੋਨ ਲੰਘੇ ਚਾਰ ਦਿਨਾਂ ਤੋਂ ਨਹੀਂ ਚੱਲ ਰਿਹਾ। ਉਹਦੇ ਇਸ ਜਵਾਬ ਤੋਂ ਉਸਦੇ ਨਾਲ ਵਾਲੇ ਇੱਕ ਦੂਜੇ ਵੱਲ ਵੇਖ ਮੁਸ਼ਕੜੀਆਂ 'ਚ ਹੱਸੇ। ਠਾਣੇ ਦੀ ਕੰਧ ਉੱਤੇ ਉਰਦੂ ਦੇ ਮਸ਼ਹੂਰ ਸ਼ਾਇਰ ਅਲਾਮਾ ਇਕਬਾਲ ਦੀ ਇਹ ਤੁਕ ਲਿਖੀ ਹੋਈ ਸੀ: "ਨਹੀਂ ਤੇਰਾ ਨਸ਼ੇਮਾਂ ਕਸਰ-ਏ-ਸੁਲਤਾਨੀ ਕੇ ਗੁੰਬਦ ਪੇ, ਤੂੰ ਸ਼ਾਹੀਨ ਹੈ ਬਸੇਰਾ ਕਰ ਪੱਥਰੋਂ ਹੀ ਚੱਟਾਨੋ ਪਰ" (ਤੇਰਾ ਟਿਕਾਣਾ ਸ਼ਾਹੀ ਮਹੱਲ ਦੇ ਗੁੰਬਦਾਂ 'ਤੇ ਨਹੀਂ ਏ; ਤੂੰ ਬਾਜ ਏ ਬਸੇਰਾ ਕਰ ਪੱਥਰਾਂ ਅਤੇ ਚੱਟਾਨਾਂ 'ਤੇ)। ਹਰ ਵੇਲੇ ਦੀ ਨਿਗਰਾਨੀ ਅਤੇ ਜ਼ਾਲਮਾਨਾ ਜ਼ਬਰ ਤੇ ਨਜ਼ਰਬੰਦੀ ਦੇ ਚੱਲਦਿਆਂ ਇੰਝ ਲੱਗਦਾ ਏ ਕਿ ਕਸ਼ਮੀਰੀ ਲਗਾਤਾਰ ਵਿਰਲਾਪ ਕਰ ਰਹੇ ਹੋਣ। ਸ਼੍ਰੀਨਗਰ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਕਈ ਪਰਿਵਾਰ ਬਿਨਾ ਕੁਝ ਬੋਲੇ ਆਪਣੇ ਬੱਚਿਆਂ ਦੇ ਚੁੱਕੇ ਜਾਣ ਦਾ ਵਿਰਲਾਪ ਕਰ ਰਹੇ ਹਨ। 19 ਸਾਲਾਂ ਦਾ ਮੁਦਾਸਿਰ ਮਜੀਦ, ਜਿਹੜਾ ਕਾਰੋਬਾਰੀ ਪ੍ਰਬੰਧ (ਬਿਜ਼ਨਸ ਐਡਮਿਨਿਸਟ੍ਰੇਸਨ) ਦੀ ਪੜ੍ਹਾਈ ਕਰ ਰਿਹਾ ਸੀ, 4 ਅਗਸਤ ਨੂੰ ਆਪਣੇ ਪਿਤਾ ਦੀ ਮਦਦ ਕਰਨ ਲਈ ਘਰ ਪਰਤਿਆ ਸੀ। ਉਸਦਾ ਪਿਤਾ ਭੇਡਾਂ ਦਾ ਵਪਾਰੀ ਹੈ। ਅਗਲੀ ਸਵੇਰ ਜਦੋਂ ਉਹ ਭੇਡਾਂ ਨੂੰ ਟਰੱਕ ਵਿੱਚੋਂ ਲਾਹੁਣ ਵਿੱਚ ਆਪਣੇ ਪਿਤਾ ਦੀ ਮਦਦ ਕਰ ਰਿਹਾ ਸੀ ਤਾਂ ਨੀਮ-ਫੌਜੀਆਂ ਨੇ ਉਹਨੂੰ ਧੂਹ ਕੇ ਗੱਡੀ ਵਿੱਚ ਸੁੱਟ ਲਿਆ। ਜਦੋਂ ਉਹਦਾ ਪਿਤਾ ਠਾਣੇ ਗਿਆ ਤਾਂ ਉਹਨੂੰ ਅੱਗਿਓਂ ਜਵਾਬ ਮਿਲਿਆ ਕਿ ਉਹਦੇ ਪੁੱਤਰ ਨੂੰ 'ਪਬਲਿਕ ਸੇਫਟੀ ਐਕਟ' ਤਹਿਤ ਨਜ਼ਰਬੰਦ ਕਰਕੇ ਉੱਤਰ-ਪ੍ਰਦੇਸ਼ ਦੀ ਇੱਕ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। "ਮੈਨੂੰ ਡਰ ਹੈ ਕਿ ਜਦੋਂ ਮੇਰਾ ਪੁੱਤਰ ਬਾਹਰ ਆਏਗਾ ਤਾਂ ਉਹ ਉਹਨੂੰ 'ਅੱਤਵਾਦੀ' ਗਰਦਾਨ ਦੇਣਗੇ" ਮੁਦਾਸਿਰ ਦੇ ਪਿਤਾ ਨੇ ਮੇਰੇ ਕੋਲ ਆਪਣਾ ਖਦਸ਼ਾ ਜ਼ਾਹਰ ਕੀਤਾ।

ਸ਼੍ਰੀਨਗਰ ਦੇ ਸਰਕਾਰੀ ਹਸਪਤਾਲ ਦੇ ਡਾਕਟਰ ਨੁਸਰਤ ਜਹਾਂ ਨੇ ਮੈਨੂੰ ਦੱਸਿਆ ਕਿ ਕਸ਼ਮੀਰੀ ਅਵਾਮ ਸਿਰੇ ਦੀ ਨਿਰਾਸ਼ਤਾ (ਡਿਪਰੈਸ਼ਨ) ਵਿੱਚੋਂ ਲੰਘ ਰਹੀ ਹੈ। "ਮੈਂ ਖੁਰੇ ਵਿੱਚ ਜਾ ਕੇ ਰੋਨੀਂ ਆਂ ਜਦੋਂ ਕੈਂਸਰ ਦੇ ਮਰੀਜ਼ ਪੀੜ ਨਾਲ ਕੀਰਨੇ ਪਾਉਂਦੇ ਨੇ ਤੇ ਸਾਡੇ ਕੋਲ ਉਨ੍ਹਾਂ ਦਾ ਦਰਦ ਰੋਕਣ ਲਈ ਮੋਰਫੀਨ ਦੇ ਟੀਕੇ ਨਹੀਂ ਹੁੰਦੇ" ਉਸ ਨੇ ਕਿਹਾ। "ਮੈਂ ਦਸ ਸਾਲ ਦੇ ਬੱਚਿਆਂ ਦੇ ਜ਼ਖਮਾਂ ਵਿੱਚ ਸ਼ੱਰ੍ਹੇ ਕੱਢੇ ਨੇ, ਤੇ ਮੈਨੂੰ ਇਵੇਂ ਲੱਗਦਾ ਸੀ ਜਿਵੇਂ ਮੈਂ ਆਪਣੇ ਹੀ ਬੱਚੇ ਦੇ ਸਰੀਰ ਵਿੱਚੋਂ ਸ਼ੱਰ੍ਹੇ ਕੱਢ ਰਿਹਾ ਹੋਵਾਂ। ਮਨੋਰੋਗੀਆਂ ਦੇ ਵਾਰਡ ਵਿੱਚ ਜਾ ਕੇ ਪੁੱਛੋ, ਮਰੀਜ਼ ਅਜਿਹੇ ਨਸ਼ੇ ਦੀ ਮੰਗ ਰਹੇ ਨੇ, ਜਿਹੜਾ ਉਨ੍ਹਾਂ ਨੂੰ ਸੁੱਤਿਆਂ ਨੂੰ ਹੀ ਮਾਰ ਦੇਵੇ"।

19 ਅਕਤੂਬਰ ਨੂੰ ਮੈਂ ਸ਼੍ਰੀਨਗਰ ਦੇ ਖਾਸਯਾਰ ਤੇ ਰੈਨਾਵਰੀ ਦੇ ਘਰਾਂ ਵਿੱਚ ਗਈ। ਇਹ ਇਲਾਕਾ ਵਿਰੋਧ ਵਿਖਾਵਿਆਂ ਲਈ ਜਾਣਿਆ ਜਾਂਦਾ ਸੀ, ਤੇ ਹਰੇਕ ਪਰਿਵਾਰ ਨੇ ਮੈਨੂੰ ਫੌਜ ਵਲੋਂ ਚੁੱਕੇ ਬੱਚਿਆਂ ਦੀ ਦਾਸਤਾਨ ਦੱਸੀ। ਰੈਨਾਵਰੀ ਵਿੱਚ ਦਵਾਈਆਂ ਦੇ ਦੁਕਾਨਦਾਰ (ਕੈਮਿਸਟ) ਮੁਬਾਸ਼ਿਰ ਪੀਰ ਨੇ ਮੈਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯੂਨਾਇਟਡ ਨੇਸ਼ਨਜ਼ ਵਿੱਚ ਬੋਲਣ ਤੋਂ ਕੁਝ ਹਫਤੇ ਬਾਅਦ 18 ਅਕਤੂਬਰ ਦੀ ਰਾਤ ਨੂੰ 300 ਤੋਂ ਵੱਧ ਬੱਚੇ (ਨੀਮ-ਫੌਜਾਂ ਵਲੋਂ) ਚੁੱਕੇ ਲਏ ਗਏ।

"ਕੀ ਤੁਹਾਡੇ ਪ੍ਰਧਾਨ ਮੰਤਰੀ ਨੂੰ ਸਾਡੀ ਕੋਈ ਫਿਕਰ ਹੈ ?", ਉਹਨੇ ਪੁੱਛਿਆ। "ਕਸ਼ਮੀਰੀਆਂ ਦਾ ਖੂਨ ਚੋਅ ਰਿਹੈ ਤੇ ਉਹ ਪਖਾਨੇ ਬਣਵਾਉਣ ਦੀਆਂ ਗੱਲਾਂ ਕਰ ਰਿਹਾ ਏ। ਕਸ਼ਮੀਰੀਆਂ ਨੇ ਇਮਰਾਨ ਖਾਨ (ਪਾਕਿਸਤਾਨੀ ਪ੍ਰਧਾਨ ਮੰਤਰੀ) ਦੀ ਤਕਰੀਰ ਨੂੰ ਸਲਾਹਿਆ ਏ ਕਿਉਂਕਿ ਘੱਟੋ-ਘੱਟ ਉਹਨੇ ਸਾਡੇ ਬਾਰੇ ਫਿਕਰਮੰਦੀ ਦਾ ਇਜ਼ਹਾਰ ਤਾਂ ਕੀਤਾ ਏ ਨਾ"।

ਮੈਨੂੰ ਸਿਆਸੀ ਦਲ ਨੈਸ਼ਨਲ ਕਾਨਫਰੰਸ ਦੇ ਇੱਕ ਵੱਡੇ ਆਗੂ ਮੁਹੰਮਦ ਸ਼ਾਫੀ ਨਾਲ ਮੁਲਾਕਾਤ ਤੇ ਗੱਲਬਾਤ ਕਰਨ ਦਾ ਵੀ ਮੌਕਾ ਮਿਲਿਆ। ਇਸ ਦਲ ਦੇ ਆਗੂ 5 ਅਗਸਤ ਤੋਂ ਹੀ ਘਰਾਂ ਵਿੱਚ ਨਜ਼ਰਬੰਦ ਕੀਤੇ ਹੋਏ ਹਨ। "ਜੇਕਰ ਕਿਸੇ ਦਿਨ ਕਸ਼ਮੀਰ ਵਿੱਚ ਜਮਹੂਰੀ ਅਮਲ ਦੀ ਵਾਪਸੀ ਹੋ ਵੀ ਜਾਂਦੀ ਹੈ ਤਾਂ ਸਾਡੀਆਂ ਪਾਰਟੀਆਂ ਕਸ਼ਮੀਰੀਆਂ ਨਾਲ ਕਿਸ ਚੀਜ ਦੇ ਵਾਅਦੇ ਕਰ ਸਕਣਗੀਆਂ ?", ਉਹਨੇ ਸਵਾਲ ਕੀਤਾ। "ਨਵੀਂ ਦਿੱਲੀ ਵਾਲੇ ਭੇਡਾਂ-ਬੱਕਰੀਆਂ ਵਾਂਗ ਤਾੜੇ ਕਸ਼ਮੀਰੀਆਂ ਬਾਰੇ ਆਪੇ ਹੀ ਫੈਸਲੇ ਲੈਣਗੇ। ਉਨ੍ਹਾਂ ਹਾਲੀ ਕੱਲ੍ਹ ਹੀ 80 ਸਾਲਾਂ ਦੀ ਵਿਦਵਾਨ ਨੂੰ ਗ੍ਰਿਫਤਾਰ ਕੀਤਾ ਹੈ ਜਿਹੜੀ ਕਿ ਹੱਥਾਂ ਵਿੱਚ ਇੱਕ ਤਖਤੀ ਫੜ੍ਹ ਕੇ ਸਿਰਫ ਸੜਕ ਉੱਤੇ ਹੀ ਬੈਠੀ ਸੀ"।

ਉਹ 18 ਅਕਾਦਮਿਕ ਤੇ ਕਾਰਕੁੰਨ ਬੀਬੀਆਂ ਦੀ ਗ੍ਰਿਫਤਾਰੀ ਬਾਰੇ ਗੱਲ ਕਰ ਰਿਹਾ ਸੀ, ਜਿਨ੍ਹਾਂ ਵਿੱਚ ਸਾਬਕਾ ਮੁੱਖ ਜੱਜ ਹਾਵਾ ਬਸ਼ੀਰ ਦੀ ਘਰਵਾਲੀ ਵੀ ਸ਼ਾਮਲ ਸੀ, ਜਿਹੜੀਆਂ ਕਿ ਸ਼੍ਰੀਨਗਰ ਵਿੱਚ ਸ਼ਹਿਰੀਆਂ ਦੇ ਹੱਕਾਂ ਦੀ ਬਹਾਲੀ ਲਈ ਸ਼ਾਂਤਮਈ ਤੇ ਬਿਨਾਂ ਨਾਅਰੇਬਾਜ਼ੀ ਤੋਂ ਵਿਖਾਵਾ ਕਰ ਰਹੀਆਂ ਸਨ। ਇਨ੍ਹਾਂ ਬੀਬੀਆਂ, ਜਿਨ੍ਹਾਂ ਵਿੱਚ ਇੱਕ 82 ਸਾਲਾਂ ਦੀ ਬਜ਼ੁਰਗ ਵੀ ਸ਼ਾਮਲ ਸੀ ਤੇ ਜਿਸ ਦਾ ਦਿਲ ਦਾ ਅਪਰੇਸ਼ਨ ਵੀ ਹੋਇਆ ਹੋਇਆ ਸੀ, ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇੱਕ ਦਿਨ ਬਾਅਦ ਉਨ੍ਹਾਂ ਨੂੰ ਇਸ ਸ਼ਰਤ ਉੱਤੇ ਛੱਡਿਆ ਗਿਆ ਕਿ ਉਹ ਨਾ ਤਾਂ ਕਿਸੇ ਵੀ ਤਰ੍ਹਾਂ ਦਾ ਵਿਖਾਵਾ ਕਰਨਗੀਆਂ ਤੇ ਨਾ ਹੀ ਕਸ਼ਮੀਰ ਨੂੰ ਖਾਸ ਸਿਆਸੀ ਰੁਤਬਾ ਦੇਣ ਵਾਲੀ (ਭਾਰਤੀ) ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਬਾਰੇ ਕੋਈ ਗੱਲ ਕਰਨਗੀਆਂ।

ਇਸ ਸਭ ਨੇ ਜੰਮੂ ਕਸ਼ਮੀਰ ਵਿੱਚ ਮੁੜ ਚੁੱਪ-ਚਾਂ ਵਰਤਾ ਦਿੱਤੀ ਹੈ। ਜਦੋਂ ਮੈਂ ਲੋਕਾਂ ਨੂੰ ਪੁੱਛਿਆ ਕਿ ਉਹ ਕੰਮਾਂ-ਕਾਰਾਂ 'ਤੇ ਕਿਉਂ ਨਹੀਂ ਜਾ ਰਹੇ ਤਾਂ ਉਨ੍ਹਾਂ ਕਿਹਾ ਕਿ ਉਹ ਡਰਦੇ ਹਨ। ਇੱਕ ਸਰਕਾਰੀ ਮੁਲਾਜ਼ਮ ਨੇ ਮੈਨੂੰ ਦੱਸਿਆ ਕਿ ਕਸ਼ਮੀਰੀ ਆਪਣੇ ਬੱਚਿਆ ਨੂੰ ਘਰਾਂ ਦੇ ਅੰਦਰ ਹੀ ਰੱਖ ਰਹੇ ਹਨ।

"ਸਾਨੂੰ ਡਰ ਹੈ ਕਿ ਉਹ ਸਾਰੇ ਨਿਆਣਿਆਂ ਨੂੰ ਚੁੱਕ ਲਿਜਾਣਗੇ", ਉਹਨੇ ਕਿਹਾ। "ਮੈਂ ਤੁਹਾਨੂੰ ਕਹਿਨਾਂ ਕਿ ਕਸ਼ਮੀਰੀ ਇਸੇ ਕਿਆਮਤ ਤੋਂ ਹੀ ਡਰਦੇ ਨੇ। ਇੱਥੇ ਸਾਡੇ ਸਾਰਿਆਂ 'ਤੇ ਮੁਰਦੇਹਾਣੀ ਛਾਈ ਹੋਈ ਏ"।

174 ਸ਼ੱਰ੍ਹਿਆਂ ਨਾਲ ਜ਼ਖਮੀ ਹੋਇਆ ਉਸ ਦਾ 18 ਸਾਲਾਂ ਦਾ ਭਤੀਜਾ ਨਜ਼ੀਰ ਹਸਪਤਾਲ ਵਿੱਚ ਪਿਆ ਹੈ। ਇਨ੍ਹਾਂ ਸ਼ੱਰ੍ਹਿਆਂ ਵਿੱਚੋਂ 4 ਸ਼ੱਰ੍ਹੇ ਉਸ ਦੇ ਦਿਲ ਵਿੱਚ ਵੱਜੇ ਹੋਏ ਹਨ। ਉਸ ਦੀ ਜ਼ਿੰਦਗੀ ਦੀ ਤੰਦ

ਇਸ ਵੇਲੇ ਮਸ਼ੀਨਾਂ ਦੇ ਸਹਾਰੇ ਹੀ ਜੁੜੀ ਹੋਈ ਹੈ।

ਕਸ਼ਮੀਰੀ ਭਾਰਤੀ ਟੀ.ਵੀ. ਚੈਨਲਾਂ ਨੂੰ ਨਹੀਂ ਵੇਖਦੇ। ਕਸ਼ਮੀਰ ਦੇ ਹਾਲਾਤ ਨੂੰ 'ਆਮ ਵਰਗੇ' ਦੱਸਣ ਵਾਲੀਆਂ ਖਬਰਾਂ ਉਨ੍ਹਾਂ ਨੂੰ ਹੋਰ ਖਿਝਾ ਦਿੰਦੀਆਂ ਹਨ। ਮੈਂ ਵੇਖਿਆ ਕਿ ਇੰਡੀਆ ਟੂਡੇ ਉੱਤੇ ਇੱਕ ਪੱਤਰਕਾਰ ਕਸ਼ਮੀਰ ਵਿੱਚ ਅਮਨ-ਸ਼ਾਂਤੀ ਦੇ ਨਵੇਂ ਦੌਰ ਦਾ ਗੁਣਗਾਨ ਕਰ ਰਿਹਾ ਸੀ। ਕਸ਼ਮੀਰੀ ਰੇਡੀਓ ਉੱਤੇ ਸਿਰਫ ਗਾਣੇ ਹੀ ਆ ਰਹੇ ਹਨ ਤੇ ਰੇਡੀਓ ਤੋਂ ਮਿਲਣ ਵਾਲੀ ਹੋਰ ਜਾਣਕਾਰੀ 5 ਅਗਸਤ ਤੋਂ ਹੀ ਬੰਦ ਹੈ। ਅਖਬਾਰਾਂ ਵਿੱਚ ਸੰਪਾਦਕੀਆਂ ਨਹੀਂ ਛਪ ਰਹੀਆਂ ਅਤੇ ਸਿਰਫ ਸਰਕਾਰੀ ਪੱਖ ਤੇ ਸਰਕਾਰੀ ਖਬਰਾਂ ਹੀ ਛਪ ਰਹੀਆਂ ਹਨ।

ਜਦੋਂ ਮੈਂ ਇਹ ਸਤਰਾਂ ਲਿਖ ਰਹੀ ਹਾਂ ਤਾਂ ਭਾਰਤ ਵਿੱਚ ਟਵਿਟਰ ਉੱਤੇ ਭਾਰਤ ਦੇ ਸਾਰੇ ਮੁਸਲਮਾਨਾਂ ਨੂੰ ਮੂੰਹ ਨਾ ਲਾਉਣ ਦਾ ਸੱਦਾ ਸਿਖਰਾਂ 'ਤੇ ਚੱਲ ਰਿਹਾ ਹੈ (ਬਾਈਕਾਟ-ਆਲ-ਇੰਡੀਅਨ-ਮੁਸਲਿਮਸ" ਇਜ਼ ਟਰੈਂਡਿੰਗ)। ਜ਼ਿਆਦਾਤਰ ਟਵੀਟਾਂ ਨਰਿੰਦਰ ਮੋਦੀ ਤੇ ਉਸ ਦੇ ਮੰਤਰੀਆਂ ਦੇ ਪੈਰੋਕਾਰ (ਫੌਲੋਅਰ) ਫੈਲਾਅ ਰਹੇ ਹਨ। ਕਈ ਮੁਸਲਮਾਨਾਂ ਦੀ ਨਸਲਕੁਸ਼ੀ ਦਾ ਸੱਦਾ ਦੇ ਰਹੇ ਹਨ ਅਤੇ ਕਈ ਹੋਰ ਕਸ਼ਮੀਰੀਆਂ ਦਾ ਖੂਨ ਡੋਲ੍ਹਣ ਲਈ ਕਹਿ ਰਹੇ ਹਨ।

ਮੈਨੂੰ ਡਾਕਟਰ ਨੁਸਰਤ ਜਹਾਂ ਦੇ ਲਫਜ਼ ਚੇਤੇ ਆ ਰਹੇ ਹਨ ਕਿ ਛੇਤੀ ਹੀ ਸਾਰੇ ਕਸ਼ਮੀਰੀ ਜਾਂ ਤਾਂ ਜੇਲ੍ਹ ਵਿੱਚ ਹੋਣਗੇ ਤੇ ਜਾਂ ਫਿਰ ਦਿਮਾਗੀ ਮਰੀਜ਼ਾਂ ਦੇ ਹਸਪਤਾਲ (ਪਾਗਲਖਾਨੇ) ਵਿੱਚ।

ਦੁਨੀਆ ਤੇ ਭਾਰਤੀ ਉਪਮਹਾਂਦੀਪ ਦੇ ਕਈ ਲੋਕਾਂ ਦੀ ਬੇਰੁਖੀ ਦੇ ਚੱਲਦਿਆਂ ਇਸ ਖਿੱਤੇ ਵਿੱਚ ਅਜਿਹਾ ਡਰ, ਸਹਿਮ ਤੇ ਜ਼ਬਰ ਫੈਲ ਰਿਹਾ ਹੈ, ਜਿਹੜਾ ਕਿ ਇਸ ਨੇ ਪਿਛਲੇ ਦਹਾਕਿਆਂ ਵਿੱਚ ਵੀ ਨਹੀਂ ਸੀ ਵੇਖਿਆ।

ਪਰ ਇਹ ਧਿਆਨ ਦੇਣ ਦਾ ਵੇਲਾ ਹੈ। ਮੰਗਲਵਾਰ ਨੂੰ ਅਮਰੀਕੀ ਕਾਂਗਰਸ ਦੱਖਣੀ ਏਸ਼ੀਆ ਵਿੱਚ ਮਨੁੱਖੀ ਹੱਕਾਂ ਦੇ ਵਿਸ਼ੇ ਉੱਤੇ ਸੁਣਵਾਈ ਵਿੱਚ ਹਿੱਸਾ ਲੈਣ ਵਾਲਿਆਂ ਨੇ ਭਾਰਤ ਸਰਕਾਰ ਦੀ ਕਸ਼ਮੀਰ ਵਿੱਚ ਕਾਰਵਾਈ ਉੱਤੇ ਉਂਗਲਾਂ ਚੁੱਕੀਆਂ ਹਨ। ਐਮਨੈਸਟੀ ਇੰਟਰਨੈਸ਼ਨਲ ਦੇ ਏਸ਼ੀਆ ਪੈਸੀਫਿਕ ਲਈ ਮੁਹਿੰਮ ਪ੍ਰਬੰਧਕ ਫਰੈਂਸਿਸਕੋ ਬੈਨਕੋਸਮ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਨੇ ਇਸ ਤੱਥ ਨੂੰ ਦਸਤਾਵੇਜ਼ਬੱਧ ਕੀਤਾ ਹੈ ਕਿ ਜੰਮੂ ਤੇ ਕਸ਼ਮੀਰ ਵਿੱਚ ਸਿਆਸਤਦਾਨਾਂ ਤੇ ਕਾਰਕੁੰਨਾਂ, ਜਿਨ੍ਹਾਂ ਬਾਰੇ ਇਹ ਖਦਸ਼ਾ ਸੀ ਕਿ ਇਹ 5 ਅਗਸਤ ਤੋਂ ਪਹਿਲਾਂ ਵੱਖਰੇ ਰਾਏ ਰੱਖਦੇ ਹੋ ਸਕਦੇ ਹਨ, ਨੂੰ ਵਿਓਂਤਬਧ ਤਰੀਕੇ ਨਾਲ ਹਿਰਾਸਤ ਵਿੱਚ ਸੁੱਟਿਆ ਜਾ ਰਿਹਾ ਹੈ।

ਸਾਨੂੰ ਹੋਰ ਵੱਧ ਬੋਲਣਾ ਚਾਹੀਦਾ ਹੈ ਤਾਂ ਕਿ ਸੰਸਾਰ ਕਸ਼ਮੀਰ ਵਿਚਲੇ ਬੋਲ਼ੇ ਕਰ ਦੇਣ ਵਾਲੇ ਸੰਨਾਟੇ ਨੂੰ ਸੁਣ ਸਕੇ। ਇਹ ਰਣਨੀਕਤ ਸਬੰਧਾਂ ਬਾਰੇ ਸੋਚਣ ਦਾ ਵੇਲਾ ਨਹੀਂ ਹੈ। ਕਸ਼ਮੀਰ ਤੇ ਉਸ ਦੇ ਬੱਚੇ ਨਿਆਂ ਦੀ ਉਡੀਕ ਕਰ ਰਹੇ ਹਨ।

ਪੱਤਰਕਾਰ ਅਤੇ ਲੇਖਕ
(ਮੈਡਮ ਰਾਣਾ ਅਯੂਬ)

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

SHAHEED BHAGAT SINGH BOOK CENTRE

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!

Book Exhibition & Sale!
Contact: Master Bhajan Singh at 403-455-4220

ਮਿੰਨੀ ਕਹਾਣੀ

ਗੁਰਮੇਲ ਸਿੰਘ ਬੌਡੇ

.ਗਦਰੀ ਮੇਲਾ

"ਕੀ ਗੱਲ ਕਾਮਰੇਡਾ ਘਰੇ ਹੀ ਫਿਰਦੈਂ ਇਸ ਵਾਰ ਜਲੰਧਰ ਗ਼ਦਰੀ ਬਾਬਿਆਂ ਦਾ ਮੇਲਾ ਦੇਖਣ ਨਹੀਂ ਗਿਆ? ਐਮਰਜੈਂਸੀ ਸਮੇਂ ਜੇਲ ਕੱਟਣ ਵਾਲੇ ਕਾਮਰੇਡ ਨੂੰ ਪਿੰਡ ਦੇ ਡਾਕਟਰ ਨੇ ਪੁੱਛਿਆ "ਅਹੂੰ, ਅਹੂੰ" ਕਰਕੇ ਖੰਘਦਿਆਂ ਕਾਮਰੇਡ ਨੇ ਕਿਹਾ ਡਾਕਟਰਾ ਏਥੇ ਆਹ ਧੂੰਏਂ ਕਾਰਨ ਵੀਹ ਫੁੱਟ ਤੋਂ ਘਰ ਤਾਂ ਦੀਂਹਦਾ ਨਹੀ ਰਾਤ ਨੂੰ ਨਾਟਕ ਕੀ ਦਿਸਣੈ ਐ "ਕਾਮਰੇਡ ਨੇ ਕਿਹਾ"।

"ਫੇਰ ਵੀ ਕਾਮਰੇਡਾ ਤੂੰ ਤਾਂ ਪਿੰਡ 'ਚੋਂ ਹਰ ਸਾਲ ਦਸ-ਪੰਦਰਾਂ ਬੰਦੇ ਲੈ ਕੇ ਇਸ ਮੇਲੇ ਤੇ ਜਾਂਦਾ ਰਿਹੈ,ਫਿਰ ਵੀ ਗ਼ਦਰੀ ਬਾਬਿਆਂ ਦਾ ਯਾਦਗਰੀ ਮੇਲਾ ਹੈ। ਓਥੋਂ ਇਸ ਗਲਤ ਨਿਜ਼ਾਮ ਨੂੰ ਬਦਲਣ ਦੀ ਚੇਤੰਨ ਲੋਕਾਂ ਨੂੰ ਪ੍ਰੇਰਨਾ ਮਿਲਦੀ ਹੈ, ਡਾਕਟਰ ਨੇ ਕਿਹਾ।

"ਜਦੋਂ ਮੇਲਾ ਲਗਾਉਣ ਵਾਲਿਆਂ ਵਿੱਚ ਹੀ ਗਲਤ ਪ੍ਰਧਾਨਗੀਆਂ ਵਾਲੇ, ਏਕਤਾ ਦੇ ਨਾਂ ਤੇ ਅਨੇਕਤਾ ਵਾਲੇ ਨੌ ਪੂਰਵੀਏ ਤੇਰਾਂ ਚੁੱਲੇ ਤੁਰੇ ਫਿਰਦੈ ਐ ਤਾਂ ਗਲਤ ਨਿਜ਼ਾਮ ਗਲਤ ਹੀ ਹੋਊ ਇਹ ਜ਼ਹਿਰਾਂ ਦਾ ਵਪਾਰ ਤੇ ਪਸਾਰਾ ਲੋਕ ਵਿਰੋਧੀ ਸਿੱਧ ਹੋਇਆ ਜਿਸਨੂੰ ਸਰਕਾਰਾਂ ਨੇ ਲਾਲ ਇਨਕਲਾਬ ਦੀ ਥਾਂ ਹਰਾ ਇਨਕਲਾਬ ਕਹਿ ਕੇ ਸਾਡੇ ਦਿਮਾਗਾਂ ਤੇ ਠੋਸਤਾ। ਪਰਜਾ ਗਲਤ ਇਸ ਕਰਕੇ ਉਹ ਸਾਲ ਵਿਚ ਜਿੰਨੇ ਕਿਸਾਨ ਇਸ ਵਰਤਾਰੇ ਨਾਲ ਖੁਦਕਸ਼ੀਆਂ ਕਰਕੇ ਸੰਗਰਾਮਾਂ ਤੋਂ ਮੂੰਹ ਫੇਰਦੇ ਹਨ। ਓਨੇ ਆਹ ਧੂੰਆਂ ਲਗਾਉਣ ਦੀ ਕਾਹਲੀ ਕਾਰਨ ਹਰ ਸਾਲ ਸੜਕ ਹਾਦਸਿਆਂ ਤੇ ਬਿਮਾਰੀਆਂ ਨਾਲ ਮਰ ਜਾਂਦੇ ਹਨ।

"ਕਾਮਰੇਡਾ ਗੱਲ਼ ਤਾਂ ਤੇਰੀ ਸੋਲਾਂ ਆਨੇ ਐ" ਡਾਕਟਰ ਨੇ ਮੱਥਾ ਖੁਰਕਦਿਆਂ ਕਿਹਾ

"ਲੈ ਅੱਗੇ ਸੁਣ" ਕਾਮਰੇਡ ਦੀ ਗੱਲ਼ ਸੁਣਕੇ ਡਾਕਟਰ ਨੇ ਕੰਨ ਚੱਕ ਲਏ ਤੇ ਕਿਹਾ "ਹਾਂ ਦੱਸ ਕਾਮਰੇਡਾ"

"ਡਾਕਟਰਾ, ਗ਼ਦਰੀ ਬਾਬੇ ਆਏ ਸੀ ਦੇਸ਼ ਵਿੱਚ ਗੋਰਿਆਂ ਨੂੰ ਕੱਢਣ ਅਤੇ ਅਜ਼ਾਦੀ ਦੇ ਭਾਂਬੜ ਬਾਲਣ ਤੇ ਇਹ ਇਨਕਲਾਬੀ ਝੋਨੇ ਦੀ ਪਰਾਲੀ ਨੂੰ ਅੱਗ ਦੇ

ਭਾਂਬੜ ਲਗਾਉਣ ਵਿੱਚ ਹੀ ਆਪਣੀ ਜਿੱਤ ਸਮਝਦੇ ਐ ਉਸ ਮੇਲੇ 'ਚ ਸਟੇਜ ਤੇ ਅਜਿਹੇ ਸਕੇ ਸੋਧਰੇ ਹੀ ਪਤਵੰਤੇ ਬਣੇ ਬੈਠੇ ਹੋਣਗੇ। ਡਾਕਟਰਾਂ ਤੂੰ ਹੀ ਦੱਸ ਐਹੋ ਜੇਹੇ ਸੰਘਣੇ ਧੂੰਏ 'ਚ ਬੰਦਾ ਕਿਵੇਂ ਸਾਹ ਲੈ ਲੂ, ਡੇਢ ਦੋ ਸਾਲ ਦੇ ਬੱਚੇ ਜਾਂ ਮੇਰੇ ਵਰਗੇ ਬਜ਼ੁਰਗ ਤਾਂ 1984 ਦੇ ਨਿਰਦੋਸ਼ਾਂ ਵਾਂਗ ਊਈ ਮਰ ਜਾਣਗੇ

ਕੀ ਉਸ ਸਮੇਂ ਤਾਂ ਦੁਸ਼ਮਨਾਂ ਨੇ ਲੋਕਾਂ ਦੇ ਘਰ ਪਛਾਣ ਕੇ ਸਾੜੇ ਸਨ।

ਅਸੀਂ ਖੁਦ ਹੀ ਖੇਤ ਸਾੜ ਰਹੇ ਹਾਂ। ਕੀ ਇਹ ਵਰਤਾਰਾ ਇਨਕਲਾਬੀ ਐ?

ਤੂੰ ਮੇਰੇ ਨਾਲ ਘਰ ਚੱਲ, ਕੱਲ਼ ਦੀ ਖੰਘ, ਜ਼ੁਕਾਮ ਤੇ ਭਖ ਜੇਹੀ ਹੋਈ ਲ਼ੱਗਦੀ ਐ ਕੋਈ ਟੀਕਾ ਟੱਲ਼ਾ ਲਾ ਦੇ ਕਾਮਰੇਡ ਨੇ ਕਿਹਾ। ਡਾਕਟਰ ਨੇ ਕਿਹਾ

"ਕਾਮਰੇਡਾ ਗੱਲ ਤਾਂ ਤੇਰੀ ਠੀਕ ਐ, ਅੱਧਾ ਪਿੰਡ ਬੀਮਾਰ ਪਿਆ ਹੈ। ਜੇਹੜੇ ਚਾਰ ਛਿੱਲ਼ੜ ਅੱਗ ਲਗਾ ਕੇ ਕਮਾਉਣੇ ਹਨ ਉੱਥੇ ਵੀਹ ਛਿੱਲ਼ੜ ਇਲਾਜ ਤੇ ਲੱਗ ਜਾਣੇ ਐ" ਇਹ ਕਹਿਕੇ ਡਾਕਟਰ ਕਾਮਰੇਡ ਦੇ ਟੀਕਾ ਲਾਉਣ ਲਈ ਘਰ ਤੁਰ ਪਿਆ।

ਠੀਕ ਕਿਵੇਂ ਕਰਨਗੇ?" ਕਾਮਰੇਡ ਨੇ ਨਿਰਾਸ਼ਾ ਨਾਲ ਲਾਲ ਪੇਂਝੂ ਹੋਈਆਂ ਅੱਖਾਂ ਨੂੰ ਮਲਦਿਆ ਕਿਹਾ।

"ਮੈਂ ਸਮਝਿਆ ਨਹੀਂ" ਡਾਕਟਰ ਨੇ ਸਕੂਟਰ ਨੂੰ ਥੜੀ ਕੋਲ ਕਰਦਿਆਂ ਕਿਹਾ। "ਪਹਿਲੀ ਗੱਲ਼ ਇਹ ਨਿਜ਼ਾਮ ਅਤੇ ਸਰਕਾਰਾਂ ਗਲਤ ਹਨ। ਨੀਤੀਆਂ ਲੋਕ ਵਿਰੋਧੀ ਹਨ। ਇਹ ਸਦੀਆਂ ਦਾ ਵਰਤਾਰਾ ਹੈ। ਜੇ ਇਹ ਗਲਤ ਹਨ ਤਾਂ ਅਸੀਂ ਸਹੀ ਹੋ ਜਾਈਏ। ਨਾਂ ਕਿ ਜੈਸਾ ਰਾਜਾ ਤੈਸੀ ਪਰਜ਼ਾ ਬਣੀਏ ਇਸਦਾ ਨੁਕਸਾਨ ਹੀ ਨੁਕਸਾਨ ਹੈ ਦੋਹਾਂ ਧਿਰਾਂ ਦੀ ਗਲਤ ਸੋਚ ਰਾਹੀਂ ਹੁੰਦਾ ਕਤਲੇਆਮ, ਕਾਮਰੇਡ ਬੁਹਤ ਡੂੰਘੀ ਗੱਲ਼ ਕਹਿ ਗਿਆ ਸੀ।

ਡਾਕਟਰ ਭੰਬਤਰਿਆ ਵਾਂਗ ਖੜ੍ਹਾ ਸੀ। ਉਸ ਕਿਹਾ, ਕਾਮਰੇਡਾ ਬੁਝਾਰਤਾਂ ਨਾ ਪਾ ਸਾਫ ਸਾਫ ਗੁੰਝਲ ਖੋਹਲ ਸਾਡੀ ਸੁਰਤ ਤਾਂ ਟੀਕੇ, ਗੋਲੀਆਂ ਮਰੀਜ਼ਾ ਦੇ ਰੋਗ "ਅਖੇ ਡਾਕਟਰਾ ਚਿੱਤ ਘਾਂਊ ਮਾਊਂ ਹੁੰਦਾ ਐ" ਸਮਝਣ 'ਚ ਮਾਰੀ ਜਾਂਦੀ ਹੈ

"ਗੱਲ ਇਹ ਕਿ ਸਰਕਾਰਾਂ ਵੱਲ਼ੋਂ ਜਿਣਸਾਂ ਦੇ ਉੱਚਿਤ ਮੁੱਲ਼ ਤਹਿ ਨਾਂ ਕਰਨੇ,

ਇਹ ਦੇਸ਼ ਬਲਾਤਕਾਰ ਦੀ ਇੱਕ ਭੱਠੀ ਹੈ ਜਿੱਥੇ ਦਿਨ-ਰਾਤ ਹਾਕਮਾਂ ਵੱਲੋਂ ਸਾਡੀਆਂ ਬੱਚੀਆਂ-ਮਾਂਵਾਂ-ਭੈਣਾਂ ਨੂੰ ਭੁੰਨਣ ਲਈ ਤੰਦੂਰ ਭਖਾਇਆ ਜਾਂਦਾ ਹੈ!!

ਭਾਰਤ ਦੀ ਸੂਚਨਾ-ਤਕਨੀਕ ਦਾ ਗੜ੍ਹ ਕਹੇ ਜਾਂਦੇ ਹੈਦਰਾਬਾਦ ਵਿੱਚ ਇੱਕ 27 ਸਾਲਾਂ ਵੈਟਨਰੀ ਡਾਕਟਰ ਪ੍ਰਿਅੰਕਾ ਰੈੱਡੀ ਨੂੰ ਜਾਨਵਰ ਬਣੇ "ਮਨੁੱਖਾਂ" ਨੇ ਬੁੱਧਵਾਰ ਦੀ ਰਾਤ ਨੂੰ ਬਲਾਤਕਾਰ ਕਰਨ ਤੋਂ ਮਗਰੋਂ ਜਲਾਕੇ ਮਾਰ ਦਿੱਤਾ? ਘਟਨਾ ਐਨੀ ਦਿਲ ਦਹਿਲਾਉਣ ਵਾਲ਼ੀ ਹੈ ਕਿ ਮੌਕੇ ਤੋਂ ਸਿਵਾਏ ਸਵਾਹ ਦੇ ਹੋਰ ਕੁਝ ਨਹੀਂ ਮਿਲਿਆ! ਹੁਣ ਤੱਕ ਚਾਰ ਦੋਸ਼ੀਆਂ - ਮੁਹੰਮਦ ਅਰੀਫ, ਸ਼ਿਵ, ਨਵੀਨ ਤੇ ਚੇਨਾਕੇਸ਼ਵਲੁ ਨੂੰ ਫੜ੍ਹਿਆ ਗਿਆ ਹੈ? ਇਹਨਾਂ ਵਹਿਸ਼ੀਆਂ ਨੇ ਦਾਰੂ ਪੀ ਕੇ ਬਲਾਤਕਾਰ ਦੀ ਪਹਿਲੋਂ ਯੋਜਨਾ ਤਿਆਰ ਕਰਕੇ ਇਸ ਭਿਆਨਕ ਘਟਨਾ ਨੂੰ ਅੰਜਾਮ ਦਿੱਤਾ? ਵਾਰਦਾਤ ਥਾਂ 'ਤੇ ਸੁਰੱਖਿਆ ਨੂੰ ਲੈ ਕੇ ਕਈ ਸਵਾਲ ਉੱਠ ਰਹੇ ਹਨ - ਕਿ ਕਿਸ ਤਰਾਂ ਇਹ ਘਟਨਾ ਇੱਕ ਕੌਮੀ ਸ਼ਾਹਰਾਹ, ਬੈਂਗਲੂਰ-ਹੈਦਰਾਬਾਦ ਸ਼ਾਹਰਾਹ, 'ਤੇ ਵਾਪਰੀ ਤੇ ਉਹ ਵੀ ਕੋਈ ਬਹੁਤੀ ਨੇਰ੍ਹ-ਸਵੇਰ ਨਹੀਂ, ਸਗੋਂ ਰਾਤ ਦੇ ਸਾਢੇ ਕੁ ਨੌਂ ਵਜੇ ਹੀ ? ਤੇ ਜਿਹੜਾ ਇਹ ਇਲਾਕਾ ਸੀ ਉਹ ਹਵਾਈ-ਅੱਡੇ ਤੋਂ ਬਹੁਤੀ ਦੂਰ ਨਹੀਂ ਸੀ ? ਤਾਂ ਫੇਰ ਉੱਥੇ ਪੁਲਸ ਦੀਆਂ ਸੁਰੱਖਿਆ ਗੱਡੀਆਂ ਕਿੱਧਰ ਸਨ? ਉੱਪਰੋਂ ਤੇਲੰਗਾਨਾ ਦੇ ਗ੍ਰਹਿ ਮੰਤਰੀ ਦਾ ਘਟੀਆ ਬਿਆਨ ਆਉਂਦਾ ਹੈ ਕਿ ਡਾਕਟਰ ਨੇ ਮੌਕੇ 'ਤੇ ਪੁਲਸ ਨੂੰ ਫ਼ੋਨ ਕਰਨ ਦੀ ਥਾਵੇਂ ਆਪਣੀ ਭੈਣ ਨੂੰ ਕਿਉਂ ਕੀਤਾ? ਸੁਰੱਖਿਆ ਨੂੰ ਲੈ ਕੇ ਇਹ ਉਹ ਸਵਾਲ ਹਨ ਜੋ ਲਾਜ਼ਮੀ ਉਠਾਏ ਜਾਣੇ ਚਾਹੀਦੇ ਹਨ? ਪਰ ਇਸ ਬਿਮਾਰ ਸਮਾਜ ਦੀ ਜੜ੍ਹ ਨੂੰ ਲੈ ਕੇ ਕੁਝ ਗੱਲ ਕਰਨੀ ਜਰੂਰੀ ਹੈ?

ਅਸਲ ਵਿੱਚ ਇਹ ਮੁਲਕ ਬਲਾਤਕਾਰ ਦੀ ਭੱਠੀ ਹੈ, ਜਿੱਥੇ ਦਿਨ-ਰਾਤ ਸਰਕਾਰੇ, ਦਰਬਾਰੇ, ਮੀਡੀਆ ਵਿੱਚ ਤੇ ਸਾਡੇ ਘਰਾਂ ਵਿੱਚ ਔਰਤ ਵਿਰੋਧੀ ਮਾਹੌਲ ਸਿਰਜਿਆ ਜਾਂਦਾ ਹੈ? ਜਦੋਂ ਸੱਤ ਸਾਲ ਪਹਿਲਾਂ ਦਿੱਲੀ ਵਿੱਚ ਨਿਰਭਿਆ ਬਲਾਤਕਾਰ ਕੇਸ ਹੋਇਆ ਤਾਂ ਪੂਰਾ ਮੁਲਕ ਉੱਠ ਖਲੋਹਿਆ ਸੀ, ਮੁੜ ਅਜਿਹੀਆਂ ਘਟਨਾਵਾਂ ਨਾ ਵਾਪਰਨ ਦੇਣ ਦੀਆਂ ਗੱਲਾਂ ਵੀ ਸਿਆਸੀ ਮੰਚਾਂ ਤੋਂ ਹੋਈਆਂ? ਪਰ ਹਕੀਕਤ ਇਹ ਹੈ ਕਿ ਇਸ ਮੁਲਕ ਵਿੱਚ ਹਰ ਪੰਦਰਾਂ ਮਿੰਟਾਂ ਤੋਂ ਇੱਕ ਔਰਤ 'ਤੇ ਜ਼ੁਲਮ ਹੁੰਦਾ ਹੈ? ਇਹ ਘਟਨਾਵਾਂ ਇਸੇ ਲਈ ਵਧਦੀਆਂ ਹਨ ਕਿਉਂਕਿ ਇਹਨਾਂ ਨੂੰ ਵਧਾਇਆ ਜਾਂਦਾ ਹੈ? ਕੁਲਦੀਪ ਸੇਂਗਰ ਵਰਗੇ ਬਲਾਤਕਾਰੀ ਐੱਮ.ਐੱਲ.ਇਆਂ ਨੂੰ ਸੱਤਾ ਵਿੱਚ ਬੈਠੇ ਲੋਕਾਂ ਵੱਲੋਂ ਬਚਾਇਆ ਜਾਂਦਾ ਹੈ, ਸੱਤਾ ਵਿੱਚ ਬੈਠੇ ਲੋਕ ਨਿੱਕੀ ਬੱਚੀ ਅਸਿਫ਼ਾ ਦੇ ਬਲਾਤਕਾਰੀਆਂ ਨੂੰ ਬਚਾਉਣ ਲਈ ਫ਼ਿਰਕੂ ਰੰਗਤ ਦਿੰਦੇ ਹਨ ਤੇ ਬਲਾਤਕਾਰੀਆਂ ਦੇ ਹੱਕ ਵਿੱਚ ਰੈਲੀ ਕੱਢਦੇ ਹਨ! ਕੌਣ ਨਹੀਂ ਜਾਣਦਾ ਕਿ ਇਸ ਘਟੀਆ ਪ੍ਰਬੰਧ ਦੀ ਸੰਸਦ ਬਲਾਤਕਾਰੀਆਂ ਨਾਲ਼ ਭਰੀ ਪਈ ਹੈ! ਇਥੇ 1980ਵਿਆਂ ਵਿੱਚ ਪੰਜਾਬ ਤੇ ਹੁਣ ਕਸ਼ਮੀਰ ਤੇ ਉੱਤਰ-ਪੂਰਬ ਵਿੱਚ ਬਲਾਤਕਾਰ ਨੂੰ ਇੱਕ ਸਿਆਸੀ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਤੇ ਹੈ ਤੇ ਪੁਲਸੀਆਂ-ਫੌਜੀਆਂ ਨੂੰ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ ਕਿ ਉਹ ਸਾਡੀਆਂ ਮਾਂਵਾਂ-ਭੈਣਾਂ ਨੂੰ ਮਧੋਲਣ ਤੇ ਉਹਨਾਂ ਨੂੰ ਪੂਰੀ ਸਿਆਸੀ ਸ਼ਹਿ ਨਾਲ਼ ਬਚਾਇਆ ਜਾਂਦਾ ਹੈ? ਇਸ ਤੋਂ ਵੱਧ ਇਸ ਘਟੀਆ ਪ੍ਰਬੰਧ ਦਾ ਔਰਤ-ਵਿਰੋਧੀ ਚਹਿਰਾ ਕੀ ਹੋਵੇਗਾ ਕਿ ਪੰਜਾਬ ਦੀ ਧਰਤੀ ਮਹਿਲ ਕਲਾਂ 'ਤੇ ਬਲਾਤਕਾਰੀਆਂ ਨੂੰ ਸਜ਼ਾ ਦਵਾਉਣ ਵਾਲ਼ੇ ਲੋਕ ਆਗੂਆਂ ਨੂੰ ਉਮਰ ਕੈਦ ਦੀ ਸਜ਼ਾ "ਸਾਡੀ" ਸੁਪਰੀਮ ਕੋਰਟ ਵੱਲੋਂ ਸੁਣਾ ਦਿੱਤੀ ਜਾਂਦੀ ਹੈ ਤੇ ਉਹਨਾਂ ਨੂੰ ਰਿਹਾਅ ਕਰਾਉਣ ਲਈ ਹਫ਼ਤਿਆਂ ਬੱਧੀ ਜੁਝਾਰੂ ਲੋਕਾਂ ਨੂੰ ਬਰਨਾਲਾ ਜੇਲ੍ਹ ਅੱਗੇ ਜੂੜਨਾ ਪੈਂਦਾ ਹੈ! ਸਾਰੀਆਂ ਵੋਟ-ਬਟੋਰੂ ਪਾਰਟੀਆਂ ਦੇ ਲੀਡਰ ਵੋਟਾਂ ਲਈ ਬਲਾਤਕਾਰੀ ਬਾਬਿਆਂ ਦੇ ਪੈਰਾਂ ਵਿੱਚ ਡਿੱਗਦੇ ਹਨ! ਔਰਤਾਂ ਨੂੰ ਘਰਾਂ ਵਿੱਚ ਕੈਦ ਰੱਖਣ ਵਾਲੀਆਂ ਜਗੀਰੂ ਸੋਚ ਦੀਆਂ ਖਾਪਾਂ ਨੂੰ ਵੋਟਾਂ ਲਈ ਵਰਤਿਆ ਜਾਂਦਾ ਹੈ ਤੇ ਰੋਜ਼-ਰੋਜ਼ ਮਣਾਂ-ਮੂਹੀਂ ਫ਼ਿਲਮਾਂ, ਇਸ਼ਤਿਹਾਰ, ਕਮੇਡੀ ਸ਼ੋਅ ਔਰਤਾਂ ਨੂੰ ਲੈ ਦੋ-ਅਰਥੇ ਚੁਟਕੁਲੇ, ਭੱਦੇ ਇਸ਼ਾਰੇ ਸਾਨੂੰ ਵਿਖਾਉਂਦੇ ਤੇ ਤਾੜੀਆਂ ਮਾਰਨ ਲਈ ਕਹਿੰਦੇ ਹਨ! ਜਗੀਰੂ ਸੋਚ ਤੇ ਆਧੁਨਿਕ ਸਰਮਾਏਦਾਰਾ ਸਮਾਜ ਦਾ ਪਲੀਤਾ ਇਹ ਸੱਭਿਆਚਾਰਕ ਗੰਦ ਸਾਡੇ ਘਰਾਂ ਦਾ "ਸ਼ਿੰਗਾਰ" ਬਣਾ ਦਿੱਤਾ ਗਿਆ ਹੈ!

ਰਾਜੇ ਸ਼ੀਂਹ ਮੁੱਕਦਮ ਕੁੱਤੇ ਵਾਲ਼ੇ ਇਸ ਰਾਜ-ਪ੍ਰਬੰਧ ਵਿੱਚ ਕੋਈ ਹੈਰਾਨੀ ਨਹੀਂ ਕਿ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਲਗਾਤਾਰ ਵਾਪਰਦੀਆਂ ਹਨ? ਲੁਧਿਆਣੇ ਦੀ ਬੱਚੀ ਸ਼ਹਿਨਾਜ਼ ਨੂੰ ਇਨਸਾਫ਼ ਦਿਵਾਉਣ ਲਈ ਚੱਲਿਆ ਘੋਲ੍ਹ ਹੋਵੇ ਜਾਂ ਸ਼ਰੂਤੀ ਅਗਵਾ ਕਾਂਡ ਖ਼ਿਲਾਫ਼ ਸੰਘਰਸ਼ ਤੇ ਜਾਂ ਫੇਰ ਬੱਚੀ ਕਿਰਨਜੀਤ ਕੌਰ ਦੇ ਹੱਕ ਲਈ ਚੱਲਿਆ ਘੋਲ੍ਹ ਹੋਵੇ - ਇਹ ਸਾਰੇ ਸਾਡਾ ਇਹੀ ਮੱਤ ਪੱਕਾ ਕਰਦੇ ਹਨ ਕਿ ਇਹਨਾਂ ਬਰਬਰ, ਵਹਿਸ਼ੀ ਘਟਨਾਵਾਂ ਨੂੰ ਰੋਕਣ ਦਾ ਇੱਕੋ ਇੱਕ ਢੰਗ ਲੋਕ ਤਾਕਤ ਤੇ ਇਨਕਲਾਬੀ ਲੋਕ ਏਕਾ ਹੈ, ਕੋਈ ਸਰਕਾਰ ਜਾਂ ਇਹ ਵਿਕਿਆ ਅਦਾਲਤੀ ਢਾਂਚਾ ਨਹੀਂ!

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

Best Mobile Signs
All kinds of mobile sign board
Kamal Sidhu
best mobile sign
call for yours
403-966-7167 bestmobilesigns@gmail.com

ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

ਕਦੋਂ ਖ਼ਤਮ ਹੋਵੇਗਾ ਪੰਜਾਬ ਵਿਚਲਾ ਪਰਿਵਾਰਕ ਸਿਆਸੀ ਗਲਬਾ?







ਸਿਆਸਤ ਨੂੰ ਪਰਿਵਾਰਵਾਦ ਦੀ ਮਾਰ ਪਈ ਹੋਈ ਹੈ। ਦੇਸ਼ ਭਰ ਵਿੱਚ ਪਰਿਵਾਰਕ ਸਿਆਸਤ ਛਾਈ ਹੋਈ ਹੈ। ਨੇਤਾ ਲੋਕ ਆਪਣੇ ਪੁੱਤਾਂ, ਪੋਤਿਆਂ, ਪੋਤੀਆਂ ਧੀਆਂ ਨੂੰ ਆਪਣੀ ਸਿਆਸੀ ਵਿਰਾਸਤ ਦੇ ਰਹੇ ਹਨ। ਦੇਸ਼ ਦੀ ਸਭ ਤੋਂ ਵੱਡੀ ਰਹੀ ਸਿਆਸੀ ਧਿਰ ਕਾਂਗਰਸ, ਲਗਾਤਾਰ ਪਰਿਵਾਰਵਾਦ ਵਿੱਚ ਗ੍ਰਸੀ ਦਿਖਾਈ ਦੇ ਰਹੀ ਹੈ। ਕਾਂਗਰਸ ਦੀ ਮੌਜੂਦਾ ਪ੍ਰਧਾਨ ਸੋਨੀਆ ਗਾਂਧੀ ਨੂੰ ਆਪਣੇ ਪੁੱਤਰ ਰਾਹੁਲ ਗਾਂਧੀ ਜਾਂ ਧੀ ਪ੍ਰਿਯੰਕਾ ਗਾਂਧੀ ਤੋਂ ਬਿਨ੍ਹਾਂ ਕਾਂਗਰਸ ਦੀ ਵਾਂਗਡੋਰ ਸੰਭਾਲਣ ਵਾਲਾ ਹੋਰ ਕੋਈ ਨੇਤਾ ਕਾਂਗਰਸ ਵਿਚੋਂ ਭਾਉਂਦਾ ਹੀ ਨਹੀਂ। ਕਾਂਗਰਸ ਵਾਂਗਰ ਇੱਕ ਸਦੀ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਜੋ 100ਵੇਂ ਵਰ੍ਹੇ ਵਿੱਚ ਪੈਰ ਧਰ ਬੈਠਾ ਹੈ, ਨੂੰ ਵੀ ਪਰਿਵਾਰਵਾਦ ਨੇ ਲਪੇਟਾ ਮਾਰਿਆ ਹੋਇਆ ਹੈ। ਪੰਜ ਵੇਰ ਸੂਬੇ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਪੁੱਤਰ-ਮੋਹ ਨੇ ਇੰਨਾ ਹਾਲੋਂ-ਬੇਹਾਲ ਕੀਤਾ ਕਿ ਆਪਣੇ ਸਿਆਣੇ, ਚੰਗੀ ਸੋਚ ਵਾਲੇ ਸਾਥੀਆਂ ਨੂੰ ਛੱਡਕੇ ਸਮੇਂ-ਸਮੇਂ ਉਹ ਆਪਣੀ ਤੱਕੜੀ 'ਚ, ਆਪਣੇ ਹੀ ਸਾਵੇਂ ਵੱਟੇ ਪਾਉਂਦਾ ਰਿਹਾ ਅਤੇ ਪਹਿਲਾਂ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਵੱਡੇ ਪੰਥਕ ਨੇਤਾਵਾਂ ਨੂੰ ਨੁਕਰੇ ਲਾਉਣ ਦੀਆਂ ਤਰਕੀਬਾਂ ਨੂੰ ਅਮਲ 'ਚ ਲਿਆਉਂਦਾ ਰਿਹਾ ਅਤੇ ਬਾਅਦ 'ਚ ਆਪਣੇ ਪੁੱਤਰ-ਮੋਹ ਕਾਰਨ, ਆਪਣੇ ਸਿਆਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਉਸਨੇ ਨਹੀਂ ਬਖਸ਼ਿਆ ਅਤੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਅਤੇ ਸਿਆਸੀ ਵਾਰਸ ਬਣਾਉਣ 'ਚ ਕਾਮਯਾਬ ਹੋ ਗਿਆ। ਆਪਣੇ ਸਾਥੀ ਸੁਖਦੇਵ ਸਿੰਘ ਢੀਂਡਸਾ ਵਰਗੇ ਪ੍ਰਪੱਕ ਪੰਥਕ ਆਗੂ ਦੀ ਵੀ ਇਸ ਮਾਮਲੇ 'ਚ ਉਸਨੇ ਕੋਈ ਪ੍ਰਵਾਹ ਨਾ ਕੀਤੀ। ਢੀਂਡਸਾ ਦਾ, ਕੇਂਦਰੀ ਸਰਕਾਰ ਵਿੱਚ ਕੇਂਦਰੀ ਮੰਤਰੀ ਬਨਣ ਦਾ ਹੱਕ ਖੋਹਕੇ, ਆਪਣੀ ਨੂੰਹ ਅਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਮੰਤਰੀ ਬਣਾ ਦਿੱਤਾ।

ਪਰਿਵਾਰਵਾਦ ਦੀ ਇਸ ਕਿਸਮ ਦੀ ਮਿਸਾਲ ਦੇਸ਼ ਦੇ ਹੋਰ ਸੂਬਿਆਂ 'ਚ ਵੀ ਵੇਖਣ ਨੂੰ ਮਿਲਦੀ ਹੈ। ਬਿਹਾਰ 'ਚ ਲਾਲੂ ਪ੍ਰਸ਼ਾਦ, ਯੂ.ਪੀ. ਦਾ ਮੁਲਾਇਮ ਸਿੰਘ ਯਾਦਵ, ਹਰਿਆਣਾ 'ਚ ਚੌਧਰੀ ਦੇਵੀ ਲਾਲ, ਯੂ.ਪੀ. 'ਚ ਮਾਇਆਵਤੀ, ਪਰਿਵਾਰਵਾਦ ਨੂੰ ਉਤਸ਼ਾਹਤ ਕਰਦੇ ਹੋਏ, ਜਿਥੇ ਆਪਣੇ ਵਰਕਰਾਂ ਅਤੇ ਨੇਤਾਵਾਂ ਵਿੱਚ ਆਪਣੀ ਇੱਜ਼ਤ, ਮਾਣ, ਸਤਿਕਾਰ, ਰੁਤਬਾ ਗੁਆ ਬੈਠੇ ਜਾਂ ਘੱਟ ਕਰ ਬੈਠੇ, ਉਥੇ ਸਿਆਸੀ ਤਾਕਤ ਤੋਂ ਵੀ ਹੱਥ ਧੋ ਬੈਠੇ। ਇਹੋ ਹਾਲ ਪੰਜਾਬ ਵਿੱਚ ਬਾਦਲ ਪਰਿਵਾਰ ਦਾ ਹੋਇਆ ਹੈ। ਦਸ ਸਾਲ ਲਗਾਤਾਰ ਭਾਜਪਾ ਨਾਲ ਸਾਂਝ-ਭਿਆਲੀ ਨਾਲ ਸਰਕਾਰ ਚਲਾਕੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਪ੍ਰਕਾਸ਼ ਸਿੰਘ ਬਾਦਲ ਬੁਰੀ ਤਰ੍ਹਾਂ ਹਾਰ ਗਏ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਦਰਜਾ ਵੀ ਹਾਸਲ ਨਾ ਕਰ ਸਕੇ। ਇਥੋਂ ਤੱਕ ਕਿ 2018 ਦੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ 13 ਸੀਟਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਨੇ ਸਿਰਫ਼ ਦੋ ਲੋਕ ਸਭਾ ਸੀਟਾਂ ਉਤੇ ਜਿੱਤ ਹਾਸਲ ਕੀਤੀ। ਇਹ ਉਹ ਹੀ ਸੀਟਾਂ ਸਨ ਜਿਥੇ ਬਾਦਲ ਪਰਿਵਾਰ ਦੇ ਦੋ ਜੀਅ ਸੁਖਬੀਰ ਸਿੰਘ ਬਾਦਲ ਅਤੇ ਉਹਨਾ ਦੀ ਪਤਨੀ ਹਰਸਿਮਰਤ ਕੌਰ ਬਾਦਲ ਉਮੀਦਵਾਰ ਸਨ। ਜਿੱਤ ਉਪਰੰਤ ਹਰਸਿਮਰਤ ਕੌਰ ਮੁੜ ਮੋਦੀ ਸਰਕਾਰ ਦੀ ਦੂਜੀ ਵੇਰ ਬਣੀ ਸਰਕਾਰ ਵਿੱਚ ਕੈਬਨਿਟ ਰੈਂਕ ਦੇ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼ਾਮਲ ਕਰਵਾਈ ਗਈ। ਇਸ ਸਭ ਕੁਝ ਦਾ ਲੋਕਾਂ ਅਤੇ ਵਰਕਰਾਂ ਵਿੱਚ ਮੁੜਕੇ ਫਿਰ ਇਹੋ ਪ੍ਰਭਾਵ ਗਿਆ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ 'ਆਪਣਿਆਂ ਘਰ ਦਿਆਂ' ਲਈ ਹੀ ਵਰਤਿਆ ਹੈ, ਦੂਜੇ ਆਪਣੇ ਖੜ੍ਹੇ ਕੀਤੇ ਲੋਕ ਸਭਾ ਦੇ 8 ਉਮੀਦਵਾਰਾਂ ਅਤੇ ਭਾਜਪਾ ਦੇ ਤਿੰਨ ਉਮੀਦਵਾਰਾਂ ਦੀ ਚੋਣ ਮੁਹਿੰਮ 'ਚ ਬਾਦਲਾਂ ਸਾਰ ਨਹੀਂ ਲਈ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਇਹ ਜ਼ੁੰਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਸੀ।

ਦੇਸ਼ ਦੀ ਲੋਕ ਸਭਾ ਚੋਣ 2018 ਅਤੇ ਪੰਜਾਬ ਦੀ ਵਿਧਾਨ ਸਭਾ ਚੋਣ 2017 ਤੋਂ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਨੇਤਾਵਾਂ ਵਿੱਚ ਅਸੰਤੁਸ਼ਟਤਾ ਵੇਖਣ ਨੂੰ ਮਿਲ ਰਹੀ ਸੀ। ਬਾਦਲ ਪਰਿਵਾਰ ਤੋਂ ਵਿਰੋਧ ਵਾਲੀ ਸੁਰ ਰੱਖਣ ਵਾਲਿਆਂ ਅਤੇ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਅਕਾਲੀ-ਭਾਜਪਾ ਸਰਕਾਰ ਅਤੇ ਖ਼ਾਸ ਕਰਕੇ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਨਾ ਕਰਨ ਕਰਕੇ ਮਨ 'ਚ ਰੋਸਾ ਰੱਖਣ ਵਾਲੇ ਨੇਤਾਵਾਂ ਨੂੰ 'ਬਾਦਲ ਪਰਿਵਾਰ' ਵਲੋਂ ਨੁਕਰੇ ਲਗਾ ਦਿੱਤਾ ਗਿਆ। ਸਿੱਟੇ ਵਜੋਂ ਟਕਸਾਲੀ ਅਕਾਲੀ ਦਲ ਹੋਂਦ ਵਿੱਚ ਆਇਆ ਅਤੇ ਉਸ ਦਿਨ, ਜਿਸ ਦਿਨ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਤੀਜੀ ਵੇਰ,ਆਪਣੇ 600 ਡੇਲੀਗੇਟਾਂ ਵਿੱਚੋਂ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ, ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਬਾਗੀ ਹੋਏ ਵੱਖ-ਵੱਖ ਧੜਿਆਂ ਨੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਇੱਕ ਪ੍ਰਧਾਨ, ਇੱਕ ਵਿਧਾਨ ਅਤੇ ਇੱਕ ਪਾਰਟੀ ਬਣਾਉਣ ਲਈ ਵੱਡਾ ਇੱਕਠ ਅੰਮ੍ਰਿਤਸਰ ਵਿੱਚ ਕੀਤਾ, ਜਿਸ ਵਿੱਚ ਬੁਲਾਰਿਆਂ ਨੇ ਬਾਦਲਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਜ਼ਾਹਿਰ ਹੈ ਕਿ ਇਹ ਅਕਾਲੀ ਆਗੂ ਬਾਦਲਾਂ ਦੀਆਂ ਧੱਕੇਸ਼ਾਹੀਆਂ ਤੋਂ ਸਤਾਏ ਘਰ ਬੈਠੇ ਆਗੂ ਸਨ, ਜਿਨ੍ਹਾਂ ਨੇ ਬਾਦਲ ਪਰਿਵਾਰ ਉਤੇ ਇਹ ਦੋਸ਼ ਲਾਇਆ ਕਿ ਉਨ੍ਹਾਂ ਨੇ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਅਜੰਡੇ ਨੂੰ ਤਹਿਸ਼-ਨਹਿਸ਼ ਕਰਕੇ ਰੱਖ ਦਿੱਤਾ ਹੈ। ਇਹਨਾ ਨੇਤਾਵਾਂ 'ਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਰਵੀਇੰਦਰ ਸਿੰਘ, ਮਨਜੀਤ ਸਿੰਘ ਜੀ ਕੇ, ਸੁਖਦੇਵ ਸਿੰਘ ਭੌਰ, ਸੇਵਾ ਸਿੰਘ ਸੇਖਵਾਂ ਜਿਹੇ ਆਗੂ ਸ਼ਾਮਲ ਸਨ। ਸ਼੍ਰੋਮਣੀ ਅਕਾਲੀ ਦਲ (ਮਾਨ) ਨੇ ਭਾਵੇਂ ਆਪਣੀ ਵੱਖਰੀ ਡਫਲੀ ਵਜਾਉਂਦਿਆਂ ਸਿਮਰਨਜੀਤ ਸਿੰਘ ਮਾਨ ਨੂੰ ਅਗਲੇ ਪੰਜ ਸਾਲਾਂ ਲਈ ਪ੍ਰਧਾਨ ਚੁਣ ਲਿਆ ਹੈ, ਪਰ ਉਸ ਦਲ ਵਲੋਂ ਵੀ 'ਬਾਦਲ ਪਰਿਵਾਰ' ਦੇ 'ਅਕਾਲੀ ਦਲ' ਉਤੇ ਵੱਡੇ ਹਮਲੇ ਕੀਤੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਹਾੜੇ ਦੇ ਮੌਕੇ ਤੇ ਨਾਰਾਜ਼ ਅਕਾਲੀਆਂ ਨੇ ਬਾਦਲ ਪਰਿਵਾਰ ਉਤੇ ਜਿੱਥੇ 'ਧਨ ਅਤੇ ਬਲ' ਦੀ ਸ਼ਕਤੀ ਇੱਕਠੀ ਕਰਨ ਦਾ ਦੋਸ਼ ਲਾਇਆ, ਉਥੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ, ਜੋ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਸਬੰਧੀ ਕਮੇਟੀ ਹੈ, ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਦਾ ਦੋਸ਼ ਲਾਇਆ ਹੈ। ਇਨ੍ਹਾਂ ਨੇਤਾਵਾਂ ਨੇ ਹੋਰਨਾਂ ਮੰਗਾਂ ਦੇ ਨਾਲ-ਨਾਲ ਇੱਕਠ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕੇਂਦਰ ਸਰਕਾਰ ਤੋਂ ਮੰਗ ਵੀ ਕੀਤੀ ਹੈ, ਕਿਉਂਕਿ ਇਹ ਨੇਤਾ ਸਮਝਦੇ ਤੇ ਮਹਿਸੂਸ ਕਰਦੇ ਹਨ ਕਿ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ 'ਬਾਦਲ ਪਰਿਵਾਰ' ਦਾ ਕਬਜ਼ਾ ਹੈ ਅਤੇ ਜਿਸਦਾ ਪ੍ਰਧਾਨ 'ਬਾਦਲ ਪਰਿਵਾਰ' ਵਲੋਂ ਭੇਜੀ ਗਈ 'ਪਰਚੀ' ਨਾਲ ਬਣਦਾ ਹੈ, ਉਦੋਂ ਤੱਕ ਬਾਦਲ ਪਰਿਵਾਰ ਨੂੰ ਸਿੱਖ ਸਿਆਸਤ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ, ਜਿਹਨਾ ਨੇ ਸਿੱਖ ਮੁਦਿਆਂ ਤੋਂ ਕਿਨਾਰਾ ਕਰਕੇ, ਪੰਜਾਬ ਦੇ ਲੋਕਾਂ ਦੀਆਂ ਭਖਦੀਆਂ ਮੰਗਾਂ ਅਤੇ ਸਮੱਸਿਆਵਾਂ ਤੋਂ ਮੁੱਖ ਮੋੜਕੇ ਸਿਰਫ਼ ਆਪਣੇ ਹਿੱਤ ਸਾਹਮਣੇ ਰੱਖਣ ਨੂੰ ਹੀ ਪਹਿਲ ਦਿੱਤੀ ਹੈ।

ਪੰਜਾਬ ਦੀ ਸਿੱਖ ਸਿਆਸਤ ਗੰਭੀਰ ਸੰਕਟ ਵਿੱਚ ਹੈ। ਲੰਮਾ ਸਮਾਂ ਸਿੱਖ ਸਿਆਸਤ ਉਤੇ ਕਾਬਜ਼ ਰਿਹਾ 'ਬਾਦਲ ਪਰਿਵਾਰ' ਹੁਣ ਆਪਣੇ ਭਾਈਵਾਲ 'ਭਾਜਪਾ' ਦੀਆਂ ਨਜ਼ਰਾਂ ਵਿੱਚ 'ਸ਼ਕਤੀਸ਼ਾਲੀ' ਨਹੀਂ ਰਿਹਾ। ਭਾਜਪਾ ਕਿਉਂਕਿ ਪੰਜਾਬ ਉਤੇ ਇਕੱਲਿਆਂ ਰਾਜ ਕਰਨ ਦੀ ਸਥਿਤੀ ਵਿੱਚ ਨਹੀਂ ਹੈ, ਉਸਨੂੰ ਇਹੋ ਜਿਹੀ ਸਿੱਖ ਲੀਡਰਸ਼ਿਪ ਜਾਂ ਸਿੱਖ ਸਿਆਸਤਦਾਨ ਦੀ ਪੰਜਾਬ ਵਿੱਚ ਲੋੜ ਹੈ, ਜੋ ਪੰਜਾਬ ਵਿਚਲੀ ਕਾਂਗਰਸ ਅਤੇ ਸਰਕਾਰ ਨੂੰ ਟੱਕਰ ਦੇ ਸਕੇ, ਜੋ ਟੱਕਰ ਬਾਦਲ ਪਰਿਵਾਰ ਦੇਣ 'ਚ ਕਾਮਯਾਬ ਹੋ ਰਿਹਾ ਹੈ। ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਇਸਦਾ ਸਬੂਤ ਹਨ। ਦੇਸ਼ 'ਚ ਮੋਦੀ ਲਹਿਰ ਹੋਣ ਦੇ ਬਾਵਜੂਦ ਵੀ ਪੰਜਾਬ ਨੇ ਦੇਸ਼ ਨਾਲੋਂ ਵੱਖਰਾ ਰਾਹ ਅਖਤਿਆਰ ਕੀਤਾ ਹੈ। ਭਾਵੇਂ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਸਿਆਸਤਦਾਨਾਂ ਦੀ ਫੁੱਟ ਅਤੇ ਲੜਾਈ ਦੀ ਇਸ ਘੜੀ'ਚ ਭਾਜਪਾ ਸਰਕਾਰ ਦੇ ਮੁਖੀ ਨਰੇਂਦਰ ਮੋਦੀ ਨੇ ਬਾਦਲ ਪਰਿਵਾਰ ਦੀ ਸਰਪ੍ਰਸਤੀ 'ਚ ਕੰਮ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਵਧਾਈ ਸੰਦੇਸ਼ ਭੇਜਿਆ ਹੈ ਪਰ ਭਾਜਪਾ ਅਤੇ ਕੇਂਦਰ ਸਰਕਾਰ, ਬਾਦਲ ਪਰਿਵਾਰ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਅਗਲਾ ਰੁਖ ਕੀ ਹੋਏਗਾ, ਇਸ ਬਾਰੇ ਹੁਣ ਉਸ ਵੇਲੇ ਤੋਂ ਕੋਈ ਦੋ ਰਾਵਾਂ ਨਹੀਂ ਰਹਿ ਗਈਆਂ, ਜਦੋਂ ਤੋਂ ਹਰਿਆਣਾ 'ਚ ਸ਼੍ਰੋਮਣੀ ਅਕਾਲੀ ਦਲ(ਬ) ਨੇ ਭਾਜਪਾ ਦੇ ਵਿਰੋਧ 'ਚ ਸਟੈਂਡ ਲਿਆ ਅਤੇ ਪੰਜਾਬ ਵਿੱਚ ਵੀ ਉਪ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਭਾਜਪਾ ਦੇ ਉਮੀਦਵਾਰਾਂ ਨੂੰ ਵੋਟ ਦੇਣ ਦੀ ਥਾਂ ਅੰਦਰੋਗਤੀ ਕਾਂਗਰਸ ਉਮੀਦਵਾਰਾਂ ਨੂੰ ਦੇਣ ਦੇ ਚਰਚੇ ਸੁਨਣ ਨੂੰ ਮਿਲੇ। ਵਿਰੋਧੀ ਧਿਰ ਦੋਸ਼ ਤਾਂ ਇਹ ਵੀ ਲਗਾ ਰਹੀ ਹੈ ਕਿ ਬਾਦਲ ਪਰਿਵਾਰ ਤੇ ਕੈਪਟਨ ਆਪਸ ਵਿੱਚ ਰਲੇ ਹੋਏ ਹਨ। ਬਿਨ੍ਹਾਂ ਸ਼ੱਕ ਪਰਿਵਾਰਕ ਸਿਆਸਤ ਨੇ ਸਿੱਖ ਸਿਆਸਤ ਦਾ ਹੀ ਨਹੀਂ, ਪੰਜਾਬ ਦਾ ਵੀ ਵੱਡਾ ਨੁਕਸਾਨ ਕੀਤਾ ਹੈ। ਸਿਆਸੀ ਖ਼ੁਦਗਰਜ਼ੀ ਕਾਰਨ ਚਾਪਲੂਸੀ ਦਾ ਮਹੌਲ ਪੰਜਾਬ 'ਚ ਪੈਦਾ ਹੋਇਆ ਹੈ, ਜਿਸ ਨਾਲ ਸਿਆਸੀ ਵਰਕਰ ਸਿਆਸੀ ਧਿਰਾਂ ਤੋਂ ਪਿਛਾਂਹ ਹਟੇ ਹਨ ਅਤੇ ਮਾਫੀਆ ਦੇ ਲੋਕਾਂ ਨੇ ਨੇਤਾਵਾਂ ਦੁਆਲੇ ਘੇਰਾ ਪਾਇਆ ਹੈ। ਨਿੱਤ ਦਿਹਾੜੇ ਮਾਫੀਆ ਗ੍ਰੋਹਾਂ ਦੀਆਂ ਕਾਰਵਾਈਆਂ ਅਤੇ ਸਿਆਸੀ ਲੋਕਾਂ ਵਲੋਂ ਇਹਨਾ ਗੁੰਡਾ ਗਿਰੋਹਾਂ ਨਾਲ ਜੁੜੇ ਹੋਣ ਦੀਆਂ ਖ਼ਬਰਾਂ ਆਮ ਲੋਕਾਂ ਨੂੰ ਚਿੰਤਤ ਕਰ ਰਹੀਆਂ ਹਨ। ਉਪਰੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜਾਂ ਲਈ ਖ਼ੁਦਮੁਖਤਿਆਰੀ ਦੇ ਅਜੰਡੇ ਨੂੰ ਕਹਿਣ ਨੂੰ ਤਾਂ ਭਾਵੇਂ ਅਪਨਾਈ ਰੱਖਿਆ, ਪਰ ਆਪਣੀ ਭਾਈਵਾਲ ਭਾਜਪਾ ਵਲੋਂ ਰਾਜਾਂ ਦੀ ਖ਼ੁਦਮੁਖਤਿਆਰੀ ਦੇ ਹੱਕ ਨੂੰ ਜਦੋਂ ਵੀ ਸੱਟ ਮਾਰੀ, ਉਦੋਂ 'ਬਾਦਲ ਪਰਿਵਾਰ' ਨੇ ਆਪਣੇ ਬੁਲ੍ਹ ਸੀਤੇ ਰੱਖੇ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਲੋਕਾਂ ਵਿਚੋਂ ਲਗਾਤਾਰ ਡਿੱਗਿਆ ਹੈ। ਦੇਸ਼ ਭਰ ਵਿੱਚ ਖਾਸ ਕਰਕੇ ਇਲਾਕਾਈ ਸਿਆਸੀ ਪਾਰਟੀਆਂ ਦੇ ਨੇਤਾ, ਆਪਣੇ ਪਰਿਵਾਰਕ ਮੈਂਬਰਾਂ ਨੂੰ ਹੀ ਆਪਣੇ ਵਾਰਸ ਮੰਨਕੇ ਉਹਨਾ ਨੂੰ ਪਾਰਟੀ ਪੱਧਰ ਉਤੇ ਅਤੇ ਸਰਕਾਰ 'ਚ ਆਉਣ ਵੇਲੇ ਵੱਡੇ ਆਹੁਦੇ ਦਿੰਦੇ ਹਨ, ਜੋ ਦੇਸ਼ ਦੀ ਸਿਆਸਤ ਲਈ ਚੰਗਾ ਸ਼ਗਨ ਨਹੀਂ ਹੈ।

ਧਰਮ, ਪਰਿਵਾਰਵਾਦ ਵਾਲੀ ਸਿਆਸਤ ਹੀ ਦੇਸ਼ ਵਿੱਚ ਪ੍ਰਫੁਲਤ ਹੋ ਰਹੀ ਹੈ, ਜੋ ਕਿ ਦੇਸ਼ ਦੇ ਲੋਕਤੰਤਰ ਲਈ ਵੱਡਾ ਖ਼ਤਰਾ ਸਾਬਤ ਹੋਏਗੀ।

(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)

ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਸੱਦੇ ਤੇ ਰਾਜ ਭਰ ਵਿੱਚ ਰੋਸ ਮਾਰਚ ਤੇ ਅਰਥੀ ਫ਼ੂਕ ਮੁਜ਼ਾਹਰੇ

- *ਅਧਿਆਪਕਾਂ ਨੇ ਲਾਏ ਸਰਕਾਰ ਦੀਆਂ ਅਰਥੀਆਂ ਨੂੰ ਲਾਂਬੂ*
- *ਹੱਕਾਂ ਹਿਤਾਂ ਦਾ ਸੰਘਰਸ਼ ਤੇਜ ਕਰਨ ਦਾ ਲਿਆ ਅਹਿਦ*

ਡੀ.ਟੀ.ਐਫ. ਪੰਜਾਬ ਵਲੋਂ ਅਰਥੀ ਫ਼ੂਕ ਮੁਜ਼ਾਹਰੇ (ਫੋਟੋਆਂ ਦੀਆਂ ਜ਼ੁਬਾਨੀ)

ਬਲਜਿੰਦਰ ਸਿੰਘ

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਦਿੱਤੇ ਸੱਦੇ 'ਤੇ ਰਾਜ ਭਰ ਦੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਭਰਵੀਆਂ ਰੋਸ ਰੈਲੀਆਂ ਕਰਨ ਉਪਰੰਤ ਅਰਥੀ ਫ਼ੂਕ ਮੁਜ਼ਾਹਰੇ ਕੀਤੇ ਗਏ। ਕੜਾਕੇ ਦੀ ਠੰਡ ਤੇ ਖ਼ਰਾਬ ਮੌਸਮ ਦੀ ਪ੍ਰਵਾਹ ਨਾ ਕਰਦਿਆਂ ਅਧਿਆਪਕ ਕਾਫ਼ਲੇ ਬੰਨ੍ਹ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਏ। ਗੁਰਦਾਸਪੁਰ, ਕਪੂਰਥਲਾ, ਪਠਾਨਕੋਟ, ਜਲੰਧਰ, ਮੋਗਾ, ਫਿਰੋਜ਼ਪੁਰ, ਲੁਧਿਆਣਾ, ਫਰੀਦਕੋਟ, ਬਠਿੰਡਾ, ਮੁਕਤਸਰ ਵਿਖੇ ਹੋਏ ਰੋਸ ਧਰਨਿਆਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ (ਮੋਗਾ), ਸੂਬਾ ਸਕੱਤਰ ਸਰਵਣ ਸਿੰਘ ਔਜਲਾ (ਗੁਰਦਾਸਪੁਰ) ਸੂਬਾ ਮੀਤ ਪ੍ਰਧਾਨ ਕਰਨੈਲ ਸਿੰਘ ਚਿੱਟੀ (ਗੁਰਦਾਸਪੁਰ), ਸਹਾਇਕ ਸਕੱਤਰ ਗੁਰਮੀਤ ਕੋਟਲੀ (ਜਲੰਧਰ) ਤੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਬਠਿੰਡਾ ਨੇ ਆਖਿਆ ਕਿ ਪੰਜਾਬ ਸਰਕਾਰ ਸਰਕਾਰੀ ਸਕੂਲ ਸਿੱਖਿਆ ਦਾ ਨਿੱਜੀਕਰਨ ਕਰਨ ਤੇ ਕਿਰਤੀਆਂ ਦੇ ਬੱਚਿਆਂ ਤੋਂ ਪੜ੍ਹਾਈ ਦਾ ਹੱਕ ਖੋਹਣ ਲਈ ਸਿੱਖਿਆ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਜਿਸਦੇ ਚਲਦਿਆਂ ਰੈਸ਼ਨਲਾਈਜ਼ੇਸ਼ਨ ਦੀ ਗਲਤ ਨੀਤੀ ਨਾਲ ਅਧਿਆਪਕਾਂ ਦੀਆਂ ਪੋਸਟਾਂ ਘਟਾ ਕੇ ਬੇਰੁਜ਼ਗਾਰ ਅਧਿਆਪਕਾਂ ਤੋਂ ਰੁਜ਼ਗਾਰ ਦਾ ਹੱਕ ਖੋਹਿਆ ਜਾ ਰਿਹਾ ਹੈ। ਅਧਿਆਪਕ ਆਗੂਆਂ ਨੇ ਸਪੱਸ਼ਟ ਕੀਤਾ ਕਿ ਰਾਜ ਭਰ ਵਿੱਚ ਦਿੱਤੇ ਜਾ ਰਹੇ ਰੋਸ ਧਰਨੇ ਸਿੱਖਿਆ ਵਿਭਾਗ ਵੱਲੋਂ ਰੈਸ਼ਨੇਲਾਈਜ਼ੇਸ਼ਨ ਦੇ ਨਾਂਅ ਹੇਠ ਰੈਗੂਲਰ ਅਸਾਮੀਆਂ ਦੇ ਖਾਤਮੇ ਵਿਰੁੱਧ, ਵੱਖ ਵੱਖ ਵਿਭਾਗੀ ਪ੍ਰਾਜੈਕਟਾਂ ਵਿੱਚ ਕੰਮ ਕਰਦੇ ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਵਾਉਣ ਲਈ, ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਤੁਰੰਤ ਜਾਰੀ ਕਰਵਾਉਣ ਤੇ ਲਾਗੂ ਕਰਵਾਉਣ, ਸਮਾਰਟ ਸਕੂਲ ਸਕੀਮ ਤਹਿਤ ਲੁਕਵੇਂ ਰੂਪ ਵਿੱਚ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਵਿਰੁੱਧ, ਰੈਗੂਲਰ ਕੀਤੇ 8886, 5178 ਅਧਿਆਪਕਾਂ ਦੀ ਪਰਖ ਸਮੇਂ ਦੌਰਾਨ ਪੂਰੀ ਲਾਗੂ ਕਰਵਾਉਣ ਸਮੇਤ ਸੂਬਾ ਕਮੇਟੀ ਵੱਲੋਂ ਜਾਰੀ ਮੰਗ-ਪੱਤਰ ਦੀਆਂ ਸਾਰੀਆਂ ਮੰਗਾਂ ਦੀ ਪ੍ਰਾਪਤੀ ਲਈ ਲਾਏ ਗਏ ਹਨ। ਰੋਸ ਧਰਨਿਆਂ ਵਿੱਚ ਬੋਲਦਿਆਂ ਡੀ.ਟੀ. ਐੱਫ. ਦੇ ਸੂਬਾਈ ਆਗੂਆਂ ਨਵਚਰਨਪ੍ਰੀਤ ਕੌਰ (ਬਠਿੰਡਾ), ਰਾਜਦੀਪ ਸੰਧੂ (ਫਿਰੋਜ਼ਪੁਰ) ਰੇਸ਼ਮ ਸਿੰਘ ਬਠਿੰਡਾ, ਹਰਦੇਵ ਮੁੱਲਾਂਪੁਰ (ਲੁਧਿਆਣਾ), ਪ੍ਰਮੋਦ ਸ਼ਰਮਾ (ਕਪੂਰਥਲਾ), ਲਖਵੀਰ ਸਿੰਘ ਹਰੀਕੇ(ਮੁਕਤਸਰ)ਸੁਖਵਿੰਦਰ ਸੁੱਖੀ (ਫਰੀਦਕੋਟ), ਸੰਜੇ ਕੁਮਾਰ (ਪਠਾਨਕੋਟ) ਤੇ ਅਮਨਦੀਪ ਮਟਵਾਣੀ (ਮੋਗਾ) ਨੇ ਸਿੱਖਿਆ ਮੰਤਰੀ ਵੱਲੋਂ ਅਧਿਆਪਕ ਵਰਗ ਲਈ ਵਰਤੀ ਮੰਦੀ ਸ਼ਬਦਾਵਲੀ ਦਾ ਤਿੱਖਾ ਨੋਟਿਸ ਲੈਂਦਿਆਂ ਆਖਿਆ ਕਿ ਇਸਦਾ ਜੁਆਬ ਸੰਘਰਸ਼ ਤੇ ਏਕੇ ਨਾਲ ਦਿੱਤਾ ਜਾਵੇਗਾ। ਉਹਨਾਂ ਸਿੱਖਿਆ ਮੰਤਰੀ ਨੂੰ ਚਲਦਾ ਕਰਨ ਦੀ ਮੰਗ ਕਰਦਿਆਂ ਆਖਿਆ ਕਿ ਇਹ ਮੰਤਰੀ ਸਿੱਖਿਆ ਵਿਭਾਗ ਚਲਾਉਣ ਦੇ ਸਮਰੱਥ ਨਹੀਂ ਹੈ। ਆਗੂਆਂ ਨੇ ਆਖਿਆ ਕਿ ਤਾਨਾਸ਼ਾਹ ਬਣਿਆ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਸਿੱਖਿਆ ਵਿਭਾਗ ਨੂੰ ਕੰਗਾਲ ਕਰਨ ਵਾਲੇ ਪਾਸੇ ਤੁਰ ਪਿਆ ਹੈ, ਉਹ ਸਰਕਾਰ ਦੀਆਂ ਸਿੱਖਿਆ ਮਾਰੂ ਨੀਤੀਆਂ ਨੂੰ ਲਾਗੂ ਕਰਨ ਵਿੱਚ ਵੱਡਾ ਰੋਲ ਅਦਾ ਕਰ ਰਿਹਾ ਹੈ। ਜਿਸ ਦਾ ਵਿਰੋਧ ਪਿੰਡਾਂ, ਸੱਥਾਂ, ਵਿਹੜਿਆਂ ਤੱਕ ਲਿਜਾਇਆ ਜਾਵੇਗਾ। ਰੋਸ ਧਰਨਿਆਂ ਵਿੱਚ ਬੋਲਦਿਆਂ ਲਖਵੀਰ ਸਿੰਘ (ਗੁਰਦਾਸਪੁਰ), ਜੋਤੀ ਮਹਿੰਦਰੂ (ਕਪੂਰਥਲਾ) ਜਗਵੀਰਨ ਕੌਰ (ਮੋਗਾ), ਕੁਲਭੂਸ਼ਨ ਕੁਮਾਰ (ਪਠਾਨਕੋਟ), ਅਵਤਾਰ ਲਾਲ (ਜਲੰਧਰ), ਬਲਜਿੰਦਰ ਸਿੰਘ (ਬਠਿੰਡਾ), ਦਲਜੀਤ ਸਮਰਾਲਾ (ਲੁਧਿਆਣਾ), ਅਵਤਾਰ ਲੰਗੇਰੀ (ਹੁਸ਼ਿਆਰਪੁਰ), ਗਗਨਦੀਪ ਪਾਹਵਾ (ਫਰੀਦਕੋਟ), ਬਲਰਾਮ ਸ਼ਰਮਾ (ਫਿਰੋਜ਼ਪੁਰ), ਦੀਦਾਰ ਮੁੱਦਕੀ, ਚਰਨਜੀਤ ਸਿੰਘ (ਕਪੂਰਥਲਾ), ਸੁਖਵਿੰਦਰ ਘੋਲੀਆ (ਮੋਗਾ) ਤੇ ਜੋਗਿੰਦਰ ਕੌਰ (ਮੁਕਤਸਰ) ਨੇ ਮੰਗ ਕੀਤੀ ਕਿ ਲੰਮੇ ਸਮੇਂ ਤੋਂ ਪੜ੍ਹਾ ਰਹੇ ਅਧਿਆਪਕਾਂ 'ਤੇ ਥੋਪੀ ਗਈ ਬ੍ਰਿਜ ਕੋਰਸ ਦੀ ਸ਼ਰਤ ਤੁਰੰਤ ਹਟਾਈ ਜਾਵੇ, ਗੈਰ ਸੰਗਤ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਪ੍ਰਾਜੈਕਟ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਐੱਸ. ਸੀ. ਈ. ਆਰ. ਟੀ. ਦੇ ਸਿਲੇਬਸ ਅਨੁਸਾਰ ਸਿੱਖਿਆ ਦੀ ਗੁਣਵੱਤਾ ਨੂੰ ਉਪਰ ਚੁੱਕਿਆ ਜਾਵੇ। ਕਲਾਸ ਰੂਮ ਦੇ ਮਾਹੌਲ ਨੂੰ ਵਧੀਆ ਬਣਾਉਣ ਲਈ, ਅਧਿਆਪਕ ਵਿਦਿਆਰਥੀ ਦਾ ਰਿਸ਼ਤਾ ਮਨੋਵਿਗਿਆਨ ਅਨੁਸਾਰ ਉਸਾਰਨ ਲਈ ਅਧਿਆਪਕ ਨੂੰ ਗੈਰ ਵਿੱਦਿਅਕ ਡਿਊਟੀਆਂ ਤੋਂ ਫਾਰਗ ਕੀਤਾ ਜਾਵੇ। ਰਾਜ ਭਰ ਦੇ ਪ੍ਰਾਇਮਰੀ ਸਕੂਲਾਂ ਵਿੱਚੋਂ ਹੈੱਡ ਟੀਚਰਾਂ ਲਗਭਗ 450 ਪੋਸਟਾਂ ਖਤਮ ਕਰਨ ਦਾ ਫੈਸਲਾ ਰੱਦ ਕਰਨ, ਲੈਕਚਰਾਰਾਂ ਦੇ ਰਿਵਰਸ਼ਨ ਆਰਡਰ ਵਾਪਸ ਲਏ ਜਾਣ। 162 ਈਟੀਟੀ ਟੈੱਟ ਪਾਸ ਅਧਿਆਪਕਾਂ ਦੀਆਂ ਸੇਵਾਵਾਂ ਖਤਮ ਕਰਨ ਦੇ ਹੁਕਮ ਵੀ ਵਾਪਸ ਲਏ ਜਾਣ। ਅਧਿਆਪਕ ਆਗੂਆਂ ਨੇ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਨੂੰ ਮਾਤ ਦੇਣ ਲਈ ਅਧਿਆਪਕ ਏਕੇ ਦੀ ਲਹਿਰ ਉਸਾਰਨ, ਸੰਘਰਸ਼ਾਂ ਤੇ ਟੇਕ ਰੱਖਣ ਅਤੇ ਮਜ਼ਦੂਰਾਂ, ਕਿਸਾਨਾਂ ਨਾਲ ਭਰਾਤਰੀ ਸਾਂਝ ਉਸਾਰਨ ਦਾ ਸੱਦਾ ਦਿੱਤਾ। ਉਹਨਾਂ ਸਭਨਾਂ ਵਰਗਾਂ ਦੇ ਅਧਿਆਪਕਾਂ ਦੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ਾਂ ਦੇ ਪਿੜ ਮੱਲਣ ਦਾ ਅਹਿਦ ਲਿਆ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਨੂੰ ਫ਼ਿਰਕੂ ਵੰਡੀਆਂ ਪਾਉਣ ਦਾ ਮਨਸੂਬਾ ਦੱਸਦਿਆਂ ਅਜਿਹੇ ਫਾਸ਼ੀਵਾਦੀ ਕਦਮਾਂ ਦੇ ਵਿਰੋਧ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਸਰਕਾਰ ਲੋਕਾਂ ਦਾ ਧਿਆਨ ਸਿਹਤ, ਸਿੱਖਿਆ, ਰੁਜ਼ਗਾਰ ਜਿਹੇ ਅਸਲ ਮੁੱਦਿਆਂ ਤੋਂ ਭਟਕਾ ਕੇ ਫ਼ਿਰਕੂ ਮਾਹੌਲ ਨੂੰ ਹਵਾ ਦੇ ਰਹੀ ਹੈ। ਬੁਲਾਰਿਆਂ ਨੇ ਅਧਿਆਪਕਾਂ ਦੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਤਾਨਾਸ਼ਾਹੀ ਫ਼ੁਰਮਾਨਾਂ ਨਾਲ ਦਬਾਉਣ ਦੇ ਯਤਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਅਜਿਹੇ ਫੁਰਮਾਨ ਵਾਪਸ ਲੈਣ ਦੀ ਮੰਗ ਕੀਤੀ। ਡੈਮੋਕਰੈਟਿਕ ਟੀਚਰਜ਼ ਫਰੰਟ, ਪੰਜਾਬ ਦੀ ਸੂਬਾ ਕਮੇਟੀ ਦੇ ਸੱਦੇ ਤੇ ਰਾਜ ਭਰ ਵਿੱਚ ਹੋਏ ਰੋਸ ਪ੍ਰਦਰਸ਼ਨਾਂ ਵਿੱਚ ਅਧਿਆਪਕਾਵਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਅਧਿਆਪਕਾਂ ਦਾ ਗੁੱਸਾ ਸਿੱਖਿਆ ਮੰਤਰੀ ਤੇ ਭੜਕਿਆ ਤੇ ਅਧਿਆਪਕਾਂ ਨੇ ਸਿੱਖਿਆ ਮੰਤਰੀ, ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਰਕਾਰ ਦੀਆਂ ਅਰਥੀਆਂ ਨੂੰ ਲਾਂਬੂ ਲਾਏ। ਬਠਿੰਡਾ ਵਿੱਚ ਸੈਂਕੜੇ ਅਧਿਆਪਕਾਂ ਨੇ ਅਰਥੀ ਫ਼ੂਕ ਪ੍ਰਦਰਸ਼ਨ ਦੌਰਾਨ ਸੜਕ ਜਾਮ ਕੀਤੀ।

'The name people trust and recommend'
Over 30 years of experience in Immigration Matters

HAYER LAW OFFICE

Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases

DALWINDER HAYER
M.A. (Eco.) LL.B., LL.M
Barrister, Solicitor and Notary Public

SITAL (TINA)
B.A., LL.B. (Hons.) L.L.M.
Tel : 78377-00046
Chandigarh (India)

AMANDEEP HAYER
B.A., J.D. (Canada) J.D. (U.S.)
Barrister, Solicitor, Notary Public

BALJINDER HAYER
Immigration Consultant & Public Notary

TO SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca

HARPINDER SIDHU
(403) 404-3500

Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com

ਮੁਸਲਮਾਨ ਧਾਰਮਕ ਫਿਰਕੇ ਦੀ ਹਾਲਤ ਬਾਰੇ ਕੁਝ ਗੱਲਾਂ

ਸਾਡੇ ਮੁਲਕ ਦੀ ਫਰਿਕੂ ਸਿਆਸਤ ਨੇ ਧਾਰਮਕਿ ਘੱਟ ਗਣਿਤੀ ਬਣਦੇ ਮੁਸਲਮਾਨ ਤਬਕੇ ਨੂੰ ਡੂੰਘੇ ਆਰਥਕ-ਸਮਾਜਿਕ ਪਛੜੇਵੇਂ ਦੀ ਖੱਡ ਵਿਚ ਧੱਕ ਦਲਿਤਾਂ ਹੈ। ਮੁਲਕ ਵਿਚ ਹਿੰਦੂ ਬਹੁ-ਗਣਿਤੀ ਵਸੋਂ ਹੋਣ ਕਰਕੇ ਆਮ ਕਰਕੇ ਮੁਲਕ ਦੀਆਂ ਕੌਮੀ ਪੱਧਰੀਆਂ ਪਾਰਟੀਆਂ ਭਾਜਪਾ ਤੇ ਕਾਂਗਰਸ ਵੱਲੋਂ ਹਿੰਦੂ ਵੋਟ ਬੈਂਕ ਦੇ ਪੱਤੇ ਖੇਡੇ ਜਾਂਦੇ ਰਹੇ ਹਨ ਤੇ ਮੁਸਲਮਾਨ ਧਰਮ ਨਾਲ ਸਬੰਧਤ ਜਨਤਾ ਬੁਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤੀ ਗਈ ਹੈ। ਉਂਝ ਤਾਂ ਚਾਹੇ ਮੁਲਕ ਭਰ ਦੀਆਂ ਕਿਰਤੀ-ਜਮਾਤਾਂ ਅਖੌਤੀ ਆਜ਼ਾਦੀ ਦੇ 72 ਸਾਲਾਂ ਮਗਰੋਂ ਭਾਰੀ ਕੰਗਾਲੀ ਤੇ ਮੰਦਹਾਲੀ ਦਾ ਸ਼ਿਕਾਰ ਹਨ ਤੇ ਲੁਟੇਰੀਆਂ ਦਲਾਲ ਜਮਾਤਾਂ ਤੇ ਸਾਮਰਾਜੀਆਂ ਦੀ ਅੰਨ੍ਹੀਂ ਲੁੱਟ ਹੇਠ ਕਰਾਹ ਰਹੀਆਂ ਹਨ। ਇਸ ਲੁੱਟ ਨੇ ਪਹਿਲਾਂ ਹੀ ਸਮਾਜਕ ਆਰਥਕ ਤੌਰ ਤੇ ਪਛੜੇਵੇਂ ਦਾ ਸ਼ਿਕਾਰ ਤੁਰੇ ਆਉਂਦੇ ਹਿੱਸਿਆਂ ਜਿਵੇਂ ਦਲਿਤਾਂ, ਔਰਤਾਂ ਤੇ ਆਦਿਵਾਸੀ ਕਬੀਲਿਆਂ ਆਦਿ ਨੂੰ ਹੋਰ ਵਧੇਰੇ ਪਛੜੇਵੇਂ ਚ ਧੱਕਿਆ ਹੈ। ਮੁਸਲਮਾਨ ਧਾਰਮਕ ਘੱਟਗਣਿਤੀ ਤਬਕਾ ਅਜਿਹਾ ਹੈ ਜੋ ਫਿਰਕੂ ਸਿਆਸਤ ਦੇ ਪੈਂਤੜਿਆਂ ਦੀ ਭੇਂਟ ਚੜ੍ਹਿਆ ਹੈ ਤੇ ਉਹ ਵੀ ਇਹਨਾਂ ਹਿੱਸਿਆਂ ਚ ਹੀ ਸ਼ੁਮਾਰ ਹੋ ਗਿਆ ਹੈ। ਮੁਸਲਮਾਨ ਭਾਈਚਾਰਾ ਤਾਂ ਕਈ ਪੱਖਾਂ ਤੋਂ ਦਲਿਤਾਂ ਅਤੇ ਹਿੰਦੂ (ਓ. ਬੀ. ਸੀ.) ਹਿੱਸਿਆਂ ਤੋਂ ਵੀ ਜਿਆਦਾ ਪਛੜੇਵੇਂ ਚ ਚਲਿਆ ਗਿਆ ਹੈ।

ਕੌਮੀ ਅੰਕੜਾ ਸੰਸਥਾ ਦੀ ਇੱਕ ਰਿਪੋਰਟ ਨੂੰ ਘੋਖਿਆਂ ਤੇ ਮੁਲਕ ਦੇ ਹੋਰਨਾਂ ਤਬਕਿਆਂ ਦੇ ਨੌਜਵਾਨਾਂ ਦਾ ਮੁਸਲਮਾਨ ਭਾਈਚਾਰੇ ਦੇ ਨੌਜਵਾਨਾਂ ਨਾਲ ਮੁਕਾਬਲਾ ਕਰਕੇ ਦੇਖਿਆਂ ਤਾਂ ਇਹੀ ਸਿੱਟਾ ਨਿਕਲਦਾ ਹੈ। ਦੋ ਖੋਜਾਰਥੀਆਂ ਵੱਲੋਂ ਕੀਤੇ 13 ਸੂਬਿਆਂ 'ਚ ਕੀਤੇ ਸਰਵੇ ਦੇ ਅੰਕੜੇ ਦੱਸਦੇ ਹਨ ਕਿ ਜਿਨ੍ਹਾਂ ਨੌਜਵਾਨਾਂ ਨੇ ਗਰੈਜੂਏਸ਼ਨ ਕੀਤੀ ਹੈ, 2017-18 'ਚ ਉਹਨਾਂ ਚੋਂ ਮੁਸਲਿਮ ਨੌਜਵਾਨਾਂ ਦੀ ਗਿਣਤੀ14 ਫੀਸਦੀ ਹੈ ਜਦਕਿ ਦਲਿਤਾਂ ਦੀ 18 ਫੀਸਦੀ, ਹਿੰਦੂ ਓ. ਬੀ. ਸੀ. ਦੀ 25 ਫੀਸਦੀ ਤੇ ਉੱਚ ਜਾਤੀ ਹਿੰਦੂਆਂ ਦੀ 37 ਫੀਸਦੀ ਹੈ। ਇਹ ਪਾੜ੍ਹਾ 2011-12 ਸਾਲ ਦੇ ਮੁਕਾਬਲੇ ਕਈ ਗੁਣਾ ਵਧ ਗਿਆ ਹੈ। ਹਿੰਦੂ ਹਾਰਟਲੈਂਡ ਕਹੇ ਜਾਂਦੇ ਖੇਤਰ 'ਚ ਤਾਂ ਮੁਸਲਿਮ ਨੌਜਵਾਨਾਂ ਦੀ ਹਾਲਤ ਹੋਰ ਵੀ ਮੰਦੀ ਹੈ। ਇਉਂ ਹੀ ਵਿੱਦਿਅਕ ਸੰਸਥਾਵਾਂ 'ਚ ਮੁਸਲਿਮ ਨੌਜਵਾਨਾਂ ਦੀ ਦਾਖਲਿਆਂ ਪੱਖੋਂ ਹਾਲਤ ਵੀ ਦਲਿਤਾਂ ਤੇ ਓ ਬੀ ਸੀ ਹਿੱਸਿਆਂ ਤੋਂ ਪਛੜੀ ਪਈ ਹੈ।

2018 'ਚ ਵਿੱਦਿਅਕ ਸੰਸਥਾਵਾਂ 'ਚ ਦਾਖਲ ਹੋਏ ਨੌਜਵਾਨਾਂ 'ਚ ਮੁਸਲਮਾਨ ਤਬਕੇ ਦੀ ਇਹ ਅਨੁਪਾਤ 39ਫੀਸਦੀ ਹੈ ਜਦ ਕਿ ਦਲਿਤਾਂ 'ਚ 44 ਫੀਸਦੀ ਤੇ ਹਿੰਦੂ ਓ ਬੀ ਸੀ ਜਾਤਾਂ 'ਚ 51 ਫੀਸਦੀ ਅਤੇ ਉੱਚ ਜਾਤੀ ਹਿੰਦੂਆਂ 'ਚ ਇਹ 59 ਫੀਸਦੀ ਹੈ। ਇਉਂ ਹੀ ਪੜ੍ਹਾਈ ਵਿਚੇ ਛੱਡ ਕੇ, ਬੇ-ਰੁਜ਼ਗਾਰੀ ਦੀ ਦੌੜ 'ਚ ਸ਼ੁਮਾਰ ਹੋਣ ਵਾਲੰਆਂ ਚ ਵੀ ਆਬਾਦੀ ਦੇ ਅਨੁਪਾਤ ਦੀ ਵੱਡੀ ਫੀਸਦੀ ਮੁਸਲਮਾਨ ਨੌਜਵਾਨਾਂ ਦੀ ਬਣਦੀ ਹੈ।

ਮੁਸਲਮਾਨ ਭਾਈਚਾਰੇ ਦੇ ਹਾਸ਼ੀਏ ਤੇ ਧੱਕੇ ਜਾਣ ਬਾਰੇ ਇਹ ਅਧਿਐਨ ਕੁੱਝ ਸੰਕੇਤਾਂ ਨੂੰ ਫੜਦਾ ਹੈ। ਇਸ ਭਾਈਚਾਰੇ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਜਾ ਰਹੀ ਹੈ। ਇਹ ਸਿਰਫ ਭਾਜਪਾ ਦੀ ਸਰਕਾਰ ਦੇ 5 ਸਾਲਾਂ 'ਚ ਹੀ ਨਹੀਂ ਵਾਪਰਿਆ ਸਗੋਂ ਕਾਂਗਰਸ ਦੇ ਦਹਾਕਿਆਂ ਦੇ ਰਾਜ ਚ ਵੀ ਇਹੀ ਵਾਪਰਿਆ ਹੈ। ਹੁਣ ਭਾਜਪਾ ਵੱਲੋਂ ਫਿਰਕੂ ਲਾਮਬੰਦੀਆਂ ਤੇ ਰੱਖੀ ਟੇਕ ਇਸਨੂੰ ਹੋਰ ਵਧੇਰੇ ਤੇਜ਼ ਕਰ ਰਹੀ ਹੈ। ਮੁਲਕ ਦੀਆਂ ਜੇਲ੍ਹਾਂ 'ਚ ਸੜ ਰਹੇ ਲੱਖਾਂ ਲੋਕਾਂ ਚ ਭਾਰੀ ਗਿਣਤੀ ਮੁਸਲਮਾਨਾਂ ਦੀ ਹੈ ਜਦਕਿ ਆਪਣੀ ਆਬਾਦੀ ਦੇ ਨਿਸਬਤ ਵੱਖ ਵੱਖ ਸਰਕਾਰੀ ਅਹੁਦਿਆਂ ਖਾਸ ਕਰਕੇ ਉੱਚ ਅਹੁਦਿਆਂ ਤੇ ਮੁਸਲਮਾਨਾਂ ਦੀ ਗਿਣਤੀ ਆਟੇ 'ਚ ਲੂਣ ਬਰਾਬਰ ਹੈ। ਹੁਣ ਤਾਂ ਲੋਕ ਸਭਾ 'ਚ ਵੀ ਮੌਜੂਦਾ ਮੈਂਬਰਾਂ 'ਚ ਮੁਸਲਮਾਨ ਭਾਈਚਾਰੇ 'ਚੋਂ ਸਿਰਫ ਮੁੱਠੀ ਭਰ ਮੈਂਬਰ ਹੀ ਹਨ। ਮੁਲਕ 'ਚ ਦਬਾਈ ਹੋਈ ਧਾਰਮਿਕ ਘੱਟਗਿਣਤੀ ਹੋਣ ਦਾ ਤੇ ਆਪਣੇ ਆਪ 'ਚ ਧਾਰਮਿਕ ਘੱਟਗਿਣਤੀ ਹੋਣ ਦਾ ਫਰਕ ਵੀ ਇਸ ਸਰਵੇ ਤੋਂ ਦੇਖਿਆ ਜਾ ਸਕਦਾ ਹੈ। ਮੁਲਕ ਅੰਦਰ ਮੌਜੂਦ ਸਾਰੀਆਂ ਘੱਟ ਗਿਣਤੀਆਂ ਹੀ ਇਉਂ ਸਮਾਜਕ ਆਰਥਕ ਪਛੜੇਵੇਂ ਚ ਨਹੀਂ ਧੱਕੀਆਂ ਗਈਆਂ ਹਨ। ਇਹ ਹਾਕਮ ਜਮਾਤੀ ਸਿਆਸਤ 'ਚ ਫਿਰਕੂ ਲਾਮਬੰਦੀਆਂ ਦਾ ਦਹਾਕਿਆਂ ਬੱਧੀ ਨਿਸ਼ਾਨਾ ਰਹੇ ਹੋਣ ਦਾ ਸਿੱਟਾ ਹੈ।

ਏਸੇ ਵੇਲੇ ਸਭ ਤੋਂ ਸਸਤੀ ਲੇਬਰ ਮੁਸਲਮਾਨ ਬਸਤੀਆਂ ਚ ਮਿਲਦੀ ਹੈ। ਇਹ ਬਸਤੀਆਂ ਭਾਰਤ ਦੇ ਗੈਰ-ਜਥੇਬੰਦ ਮਜ਼ਦੂਰਾਂ ਦੇ ਸਭ ਤੋਂ ਵੱਡੇ ਕੇਂਦਰ ਹਨ। ਹਾਕਮਾਂ ਦੇ ਦਹਿਸ਼ਤਗਰਦੀ ਦੇ ਹੋਕਰਿਆਂ ਨੇ ਮੁਸਲਮਾਨਾਂ ਨੂੰ ਬਾਕੀ ਸਮਾਜ ਦੀਆਂ ਨਜ਼ਰਾਂ 'ਚ ਮੁਜ਼ਰਮਾਂ ਵਜੋਂ ਪੇਸ਼ ਕਰ ਦੱਲਿਤਾਂ ਹੈ ਤੇ ਹੁਣ ਦਿਨੋ ਦਿਨ ਚੱਕਵੇਂ ਫਿਰਕੂ ਨਾਅਰਿਆਂ ਦਰਮਿਆਨ ਇਹ ਆਬਾਦੀ ਭਾਰੀ ਦਹਿਸ਼ਤ ਦੇ ਸਾਏ 'ਚ ਜਿਉਣ ਲਈ ਮਜ਼ਬੂਰ ਹੈ। ਮੁਸਲਮਾਨ ਭਾਈਚਾਰਾ ਵੀ ਸਮਾਜ ਦੇ ਹੋਰਨਾਂ ਦਬਾਏ ਹੋਏ ਤਬਕਿਆਂ ਨਾਲ ਜੁੜਕੇ, ਲੋਕਾਂ ਦੀ ਇਨਕਲਾਬੀ ਲਹਿਰ ਦੀ ਨੋਕ ਬਣਨ ਦੀ ਸਮਰੱਥਾ ਰੱਖਦਾ ਹੈ ਬਸ਼ਰਤੇ ਕਿ ਇਸਨੂੰ ਧਰਮ ਨਿਰਪੱਖ ਤੇ ਜਮਹੂਰੀ ਪੈਂਤੜੇ ਤੋਂ ਜਥੇਬੰਦ ਕਰਕੇ ਲੋਕ ਮੁਕਤੀ ਦੇ ਬਦਲਵੇਂ ਰਾਹ ਤੇ ਪ੍ਰੋਗਰਾਮ ਦੇ ਲੜ ਲਾਇਆ ਜਾਵੇ। ਇਹ ਧੱਕੇ ਤੇ ਵਿਤਕਰੇ ਖਿਲਾਫ ਜਥੇਬੰਦ ਹੋਵੇ। ਅਜਿਹਾ ਨਾ ਹੋਣ ਦੀ ਹਾਲਤ 'ਚ ਤਾਂ ਗੁੱਸੇ ਤੇ ਰੋਹ ਨਾਲ ਉੱਬਲ ਰਹਾ ਇਹ ਭਾਈਚਾਰਾ ਧਾਰਮਿਕ ਮੂਲਵਾਦੀ ਪੈਂਤੜੇ ਵਾਲੀਆਂ ਫਿਰਕੂ ਜਥੇਬੰਦੀਆਂ ਲਈ ਭਰਤੀ ਦਾ ਸੋਮਾ ਬਣ ਜਾਂਦਾ ਹੈ। ਤੇ ਹਾਕਮ ਜਮਾਤਾਂ ਦੀਆਂ ਫਿਰਕੂ ਚਾਲਾਂ 'ਚ ਹੱਥਾ ਬਣ ਜਾਂਦਾ ਹੈ।

Call Romi Sidhu For Insurance & Financial Needs


StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week

New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla BSc.Pharm
#1150, 4818 Westwindus Drive NE. Calgary
403-293-9360
Satvachan Lal B.Sc.Pharm

BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
• Exterior Hand Wash & Dry
• Complete Interior Vaccum
• Clean All Windows Including Trunk
• Engine Wash, Tires & Wheels
• Wax & Polish
• Remove Scratches & Shampoo

Calgary Best Buy
Furniture & Mattress

Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com

Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)

ਪੰਜਾਬੀ ਲਿਖਾਰੀ ਸਭਾ ਵਲੋਂ ਸਮਾਜਿਕ ਕੁਰੀਤੀਆਂ ਉੱਤੇ ਗੰਭੀਰ ਚਰਚਾ ਹੋਈ

ਕੈਲਗਰੀ/ਮਾ. ਭਜਨ

ਪੰਜਾਬੀ ਮਾਂ ਬੋਲੀ ਤੇ ਸਾਹਿਤ ਵਿੱਚ ਵਿਦੇਸ਼ਾਂ ਵਿੱਚ ਚੰਗੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੋਸ਼ਿਸ਼ ਵਿੱਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਪਿਛਲੇ ਵੀਹ ਸਾਲਾਂ ਤੋਂ ਮਾਣਮੱਤਾ ਕੰਮ ਕਰਦੀ ਆ ਰਹੀ ਹੈ। ਕੈਲਗਰੀ ਦੇ ਠੰਡੇ ਮੌਸਮ ਵਿੱਚ ਵੀ ਭਰਪੂਰ ਹਾਜ਼ਰੀ ਨਾਲ ਭਰੇ ਕੋਸੋ ਹਾਲ ਵਿੱਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਇਸ ਸਾਲ ਦੀ ਆਖਰੀ ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਨਛੱਤਰ ਪੂਰਬਾ, ਪੰਥਕ ਢਾਡੀ ਜਥਾ ਦੇ ਭਾਈ ਮੱਖਣ ਸਿੰਘ ਮੁਸਾਫਰ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ। ਸ਼ੋਕ ਮਤੇ ਸਾਂਝੇ ਕਰਦਿਆਂ ਰੰਗਕਰਮੀ ਤੇ ਪ੍ਰਸਿੱਧ ਕਵਿਤਰੀ ਬਰਜਿੰਦਰ ਗੁਲਾਟੀ ਦਾ ਜ਼ਿਕਰ ਕੀਤਾ ਜਿਨ੍ਹਾਂ ਦਾ ਬੀਤੇ ਬੁੱਧਵਾਰ (11 ਦਸੰਬਰ) ਨੂੰ ਇੱਕ ਸੜਕ ਹਾਦਸੇ ਵਿੱਚ ਦਿਹਾਂਤ ਹੋ ਗਿਆ। ਉਹਨਾਂ ਦੇ ਪਤੀ ਮਨਮੋਹਨ ਗੁਲਾਟੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਹਨਾਂ ਦਾ ਸਸਕਾਰ 18 ਦਸੰਬਰ ਨੂੰ ਬਰੈਂਪਟਨ ਵਿੱਚ ਹੋਇਆ। ਇੱਕ ਹੋਰ ਪੱਤਰਕਾਰ ਸ਼ੰਗਾਰਾ ਸਿੰਘ ਭੁੱਲਰ ਜਿਨ੍ਹਾਂ ਪੰਜਾਹ ਸਾਲ ਨਿਰਪੱਖ ਪੱਤਰਕਾਰੀ ਕੀਤੀ, ਕਈ ਅਖਬਾਰਾਂ ਦਾ ਸੰਪਾਦਨ ਕੀਤਾ ਉਹ ਵੀ ਸਦੀਵੀ ਵਿਛੋੜਾ ਦੇ ਗਏ। ਰਜਿੰਦਰ ਸਿੰਘ 'ਆਤਿਸ਼' ਜਿਨ੍ਹਾਂ 'ਨਾਗਿਨ' ਵਰਗੀਆਂ ਕਈ ਫਿਲਮਾਂ ਦੀਆਂ ਕਹਾਣੀਆਂ ਤੇ ਪਟਕਥਾ ਲਿਖੀਆਂ ਤੇ 'ਬੰਬਈ ਤੋਂ ਆਤਿਸ਼' ਅਜੀਤ ਅਖਬਾਰ 'ਚ ਕਾਲਮ ਅਣਗਿਣਤ ਸਾਲ ਛੱਪਦਾ ਰਿਹਾ। ਇਹਨਾਂ ਸਾਹਿਤਕ ਹਸਤੀਆਂ ਦੇ ਅਕਾਲ ਚਲਾਣੇ ਤੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਰਜਿੰਦਰ ਕੌਰ ਚੋਹਕਾ ਨੇ ਆਪਣੇ ਲੇਖ ਵਿੱਚ ਪਿਛਲੇ ਤੀਹ ਚਾਲੀ ਸਾਲਾਂ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਦਾ ਨਾਵਾਂ ਸਹਿਤ ਵਰਨਣ ਕੀਤਾ ਤੇ ਜੋ ਮੁਜ਼ਰਮ ਇਹਨਾਂ ਜੁਰਮਾਂ ਵਿੱਚ ਸ਼ਾਮਲ ਸਨ। ਦਸੰਬਰ ਮਹੀਨੇ ਵਿੱਚ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀਆਂ ਨੂੰ ਮੁੱਖ ਰੱਖਦਿਆਂ ਤਰਲੋਚਨ ਸੈਂਭੀ ਨੇ ਆਪਣੀ ਬੁਲੰਦ ਆਵਾਜ਼ ਵਿੱਚ 'ਤੇਰੇ ਸੀਨੇ ਵਿੱਚ ਵੀ ਤਾਂ' ਧਾਰਮਿਕ ਗੀਤ ਸੁਣਾਇਆ। ਹਰੀਪਾਲ ਦੇ ਲੇਖ ਵਿੱਚ ਪਲਾਸਟਿਕ ਤੇ ਕੈਮੀਕਲਜ ਨਾਲ ਬਰਬਾਦ ਹੋ ਰਹੀ ਧਰਤੀ ਤੇ ਪਾਣੀ ਬਾਰੇ ਵਿਸਥਾਰ ਨਾਲ ਤੱਥ ਪੇਸ਼ ਕੀਤੇ ਕਿ ਇਹਨਾਂ ਨੂੰ ਬਰਬਾਦ ਕਰਨ ਵਾਲੇ ਅਮੀਰਾਂ ਦੀਆਂ ਅਗਲੀਆਂ ਨਸਲਾਂ ਆਪ ਕਿੱਥੇ ਰਹਿਣਗੀਆਂ। ਰਚਨਾਵਾਂ ਦੇ ਅਗਲੇ ਦੌਰ ਵਿੱਚ ਮਹਿੰਦਰਪਾਲ ਐਸ ਪਾਲ, ਮੰਗਲ ਚੱਠਾ, ਜਸਵੀਰ ਸਹੋਤਾ, ਸਰਵਨ ਸਿੰਘ ਸੰਧੂ, ਸਰਬਜੀਤ ਉੱਪਲ, ਪਰਮਿੰਦਰ ਰਮਨ, ਬਲਵੀਰ ਗੋਰਾ ਨੇ ਹਾਜ਼ਰੀ ਲਵਾਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਦਵਿੰਦਰ ਮਲਹਾਂਸ ਨੇ ਇਸ ਸਾਲ ਦੀ ਆਖਰੀ ਮੀਟਿੰਗ ਵਿੱਚ ਆਏ ਹੋਏ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਕਰਿਸਮਸ ਤੇ ਨਵੇਂ ਸਾਲ ਦੀਆਂ ਮੁਬਾਰਕਾਂ ਦੇ ਨਾਲ ਨਾਲ ਸਾਰਿਆਂ ਲਈ ਸ਼ੁਭ ਇੱਛਾਵਾਂ ਤੇ ਸਿਹਤਯਾਬੀ ਲਈ ਦੁਆ ਕੀਤੀ ਅਤੇ ਅਗਲੇ ਸਾਲ ਦੀ ਪਹਿਲੀ ਮੀਟਿੰਗ ਜਨਵਰੀ 19/2020 ਵਿੱਚ ਸ਼ਾਮਲ ਹੋਣ ਲਈ ਸਭ ਨੂੰ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201ਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨੂੰ 587 437 7805 ਤੇ ਸੰਪਰਕ ਕੀਤਾ ਜਾ ਸਕਦਾ ਹੈ।

Shaheed Bhagat Singh Book Centre Calgary

Call Master Bhajan Singh at 403-455-4220 to buy or order books.

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

HMP PROFESSIONAL CONSTRUCTION LTD.

Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.

Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000

Bay 11 2316 27 Ave. NE, Calgary Ph.: 403-719-4947

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.

* Experienced lawyers, caring, confidential * Reasonable fees

* Free Initial Consultation * Weekend & Evening Appointments (available upon request)

ਯੂਨੀਵਰਸਿਟੀ ਆਫ ਕੈਲਗਰੀ ਦੇ ਵਿਦਿਆਰਥੀਆਂ ਵਲੋਂ ਭਾਰਤ ਸਰਕਾਰ ਵਲੋਂ ਪਾਸ ਕੀਤੇ ਨਾਗਰਿਕਤਾ ਰਜਿਟਰੀ ਤੇ ਨਾਗਰਿਕਤਾ ਸੋਧ ਬਿਲ ਖਿਲਾਫ ਸਫਲ ਪ੍ਰਦਰਸ਼ਨ !

ਕੈਲਗਰੀ/ਹਰਚਰਨ ਪਰਹਾਰ

ਪਿਛਲੇ ਦਿਨੀਂ ਭਾਰਤ ਦੀ ਮੋਦੀ ਸਰਕਾਰ ਵਲੋਂ ਦੋ ਵਿਵਾਦਪੂਰਨ ਕਨੂੰਨ 'ਨਾਗਰਿਕਤਾ ਸੋਧ ਐਕਟ' ਅਤੇ 'ਨੈਸ਼ਨਲ ਰਜਿਸਟਰੇਸ਼ਨ ਆਫ ਸਿਟੀਜਨ' ਪਾਸ ਕੀਤੇ ਗਏ ਸਨ। ਜਿਸ ਤੋਂ ਬਾਅਦ ਭਾਰਤ ਦੇ ਸਾਰੇ ਸੂਬਿਆਂ ਵਿੱਚ ਵੱਡੀ ਪੱਧਰ ਤੇ ਪ੍ਰਦਰਸ਼ਨ ਹੋ ਰਹੇ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਰਹੇ ਹਨ। ਬਹੁਤ ਥਾਵਾਂ ਤੇ ਇਹ ਪ੍ਰਦਰਸ਼ਨ ਹਿੰਸਕ ਵੀ ਹੋਏ, ਜਿਸ ਵਿੱਚ ਹੁਣ ਤੱਕ 15 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਹੁਣ ਇਹ ਪ੍ਰਦਰਸ਼ਨ ਭਾਰਤ ਬਾਹਰ ਵਸਦੇ ਭਾਰਤੀਆਂ ਨੇ ਆਪਣੇ ਆਪਣੇ ਸ਼ਹਿਰਾਂ ਵਿੱਚ ਵੀ ਸ਼ੁਰੂ ਕਰ ਦਿੱਤੇ ਹਨ। ਕੈਨੇਡਾ ਦੇ ਦੋ ਵੱਡੇ ਸ਼ਹਿਰਾਂ ਵੈਨਕੂਵਰ ਤੇ ਟਰਾਂਟੋ ਤੋਂ ਇੱਕ ਮੁਜ਼ਾਹਰਾ ਕੈਲਗਰੀ ਵਿੱਚ 23 ਦਸੰਬਰ ਨੂੰ ਹੋਇਆ। ਇਸ ਵਿੱਚ ਯੂਨੀਵਰਸਿਟੀ ਆਫ ਕੈਲਗਰੀ ਦੇ ਭਾਰਤੀ ਵਿਦਿਆਰਥੀਆਂ ਵਲੋਂ ਸਿਟੀ ਆਫ ਕੈਲਗਰੀ ਦੇ ਬਾਹਰ ਸਫਲ ਵਿਰੋਧ ਪ੍ਰਦਰਸ਼ਨ ਕੀਤਾ। ਜਿਸ ਵਿੱਚ ਭਾਰਤ ਸਰਕਾਰ ਤੋਂ ਇਹ ਦੋਨੋਂ ਕਨੂੰਨ ਵਾਪਸ ਲੈਣ ਦੀ ਮੰਗ ਕੀਤੀ ਗਈ, ਬੁਲਾਰਿਆਂ ਅਨੁਸਾਰ ਦੋਨੋਂ ਕਨੂੰਨ ਭਾਰਤ ਦੀ ਸੈਕੂਲਰ ਭਾਵਨਾ ਦੇ ਹੀ ਉਲਟ ਨਹੀਂ, ਸਗੋਂ ਇਸ ਨਾਲ ਕਈ ਘੱਟ ਗਿਣਤੀ ਧਾਰਮਿਕ ਭਾਈਚਾਰਿਆਂ ਨਾਲ ਵਿਤਕਰਾ ਕੀਤਾ ਜਾ ਸਕਦਾ ਹੈ। ਇਹ ਦੋਨੋਂ ਕਨੂੰਨ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ ਹਨ। ਭਾਰੀ ਠੰਡ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਸ ਮੁਜਾਹਰੇ ਵਿੱਚ ਸ਼ਾਮਲ ਹੋਏ। ਇਸ ਮੁਜ਼ਾਹਰੇ ਵਿੱਚ ਪੰਜਾਬੀ ਕਮਿਊਨਿਟੀ ਤੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਸਰੋਕਾਰਾਂ ਦੀ ਆਵਾਜ਼ ਦੇ ਨੁਮਾਇੰਦੇ ਵੀ ਹਾਜ਼ਰ ਸਨ।

McKnight
Dental Clinic
- Serving NE Community for over 30 years
- We follow Alberta Dental Fee Guide
- Open some evenings and Saturdays
Tel. 403-280-0880
Fax : 403-293-8852
www.mcknightdental.ca
McKnight Village,
5432 Falsbridge Dr NE,
Calgary, Alberta, T3J 3E9
(All services provided by General Dentists)

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8
604-635-0155

Jaswinder S Bains, Ph.D., OD.



Amandeep Gill
Financial Security Advisor offering Life, Health, Group Insurance and Investments
Desjardins Financial Security® Independent Network
FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

Mega Sanjha Punjab GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Congratulations to HomeLife SilverCity team Ajit Garcha Baljit Garcha Harp Grewal.

Congratulations to HomeLife SilverCity team Ajit Garcha Baljit Garcha Harp Grewal. We had a lot of fun at Christmas, New Year & Award night 2019, at the same time shared stage with Harkirat Singh City Councilor and Balbir Sohi School Trustee thanks to both of you.



Al Karim TRAVEL & TOURS

ALKARIM TRAVEL & TOURS

Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh,
Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

403-454-8011

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com



SAVANNA
Market Dental

Dr. Amerjot Kler | Dr. Kam Sahota | Dr. Aman Cheema

202/204 9036 St NE
Calgary, Alberta T3J 2E3
403-590-4888
www.savannamarketdental.com

PUNJABI SWEETS
House & Restaurant

All Kinds of Sweets
Non-Veg & Vegi Food

Take out
We do catering also

Fast & Best Friendly Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Open 7 Days a Week
403-293-5252

Bay 113 216 Saddle Towne Cir, N.E. T3J 0C9

For Honest and Best Results
Please Call :

Cell. (403)-680-1895
Fax. (403)-457-1216
Email : taranmand@shaw.ca



Taranjit "T. J." Mand
Real Estate Associate

MLS MULTIPLE LISTING SERVICE® | REALTOR® | REAL ESTATE BOARD

Max Value Reality Ltd.

MYBROKERS.CA

* AUTO * HOME * BUSINESS
* COMMERCIAL AUTO
* TRUCKING INSURANCE
* RENTAL PROPERTY

ਕਾਰ, ਘਰ, ਬਿਜਨੈਸ, ਕਮਰਸ਼ੀਅਲ ਆਟੋ, ਟਰੱਕ, ਰੈਂਟਲ ਘਰਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ

For quotation please call
403-250-8898
#208, 4656 Westwinds Dr. NE Calgary AB
(UPSTAIRS)

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES

AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
HARCHARAN SINGH PARHAR
403-681-8689

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

ਨਰਿੰਦਰ ਸਿੰਘ ਢਿੱਲੋਂ
403-616-4032

ਤਲਾਕ ਦੇ ਕਾਰਨ ਅਤੇ ਮਾਰੂ ਅਸਰ

ਪਤੀ ਅਤੇ ਪਤਨੀ ਦੇ ਵਿਆਹ ਨੂੰ ਨਿਯਮਤ ਅਤੇ ਕਾਨੂੰਨੀ ਤੌਰ 'ਤੇ ਟੁੱਟ ਜਾਣ ਨੂੰ ਤਲਾਕ ਆਖਦੇ ਹਨ। ਇਸ ਸਮੱਸਿਆ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਪਰਿਵਾਰਾਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਜਿਉਂ ਜਿਉਂ ਯੁੱਗ ਬਦਲਦਾ ਹੈ ਇਸ ਸਮੱਸਿਆ ਵਿਚ ਤਿਉਂ ਤਿਉਂ ਹੀ ਵਾਧਾ ਹੋਈ ਜਾਂਦਾ ਹੈ। ਇਸ ਸਮੱਸਿਆ ਦੇ ਮੂਲ ਕਾਰਨ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਵਿਚ ਲਗਭਗ ਇਕੋ ਜਿਹੇ ਹੀ ਹਨ। ਅਮਰੀਕਾ, ਕੈਨੇਡਾ, ਯੂ.ਕੇ. ਭਾਰਤ ਹੋਏ ਭਾਵੇਂ ਪਾਕਿਸਤਾਨ ਜਾਂ ਫਰਾਂਸ, ਵਿਆਹੇ ਜੋੜਿਆਂ ਦੇ ਤਲਾਕ ਦੇ ਮੂਲ ਕਾਰਨ ਇਕੋ ਜਿਹੇ ਹੀ ਹਨ, ਹਾਂ ਇਨ੍ਹਾਂ ਮੂਲ ਕਾਰਨਾਂ ਦੇ ਨਾਲ ਕੁਝ ਕੁ ਸਥਾਨਕ ਕਾਰਨ ਵੀ ਰਲ ਜਾਂਦੇ ਹਨ।

ਲਗਭਗ ਚਾਰ ਕੁ ਤਰ੍ਹਾਂ ਦੇ ਵਿਆਹੇ ਜੋੜੇ ਵੇਖਣ ਨੂੰ ਮਿਲਦੇ ਹਨ। ਇਕ ਤਾਂ ਉਹ ਹਨ ਜੋ ਆਪਸ ਵਿਚ ਬੜੇ ਪਿਆਰ ਨਾਲ ਰਹਿੰਦੇ ਹਨ। ਦੂਸਰੇ ਉਹ ਹਨ ਜੋ ਵਿਆਹ ਤੋਂ ਜਲਦੀ ਹੀ ਬਾਅਦ ਵਿਚ ਲੜਾਈ ਝਗੜਾ ਸ਼ੁਰੂ ਕਰ ਦਿੰਦੇ ਹਨ ਤੇ ਅੰਤ ਨੂੰ ਤਲਾਕ ਤੱਕ ਪਹੁੰਚ ਜਾਂਦੇ ਹਨ। ਤੀਸਰੀ ਤਰ੍ਹਾਂ ਦੇ ਉਹ ਜੋੜੇ ਹਨ ਜੋ 1-2 ਬੱਚੇ ਪੈਦਾ ਕਰਨ ਤੋਂ ਬਾਅਦ ਤਲਾਕ ਤੱਕ ਪਹੁੰਚਦੇ ਹਨ ਅਤੇ ਚੌਣੀ ਸ਼੍ਰੇਣੀ ਦੇ ਉਹ ਜੋੜੇ ਹਨ ਜੋ ਸਾਰੀ ਉਮਰ ਉਹ ਕਦੇ ਲੜ ਪੈਂਦੇ ਹਨ, ਕਦੇ ਪ੍ਰੇਮ ਪਿਆਰ ਨਾਲ ਰਹਿੰਦੇ ਹਨ। ਲੜਾਈ ਦੀ ਹਾਲਤ ਵਿਚ ਵੀ ਉਹ ਤਲਾਕ ਦੇ ਦਰ ਵੱਲ ਨਹੀਂ ਵੇਖਦੇ। ਜੇਕਰ ਬਰੀਕੀ ਨਾਲ ਵੇਖਿਆ ਜਾਵੇ ਤਾਂ ਤਲਾਕ ਦਾ ਸ਼ਿਕਾਰ ਹੋਏ ਜੋੜੇ ਮੁੱਖ ਰੂਪ ਵਿਚ ਆਪਣੀਆਂ ਗਲਤੀਆਂ ਦਾ ਖਮਿਆਜ਼ਾ ਹੀ ਭੁਗਤਦੇ ਹਨ, ਜੇ ਠੰਡੇ ਮਨ ਨਾਲ ਵਿਚਾਰ ਕਰਕੇ ਉਨ੍ਹਾਂ ਗਲਤੀਆਂ ਜਾਂ ਗਲਤ ਵਿਵਹਾਰ ਤੋਂ ਬਚਿਆ ਜਾਵੇ ਤਾਂ ਤਲਾਕ ਤੋਂ ਵੀ ਬਚਿਆ ਜਾ ਸਕਦਾ ਹੈ।

ਤਲਾਕ ਦੇ ਕਾਰਨਾਂ ਵੱਲ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਕਿਸੇ ਜੋੜੇ ਦੇ ਤਲਾਕ ਦਾ ਪਹਿਲਾ ਅਤੇ ਮੁੱਖ ਕਾਰਨ ਉਨ੍ਹਾਂ ਦੀ ਆਪਸ ਵਿਚ ਅਡਜਸਟਮੈਂਟ (ਭਾਵ ਸਹਿਮਤੀ) ਦਾ ਨਾ ਹੋਣਾ ਹੈ। ਸਹਿਮਤੀ ਜਾਂ ਅਡਜਸਟਮੈਂਟ ਕਿਵੇਂ ਹੋਵੇ? ਇਹ ਵੀ ਇਕ ਮੁੱਖ ਸਵਾਲ ਹੈ। ਕਿਉਂਕਿ ਲੜਕਾ ਅਤੇ ਲੜਕੀ ਵੱਖ-ਵੱਖ ਪਰਿਵਾਰਾਂ ਵਿਚੋਂ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੇ ਸੁਭਾਅ, ਆਦਤਾਂ ਅਤੇ ਮਾਪਿਆਂ ਵਲੋਂ ਮਿਲੇ ਸੰਸਕਾਰ ਵੀ ਵੱਖ-ਵੱਖ ਹੁੰਦੇ ਹਨ। ਪਾਠਕ ਜਾਣਦੇ ਹਨ ਕਿ ਇਕ ਮਾਂ ਦੇ ਪੇਟੋਂ ਪੈਦਾ ਹੋਏ ਬੱਚਿਆਂ ਦੇ ਸੁਭਾਅ ਵੀ ਵੱਖ-ਵੱਖ ਹੁੰਦੇ ਹਨ ਪਰ ਜੋ ਪੈਦਾ ਹੀ ਵੱਖ-ਵੱਖ ਪਰਿਵਾਰਾਂ ਵਿਚ ਹੋਏ ਹੋਣ ਉਹ ਤਾਂ ਬਿਲਕੁਲ ਹੀ ਵੱਖਰੇ-ਵੱਖਰੇ ਸੁਭਾਅ ਵਾਲੇ ਹੋਣਗੇ ਹੀ। ਇਸ ਅਵਸਥਾ ਵਿਚ ਸਹਿਮਤੀ ਬਣਾਉਣ ਲਈ ਦੋਹਾਂ ਨੂੰ ਇਕ ਦੂਸਰੇ ਦੀਆਂ ਕੁਝ ਗੱਲਾਂ ਨੂੰ ਨਜ਼ਰ-ਅੰਦਾਜ਼ ਕਰਨਾ ਚਾਹੀਦਾ ਹੈ, ਕੁਝ ਇਕ ਦੂਸਰੇ ਦੀਆਂ ਮੰਨ ਲੈਣੀਆਂ ਚਾਹੀਦੀਆਂ ਹਨ ਅਤੇ ਕੁਝ ਅਸਹਿਮਤੀ ਵਾਲੀਆਂ ਗੱਲਾਂ 'ਤੇ ਠੰਡੇ ਮਨ ਨਾਲ ਵਿਚਾਰ ਕਰਕੇ ਹੱਲ ਕਰਨਾ ਚਾਹੀਦਾ ਹੈ। ਵਿਆਹ ਲੜਕੇ ਅਤੇ ਲੜਕੀ ਦਾ ਸਾਰੀ ਉਮਰ ਪਤੀ ਪਤਨੀ ਦੇ ਰੂਪ ਵਿਚ ਰਹਿਣ ਦਾ ਇਕ ਅਹਿਦ ਹੁੰਦਾ ਹੈ ਜਿਸ ਦਾ ਵੱਖ-ਵੱਖ ਧਰਮਾਂ ਜਾਂ ਜਾਤਾਂ ਦੇ ਲੋਕਾਂ ਵਲੋਂ ਆਪੋ-ਆਪਣੀਆਂ ਰਵਾਇਤਾਂ ਅਨੁਸਾਰ ਸਮਾਜੀਕਰਨ ਕੀਤਾ ਜਾਂਦਾ ਹੈ। ਇਹ ਅਹਿਦ ਬਚ ਸਕਦਾ ਹੈ ਜੇਕਰ ਪਤੀ ਅਤੇ ਪਤਨੀ ਆਪਸ ਵਿਚ ਗੱਲਬਾਤ ਰਾਹੀਂ ਇਕ ਦੂਜੇ ਦੇ ਨੇੜੇ ਰਹਿਣ। ਵਿਆਹ ਤੋਂ ਫੌਰਨ ਬਾਅਦ ਇਕ ਦੂਜੇ ਪ੍ਰਤੀ ਦੋਸ਼ ਲਾਉਣੇ ਜਾਂ ਸ਼ਿਕਾਇਤਾਂ ਦੀ ਝੜੀ ਲਾਉਣ ਵਾਲਾ ਜੋੜਾ ਸਹੀ ਸਿੱਟੇ ਨਹੀਂ ਕੱਢ ਸਕਦਾ ਜਿਸ ਕਰਕੇ ਇਨ੍ਹਾਂ ਗੱਲਾਂ ਤੋਂ ਬਚਣਾ ਚਾਹੀਦਾ ਹੈ ਤੇ ਆਪਸੀ ਸੰਵਾਦ ਵਿਚ ਖਟਾਸ ਨਹੀਂ ਆਉਣ ਦੇਣੀ ਚਾਹੀਦੀ।

ਤਲਾਕ ਦਾ ਦੂਸਰਾ ਮੂਲ ਕਾਰਨ ਦੋਹਾਂ ਪਰਿਵਾਰਾਂ ਦੀਆਂ ਵਧੀਆਂ ਹੋਈਆਂ ਇਛਾਵਾਂ ਅਤੇ ਮਨ ਦਾ ਲਾਲਚ ਹੈ। ਇਸ ਵਿਚ ਮੁੱਖ ਤੌਰ 'ਤੇ ਲੜਕਾ ਪਰਿਵਾਰ ਹੀ ਦੋਸ਼ੀ ਹੁੰਦਾ ਹੈ ਭਾਵੇਂ ਕਿ ਕਿਤੇ ਕਿਤੇ ਲੜਕੀ ਦਾ ਪਰਿਵਾਰ ਵੀ ਕਈ ਵੱਡੀਆਂ-ਵੱਡੀਆਂ ਖਾਹਿਸ਼ਾਂ ਰੱਖਦਾ ਹੈ। ਭਾਰਤੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਲੋਕਾਂ ਦਾ ਦੁਖਾਂਤ ਹੈ ਕਿ ਉਹ ਰਿਸ਼ਤਾ ਕਰਨ ਵੇਲੇ ਸਾਰੇ ਮੁੱਦਿਆਂ 'ਤੇ ਖੁੱਲ੍ਹ ਕੇ ਇਕ ਦੂਜੇ ਨਾਲ ਗੱਲ ਨਹੀਂ ਕਰਦੇ ਅਤੇ ਵਿਚੋਲੇ 'ਤੇ ਹੀ ਹਰ ਤਰ੍ਹਾਂ ਦਾ ਭਰੋਸਾ ਕਰਦੇ ਹਨ। ਦਾਜ ਲੈਣ ਜਾਂ ਦੇਣ ਬਾਰੇ, ਲੜਕੇ ਜਾਂ ਲੜਕੀ ਦੀ ਅਕਾਦਮਿਕ ਯੋਗਤਾ ਬਾਰੇ, ਨਸ਼ਿਆਂ ਬਾਰੇ, ਕੰਮਾਂ ਕਾਰਾਂ ਬਾਰੇ ਜੇਕਰ ਲੜਕਾ ਅਤੇ ਲੜਕੀ ਦਾ ਪਰਿਵਾਰ ਆਪਸ ਵਿਚ ਖੁੱਲ੍ਹਕੇ ਗੱਲਬਾਤ ਕਰ ਲੈਣ ਤਾਂ ਇਸ ਦਾ ਬਹੁਤ ਲਾਭ ਹੋਵੇਗਾ। ਲੜਕੇ ਅਤੇ ਲੜਕੀ ਨੂੰ ਵੀ ਇਨ੍ਹਾਂ ਮੁੱਦਿਆਂ 'ਤੇ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਹੈ। ਦਾਜ, ਜੇਵਰ ਅਤੇ ਹੋਰ ਲੈਣ ਦੇਣ ਬਾਰੇ ਉਹਲਾ ਰੱਖਣ ਦਾ ਬਾਅਦ ਵਿਚ ਭੁਗਤਾਨ ਭੁਗਤਣਾ ਪੈਂਦਾ ਹੈ। ਅਖ਼ਬਾਰ, ਫੋਨ ਜਾਂ ਇੰਟਰਨੈਟ ਰਾਹੀਂ ਸੰਪਰਕ ਵਿਚ ਆਏ ਲੜਕੇ ਤੇ ਲੜਕੀ ਨੂੰ ਬਹੁਤ ਚੌਕਸੀ ਵਰਤਣ ਦੀ ਲੋੜ ਹੁੰਦੀ ਹੈ। ਜਿਥੇ ਲੜਕਾ ਪਰਿਵਾਰ ਨੂੰ ਲਾਲਚ ਵੱਸ ਲੜਕੀ ਪਰਿਵਾਰ ਤੋਂ ਦਾਜ ਵਿਚ ਕੀਮਤੀ ਚੀਜ਼ਾਂ ਲੈਣ ਤੋਂ ਦੂਰ ਰਹਿਣ ਦੀ ਲੋੜ ਹੈ, ਉਥੇ ਲੜਕੀ ਵਾਲੇ ਪਰਿਵਾਰ ਨੂੰ ਵੀ ਆਪਣੇ ਆਪ ਨੂੰ ਤਕੜਾ ਦੱਸਣ ਦੀਆਂ ਡੀਂਗਾਂ ਨਹੀਂ ਮਾਰਨੀਆਂ ਚਾਹੀਦੀਆਂ, ਇਸ ਤਰ੍ਹਾਂ ਦੇ ਵਿਵਹਾਰ ਦੇ ਮਾੜੇ ਸਿੱਟੇ ਨਿਕਲਦੇ ਹਨ। ਇਨ੍ਹਾਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਕੇ ਕੀਤੇ ਰਿਸ਼ਤਿਆਂ ਵਿਚ ਝਗੜੇ ਪੈ ਜਾਂਦੇ ਹਨ ਤੇ ਗੱਲ ਤਲਾਕ ਤੱਕ ਪੁੱਜ ਜਾਂਦੀ ਹੈ।

ਤੀਸਰਾ ਕਾਰਨ ਜੋੜੇ ਦਾ ਇਕ ਦੂਸਰੇ 'ਤੇ ਭਰੋਸਾ ਨਾ ਹੋਣਾ ਹੈ। ਜਾਂ ਇੰਜ ਕਹਿ ਲਓ ਕਿ ਕਿਸੇ ਇਕ ਦਾ ਦੂਸਰੇ ਨਾਲ ਬੇਵਫ਼ਾਈ ਕਰਨਾ ਹੈ। ਕਈ ਵਾਰ ਲੜਕੇ ਜਾਂ ਲੜਕੀ ਦੇ ਕਿਸੇ ਹੋਰ ਨਾਲ ਨਜਾਇਜ਼ ਸਬੰਧ ਵੀ ਹੁੰਦੇ ਹਨ ਜੋ ਵਿਆਹ ਤੋਂ ਬਾਅਦ ਵੀ ਜਾਰੀ ਰਹਿਣ ਕਰਕੇ ਸਾਹਮਣੇ ਆ ਜਾਂਦੇ ਹਨ। ਸਿੱਟਾ ਬੇਭਰੋਸਗੀ ਵਿਚ ਨਿਕਲਦਾ ਹੈ। ਦੋਸ਼ੀ ਧਿਰ ਦੇ ਨਾਂ ਸੁਧਰਨ ਕਰਕੇ ਗੱਲ ਤਲਾਕ 'ਤੇ ਪਹੁੰਚ ਜਾਂਦੀ ਹੈ। ਕੁਝ ਕੇਸਾਂ ਵਿਚ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਲੜਕਾ ਜਾਂ ਲੜਕੀ ਬਿਨਾਂ ਕਿਸੇ ਗੁਨਾਹ ਦੇ ਸ਼ੱਕ ਦੇ ਘੇਰੇ ਵਿਚ ਆ ਜਾਂਦਾ ਹੈ। ਜੇਕਰ ਲੜਕੀ ਕਿਸੇ ਗੈਰ ਲੜਕੇ ਜਾਂ ਆਪਣੇ ਜਮਾਤੀ ਆਦਿ ਨਾਲ ਗੱਲ ਕਰ ਰਹੀ ਹੋਵੇ ਤੇ ਉਸਦਾ ਪਤੀ ਵੇਖ ਲਵੇ ਤਾਂ ਉਹ ਸ਼ੱਕ ਕਰ ਬੈਠਦਾ ਹੈ। ਇਸੇ ਤਰ੍ਹਾਂ ਜੇਕਰ ਲੜਕਾ ਕਿਸੇ ਲੜਕੀ ਨਾਲ ਮੁਹੱਲੇ ਜਾਂ ਬਜ਼ਾਰ ਵਿਚ ਗਲ ਕਰਦਿਆਂ ਉਸਦੀ ਪਤਨੀ ਵੇਖ ਲਵੇ ਤਾਂ ਉਹ ਸ਼ੱਕ ਨਾਲ ਲਾਲ ਪੀਲੀ ਹੋ ਜਾਂਦੀ ਹੈ। ਦੋਹਾਂ ਵਿਚੋਂ ਕਿਸੇ 'ਤੇ ਵੀ ਬੇਭਰੋਸਗੀ ਘਰ ਵਿਚ ਕਲੇਸ਼ ਪੈਦਾ ਕਰ ਦੇਂਦੀ ਹੈ। ਅੱਜ ਕੱਲ੍ਹ ਨਸ਼ਿਆਂ ਦੀ ਵਰਤੋਂ ਬਹੁਤ ਵੱਧ ਚੁੱਕੀ ਹੈ। ਕਈ ਵਾਰ ਲੜਕੇ ਦੇ ਮਾਪੇ ਉਸਦਾ ਐਬ ਛੁਪਾਅ ਕੇ ਵਿਆਹ ਕਰ ਦਿੰਦੇ ਹਨ ਜਿਸ ਦਾ ਸਿੱਟਾ ਤਲਾਕ ਵਿਚ ਨਿਕਲਦਾ ਹੈ।

ਚੌਥਾ ਕਾਰਨ ਲੜਕੇ ਅਤੇ ਲੜਕੀ ਵਲੋਂ ਕਿਸੇ ਵੀ ਸਮੱਸਿਆ ਨੂੰ ਹੱਲ ਨਾ ਕਰ ਸਕਣ ਕਰਕੇ ਘਰ ਵਿਚ ਗਲਤ ਢੰਗ ਨਾਲ ਦਖ਼ਲ-ਅੰਦਾਜ਼ੀ ਕਰਵਾਉਣਾ ਹੈ। ਵਿਆਹੇ ਜੋੜੇ ਨੂੰ ਝਗੜੇ ਵਾਲੇ ਮੁੱਦੇ ਇਕ ਇਕ ਕਰਕੇ ਠੰਡੇ ਮਨ ਨਾਲ ਵਿਚਾਰਕੇ ਹੱਲ ਕਰਨੇ ਚਾਹੀਦੇ ਹਨ। ਐਵੇਂ ਖਲਾਰਾ ਜਿਹਾ ਪਾ ਕੇ ਘਰ ਨੂੰ ਯੁੱਧ ਦਾ ਮੈਦਾਨ ਨਹੀਂ ਬਣਾਉਣਾ ਚਾਹੀਦਾ ਹੈ। ਭਾਰਤੀ ਸਮਾਜ ਵਿਚ ਹੁਣ ਲੜਕੀਆਂ ਵੀ ਸਹੁਰੇ ਪਰਿਵਾਰ ਵਿਚ ਨਵੀਆਂ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਰਹੀਆਂ ਹਨ। ਸਹੁਰੇ ਘਰ ਜਾਂਦਿਆਂ ਹੀ ਉਹ ਪਤੀ 'ਤੇ ਸਾਂਝੇ ਪਰਿਵਾਰ ਤੋਂ ਅੱਡ ਹੋਣ ਲਈ ਦਬਾਅ ਪਾਉਣ ਲਗਦੀਆਂ ਹਨ। ਜੇ ਪਤੀ ਪਰਿਵਾਰਕ ਜ਼ਿੰਮੇਵਾਰੀਆਂ ਕਰਕੇ ਅੱਡ ਨਹੀਂ ਹੁੰਦਾ ਤਾਂ ਉਹ ਤਲਾਕ ਲੈਣ ਲਈ ਧਮਕੀ ਦਿੰਦੀਆਂ ਹਨ। ਜਿਥੇ ਲੜਕਾ ਇਕੱਲਾ ਤੇ ਬਾਕੀ ਉਸਦੀਆਂ ਭੈਣ ਲਈ ਧਮਕੀ ਦਿੰਦੀਆਂ ਹਨ। ਜਿਥੇ ਲੜਕਾ ਇਕੱਲਾ ਤੇ ਬਾਕੀ ਉਸਦੀਆਂ ਹੋਣ ਉਥੇ ਉਹ ਜ਼ਮੀਨ, ਦੁਕਾਨ ਜਾਂ ਘਰ ਆਪਦੇ ਨਾਂ 'ਤੇ ਕਰਾਉਣ ਲਈ ਜ਼ਿੱਦ ਕਰਦੀਆਂ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਪਤੀ ਦੇ ਮਾਪੇ ਉਸਦੀਆਂ ਭੈਣਾਂ ਨੂੰ ਕਿਤੇ ਕੋਈ ਜਾਇਦਾਦ ਦਾ ਟੋਟਾ ਨਾਂ ਦੇ ਦੇਣ। ਇਸ ਕੰਮ ਲਈ ਲੜਕੀ ਦੇ ਮਾਪੇ ਵੀ ਉਸਦੀ ਪਿੱਠ ਪਿਛੇ ਹੁੰਦੇ ਹਨ। ਇਹ ਘਟਨਾ ਚੱਕਰ ਵੀ ਅੰਤ ਤਲਾਕ ਵਾਲੇ ਧਾਗੇ ਲੈ ਕੇ ਜਾਂਦਾ ਹੈ।

ਪਤੀ-ਪਤਨੀ ਦੇ ਕਿਸੇ ਵੀ ਝਗੜੇ ਵਿਚ ਦੋਹਾਂ ਧਿਰਾਂ ਦੇ ਮਾਪਿਆਂ ਨੂੰ ਇਕ ਧਿਰ ਬਣ ਕੇ ਦਖ਼ਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਂਜ ਵੀ ਆਪਣੇ ਮਨਾਂ ਵਿਚੋਂ ਇਹ ਧਾਰਨਾ ਕੱਢ ਦੇਣੀ ਚਾਹੀਦੀ ਹੈ ਕਿ ਸਾਡੀ ਧੀ ਤਾਂ ਵਿਆਹ ਤੋਂ ਬਾਅਦ ਜਾਂਦਿਆਂ ਹੀ ਅੱਡ ਹੋ ਜਾਵੇ ਪਰ ਸਾਡੀ ਨੂੰਹ ਅੱਡ ਹੋਣ ਦਾ ਨਾਉਂ ਨਾਂ ਲਵੇ। ਇਹ ਵੀ ਵੇਖਣ ਵਿਚ ਆਇਆ ਹੈ ਕਿ ਆਰਥਿਕ ਤੰਗੀ ਕਰਕੇ, ਘਰ ਵਿਚ ਦੁਰਵਿਵਹਾਰ ਹੋਣ ਕਰਕੇ, ਰੁਜ਼ਗਾਰ ਨਾ ਮਿਲਣ ਕਰਕੇ ਜਾਂ ਕੋਈ ਕਾਰੋਬਾਰ ਨਾ ਚੱਲਣ ਕਰਕੇ ਨੌਜਵਾਨ ਲੜਕੇ ਅਤੇ ਲੜਕੀਆਂ ਮਾਨਸਿਕ ਤਣਾਅ ਵਿਚ ਰਹਿੰਦੇ ਹਨ ਜਿਨ੍ਹਾਂ ਵਿਚੋਂ ਕਈ ਮਾਨਸਿਕ ਰੋਗੀ ਵੀ ਹੋ ਜਾਂਦੇ ਹਨ। ਉਹ ਵੀ ਘਰ ਵਿਚ ਬੇਲੋੜਾ ਝਗੜਾ ਰੱਖਦੇ ਹਨ ਜਿਸ ਨੂੰ ਕਈ ਵਾਰ ਘਰ ਵਾਲੇ ਸਮਝ ਨਹੀਂ ਸਕਦੇ। ਐਸੇ ਵਿਅਕਤੀ ਨੂੰ ਕਿਸੇ ਮਾਹਿਰ ਮਨੋਰੋਗ ਡਾਕਟਰ ਕੋਲ ਲਿਜਾਣਾ ਚਾਹੀਦਾ ਹੈ ਤੇ ਇਲਾਜ ਕਰਾਉਣਾ ਚਾਹੀਦਾ ਹੈ।

ਇਨ੍ਹਾਂ ਉਪਰੋਕਤ ਚਾਰ ਮੂਲ ਕਾਰਨਾਂ ਨਾਲ ਹਰ ਦੇਸ਼, ਹਰ ਧਰਮ ਅਤੇ ਹਰ ਜਾਤੀ ਦੇ ਕੁਝ ਸਥਾਨਕ ਕਾਰਨ ਵੀ ਜੁੜ ਜਾਂਦੇ ਹਨ। ਤਲਾਕ ਅਸਲ ਵਿਚ ਸਮਾਜ ਵਿਚ ਪਰਿਵਾਰਕ ਕਦਰਾਂ ਕੀਮਤਾਂ ਦੇ ਖੁਰਨ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਵਿਆਹ ਦੇ ਮੁੱਦੇ 'ਤੇ ਧੋਖਾ ਦੇਣਾ ਵੀ ਇਸੇ ਤਰ੍ਹਾਂ ਦੀ ਨਿਸ਼ਾਨੀ ਹੈ। ਕਿਸੇ ਵੀ ਵਿਵਾਹਤ ਜੋੜੇ ਲਈ ਚਾਰ ਗੱਲਾਂ ਦਾ ਹੋਣਾ ਬੜੀ ਜ਼ਰੂਰੀ ਹੈ ਜਿੰਨਾ ਵਿਚ ਪਹਿਲੀ ਇਕ ਦੂਜੇ ਦੀ ਇੱਜ਼ਤ ਕਰਨੀ, ਦੂਜੀ ਇਕ ਦੂਜੇ ਦੀ ਕੇਅਰ ਕਰਨੀ, ਤੀਜੀ ਆਪਣੀ ਆਪਣੀ ਜ਼ਿੰਮੇਵਾਰੀ ਦਾ ਖ਼ਿਆਲ ਰੱਖਣਾ ਅਤੇ ਚੌਥੀ ਹਰ ਤਰ੍ਹਾਂ ਦੇ ਜੀਵਨ ਪੱਧਰ (ਅਮੀਰੀ ਜਾਂ ਗਰੀਬੀ) ਤੇ ਜੀਵਨ ਬਤੀਤ ਕਰਨ ਲਈ ਤਿਆਰ ਰਹਿਣਾ। ਇਨ੍ਹਾਂ ਵਿਚੋਂ ਇਕ ਦੀ ਵੀ ਕਮੀ ਆਉਣ ਨਾਲ ਵਿਆਹੁਤਾ ਜੀਵਨ ਖਤਰੇ ਵਿਚ ਪੈ ਸਕਦਾ ਹੈ। ਪਿਆਰ ਵਿਆਹ ਟੁੱਟਣ ਵਿਚ ਮੁੱਖ ਭੂਮਿਕਾ ਇਹੀ ਹੁੰਦੀ ਹੈ ਕਿ ਸਮਾਂ ਬੀਤਣ ਨਾਲ ਪਸੰਦ ਬਦਲ ਜਾਂਦੀ ਹੈ ਅਤੇ ਉਪਰੋਕਤ ਚਾਰ ਗੱਲਾਂ ਸੰਕਟ ਵਿਚ ਪੈ ਜਾਂਦੀਆਂ ਹਨ, ਵਿਆਹ ਟੁੱਟ ਜਾਂਦਾ ਹੈ।

ਕਦੇ ਸਮਾਂ ਸੀ ਪੰਜਾਬ ਵਿਚ ਜਦ ਸਾਂਝੇ ਪਰਿਵਾਰ ਸਨ। ਲੜਕੇ ਜਾਂ ਲੜਕੀਆਂ ਦਾਦੇ-ਦਾਦੀ, ਨਾਨਾ-ਨਾਨੀ ਜਾਂ ਚਾਚੇ ਤਾਏ ਬਹੁਤ ਪਿਛੇ ਰਹਿ ਗਏ ਹਨ ਅਤੇ ਬੱਚੇ ਇੰਟਰਨੈਟ ਨਾਲ ਜੁੜਦੇ ਹੋਏ ਮਾਂ ਪਿਓ ਤੋਂ ਵੀ ਦੂਰ ਹੋ ਗਏ ਹਨ। ਹੁਣ ਮਾਂ ਪਿਓ ਵੀ ਪਹਿਲੇ ਵਾਲੇ ਨਹੀਂ ਰਹੇ ਜੋ ਲੜਕੇ ਅਤੇ ਲੜਕੀ ਨੂੰ ਪੜ੍ਹਾਈ ਦੇ ਨਾਲ ਨਾਲ ਘਰ ਚਲਾਉਣ ਦੀ ਵੀ ਸਿੱਖਿਆ ਦਿੰਦੇ ਸਨ। ਕਿਸੇ ਮਾਂ ਪਿਓ ਦੀ ਕਾਮਯਾਬੀ ਉਸਦੀ ਔਲਾਦ ਤੋਂ ਪਤਾ ਲਗਦੀ ਹੈ, ਜੇ ਔਲਾਦ ਅਕਲਮੰਦ ਨਹੀਂ ਤਾਂ ਸਮਝੋ ਉਹ ਮਾਂ ਪਿਓ ਨਿਕੰਮੇ ਸਨ।

ਵਿਆਹ ਤੋ ਬਾਅਦ ਲੜਕੀ ਨੇ ਆਪਣੇ ਸਹੁਰੇ ਪਰਿਵਾਰ ਵਿਚ ਜਾਣਾ ਹੁੰਦਾ ਹੈ, ਸਹੁਰਾ ਪਰਿਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਘਰ ਆਈ ਨੂੰਹ ਦੀ ਇੱਜ਼ਤ ਕਰਨ ਤੇ ਆਪਣੇ ਵਿਚ ਅਡਜਸਟ ਹੋਣ ਲਈ ਮਦਦ ਕਰਨ। ਲੜਕੀ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਸਹੁਰਾ ਪਰਿਵਾਰ ਦੀਆਂ ਰਵਾਇਤਾਂ ਨੂੰ ਅਪਣਾਵੇ, ਹਰ ਮੈਂਬਰ ਦੇ ਸੁਭਾਅ ਨੂੰ ਸਮਝਣ ਦਾ ਯਤਨ ਕਰੇ ਅਤੇ ਹਰ ਮੈਂਬਰ ਦੀ ਦਰਜਾ ਬਾ ਦਰਜਾ ਇੱਜ਼ਤ ਕਰੇ ਅਤੇ ਉਸ ਪਰਿਵਾਰ ਵਿਚ ਰਚਣ ਮਿਚਣ ਦਾ ਯਤਨ ਕਰੇ। ਪੰਜਾਬੀ ਸਭਿਆਚਾਰ ਵਿਚ ਕਿਹਾ ਜਾਂਦਾ ਹੈ ਕਿ ਅਸਲ ਧੀਆਂ ਤਾਂ ਨੂੰਹਾਂ ਹੀ ਹੁੰਦੀਆਂ ਹਨ ਜਿਸ ਕਰਕੇ ਨੂੰਹ ਨੂੰ ਆਪਣੀ ਸਿਆਣਪ ਨਾਂਲ ਧੀ ਵਾਲੀ ਥਾਂ ਵੀ ਬਣਾਉਣੀ ਚਾਹੀਦੀ ਹੈ। ਯਤਨ ਕਰਨਾ ਚਾਹੀਦਾ ਹੈ ਕਿ ਉਹ ਪੇਕੇ ਘਰ ਪਤੀ ਦੇ ਨਾਲ ਹੀ ਜਾਵੇ। ਲੜਕੀ ਜਾਂ ਲੜਕੇ ਦਾ ਪਰਿਵਾਰ ਆਰਥਿਕ ਪੱਖੋਂ ਤਕੜਾ ਹੋਣ 'ਤੇ ਇਕ ਦੂਜੇ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ ਇਸ ਨਾਲ ਵੀ ਇਕ ਦੂਜੇ ਦੇ ਮਨ ਵਿਚ ਨਫ਼ਰਤ ਪੈਦਾ ਹੋ ਜਾਂਦੀ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਦਾ ਹੈ ਕਿ ਮਾਂ ਪਿਓ ਹੁਣ ਪਹਿਲਾਂ ਵਾਲੇ ਨਹੀਂ ਰਹੇ। ਕਈ ਮਾਵਾਂ ਇਹ ਕਹਿੰਦੀਆਂ ਸੁਣੀਆਂ ਗਈਆਂ ਹਨ, "ਕੁੜੀਏ ਤੈਨੂੰ ਐਨਾ ਪੜ੍ਹਾ ਲਿਖਾ ਦਿੱਤਾ ਸਹੁਰੇ ਜਾ ਕੇ ਸੱਸ ਦੀਆਂ ਰੋਟੀਆਂ ਨਾ ਪਕਾਉਂਦੀ ਰਹੀਂ" ਇਹੋ ਜਿਹੀ ਸੋਚ ਵਾਲੀਆਂ ਮਾਵਾਂ ਲੜਕੀ ਦੇ ਤਲਾਕ ਦਾ ਮੁੱਢ ਆਪ ਹੀ ਬੰਨ੍ਹ ਦਿੰਦੀਆਂ ਹਨ। ਹੁਣ ਤਕਨੀਕ ਦਾ ਯੁੱਗ ਹੈ, ਹਰ ਇਕ ਮੋਬਾਇਲ ਜੇਬ ਵਿਚ ਪਾਈ ਫਿਰਦਾ ਹੈ। ਵਿਆਹ ਤੋਂ ਬਾਅਦ ਲੜਕੀ ਨੂੰ ਮਾਂ ਵਲੋਂ ਰੋਜ਼ਾਨਾ ਲੰਮਾ ਸਮਾਂ ਫੋਨ 'ਤੇ ਲਗਾ ਰੱਖਣਾ ਜਾਂ ਲੜਕੀ ਵਲੋਂ ਮਾਂ ਨੂੰ ਰੋਜ਼ਾਨਾ ਫੋਨ 'ਤੇ ਸਹੁਰੇ ਘਰ ਦੀਆਂ ਨਿੱਕੀਆਂ ਮੋਟੀਆਂ ਗੱਲਾਂ ਦੱਸਦੇ ਰਹਿਣਾ ਘਰ ਵਿਚ ਕਲੇਸ਼ ਨੂੰ ਜਨਮ ਦਿੰਦਾ ਹੈ ਜੋ ਹੋਰ ਮੁੱਦਿਆਂ ਨਾਲ ਰਲਕੇ ਤਲਾਕ ਦਾ ਰਸਤਾ ਸਾਫ਼ ਕਰਦਾ ਹੈ।

ਸਫ਼ਲ ਵਿਆਹੁਤਾ ਜੀਵਨ ਲਈ ਅਤੇ ਤਲਾਕ ਦੇ ਭਿਆਨਕ ਸਿੱਟਿਆਂ ਤੋਂ ਬਚਣ ਲਈ ਨੌਜਵਾਨ ਲੜਕੀਆਂ ਅਤੇ ਲੜਕਿਆਂ ਵਿਚ ਗੱਲ ਨੂੰ ਦਰਦਾਸ਼ਤ ਕਰਨ, ਭਾਵਨਾਵਾਂ ਤੇ ਕੰਟਰੋਲ ਰੱਖਣ, ਜ਼ਬਾਨ 'ਤੇ ਕੰਟਰੋਲ, ਮੈਂ ਨੂੰ ਖਤਮ ਕਰਨ, ਘੱਟ ਸਮਝ ਵਾਲੇ ਨੂੰ ਸਿਆਣਪ ਨਾਲ ਪੇਸ਼ ਆਉਣ, ਜੀਵਨ ਸਾਥੀ ਪ੍ਰਤੀ ਵਫਾਦਾਰ ਰਹਿਣ ਆਦਿ ਗੁਣਾਂ ਦੇ ਧਾਰਨੀ ਹੋਣਾ ਚਾਹੀਦਾ ਹੈ। ਕਈ ਵਾਰ ਲੜਕਾ ਜਾਂ ਲੜਕੀ ਜਿਸ ਨਾਲ ਵਿਆਹ ਕਰਾਉਣਾ ਚਾਹੁੰਦੇ ਹਨ, ਮਾਪੇ ਸਹਿਮਤ ਨਹੀਂ ਹੁੰਦੇ। ਮਾਪੇ ਜਬਰਦਸਤੀ ਆਪਣੀ ਮਰਜ਼ੀ ਦੇ ਨਾਂ ਵਿਆਹ ਕਰ ਦਿੰਦੇ ਹਨ। ਇਹੋ ਜਿਹੇ ਵਿਆਹ ਵੀ ਤਲਾਕ ਦੀ ਖੱਡ ਵਿਚ ਜਾ ਡਿੱਗਦੇ ਹਨ। ਇਸੇ ਤਰ੍ਹਾਂ ਛੋਟੀ ਉਮਰ ਦੇ ਬੱਚਿਆਂ ਦੇ ਵਿਆਹ ਵੀ ਵੱਡੀ ਗਿਣਤੀ ਵਿਚ ਟੁੱਟ ਜਾਂਦੇ ਹਨ। ਇਕ ਰਿਪੋਰਟ ਅਨੁਸਾਰ ਮੁਸਲਿਮ ਦੇਸ਼ਾਂ ਵਿਚ ਛੋਟੀ ਉਮਰ ਵਿਚ ਜ਼ਿਆਦਾ ਵਿਆਹ ਕਰਨ ਦਾ ਰੁਝਾਨ ਹੈ ਜਿਨ੍ਹਾਂ ਦਾ ਤਲਾਕ ਰੇਟ ਵੀ ਜ਼ਿਆਦਾ ਹੈ ਇਹ ਤਲਾਕ ਰੇਟ ਪਾਕਿਸਤਾਨ ਵਿਚ 40% ਸੁਣਿਆ ਗਿਆ ਹੈ।

ਦੁਨੀਆਂ ਵਿਚ ਸਭ ਤੋਂ ਵੱਧ ਤਲਾਕ ਅਮਰੀਕਾ ਵਿਚ ਹੁੰਦੇ ਹਨ। ਉਥੇ ਹਰ ਸਾਲ ਲਗਭਗ ਦਸ ਲੱਖ ਜੋੜਿਆਂ ਦਾ ਤਲਾਕ ਹੋਣ ਦੀਆਂ ਰਿਪੋਰਟਾਂ ਹਨ। ਤਲਾਕ ਪਤੀ ਅਤੇ ਪਤਨੀ ਦੋਹਾਂ ਲਈ ਦੁਖਦਾਈ ਹੁੰਦਾ ਹੈ ਪਰ ਸਭ ਤੋਂ ਵੱਧ ਮਾਰ ਹੇਠ ਬੱਚੇ ਆਉਂਦੇ ਹਨ। ਤਲਾਕ ਤੋਂ ਬਾਅਦ ਬੱਚੇ ਆਮ ਤੌਰ 'ਤੇ ਮਾਵਾਂ ਕੋਲ ਹੀ ਹੁੰਦੇ ਹਨ ਜੋ ਮਰਦ ਪਿਤਾ ਦੇ ਪਿਆਰ ਨੂੰ ਤਰਸਦੇ ਰਹਿੰਦੇ ਹਨ। ਇਨ੍ਹਾਂ ਬੱਚਿਆਂ ਨੂੰ ਸਮਾਜ ਵਿਚ ਵਿਵਹਾਰਕ, ਸਮਾਜਕ, ਆਰਥਿਕ, ਸਿੱਖਿਅਕ ਅਤੇ ਮਨੋਵਿਗਿਆਨਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਬੱਚੇ ਦੂਸਰੇ ਬੱਚਿਆਂ ਨਾਲ ਨਾਲੋਂ ਮੁਕਾਬਲਤਨ ਵੱਧ ਗੁੱਸੇ ਵਾਲੇ, ਮਾਰੂ ਵਿਵਹਾਰ ਅਤੇ ਮਾਨਸਿਕ ਤਣਾਅ ਵਾਲੇ ਹੁੰਦੇ ਹਨ। ਮਾਂ ਪਿਓ ਦਾ ਵੱਖ-ਵੱਖ ਹੋ ਜਾਣਾਬੱਚਿਆਂ ਲਈ ਬਹੁਤ ਵੱਡਾ ਝਟਕਾ ਹੁੰਦਾ ਹੈ ਅਤੇ ਉਨ੍ਹਾਂ ਦੇ ਵਿਕਾਸ ਵਿਚ ਵੱਡਾ ਅੜਿੱਕਾ ਸਾਬਤ ਹੁੰਦਾ ਹੈ। ਤਲਾਕ ਤੋਂ ਪਹਿਲਾਂ ਜਿਹੜੇ ਮਰਦ ਬੱਚਿਆਂ ਸਾਹਮਣੇ ਉਨ੍ਹਾਂ ਦੀ ਮਾਂ ਦੀ ਮਾਰ ਕੁਟਾਈ ਕਰਦੇ ਹਨ, ਉਹ ਬੱਚੇ ਸਮਾਜ ਵਿਚ ਆਪਣੇ ਆਪ ਨੂੰ ਲਾਵਾਰਸ ਅਤੇ ਅਸੁੱਰਖਿਅਤ ਮਹਿਸੂਸ ਕਰਦੇ ਹਨ।

ਤਲਾਕ ਤੋਂ ਬਾਅਦ ਮਰਦ ਤਾਂ ਹੋਰ ਵਿਆਹ ਕਰਵਾ ਲੈਂਦੇ ਹਨ ਪਰ ਕਈ ਔਰਤਾਂ ਮੁੜ ਵਿਆਹ ਦਾ ਵਿਚਾਰ ਤਿਆਗ ਦਿੰਦੀਆਂ ਹਨ ਭਾਵੇਂ ਕਿ ਉਨ੍ਹਾਂ ਦਾ ਕੋਈ ਵੀ ਬੱਚਾ ਨਾ ਹੋਵੇ। ਕਈਆਂ ਦੇ ਮਨ ਵਿਚ ਮਰਦਾਂ ਪ੍ਰਤੀ ਨਫ਼ਰਤ ਹੋ ਜਾਂਦੀ ਹੈ। ਜਾਇਦਾਦ ਦੇ ਲਾਲਚ ਵਿਚ ਕੀਤੇ ਵਿਆਹ ਜਦ ਟੁੱਟਦੇ ਹਨ ਤਾਂ ਉਹ ਉਮਰ ਭਰ ਲਈ ਅਦਾਲਤੀ ਚੱਕਰ ਵਿਚ ਫਸਾ ਦਿੰਦੇ ਹਨ। ਤਲਾਕਸ਼ੁਦਾ ਬੱਚਿਆਂ ਵਾਲੀ ਔਰਤ ਨੂੰ ਜਾਂ ਪੇਕਿਆਂ 'ਤੇ ਨਿਰਭਰ ਰਹਿਣੀ ਪੈਂਦਾ ਹੈ ਤੇ ਜਾਂ ਬੱਚਿਆਂ ਪ੍ਰਤੀ ਡਿਊਟੀ ਕੁਰਬਾਨ ਕਰਕੇ ਘਰੋਂ ਬਾਹਰ ਕੰਮ 'ਤੇ ਜਾਣਾ ਪੈਂਦਾ ਹੈ। ਅੱਜ ਦੇ ਸਮੇਂ ਵਿਚ ਇਸ ਤਰ੍ਹਾਂ ਦੀਆਂ ਔਰਤਾਂ ਨੂੰ ਬਹੁਤ ਸਾਰੀਆਂ ਵਧੀਕੀਆਂ ਅਤੇ ਤੰਗੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤਲਾਕ ਤੋਂ ਬਾਅਦ ਜਿਨ੍ਹਾਂ ਮਰਦਾਂ ਕੋਲ ਬੱਚੇ ਰਹਿੰਦੇ ਹਨ, ਉਨ੍ਹਾਂ ਮਰਦਾਂ ਦੀ ਵੀ ਬੱਚਿਆਂ ਦੇ ਪਾਲਣ ਪੋਸ਼ਣ ਵਿਚ ਦਰਦ ਭਰੀ ਜ਼ਿੰਦਗੀ ਲੰਘਦੀ ਹੈ।

ਤਲਾਕ ਦੀ ਸਮੱਸਿਆ ਮੁੱਖ ਤੌਰ 'ਤੇ ਨੌਜਵਾਨ ਮਰਦ ਅਤੇ ਔਰਤਾਂ ਦੀ ਸਮੱਸਿਆ ਹੈ। ਵਿਆਹੇ ਜੋੜੇ ਦੇ ਘਰ ਸ਼ਾਂਤੀ ਸਥਾਪਤ ਕਰਨ ਅਤੇ ਕਲੇਸ਼ ਖਤਮ ਕਰਨ ਦਾ ਇਹ ਆਖਰੀ ਹੱਲ ਹੁੰਦਾ ਹੈ। ਜਦ ਪਰਿਵਾਰਕ ਝਗੜਾ ਖਤਮ ਕਰਨ ਦੇ ਸਾਰੇ ਯਤਨ ਅਸਫ਼ਲ ਹੋ ਜਾਣ ਤਾਂ ਫਿਰ ਤਲਾਕ ਦੋਹਾਂ ਧਿਰਾਂ ਦੀ ਲੋੜ ਬਣ ਜਾਂਦੀ ਹੈ ਭਾਵੇਂ ਇਹ ਫੈਸਲਾ ਅਤੇ ਚੁੱਕਿਆ ਕਦਮ ਦੁਖਦਾਈ ਬਹੁਤ ਹੁੰਦਾ ਹੈ। ਤਲਾਕਸ਼ੁਦਾ ਮਰਦ ਅਤੇ ਔਰਤ ਜੇ ਮੁੜ ਵਿਆਹ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਦੀ ਪੁਜੀਸ਼ਨ ਸਮਾਜ ਵਿਚ ਸ਼ੱਕੀ ਹੁੰਦੀ ਹੈ। ਜੇ ਉਨ੍ਹਾਂ ਦੇ ਘਰ ਕੋਈ ਆ ਗਿਆ ਜਾਂ ਉਹ ਕਿਸੇ ਦੇ ਘਰ ਚਲੇ ਗਏ, ਤਾਂ ਸਮਾਜ ਉਨ੍ਹਾਂ ਦੀਆਂ ਸਰਗਰਮੀਆਂ ਤੇ ਸ਼ੱਕ ਕਰਨ ਲਗਦਾ। ਕੌਣ ਆਇਆ ਜਾਂ ਆਈ? ਇਹ ਫਲਾਣੇ ਦੇ ਘਰ ਕਿਉਂ ਗਿਆ ਜਾਂ ਗਈ? ਇਹ ਫਲਾਣੇ ਨਾਲ ਕਿਉਂ ਗੱਲਾਂ ਕਰਦਾ ਜਾਂ ਕਰਦੀ ਸੀ ਵਗੈਰਾ ਵਗੈਰਾ।

ਤਲਾਕਸ਼ੁਦਾ ਮਰਦ ਅਤੇ ਵਿਸ਼ੇਸ਼ ਤੌਰ 'ਤੇ ਔਰਤ ਦੇ ਮਾਪਿਆਂ ਨੂੰ ਤਲਾਕ ਦਾ ਡਾਢਾ ਸਦਮਾ ਲਗਦਾ ਹੈ। ਉਹ ਸਮਝਦੇ ਹਨ ਕਿ ਉਨ੍ਹਾਂ ਦੀ ਧੀ ਦਾ ਬਹੁਤ ਵੱਡਾ ਨੁਕਸਾਨ ਹੋ ਗਿਆ ਹੈ ਜਿਸ ਕਰਕੇ ਮੁੜ ਨਵੇਂ ਥਾਂ ਵਿਆਹੁਣਾ ਸੌਖਾ ਕਾਰਜ ਨਹੀਂ ਹੁੰਦਾ। ਪੱਛਮੀ ਦੇਸ਼ਾਂ ਜਾਂ ਅਮਰੀਕਾ ਕੈਨੇਡਾ ਵਿਚ ਗੋਰੇ ਲੋਕਾਂ ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਉਨ੍ਹਾਂ ਦੇ ਲੜਕੇ ਤੇ ਲੜਕੀਆਂ 18 ਸਾਲ ਦੀ ਉਮਰ ਤੋਂ ਬਾਅਦ ਜਿਥੇ ਮਰਜ਼ੀ ਜਾ ਸਕਦੇ ਹਨ ਤੇ ਜਿਸ ਨਾਲ ਮਰਜ਼ੀ ਰਹਿ ਸਕਦੇ ਹਨ। ਭਾਰਤੀ ਮੂਲ ਦੇ ਲੋਕਾਂ ਲਈ ਇਹ ਮਸਹੂਰ ਹੈ ਕਿ ਜਿਸ ਦੀ ਧੀ ਦੁਖੀ ਉਸਦੀ ਕੁਲ ਦੁਖੀ। ਧੀਆਂ ਦੇ ਇਸ ਦੁੱਖ ਵਿਚ ਕਈ ਮਾਪੇ ਸਰੀਰਕ ਤੌਰ 'ਤੇ ਨੁਕਸਾਨ ਕਰਵਾਉਂਦੇ ਵੇਖੇ ਗਏ ਹਨ। ਜਿਹੜੇ ਮਾਪੇ ਧੀ ਜਵਾਈ ਜਾਂ ਨੂੰਹ ਪੁੱਤ ਦੇ ਮਸਲਿਆਂ ਵਿਚ ਬੇਲੋੜਾ ਜਾਂ ਇਕ ਪਾਸੜ ਦਖ਼ਲ ਦਿੰਦੇ ਹਨ, ਉਹ ਇਹ ਮੁਸੀਬਤ ਸਹੇੜਨ ਦੇ ਖ਼ੁਦ ਵੀ ਜ਼ਿੰਮੇਵਾਰ ਹੁੰਦੇ ਹਨ। ਸਮਾਜ ਵਿਚੋਂ ਤਲਾਕ ਦੀ ਲਾਹਨਤ ਨੂੰ ਖਤਮ ਕਰਨਾ ਤਾਂ ਅਸੰਭਵ ਹੈ ਪਰ ਮਾਪੇ, ਲੜਕਾ ਅਤੇ ਲੜਕੀ ਜੇਕਰ ਠੀਕ ਰੋਲ ਅਦਾ ਕਰਨ ਤਾਂ ਇਸ ਦੀ ਦਰ ਬਹੁਤ ਘਟਾਈ ਜਾ ਸਕਦੀ ਹੈ। ਠੀਕ ਰੋਲ ਠੰਡੇ ਮਨ ਨਾਲ ਦੂਜੇ ਦੀ ਗੱਲ ਸੁਣਨ ਅਤੇ ਉਸ ਨੂੰ ਬਰਦਾਸ਼ਤ ਕਰਕੇ ਹੀ ਹੋ ਸਕਦਾ ਹੈ। ਗੱਲ ਦਲੀਲ ਨਾਲ ਕਰਨੀ ਚਾਹੀਦੀ ਹੈ, ਗੁੱਸੇ ਨਾਲ ਦਲੀਲ ਪਿਛੇ ਚਲੀ ਜਾਂਦੀ ਹੈ ਤੇ ਰਿਸ਼ਤੇ ਖਤਰੇ ਵਿਚ ਪੈ ਜਾਂਦੇ ਹਨ। ਦੂਜੇ ਦੀਆਂ ਕੌੜੀਆਂ ਕਸੈਲੀਆਂ ਸੁਣ ਕੇ ਵੀ ਜੇ ਰਿਸ਼ਤੇ ਬਚਦੇ ਹੋਣ ਤਾਂ ਬਚਾਉਣ ਵਿਚ ਹੀ ਸਿਆਣਪ ਹੈ।



ਮੋਟੇ (fatty) ਅਤੇ ਢਿੱਡਲ਼ (obese) ਹੋਣ ਦਾ ਪੈਮਾਨਾ

ਡਾਕਟਰੀ ਵਿਗਿਆਨ ਵਿੱਚ ਆਮ ਤੌਰ ’ਤੇ ਦੋ ਪੈਮਾਨੇ ਵਰਤੇ ਜਾਂਦੇ ਹਨ।

ਲੱਕ ਦਾ ਘੇਰਾ

ਜੇ ਔਰਤਾਂ ਵਿੱਚ ਲੱਕ ਦਾ ਘੇਰਾ 31 ਇੰਚ ਤੱਕ ਵਧ ਜਾਵੇ ਤਾਂ ਉਹਨਾਂ ਨੂੰ ਮੋਟੀਆਂ (over weight), ਪਰ ਜੇ ਇਹ 34 ਇੰਚ ਤੱਕ ਵੱਧ ਜਾਵੇ ਤਾਂ ਉਹਨਾਂ ਨੂੰ ਢਿੱਡਲ਼ (obese) ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਮਰਦਾਂ ਵਿੱਚ ਲੱਕ ਦਾ ਘੇਰਾ 37 ਇੰਚ ਤੱਕ ਵਧ ਜਾਵੇ ਤਾਂ ਉਹਨਾਂ ਨੂੰ ਮੋਟੇ, ਪਰ ਜੇ ਇਹ 40 ਇੰਚ ਤੱਕ ਵਧ ਜਾਵੇ ਤਾਂ ਉਹਨਾਂ ਨੂੰ ਢਿੱਡਲ਼ ਮੰਨਿਆ ਜਾਂਦਾ ਹੈ।

ਮੋਟੇ ਮਨੁੱਖਾਂ ਨੂੰ ਆਮ ਸਿਹਤਮੰਦ ਮਨੁੱਖਾਂ ਦੇ ਮੁਕਾਬਲੇ ਅਤੇ ਢਿੱਡਲ਼ ਮਨੁੱਖਾਂ ਨੂੰ ਮੋਟੇ ਮਨੁੱਖਾਂ ਦੇ ਮੁਕਾਬਲੇ ਦਿਲ ਦੇ ਦੌਰੇ, ਸ਼ੂਗਰ ਦੀ ਬਿਮਾਰੀ, ਬਲੱਡ ਪ੍ਰੈਸ਼ਰ ਅਤੇ ਉਦਾਸੀ ਰੋਗ ਹੋਣ ਦਾ ਖਤਰਾ ਕਿਤੇ ਜਿਆਦਾ ਹੁੰਦਾ ਹੈ। ਵੱਧ ਵਜਨੀ ਹੋਣ ਨਾਲ ਮਨੁੱਖ ਦੀ ਕੰਮ ਕਰਨ ਦੀ ਸਮੱਰਥਾ, ਉਸਦੀ ਜੀਵਨ ਗੁਣਵੱਤਾ, ਰਿਸ਼ਟ ਪੁਸ਼ਟਤਾ, ਫੁਰਤੀਲੇਪਣ ਅਤੇ ਉਮਰ ’ਤੇ ਵੀ ਉਲਟ ਅਸਰ ਪੈਂਦਾ ਹੈ।

ਸਰੀਰਕ ਭਾਰ ਦਾ ਸੂਚਕ ਅੰਕ

(Body Mass Index)

ਇਸ ਵਿੱਚ ਥੋੜ੍ਹਾ ਗੁਣਾ ਘਟਾਓ ਕਰਨਾ ਪੈਂਦਾ ਹੈ।

ਇਸ ਦਾ ਸੂਤਰ ਹੈ

BMI = ਸਰੀਰਕ ਭਾਰ ਕਿੱਲੋਆਂ ਵਿੱਚ
(ਮੀਟਰਾਂ ਵਿੱਚ ਸਰੀਰ ਦੀ ਲੰਬਾਈ) 2

ਜੇ ਕਿਸੇ ਵਿਅਕਤੀ ਨੂੰ ਅਪਣੇ ਸਰੀਰ ਦਾ ਭਾਰ ਅਤੇ ਸਰੀਰ ਦੀ ਲੰਬਾਈ ਪਤਾ ਹੋਵੇ ਤਾਂ ਉਹ ਅਪਣੇ ਸੂਚਕ ਅੰਕ ਬਾਰੇ ਜਾਣ ਸਕਦਾ ਹੈ।

ਸਰੀਰ ਦੀ ਲੰਬਾਈ ਨੂੰ ਮੀਟਰਾਂ ਵਿੱਚ ਕੱਢਣ ਲਈ ਪਹਿਲਾਂ ਇਸਨੂੰ ਇੰਚਾਂ ਵਿੱਚ ਕੱਢ ਲਿਆ ਜਾਂਦਾ ਹੈ ਫਿਰ ਇਨ੍ਹਾਂ ਕੁੱਲ ਇੰਚਾਂ ਨੂੰ 0.0254 ਨਾਲ ਗੁਣਾਂ ਕਰਕੇ ਪ੍ਰਾਪਤ ਹੋਈ ਰਕਮ ਨੂੰ ਉਸੇ ਰਕਮ ਨਾਲ ਦੁਬਾਰਾ ਗੁਣਾਂ ਕੀਤਾ ਜਾਂਦਾ ਹੈ ਭਾਵ ਉਸਦਾ ਵਰਗ ਕੱਢ ਲਿਆ ਜਾਂਦਾ ਹੈ। ਫਿਰ ਕਿੱਲੋਆਂ ਨੂੰ ਇਸ ਰਕਮ ਨਾਲ ਤਕਸੀਮ ਕਰ ਦਿੱਤਾ ਜਾਂਦਾ ਹੈ।

ਮੰਨ ਲਵੋ ਕਿਸੇ ਵਿਅਕਤੀ ਦਾ ਭਾਰ 70 ਕਿੱਲੋ ਹੈ ਤੇ ਉਸਦੀ ਲੰਬਾਈ 5 ਫੁੱਟ 8 ਇੰਚ। ਕਿਉਂਕਿ ਇੱਕ ਫੁੱਟ ਵਿੱਚ 12 ਇੰਚ ਹੁੰਦੇ ਹਨ ਇਸ ਲਈ ਇੰਚਾਂ ਵਿੱਚ ਉਸਦੀ ਕੁੱਲ ਲੰਬਾਈ 68 ਇੰਚ ਬਣ ਗਈ। ਹੁਣ 68 ਨੂੰ 0.0254 ਨਾਲ ਗੁਣਾਂ ਕਰਕੇ ਇਸਨੂੰ ਮੀਟਰਾਂ ਵਿੱਚ ਬਦਲਣ ਉਪਰੰਤ 68 ਗੁਣਾਂ 0.0254 = 1.727 ਮੀਟਰ ਰਕਮ ਆ ਗਈ। ਹੁਣ 1.727 ਨੂੰ 1.727 ਨਾਲ ਗੁਣਾਂ ਕਰਕੇ ਪ੍ਰਾਪਤ ਹੋਏ ਵਰਗ 2.983 ਨਾਲ 70 ਨੂੰ ਤਕਸੀਮ ਕਰ ਦੇਣਾ ਹੈ।

ਸੂਚਕ ਅੰਕ =

ਇਸ ਵਿਅਕਤੀ ਦਾ ਸੂਚਕ ਅੰਕ 23.47 ਹੋਵੇਗਾ।

ਅਪਣਾ ਸੂਚਕ ਅੰਕ ਕੱਢਣ ਉਪਰੰਤ ਅਸੀਂ ਹੇਠ ਦਿੱਤੀ ਸਾਰਣੀ ਤੋਂ ਅਪਣੇ ਵਜਨ ਦੇ ਸਹੀ ਜਾਂ ਗਲਤ ਹੋਣ ਬਾਰੇ ਜਾਣ ਸਕਦੇ ਹਾਂ।

ਸੂਚਕ ਅੰਕ

18.5 ਤੋਂ ਘੱਟ
18.5 ਤੋਂ 24.9
25 ਤੋਂ 29.9
30 ਤੋਂ 34.9
35 ਤੋਂ 39.9
40 ਜਾਂ ਇਸ ਤੋਂ ਵੱਧ

ਕਹਿਣ ਦੀ ਲੋੜ ਨਹੀਂ ਕਿ ਗਰਭਵਤੀ ਔਰਤਾਂ ’ਤੇ ਉਪਰੋਕਤ ਪੈਮਾਨਾ ਲਾਗੂ ਨਹੀਂ ਹੁੰਦਾ। (ਚਲਦਾ)

ਕੁੱਝ ਧਿਆਨਦੇਣਯੋਗ ਤੱਥ

- ਭਾਰਤ ਮੋਟਿਆਂ ਦੀ ਗਿਣਤੀ ਪੱਖੋਂ ਪੂਰੀ ਦੁਨੀਆਂ ਵਿੱਚ ਤੀਜੇ ਨੰਬਰ ’ਤੇ ਹੈ।
- ਬ੍ਰਿਟਿਸ਼ ਮੈਡੀਕਲ ਰਸਾਲੇ ‘ਲਾਂਸੈਟ’ ’ਚ ਛਪੀ ਇੱਕ ਰਿਪੋਰਟ ਅਨੁਸਾਰ ਸਾਡੇ ਦੇਸ਼ ਅੰਦਰ 2014 ਵਿੱਚ ਇੱਕ ਕਰੋੜ ਮਰਦ ਅਤੇ 2 ਕਰੋੜ ਔਰਤਾਂ ਖਤਰਨਾਕ ਪੱਧਰ ਤੱਕ ਮੋਟੀਆਂ ਭਾਵ ਢਿੱਡਲ਼ (obese) ਸਨ।
- ਭਾਰਤ ਵਿੱਚ 1960 ਵਿਆਂ ਦੇ ਸ਼ੁਰੂ ਤੋਂ 1990 ਵਿਆਂ ਦੇ ਅੱਧ ਤੱਕ, ਪ੍ਰਤੀ ਵਿਅਕਤੀ ਖੰਡ ਦਾ ਸਾਲਾਨਾ ਸੇਵਨ 5.3 ਕਿੱਲੋ ਤੋਂ ਵੱਧ ਕੇ 14 ਕਿੱਲੋ ਤੱਕ ਅੱਪੜ ਗਿਆ ਹੈ।
- ਭਾਰਤ ਨੇ ਸ਼ੂਗਰ ਦੇ ਮਰੀਜਾਂ ਦੀ ਕੁੱਲ ਗਿਣਤੀ ਪੱਖੋਂ ਸੰਨ 2000 ਵਿੱਚ ਹੀ ਤਿੰਨ ਕਰੋੜ ਸਤਾਰਾਂ ਲੱਖ ਦਾ ਅੰਕੜਾ ਪਾਰ ਕਰ ਕੇ ਪੂਰੀ ਦੁਨੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਅੰਦਾਜ਼ਾ ਹੈ ਕਿ 2030 ਤੱਕ ਆਉਂਦੇ-ਆਉਂਦੇ ਲੱਗਭੱਗ 8 ਕਰੋੜ ਲੋਕ ਸ਼ੂਗਰ ਦੇ ਮਰੀਜ ਬਣ ਜਾਣਗੇ।
- ਭਾਰਤ ਵਿੱਚ ਬਲੱਡ ਪ੍ਰੈਸ਼ਰ ਦੇ ਮਰੀਜਾਂ ਦੀ ਗਿਣਤੀ 1988 ਵਿੱਚ ਕੁੱਲ ਅਬਾਦੀ ਦਾ 6.64 ਪ੍ਰਤੀਸ਼ਤ ਸੀ ਜੋ 2003 ਤੱਕ ਆਉਂਦੇ-ਆਉਂਦੇ 36.4 ਪ੍ਰਤੀਸ਼ਤ ਹੋ ਗਈ।
- ਅੱਜ ਕੱਲ ਭਾਰਤ ਨੂੰ ਸ਼ੂਗਰ ਦੀ ਰਾਜਧਾਨੀ (diabetic capital) ਕਿਹਾ ਜਾਣ ਲੱਗਿਆ ਹੈ ਕਿਉਂਕਿ ਹੁਣ ਤੱਕ 6 ਕਰੋੜ ਲੋਕ ਇਸ ਬਿਮਾਰੀ ਦੀ ਚਪੇਟ ਵਿੱਚ ਆ ਚੁੱਕੇ ਹਨ। ਭਾਰਤ ਵਿੱਚ ਹਰ ਸਾਲ 10 ਲੱਖ ਲੋਕ ਇਸ ਬਿਮਾਰੀ ਕਾਰਨ ਮਰ ਜਾਂਦੇ ਹਨ।

ਗੁਰਮੀਤ ਢੱਡਾ
98720 88144

ਨਹੀਂ ਹਨ ਕੁੜੀਆਂ ਚਿੜੀਆਂ - ਪਰਾਇਆ ਧਨ

ਅੱਜ ਦੇ ਖਪਤ ਸਭਿਆਚਾਰ ਨੇ ਸਮਾਜ ਦੇ ਬਹੁਤ ਵੱਡੇ ਹਿੱਸੇ ਤੇ ਇਨ੍ਹੀ ਦਿਨੀ ਆਪਣੇ ਜਾਦੂ ਦਾ ਅਸਰ ਕਰ ਰਖਿਆ। ਪੈਦਾਵਾਰ ਦੀ ਮਾਲਕ ਸ੍ਰੇਣੀ ਆਪਣੀਆਂ ਜਿਨਸਾਂ ਦੇ ਵਾਧੂ ਲਗੇ ਭੰਡਾਰਾਂ ਦੀ ਖਪਤ ਨਾ ਹੋਦ ਦੇ ਅਸਲ ਕਾਰਨਾਂ ਵੱਲੋਂ ਧਿਆਨ ਲਾਂਭੇ ਰੱਖਣ ਲਈ ਖਪਤਕਾਰੀਆਂ ਦਾ ਧਿਆਨ ਆਪਣੀਆਂ ਜਿਨਸਾਂ ਵੱਲ ਅਕਾਰਸ਼ਿਤ ਕਰਨ ਵਾਸਤੇ ਪ੍ਰਚਾਰ ਸਾਧਨਾਂ ਵਾਲੇ ਨਗੇਜ਼ ਇਸ਼ਤਿਹਾਰਾਂ ਰਾਹੀਂ ਬਹੁਤ ਵੱਡੀ ਭੂਮਿਕਾ ਨਿਭਾਉਣ ਦੀਆਂ ਸਿਰਤੋੜ ਯਤਨ ਕਰ ਰਹੇ ਹਨ।

ਇਨ੍ਹੀ ਦਿਨੀਂ, ਜੋ ਪਹਿਲੀਆਂ ਵਿੱਚ ਬਹੁਤ ਹੀ ਨਾਮਮਾਤਰ ਹੁੰਦਾ ਸੀ, ਇਸ ਖਪਤਕਾਰ ਕਲਚਰ ਦਾ ਬਹੁਤ ਵੱਡੀ ਗਿਣਤੀ ਵਿੱਚ ਕਿਰਤੀ ਜਨਸਮੂਹ ਦੀ ਮਾਨਸਿਕਤਾ ਦਾ ਹਿੱਸਾ ਬਣਦਾ ਜਾ ਰਿਹਾ ਹੈ। ਜਦ ਕਦੇ ਵੀ ਆਪਣੇ ਰੁਝੇਵਿਆਂ ਵਿੱਚੋਂ ਵਿਹਲ ਕੱਢ ਕੇ ਟੀ.ਵੀ., ਰੇਡੀਓ ਜਾਂ ਫ਼ਿਰ ਅਖ਼ਬਾਰਾਂ ਨੂੰ ਉਹ ਕਿਰਤੀ ਦੇਖਦਾ ਹੈ, ਸੁਣਦਾ ਜਾਂ ਅਖ਼ਬਾਰਾਂ ਦੇ ਪੱਤਰੇ ਫਰੋਲਣ ਲੱਗਦਾ ਹੈ, ਸਮਾਜ ਵਿੱਚ ਅਤੇ ਦੇਸ਼ ਵਿੱਚ ਅੱਜ ਜੋ ਕੁਝ ਵਾਪਰ ਰਿਹਾ ਹੈ, ਬਾਰੇ ਘੱਟ ਅਤੇ ਇਸ ਖਪਤ ਸਭਿਆਚਾਰ ਦੇ ਪ੍ਰਚਾਰ ਵੱਲ ਜ਼ਿਆਦਾ ਖਿੱਚਿਆ ਹੋਇਆ ਮਿਲਦਾ ਹੈ। ਇਸ ਦੁਰਪ੍ਰਚਾਰ ਵੱਲ ਆਮ ਕਿਰਤੀਆਂ, ਜੋ ਆਪਣੀਆਂ ਸਮਸਿਆਵਾਂ ਦੇ ਹੱਲ ਵਾਸਤੇ ਕਿਸੇ ਆਪਣੀ ਜਥੇਬੰਦੀ ਦਾ ਅਜੇ ਅੰਗ ਨਾ ਬਣਿਆ ਹੋਵੇ ਤਾਂ ਇਹੋ ਜਿਹੇ ਵਿਅਕਤੀਆਂ ਦੀ ਮਨੋਚੇਤਨਾ ਨੂੰ ਇਹ ਦੁਰਪ੍ਰਚਾਰ ਕੀਲ ਲੈਂਦਾ ਹੈ। ਜਿਸ ਕਿਸੇ ਦੇਸ਼ ਦੇ ਆਪਣੇ ਦੇਸ਼ ਦੇ ਹਾਕਮਾਂ ਦੀ ਤਰ੍ਹਾਂ ਪੈਦਾਵਾਰ ਦੇ ਵਸੀਲਿਆਂ ਉਪਰ ਨਿੱਜੀ ਮਾਲਕੀ ਹੁੰਦੀ ਹੈ, ਉਹ ਹਾਕਮ ਆਪਣੇ ਮੁਨਾਫ਼ਿਆਂ ਨੂੰ ਵਟੋਰਨ ਦੀ ਖਾਤਰ ਸਭ ਕੁਝ, ਜੋ ਸਮਾਜ ਲਈ ਬਹੁਤ ਖਾਤਕ ਹੁੰਦਾ ਹੈ, ਕਰਨ ਨੂੰ ਤਿਆਰ ਬਰ ਤਿਆਰ ਰਹਿੰਦਾ ਹੈ। ਇਸ ਸਭ ਕੁਝ ਦੇ ਮਾੜੇ ਪ੍ਰਭਾਵ ਦਾ ਨਵੀਂ ਪੀੜ੍ਹੀ ਦੇ ਲੜਕੇ-ਲੜਕੀਆਂ, ਜੋ ਅਜੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਅਗਾਊ ਮੂੰਹ ਅੱਡੀ ਖੜ੍ਹੀਆਂ ਚੁਣੌਤੀਆਂ ਤੋਂ ਜਾਗਰੂਕ ਨਹੀਂ ਹੈ ਅਤੇ ਆਪਣੋ ਆਪਣੀਆਂ ਜਥੇਬੰਦੀਆਂ ਦਾ ਹਿੱਸਾ ਨਹੀਂ ਬਣੇ, ਵੱਧ ਅਸਰ ਕਬੂਲਦੇ ਹਨ।

ਆਪਣੇ ਪ੍ਰਚਾਰ ਸਾਧਨਾਂ ਰਾਹੀਂ ਇਹ ਪੂੰਜੀਪਤੀ ਲੋਕ ਆਪਣੀਆਂ ਜਿਨਸਾਂ ਦੇ ਪ੍ਰਚਾਰ ਵਾਸਤੇ ਲੜਕੀਆਂ ਦਾ ਨੰਗੇਜ਼ ਪ੍ਰਦਰਸ਼ਿਤ ਕਰਦਾ ਹੈ। ਉਹ ਆਪਣੇ ਸ਼ੋਰੂਮਾਂ, ਦਫ਼ਤਰਾਂ ਆਦਿ ਵਿੱਚ ਕੰਮਕਾਜ਼ੀ ਮਹਿਲਾਵਾਂ ਨੂੰ ਉਨ੍ਹਾਂ ਦੀ ਇੱਛਾ ਦੇ ਉਲਟ ਆਪਣੇ ਪ੍ਰਚਾਰ ਵਾਸਤੇ ਕਿਸੇ ਵਿਸ਼ੇਸ਼ ਤਰ੍ਹਾਂ ਦੀ ਵਰਦੀ ਪਾਉਣ ਲਈ, ਜਿਹੜੀ ਵਰਦੀ, ਉਸ ਲੜਕੀ ਦੇ ਰਿਹਾਇਸ਼ੀ ਇਲਾਕੇ ਵਿੱਚ ਅਜੇ ਕਾਬੂਲੀ ਨਹੀਂ ਗਈ ਹੁੰਦੀ, ਸ਼ਰਤ ਰੱਖਦਾ ਹੈ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਉਪਰ ਇਸ ਖਪਤ ਸਭਿਆਚਾਰ ਦਾ ਵੀ ਬਹੁਤ ਅਸਰ ਹੁੰਦੇ ਜਾਣ ਦਾ ਭਾਰੀ ਖਤਰਾ ਸਾਹਮਣੇ ਆ ਰਿਹਾ ਹੈ। ਇਹ ਜਵਾਨ ਲੜਕੇ, ਲੜਕੀਆਂ ਆਪਣੀ ਨਿਜ਼ਤਾ ਨੂੰ ਹਰ ਸਮੇਂ ਅਗੇ ਰੱਖਣ ਦੇ ਆਦੀ ਹੁੰਦੇ ਜਾ ਰਹੇ ਹਨ। ਉਹ ਆਪਹੁੰਦਰੀ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਉਹ ਆਪਣੀ ਨਿਜ਼ਤਾ ਦਾ ਪ੍ਰਦਰਸ਼ਨ ਕਰਨ ਲਈ ਭੜਕੀਲੇ ਕੱਪੜੇ, ਵਿਸ਼ੇਸ਼ ਤੌਰ ’ਤੇ ਗੋਡਿਆਂ ਤੋਂ ਫੱਟੀਆਂ ਪੈਂਟਾਂ, ਹਰ ਸਮੇਂ ਕੰਨ ਨੂੰ ਲਾਏ ਫੋਨ, ਆਪਣੀ ਨਵੀਂ ਦੁਨੀਆਂ ਅਪਨਾਈ ਬੈਠੇ ਹਨ। ਪਰ ਜਿਹੜਾ ਸਮਾਜ ਜਿਸ ਦੇ ਉਹ ਖੁਦ ਹਿੱਸਾ ਹੁੰਦੇ ਹਨ ਦਾ ਬਹੁਤ ਵੱਡਾ ਹਿੱਸਾ ਆਪਣੇ ਹੀ ਇਨ੍ਹਾਂ ਲੜਕੇ, ਲੜਕੀਆਂ ਦੀ ਪਸੰਦਗੀ ਨਹੀਂ ਕਬੂਲ ਸਕੇ, ਪਰ ਉਨ੍ਹਾਂ ਪ੍ਰਤੀ ਵਿਰੋਧੀ ਭਾਵ ਸੁੱਤੇ ਸਿੱਧ ਹੀ ਉਤਪੰਨ ਹੋ ਰਿਹਾ ਹੈ।ਇਹ ਦੂਰ ਪ੍ਰਭਾਵ ਵੀ ਨਵੀਂ ਪੀੜ੍ਹੀ ਦੇ ਹਿੱਤ ਵਿੱਚ ਨਾ ਜਾਣ ਕਾਰਨ, ਮਾੜੇ ਪ੍ਰਚਾਰ ਚਰਚੇ ਦਾ ਇਹ ਨਵੀਂ ਪੀੜ੍ਹੀ ਖ਼ੁਦ ਸ਼ਿਕਾਰ ਹੋ ਰਹੀ ਹੈ। ਪਿੰਡਾਂ ਦੀਆਂ ਸੱਥਾਂ ਵਿੱਚ ਆਪਣਾ ਵਿਹਲਾ ਸਮਾਂ ਬਤੀਤ ਕਰਦੇ ਸਮੇਂ ਇਹ ਕਿਰਤੀ ਲੋਕ ਆਪਣੇ ਇਸ ਏਜੰਡੇ ’ਤੇ ਜ਼ੋਰ ਦੇਣ ਲੱਗ ਪਏ ਹਨ। ਇਥੋਂ ਤੱਕ ਵਿਚਾਰ ਚਰਚਾ ਦਾ ਸਿੱਟਾ ਕੱਢਣ ਚਲੇ ਜਾਂਦੇ ਹਨ ਕਿ ਉਹ ਜੋ ਆਪਣੇ ਧੀਆਂ-ਪੁੱਤਰਾਂ ਦੇ ਬੁਢੇਪੇ ਵਿੱਚ ਉਨ੍ਹਾਂ ਦੀ ਡੰਗੋਰੀ ਬਣਨ ਦੀ ਆਸ ਦਾ ਭਰਮ ਕਬੂਲਦੇ ਹਨ। ਹੁਣ ਇਹ ਆਸ ਮੁਕਾਈ ਬੈਠਦੇ ਜਾ ਰਹੇ ਹਨ।

ਉਪਰੋਕਤ ਜੋ ਵਿਚਾਰ-ਚਰਚਾ ਵਿੱਚ ਚਿੰਤਾ ਪ੍ਰਗਟਾਈ ਜਾ ਰਹੀ ਹੈ, ਉਹ ਚਿਰ ਸਦੀਵੀ ਨਹੀਂ ਹੈ। ਥੋੜ੍ਹੇ ਸਮੇਂ ਤੋਂ ਹੀ ਇਹ ਵਰਤਾਰਾ, ਖਪਤ ਸਭਿਆਚਾਰ ਦੀ ਕ੍ਰਿਪਾ ਕਰਕੇ ਹੀ ਸਾਹਮਣੇ ਆ ਰਿਹਾ ਹੈ। ਅਸਲ ਵਿੱਚ ਸਾਲ 1991 ਦੇ ਕਰੀਬ ਦੁਨੀਆਂ ਦੇ ਵਿਕਾਸਸ਼ੀਲ ਦੇਸ਼, ਆਪਣੇ ਦੇਸ਼ ਦੀ ਤਰ੍ਹਾਂ ਪੂੰਜੀ ਦਾ ਸੰਕਟ, ਪੈਦਾਵਾਰ ਦੇ ਵਾਧੂ ਭੰਡਾਰਾਂ ਦੀ ਖਪਤ ਦੀ ਚਿੰਤਾ ਦਾ ਸੰਕਟ ਦਾ ਹੱਲ ਵਿਗਿਆਨਕ ਤਰੀਕੇ ਨਾਲ ਨਹੀਂ ਕੱਢ ਰਹੇ ਹਨ। ਵਿਗਿਆਨਕ ਤਰੀਕਾ ਹੈ, ਖਪਤਕਾਰ ਦੀ ਖਰੀਦ ਸ਼ਕਤੀ ਵਿੱਚ ਵਾਧਾ ਕਰਨਾ - ਖਪਤਕਾਰੀ ਕਿਰਤੀ ਜਨ ਸਮੂਹ ਨੂੰ ਕੰਮ ਦੇਣ ਦੀ ਵਿਵਸਥਾ ਕਰਨਾ ਤਾਂ ਜੋ ਉਸ ਦੀ ਖਰੀਦ ਸ਼ਕਤੀ ਵਿੱਚ ਵਾਧਾ ਹੋ ਸਕੇ ਅਤੇ ਇਨ੍ਹਾਂ ਪੂੰਜੀਪਤੀਆਂ ਦੀ ਕ੍ਰਿਪਾ ਨਾਲ ਲੱਗੇ ਜਿਨਸਾਂ ਦੇ ਵਾਧੂ ਭੰਡਾਰ, ਤੋਂ ਇਨ੍ਹਾਂ ਦਾ ਛੁਟਕਾਰਾ ਹੋ ਸਕੇ।

ਆਪਣੇ ਮੁਨਾਫ਼ਿਆਂ ਦੀ ਖਾਤਰ ਉਸ ਖਪਤਕਾਰੀ ਦੀ ਖਰੀਦ ਸ਼ਕਤੀ ਵਧਾਉਣ ਦੀ ਬਜਾਏ, ਆਪਣੇ ਵਿਕਾਸ ਦੀਆਂ ਨੀਤੀਆਂ ਨੂੰ ਉਲਟ ਦਿਸ਼ਾ ਵਿੱਚ ਲਿਜਾਣ ਦੀ ਕੋਸ਼ਿਸ਼ ਵਿੱਚ ਹਨ। ਉਨ੍ਹਾਂ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਹਾਕਮਾਂ ਨੇ ਜਿਹੜੇ ਦੇਸ਼ ਵਾਧੂ ਭੰਡਾਰਾਂ ਦੇ ਸੰਕਟਾਂ ਦਾ ਖੁ ਸ਼ਿਕਾਰ ਹਨ, ਉਨ੍ਹਾਂ ਆਪਣੇ ਦੇਸ਼ ਦੀ ਤਰ੍ਹਾਂ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀ ਚੁੰਗਲ ਵਿੱਚ ਫਸਾ ਲਿਆ ਹੈ ਅਤੇ ਸਾਰੇ ਸੰਸਾਰ ਦੀ ਮੰਡੀ ਉਪਰ ਅੰਗਰੇਜ਼ ਹਾਕਮਾਂ ਦੀ ਤਰ੍ਹਾਂ ਆਪਣਾ ਕਬਜ਼ਾ ਵੀ ਜਮਾਉਣ ਦੀ ਦੌੜ ਲਗਾ ਰੱਖੀ ਹੈ। ਇਹ ਦੇਸ਼ ਆਪਣਾ ਮਾਲ ਇਨ੍ਹਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਰਹੇ ਹਨ, ਜਿਸ ਦਾ ਅਸਰ ਹਰ ਤਰ੍ਹਾਂ ਦੇ ਕੰਮਕਾਜ ’ਤੇ ਪੈ ਰਿਹਾ ਹੈ। ਇਨ੍ਹਾਂ ਨਵੀਆਂ ਨੀਤੀਆਂ ਨੂੰ ਪਹਿਲਾਂ ਕਾਂਗਰਸ ਦੀ ਅਗਵਾਈ ਵਿੱਚ ਪੈਰ ਧਰਾਵਾ ਕੀਤਾ ਤੇ ਇਨ੍ਹੀ ਦਿਨੀਂ ਬੀ.ਜੇ.ਪੀ. ਦੀ ਅਗਵਾਈ ਵਾਲੀ ਸਰਕਾਰ ਨੇ ਆਪਣੇ ਦੇਸ਼ ਦੇ ਪੈਦਾਵਾਰ ਦੇ ਮਾਲਕਾਂ ਦੇ ਹੱਥ ਠੋਕੇ ਬਣਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ।

ਇਸ ਵਰਤਾਰੇ ਦਾ ਬਹੁਤ ਵੱਡਾ ਅਸਰ, ਵਿਹਲੀ ਨੌਜਵਾਨ ਪੀੜ੍ਹੀ ਕਬੂਲ ਰਹੀ ਹੈ। ਇਹ ਪੂੰਜੀਪਤੀ ਜੋ ਕੁਝ ਵੀ ਮਾੜਾ-ਅਟਗਵਾਦ, ਭੀੜਤੰਤਰ, ਜਾਤੀ ਵਿਤਕਰੇ, ਹਿੰਦੂ ਰਾਸ਼ਟਰ ਦਾ ਨਾਹਰਾ, ਜੰਗ ਦਾ ਪ੍ਰਚਾਰ ਆਦਿ ਦਾ ਅਸਰ ਵਿਸ਼ੇਸ਼ ਕਰਕੇ ਲੜਕੀਆਂ ਦੀ ਅਸੁਰਖਿਆ ਦਾ ਮਸਲਾ ਆਦਿ ਹੋਰ ਬਹੁਤ ਕੁਝ ਮਾੜਾ ਵਾਪਰ ਰਿਹਾ ਹੈ, ਇਨ੍ਹਾਂ ਧਨਪਤੀਆਂ ਨੂੰ ਬਹੁਤ ਰਾਸ ਆਉਂਦਾ ਹੈ। ਉਹ ਹਰ ਸਮਾਂ ਕਿਰਤੀਪਤੀ ਦੇ ਪਰਿਵਾਰਾਂ ਦਾ ਧਿਆਨ ਉਨ੍ਹਾਂ ਦੀਆਂ ਅਸਲ ਮੁਸ਼ਕਿਲਾਂ-ਮਹਿੰਗਾਈ, ਬੇਰੁਜ਼ਗਾਰੀ ਆਦਿ ਤੋਂ ਹੋਰ ਪਾਸੇ ਕਰਨ ਲਈ, ਇਸ ਵਿਹਲੀ ਸ਼ਕਤੀ ਨੂੰ ਹੱਲਾਸ਼ੇਰੀ ਦੇਣ ਦੀ ਮਨਸ਼ਾ ਵਿੱਚ ਰਹਿੰਦਾ ਹੈ। ਅੱਜ ਦੀ ਨਵੀਂ ਪੀੜ੍ਹੀ ਬੱਸਾਂ, ਗੱਡੀਆਂ ਵਿੱਚ ਸਫ਼ਰ ਕਰਨ ਸਮੇਂ ਆਪਣੇ ਆਲੇ-ਦੁਆਲੇ ਦੀ ਪਰਵਾਹ ਕੀਤੇ ਬਗੈਰ ਹੀ ਆਪਣੇ ਕੰਨਾਂ ਨੂੰ ਫੋਨ ਲਗਾ ਲੈਂਦੇ ਹਨ। ਉਨ੍ਹਾਂ ਦੇ ਹਾਣ ਤੋਂ ਵੱਡੀ ਪੀੜ੍ਹੀ ਇਨ੍ਹਾਂ ਦੀ ਇਸ ਸਮਝਦਾਰੀ ਨੂੰ ਕੋਈ ਖਾਸ ਚੰਗਾ ਨਹੀਂ ਸਮਝਦੀ। ਕਿਉਂਕਿ ਉਨ੍ਹਾਂ ਦੀ ਇਹ ਨਿਜ਼ਤਾ ਵਾਲੀ ਸੋਚਣੀ ਰੱਖਣ ਵਾਲੀਆਂ ਤੋਂ ਦੇਸ਼ ਦੇ ਉੱਜਲ ਭਵਿੱਖ ਦੀ ਆਸ ਲਗਾਉਣਾ ਇਕ ਭੁਲੇਖਾ ਸਮਝਣ ਲੱਗ ਪਏ ਹਨ।

ਮਾਰਕਸਵਾਦ-ਲੈਨਿਨਵਾਦ ਨੂੰ ਗੰਭੀਰਤਾ ਨਾਲ ਸਮਝਣ ਵਾਲੇ ਸਾਥੀਆਂ ਦੇ ਹਿੱਸੇ ਇਨ੍ਹਾਂ ਚੁਣੌਤੀਆਂ ਨੂੰ ਕਬੂਲਣਾ ਆਉਂਦਾ ਹੈ। ਉਹੀ ਇਸ ਖਪਤਕਾਰੀ ਸਭਿਆਚਾਰ ਦੀਆਂ ਅਸਲ ਜੜ੍ਹਾਂ ਨੂੰ ਸਮਝਦੇ ਹਨ। ਮਾਰਕਸਵਾਦ ਤੇ ਲੈਨਿਨਵਾਦ ਦੀ ਸਮਝਦਾਰੀ ਨੂੰ ਪ੍ਰਨਾਏ ਸੁਹਿਰਦ ਸਾਥੀ ਵਿਕਾਸ ਦੇ ਪੂੰਜੀਵਾਦੀ ਰਾਹ ’ਤੇ ਚੜਾਅ, ਖੜੋਤ ਅਤੇ ਨਿਗਾਰ ਨੂੰ ਗੰਭੀਰਤਾ ਨਾਲ ਸਮਝ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪੂੰਜੀਵਾਦ ਦੇ ਰਾਹ ਚੱਲਣ ਵਾਲੇ ਵਰਤਾਰੇ ਨਾਲ ਹੀ ਕਿਸੇ ਦੇਸ਼ ਦਾ ਧਨ ਕੁਝ ਕੁ ਧਨ ਕੁਬੇਰਾਂ ਦੇ ਹਿੱਸੇ ਵੱਲ ਕਿਵੇਂ ਜਾਂਦਾ ਹੈ ਅਤੇ ਦੇਸ਼ ਦੀ ਬਾਕੀ ਸਮੂਹ ਕਿਰਤੀ ਵਸੋਂ ਦੇ ਹਿੱਸੇ ਇਸ ਧਨ ਦਾ ਬਹੁਤ ਨਿਗੂਣਾ ਹਿੱਸਾ ਆਉਂਦਾ ਹੈ। ਸਿੱਟੇ ਵਜੋਂ ਉਸ ਕਿਰਤੀ ਦੀ ਆਪਣੀ ਮਿਹਨਤ ਸ਼ਕਤੀ ਦੀ ਕ੍ਰਿਪਾ ਰਾਹੀਂ ਪੈਦਾ ਕੀਤੇ ਮਾਲ ਦੀ ਖਪਤ ਲਈ ਆਪਣੀ ਖਰੀਦ ਸ਼ਕਤੀ ਗਵਾ ਬੈਠਦਾ ਹੈ।

ਸਵਾਲ ਇਹ ਹੈ ਕਿ ਇਸ ਕੁੰਭਕਰਨੀ ਨੀਂਦੇ ਸੁੱਤੇ ਕਿਰਤੀਪਤੀ ਨੂੰ ਜਗਾਇਆ ਕਿਵੇਂ ਜਾਏ ? ਵਿਗਿਆਨਕ ਸਮਝਦਾਰੀ ਰੱਖਣ ਵਾਲੇ ਸਾਥੀ ਜਾਣਦੇ ਹਨ ਕਿ ਜਿਸ ਵੇਲੇ ਕਿਰਤੀ, ਜਿਸ ਦਾ ਬਹੁਤ ਵੱਡਾ ਹਿੱਸਾ ਅਜੇ ਬਹੁਤ ਭੁਲੇਖੇ ਵਿੱਚ ਹੈ, ਜਦੋਂ ਜਾਗ ਪਿਆ, ਉਦੋਂ ਆਪਣੇ ਕਿੱਤੇ ਦੀਆਂ ਜਥੇਬੰਦੀਆਂ ਦਾ ਅੰਗ ਬਣ ਕੇ ਸਰਪਟ ਦੌੜੇਗਾ। ਸੋ ਮਾਰਕਸਵਾਦ, ਲੈਨਿਨਵਾਦ ਦੀ ਸਮਝਦਾਰੀ ਨਾਲ ਪ੍ਰਨਾਏ ਸੁਹਿਰਦ ਸਾਥੀ ਹੀ ਇਨ੍ਹਾਂ ਕਿਰਤਪਤੀਆਂ ਦੀ ਬਝਵੀ ਸ਼ਕਤੀ ਰਾਹੀਂ, ਇਸ ਸਰਮਾਏਦਾਰੀ ਨੂੰ, ਜਿਸ ਦੇ ਕਾਰਨ ਮਨੁੱਖ ਦੀ ਥਾਂ ਮੁਨਾਫ਼ਾ ਪ੍ਰਧਾਨ ਹੈ, ਨੂੰ ਜੜ੍ਹੋਂ ਪੁੱਟ ਕੇ ਸਮੁੰਦਰ ਵਿੱਚ ਸਦਾ ਸਦਾ ਲਈ ਸੁੱਟ ਸਕਦਾ ਹੈ ਅਤੇ ਇਹੋ ਜਿਹੇ ਰਾਹ ਦੀ ਸਿਰਜਣਾ ਕਰਨ ਦੇ ਸਮਰੱਥ ਹੋ ਜਾਏਗਾ, ਜਿਸ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਲੜਕੀਆਂ ਦੀ ਅਸੁਰਖਿਆ ਆਦਿ ਹੋਰ ਲਾਹਨਤਾਂ ਤੋਂ ਸਦਾ ਲਈ ਛੁਟਕਾਰਾ ਹੋ ਜਾਏਗਾ। ਤਾਂ ਫਿਰ ਕੋਈ ਵੀ ਵਿਹਲੇ ਹੱਥ ਹੋਣਗੇ ਅਤੇ ਨਾਹੀ ਲੁਪਨ ਪਰੋਲੇਤਾਰੀ (ਵਿਗੜਿਆ ਮਜ਼ਦੂਰ) ਕੁਕਰਮ ਕਰਨ ਲਈ ਧਨਪਤੀਆਂ ਦਾ ਹੱਥ-ਠੋਕਾ ਬਣੇਗਾ।

ਜਦੋਂ ਫ਼ਿਰ ਕੁੜੀਆਂ ਵੀ ਆਪਣੀ ਨਾਰੀ ਸ਼ਕਤੀ ਨੂੰ ਪਛਾਨ ਲੈਣਗੀਆਂ ਅਤੇ ਉਹ ਵੀ ਵਿਗਿਆਨਕ ਲੀਹਾਂ ’ਤੇ ਆਪਣੀਆਂ ਸਭਾਵਾਂ ਦਾ ਗਠਨ ਕਰਨ ਵਿੱਚ ਸਫ਼ਲ ਹੋ ਕੇ ਆਪਣੇ ਕਿਰਤੀ ਯੁੱਧ ਸਾਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦੇ ਸਮਰਥ ਹੋਣਗੀਆਂ ਅਤੇ ਆਪਣੀ ਜਥੇਬੰਦੀ ਦੀ ਸ਼ਕਤੀ ਦੇ ਬਲਬੂਤੇ ਗੁਲਾਬ ਕੌਰ ਤੇ ਰਾਣੀ ਝਾਂਸੀ ਦੀ ਤਰ੍ਹਾਂ ਸ਼ੇਰਨੀਆਂ ਬਣ ਜਾਣਗੀਆਂ। ਉਹ ਫ਼ਿਰ ਕੁੜੀਆਂ ਚਿੜੀਆਂ ਨਹੀਂ ਰਹਿਣਗੀਆਂ। ਉਹ ਬਾਜਾਂ ਨੂੰ ਨਿਖੇੜਨ ਵਿੱਚ ਸਫ਼ਲ ਹੋ ਜਾਣਗੀਆਂ ਅਤੇ ਪਰਾਇਆ ਧਨ ਦੀ ਥਾਂ ਇੱਕ ਕੀਮਤੀ ਧਨ ਬਣ ਜਾਣਗੀਆਂ। ਬੱਸ ਕਿਰਤੀਆਂ ਦੀ ਇਸ ਸਮੁੱਚੀ ਧਿਰ ਨੂੰ ਜਥੇਬੰਦ ਕਰਕੇ ਵਿਗਿਆਨਕ ਲੀਹਾਂ ’ਤੇ ਤੋਰਨ ਦੀ ਹੀ ਲੋੜ ਹੈ, ਲੋਹਾ ਗਰਮ ਹੈ ਸਿਰਫ਼ ਬਝਵੀਆਂ ਸੱਟਾਂ ਮਾਰਨ ਦੀ ਲੋੜ ਹੈ।

ਜਸਦੇਵ ਸਿੰਘ ਲਲਤੋਂ ਦੀ ਪੁਸਤਕ 'ਜਾਨਾਂ ਦੇਸ਼ ਤੋਂ ਵਾਰਕੇ ਗਏ ਗਦਰੀ' ਲੋਕ-ਅਰਪਣ

ਦੇਵਿੰਦਰ ਤੂਰ

ਕਾਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਸ.ਸ.ਸ. ਸਕੂਲ ਸਰਾਭਾ ਵਿਖੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਦੇ ਸਹਿਯੋਗ ਨਾਲ 'ਜਾਨਾਂ ਦੇਸ਼ ਤੋਂ ਵਾਰਕੇ ਗਏ ਗ਼ਦਰੀ' (ਗਾਥਾ ਦੇਸ਼ ਭਗਤਾਂ ਦੀ) ਸ਼ਾਨਾਮੱਤੇ ਤੇ ਨਿੱਘੇ-ਪਿਆਰੇ ਮਾਹੌਲ ਅੰਦਰ ਪੰਜਾਬੀ ਪ੍ਰੇਮੀਆਂ ਤੇ ਦੇਸ਼ ਪ੍ਰੇਮੀਆਂ ਲਈ ਲੋਕ-ਅਰਪਣ ਕੀਤੀ ਗਈ ਹੈ। ਨਾਮਵਰ ਸੱਜਣਾਂ, ਸਕੂਲ ਅਧਿਆਪਕ/ਅਧਿਆਪਕਾਵਾਂ ਤੇ ਵਿਦਿਆਰਥੀ ਦੀ ਵਿਸ਼ਾਲ ਇਕੱਤਰਤਾ ਵਾਲੇ ਯਾਦਗਾਰੀ-ਸਮਾਗਮ ਅੰਦਰ, ਪਹਿਲੇ-ਪ੍ਰਿਥਮੇ, ਪ੍ਰਿੰਸੀਪਲ ਬਲਦੇਵ ਸਿੰਘ ਜੋਧਾਂ, ਡੀ.ਟੀ.ਐਫ. ਆਗੂ ਜਸਵੀਰ ਸਿੰਘ ਅਕਾਲਗੜ੍ਹ, ਲੇਖਕ ਜਸਦੇਵ ਸਿੰਘ ਲਲਤੋਂ, ਮਲਕੀਤ ਸਿੰਘ (ਆਗੂ ਕਾਮਾਗਾਟਾਮਾਰੂ ਕਮੇਟੀ) ਦਵਿੰਦਰ ਤੂਰ ਕੈਨੇਡਾ, ਜਥੇਦਾਰ ਸ੍ਰ. ਜਸਵੰਤ ਸਿੰਘ ਲਲਤੋਂ (ਕੈਨੇਡਾ ਵਾਸੀ) ਤੇ ਪ੍ਰਿੰਸੀਪਲ ਪਰਦੀਪ ਕੁਮਾਰ, ਪ੍ਰਧਾਨਗੀ ਮੰਡਲ ਵਜੋਂ ਸੁਸ਼ੋਭਿਤ ਹੋਏ। ਸਮੂਹ ਹਾਜ਼ਰੀਨਾਂ ਵਲੋਂ 2 ਮਿੰਟ ਮੋਨ ਧਾਰ ਕੇ ਤੇ ਖੜ੍ਹੇ ਹੋ ਕੇ ਮਹਾਨ ਗ਼ਦਰ ਪਾਰਟੀ ਦੇ ਸ਼ਹੀਦਾਂ ਅਤੇ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅਮਰੀਕ ਸਿੰਘ ਤਲਵੰਡੀ ਨੇ ਪੁਸਤਕ ਬਾਰੇ ਅਹਿਮ ਤੇ ਭਰਪੂਰ ਵਿਚਾਰ ਪੇਸ਼ ਕਰਦਿਆਂ,ਦਰਜ ਕੀਤੇ ਖੋਜ ਭਰਪੂਰ ਪਾਠਾਂ-ਗ਼ਦਰ ਪਾਰਟੀ, ਸਾਕਾ ਕਾਮਾਗਾਟਾਮਾਰੂ, ਬਾਗੀ ਗਦਰੀ ਜਰਨੈਲ-ਸ਼ਹੀਦ ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਸੁਨਾਮ, ਗੁਰਮੁਖ ਸਿੰਘ ਲਲਤੋਂ, ਰੁਲੀਆ ਸਿੰਘ ਸਰਾਭਾ, ਹਰੀਿ ਸੰਘ ਉਸਮਾਨ, ਬਾਵਾ ਨਨਕਾਣਾ ਬਿਸ਼ਨ, ਸੱਜਣ ਸਿੰਘ ਨਾਰੰਗਵਾਲ, ਤੇਜਾ ਸਿੰਘ ਸਫ਼ਰੀ ਸਰਾਭਾ, ਪ੍ਰੇਮ ਸਿੰਘ ਸਰਾਭਾ, ਸੰਤ ਮੇਹਰ ਸਿੰਘ ਅਲੀਪੁਰ, ਅਜੀਤ ਸਿੰਘ ਪਮਾਲੀ, ਹਜ਼ਾਰਾ ਸਿੰਘ ਹਮਦਮ ਨੂੰ ਸਰੋਤਿਆਂ ਦੇ ਦਿਲਾਂ 'ਚ ਵਸਾਉਂਦਿਆਂ ਲੇਖਕ ਦੀ ਕਹਿਣੀ, ਕਰਨੀ ਤੇ ਅਮਲੀ ਜ਼ਿੰਦਗੀ ਬਾਰੇ ਚਾਨਣਾ ਪਾਇਆ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕਮਲਜੀਤ ਕੌਰ ਸਰਾਭਾ, ਕੁਲਜੀਤ ਸਿੰਘ ਭੰਵਰਾ, ਸਿਕੰਦਰ ਸਿੰਘ ਸਰਾਭਾ, ਹਰਜਿੰਦਰ ਸਿੰਘ, ਕੁਲਵਿੰਦਰ ਕੌਰ, ਕਰਮਜੀਤ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ।





ESTATEVIEW®
(Real Estater & Property Management)

Baljinder Bath
Real Estate Associate

Our Brokerage provides Following Services :
All Kind of Real Estate Services

Baljinder Bath

REAL ESTATE
- Help Buyer / Seller
- Free Home Evaluations
- Commercial Buy / Sell / Lease
- Builders / Developers / Investors

PROPERTY MANAGEMENT
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com

Brokerage Office : 403-400-0000
601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.

Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals

Customer satisfaction is our pride!

VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.

403-835-2762
or
29 DREAM
(37326)

Special Packages Available For All Occasions

Dr Baltej Parhar, DC, B.Sc

Chiropractor, at your Service

Tired of living in pain? Tired of not knowing what's happening to your body? Tired of relying on pain medications? Tired of getting the same answers or solutions with no results?

Dr. Parhar will not only assess, diagnose and help you manage your pain and injuries, he will provide you with personalized 1-on-1 care and educate you about your condition. This places the power back in the hands of the patients, so they can make their own informed decisions about their health. If you want to be treated like a person, and not a condition, call and book your consultation today!

SERVICES OFFERED: Physical assessments, pain management, injury rehab, soft tissue therapy, Laser therapy, sports performance, taping, exercise prescription, educational classes, and more!

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS
FLEXOLOGY WELLNESS CLINIC
#3 2015 32nd Ave NE Calgary, AB T2E 6Z3
Email : baltej.parhar@flexology.ca Ph. 403-764-3539 (FLEX)

SHAAN CONSTRUCTION LTD.

25+ years of experience

- General Contracting
- Quality Custom Homes
- Quality Framing
- 2-5-10 Year Warranty

2-5-10 Year Warranty

Call for a Free Estimate
MALKIT SWAICH
778.889.9526

HOMELIFE SILVERCITY

REALTY INC.,BROKERAGE

(Independently Owned and Operated)

#7 CANADA WIDE

BROKERAGE WITH HOMELIFE BRAND

2017 GROSS COMMISSION WISE

New Head Office

905-913-8500

50 COTTRELLE BLVD., UNIT 29, BRAMPTON

TEAM OF OVER 450 REALTORS

HOMELIFE SILVERCITY

REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS

*Not intended to solicit anyone under contract

JOIN ONE OF FASTEST GROWING BROKERAGE

CALL HEAD OFFICE TODAY

905.913.8500

www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸਲਾਨਾ ਨਾਟਕ ਸਮਾਗਮ 11 ਜੁਲਾਈ 2020 ਨੂੰ ਹੋਵੇਗਾ

ਹਰ ਸਾਲ ਦੀ ਤਰ੍ਹਾਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ

ਸਲਾਨਾ ਨਾਟਕ ਸਮਾਗਮ

ਸਿਟੀ ਹਾਲ ਮਗਰ ਬਣੀ ਨਵੀਂ ਕੈਲਗਰੀ ਪਬਲਿਕ ਲਾਇਬ੍ਰੇਰੀ ਦੇ ਥੀਏਟਰ ਵਿੱਚ 11 ਜੁਲਾਈ 2020 ਦਿਨ ਸ਼ਨੀਵਾਰ ਨੂੰ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ।

ਸਾਰੇ ਦਰਸ਼ਕਾਂ ਤੇ ਸਭਾ ਸੁਸਾਇਟੀਆਂ ਨੂੰ ਬੇਨਤੀ ਹੈ ਕਿ ਦਿਨ, ਤਾਰੀਖ ਤੇ ਸਥਾਨ ਨੋਟ ਕਰ ਲੈਣ। ਵਧੇਰੇ ਜਾਣਕਾਰੀ ਅਗਲੇ ਅੰਕਾਂ ਵਿੱਚ ਦਿੱਤੀ ਜਾਂਦੀ ਰਹੇਗੀ।

ਹੋਰ ਜਾਣਕਾਰੀ ਲਈ

ਮਾਸਟਰ ਭਜਨ ਸਿੰਘ ਨਾਲ 403-455-4220

'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।

ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372

ਮਾਸਟਰ ਭਜਨ (ਕੈਲਗਰੀ) 403-455-4220

ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794

KOH-I-NOOR JEWELLERS & Diamond Center

1005 5075 Falconridge Blvd. N.E. Calgary AB

Ph. : 403-280-1111

Bridal Jewellery Specialists

GOLD

BUY • SELL • TRADE

Since 1975

Western Canad's Most Comprehensive X-ray Machine

WEST COAST HOME & TRUSS LTD.

Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :

- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)

10230-120 Street Surrey, BC, V3V 4G1 (604) 580-3275

www.westcoasttruss.ca | info@westcoasttruss.ca (778) 896-7194

A Class Granite Ltd.

A CLASS GRANITE

PRICED RIGHT AND DONE RIGHT

CALL FOR A FREE ESTIMATE

MALKIT

778 889 9526

WWW.ACLASSGRANITE.ORG

- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS

#48,49 13315 115 Ave Surrey

Office: 604.496.6746

m.swaich@aclassgranite.org

www.aclassgraniteltd.com

CARE Inc.

Home Health Solutions

403-605-6300

ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ

ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ

ਐਤਵਾਰ ਬੰਦ

"ਮਾਤਾ ਪਿਤਾ ਦਾ ਰੱਖੋ ਖਿਆਲ ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ਼, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ਼ ਲਈ ਬੈਂਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜ਼ਿਟ ਅਡਜਸਟ ਕਰ ਦਿੱਤਾ ਜਾਵੇਗਾ।

ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ

www.careinc.ca

Head Office: #124-4774 Westwinds Drive N.E., Calgary Alberta, Canada

Fax : 403-536-4057 Email : info@careinc.ca Edmonton Store #108-5239 55 Ave. NW, 780-229-3233